

**One stop shop for all your taxi needs**

**The Friendly Group Ltd. Chelsea Taxi Brokers**

Address: 287 10 AVE 2nd Floor, New York NY 10001

Ph: 212-947-9833, 212-695-0601

40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ

*Ask us about Purchase or new buyer and financing.

We are here at your service to sell and buy or insure medallions and we are in business to help our Punjabi Community since last 40 years.

*All types of insurance*

** Medallion transfers * Accident claims * Taxi Stand Facility available*

ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੁਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।



Twenty-Fifth Year of Publication | ਨਿਊਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com

www.punjabtimesusa.com

# ਪੰਜਾਬ ਟਾਈਮਜ਼

Punjab Times, Vol 26, Issue 16; April 19, 2025 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਮੁੜ ਪ੍ਰਧਾਨ ਬਣ ਕੇ ਵੀ ਨਹੀਂ ਘਟੀਆਂ ਸੁਖਬੀਰ ਸਿੰਘ ਬਾਦਲ ਲਈ ਚੁਣੌਤੀਆਂ

### ਵਿਰੋਧੀਆਂ ਨੇ 'ਬੋਗਸ ਭਰਤੀ' ਨਾਲ ਪ੍ਰਧਾਨ ਬਣਨ ਦੀ ਗੱਲ ਆਖੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਮੁੜ ਤੋਂ ਪ੍ਰਧਾਨ ਬਣੇ ਸੁਖਬੀਰ ਸਿੰਘ ਬਾਦਲ ਦੇ ਸਾਹਮਣੇ ਮੁਸ਼ਕਿਲਾਂ ਘੱਟ ਨਹੀਂ ਹੋ ਰਹੀਆਂ ਹਨ। ਉਨ੍ਹਾਂ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਖਾਸ ਤੌਰ 'ਤੇ ਅਕਾਲ ਤਖਤ ਦੀ ਕਮੇਟੀ ਦੇ ਬਰਾਬਰ ਭਰਤੀ ਮੁਹਿੰਮ ਨਾਲ ਇਹ ਚੁਣੌਤੀ ਹੋਰ ਵੱਡੀ ਹੋ ਗਈ ਹੈ। ਪਾਰਟੀ ਦੇ ਜ਼ਿਆਦਾਤਰ ਸੀਨੀਅਰ ਨੇਤਾ ਕਮੇਟੀ ਦੀ ਭਰਤੀ ਮੁਹਿੰਮ ਦੇ ਪੱਖ 'ਚ ਹਨ। ਸਵਾਲ ਇਹ ਹੈ ਕਿ ਇਹ ਭਰਤੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਹਾਲਾਤ ਕੀ ਹੋਣਗੇ? ਕੀ ਇਸ 'ਚ ਸ਼ਾਮਲ ਹੋਣ ਵਾਲੇ ਕਾਰਕੁੰਨ ਤੇ ਨੇਤਾ ਸ਼੍ਰੋਮਣੀ ਅਕਾਲੀ ਦਲ ਦਾ ਹਿੱਸਾ ਬਨਣਗੇ ਜਾਂ ਇਕ ਨਵਾਂ ਅਕਾਲੀ ਦਲ



ਬਣਾਉਣਗੇ। ਸੁਖਬੀਰ ਬਾਦਲ ਲਈ ਚੁਣੌਤੀ ਇਹ ਵੀ ਹੈ ਕਿ ਉਹ ਆਪਣੇ ਪੁਰਾਣੇ ਸਹਿਯੋਗੀਆਂ ਨੂੰ ਵਾਪਸ ਪਾਰਟੀ 'ਚ ਕਿਵੇਂ ਲਿਆਉਣਗੇ। ਕਿਸੇ ਸਮੇਂ ਅਕਾਲੀ ਦਲ ਦਾ ਗੜ੍ਹ ਮਾਲਵਾ ਅੱਜ-ਕੱਲ੍ਹ ਬੁਰੀ ਤਰ੍ਹਾਂ ਟੁੱਟਿਆ ਹੋਇਆ ਹੈ। ਉਥੇ ਨਵੇਂ ਸਿਰੇ ਤੋਂ ਮਜ਼ਬੂਤ ਹੋਣਾ ਅਕਾਲੀ ਦਲ ਲਈ ਸੌਖਾ ਨਹੀਂ ਹੈ ਕਿਉਂਕਿ ਹੁਣ ਪੰਜਾਬ ਦੀ ਰਾਜਨੀਤੀ 'ਚ ਬਹੁਕੋਨੀ ਲੜਾਈ ਹੋ ਰਹੀ ਹੈ। ਤਿੰਨ ਖੇਤੀ ਕਾਨੂੰਨਾਂ ਦਾ ਵਿਰੋਧ ਕਰਦੇ ਹੋਏ ਸੁਖਬੀਰ ਜਿਸ ਤਰ੍ਹਾਂ ਭਾਜਪਾ ਤੋਂ ਵੱਖ ਹੋਏ ਸਨ, ਉਸ ਤੋਂ ਬਾਅਦ ਦੋਵੇਂ ਵੱਡੀਆਂ ਪਾਰਟੀਆਂ 'ਚ ਆਪਸੀ ਤਾਲਮੇਲ ਨਹੀਂ ਬਣਿਆ।

### ਸੁਖਬੀਰ ਸਿੰਘ ਬਾਦਲ ਦੇ ਪ੍ਰਧਾਨ ਬਣਨ ਦਾ ਘਟਨਾਕ੍ਰਮ

**ਅੰਮ੍ਰਿਤਸਰ:** ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਸ਼ਨਿਚਰਵਾਰ ਨੂੰ ਸਵੇਰੇ 11 ਤੋਂ ਦੁਪਹਿਰ 2 ਵਜੇ ਤੱਕ ਚੱਲੇ ਡੈਲੀਗੇਟਸ ਇਜਲਾਸ 'ਚ ਸੁਖਬੀਰ ਸਿੰਘ ਬਾਦਲ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ। ਸੀਨੀਅਰ ਆਗੂ ਤੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਸੁਖਬੀਰ ਬਾਦਲ ਦਾ ਨਾਂ ਪੇਸ਼ ਕੀਤਾ, ਜਿਸ ਦੀ ਤਾਈਦ ਪਰਮਜੀਤ ਸਿੰਘ ਸਰਨਾ ਨੇ ਕੀਤੀ ਤੇ ਤਾਈਦ ਮਜੀਦ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਕੀਤੀ। ਡੈਲੀਗੇਟਾਂ ਵੱਲੋਂ ਕਿਸੇ ਹੋਰ ਉਮੀਦਵਾਰ ਦਾ ਨਾਂ ਪੇਸ਼ ਨਹੀਂ ਕੀਤਾ ਗਿਆ, ਜਿਸ ਮਗਰੋਂ ਪਾਰਟੀ ਦੇ ਮੁੱਖ ਚੋਣ ਅਫਸਰ ਗੁਲਜ਼ਾਰ ਸਿੰਘ ਰਣੀਕੇ ਨੇ ਜੈਕਾਰਿਆਂ ਦੀ ਗੂੰਜ 'ਚ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਪ੍ਰਧਾਨ ਐਲਾਨ ਦਿੱਤਾ। ਇਸ ਦੌਰਾਨ ਇਕ ਮਤੇ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਅਪੀਲ ਕੀਤੀ ਗਈ ਕਿ ਉਹ 2 ਦਸੰਬਰ 2024 ਨੂੰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ 'ਫਖਰ-ਏ-ਕੌਮ' ਖ਼ਿਤਾਬ ਵਾਪਸ ਲੈਣ ਦੇ ਫੈਸਲੇ 'ਤੇ ਮੁੜ-ਵਿਚਾਰ ਕਰਨ ਅਤੇ ਖ਼ਿਤਾਬ ਸਵ. ਬਾਦਲ ਨੂੰ ਵਾਪਸ ਦੇਣ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਬਰਸੀ 25 ਅਪ੍ਰੈਲ ਨੂੰ ਲੰਬੀ ਵਿਚ ਮਨਾਈ ਜਾਵੇਗੀ। ਇਸ ਮੌਕੇ ਪੰਜਾਬ ਦੇ ਸਾਰੇ ਜ਼ਿਲ੍ਹਾ ਹੈਡਕੁਆਰਟਰਾਂ 'ਤੇ ਸ੍ਰੀ ਆਖੰਡ ਪਾਠ ਦੇ ਭੋਗ ਪਾਏ ਜਾਣਗੇ। ਪ੍ਰਧਾਨਗੀ ਸੰਭਾਲਣ ਤੋਂ ਬਾਅਦ ਆਪਣੇ ਸੰਬੋਧਨ 'ਚ ਸੁਖਬੀਰ ਨੇ ਸੱਦਾ ਦਿੱਤਾ ਕਿ ਪੰਜਾਬ ਵਿਚ 2027 'ਚ ਅਕਾਲੀ ਦਲ ਦੀ ਮੁੜ ਸਰਕਾਰ ਬਣਾਉਣ ਲਈ ਵਰਕਰ ਪੂਰੀ ਮਿਹਨਤ ਤੇ ਲਗਨ ਨਾਲ ਜੁੱਟ ਜਾਣ। ਉਨ੍ਹਾਂ ਕਿਹਾ ਕਿ ਉਹ ਵਾਅਦਾ ਕਰਦੇ ਹਨ ਕਿ ਪੰਜਾਬ 'ਚ ਨਾ ਕੋਈ ਗੈਂਗਸਟਰ ਹੋਵੇਗਾ ਤੇ ਨਾ ਹੀ ਕੋਈ ਤਸਕਰ।

*(ਬਾਕੀ ਸਫ਼ਾ 6 'ਤੇ)*

## ਸਰਕਾਰੀ ਬੈਂਕ ਨੂੰ 13 ਹਜ਼ਾਰ ਕਰੋੜ ਦਾ ਚੂਨਾ ਲਗਾਉਣ ਵਾਲਾ ਚੋਕਸੀ ਗ੍ਰਿਫਤਾਰ



**ਨਵੀਂ ਦਿੱਲੀ:** ਸਰਕਾਰੀ ਖੇਤਰ ਦੇ ਪੰਜਾਬ ਨੈਸ਼ਨਲ ਬੈਂਕ ਨੂੰ ਲੱਗਪਗ 13 ਹਜ਼ਾਰ ਕਰੋੜ ਰੁਪਏ ਦਾ ਚੂਨਾ ਲਾ ਕੇ ਸਾਲ 2018 ਤੋਂ ਭਾਰਤ ਤੋਂ ਫਰਾਰ ਰਤਨ ਅਤੇ ਗਹਿਣਿਆਂ ਦੇ ਖੇਤਰ ਦੇ ਕਦੇ ਦਿੱਗਜ਼ ਉਦਯੋਗਪਤੀ ਰਹੇ ਮੇਹੁਲ ਚੋਕਸੀ ਬੈਲਜੀਅਮ ਦੀ ਪੁਲਿਸ ਨੇ ਸ਼ਨੀਵਾਰ ਨੂੰ ਗ੍ਰਿਫਤਾਰ ਕਰ ਲਿਆ। ਲੰਬੇ ਸਮੇਂ ਤੱਕ ਐਂਟੀਗੁਆ ਅਤੇ ਬਾਰਬਾਡੋਸ 'ਚ ਰਹਿਣ ਤੋਂ ਬਾਅਦ ਚੋਕਸੀ ਬੈਲਜੀਅਮ ਦੇ ਇਕ ਹਸਪਤਾਲ 'ਚ ਇਲਾਜ ਕਰਾ ਰਿਹਾ ਸੀ, ਜਿਥੇ ਉਸ ਦੀ ਗ੍ਰਿਫਤਾਰੀ ਹੋਈ ਹੈ।

ਚੋਕਸੀ ਦੀ ਹਰ ਗਤੀਵਿਧੀ 'ਤੇ ਨਜ਼ਰ ਰੱਖ ਰਹੀ ਭਾਰਤੀ ਏਜੰਸੀਆਂ ਨੇ ਬੈਲਜੀਅਮ ਸਰਕਾਰ ਨੂੰ ਉਸ ਦੀ ਹਵਾਲਗੀ ਕਰਨ ਦੀ ਅਪੀਲ ਕੀਤੀ ਹੈ। ਭਾਰਤ ਅਤੇ ਬੈਲਜੀਅਮ ਵਿਚਾਲੇ ਕਾਫੀ ਪੁਰਾਣਾ ਹਵਾਲਗੀ ਸਮਝੌਤਾ ਹੈ, ਜਿਸ 'ਚ ਇਕ-ਦੂਜੇ ਦੇ ਆਰਥਿਕ ਅਪਰਾਧੀਆਂ ਨੂੰ ਕਾਨੂੰਨੀ ਤੌਰ 'ਤੇ ਹਵਾਲੇ ਕਰਨ ਦੀ ਵਿਵਸਥਾ ਹੈ। ਸਮੱਸਿਆ ਸਿਰਫ ਇਹ ਹੈ ਕਿ ਚੋਕਸੀ ਦੀ ਸਿਹਤ ਖਰਾਬ ਹੈ ਅਤੇ ਉਹ ਇਸ ਆਧਾਰ 'ਤੇ ਬਚਣ ਦੀ ਕੋਸ਼ਿਸ਼ ਕਰ ਸਕਦਾ ਹੈ। ਸੂਤਰਾਂ ਨੇ ਇਸ ਗੱਲ ਦੀ ਤਸਦੀਕ ਕੀਤੀ ਹੈ ਕਿ ਭਾਰਤੀ ਜਾਂਚ ਏਜੰਸੀਆਂ ਦੀ ਅਪੀਲ 'ਤੇ ਬੈਲਜੀਅਮ ਦੀ ਫੈਡਰਲ ਪਬਲਿਕ ਸਰਵਿਸ ਆਫ ਜਸਟਿਸ ਦੇ ਹੁਕਮ 'ਤੇ ਚੋਕਸੀ ਨੂੰ ਗ੍ਰਿਫਤਾਰ ਕੀਤਾ। ਗਿਆ ਹੈ। ਉਸ ਦੀ ਗ੍ਰਿਫਤਾਰੀ ਭਾਰਤ ਅਤੇ ਬੈਲਜੀਅਮ ਦੀਆਂ ਸੁਰੱਖਿਆ ਏਜੰਸੀਆਂ ਦੇ ਆਪਸੀ ਸਹਿਯੋਗ ਨਾਲ ਹੋਈ ਹੈ। ਚੌਕਸੀ ਬੈਲਜੀਅਮ ਤੋਂ ਇਲਾਜ ਲਈ ਸਵਿਟਜ਼ਰਲੈਂਡ ਜਾਣ ਦੀ ਤਿਆਰੀ 'ਚ ਸੀ। ਉਂਝ ਭਾਰਤ ਦੀਆਂ ਜਾਂਚ ਏਜੰਸੀਆਂ ਜਿਵੇਂ ਈਡੀ ਅਤੇ ਸੀਬੀਆਈ ਨੂੰ ਪਹਿਲਾਂ ਤੋਂ ਪਤਾ ਸੀ ਕਿ ਚੌਕਸੀ ਬੈਲਜੀਅਮ 'ਚ ਹੈ। ਇਹ ਗੱਲ ਬੈਲਜੀਅਮ ਸਰਕਾਰ ਵੀ ਪਹਿਲਾਂ ਮੰਨ ਚੁੱਕੀ ਹੈ ਅਤੇ ਈਡੀ ਵੱਲੋਂ ਮੁੰਬਈ ਹਾਈ ਕੋਰਟ 'ਚ ਦਾਖਲ ਇਕ ਮਾਮਲੇ 'ਚ ਦਾਖਲ ਇਕ ਮਾਮਲੇ 'ਚ ਚੌਕਸੀ ਦੇ ਵਕੀਲ ਨੇ ਵੀ ਆਪਣੀ ਅਰਜ਼ੀ 'ਚ ਕਹੀ ਸੀ। ਮੀਡੀਆ 'ਚ ਵੀ ਖਬਰਾਂ ਆ ਰਹੀਆਂ ਸਨ ਕਿ ਉਹ ਬੈਲਜੀਅਮ ਦੇ ਹਸਪਤਾਲ 'ਚ ਇਲਾਜ ਕਰਵਾ ਰਿਹਾ ਹੈ। ਚੌਕਸੀ ਨੂੰ ਭਾਰਤ ਲਿਆਉਣ ਲਈ ਪਹਿਲਾਂ ਵੀ ਕਈ ਵਾਰ ਕੋਸ਼ਿਸ਼ਾਂ ਹੋਈਆਂ ਹਨ। ਇਨ੍ਹਾਂ ਕੋਸ਼ਿਸ਼ਾਂ ਨੂੰ ਖਾਸ ਸਫਲਤਾ ਨਹੀਂ ਮਿਲੀ ਹੈ। ਸਾਲ 2021 'ਚ ਭਾਰਤ ਦੀ ਜਾਂਚ ਏਜੰਸੀਆਂ ਦੇ ਇਕ ਦਲ ਨੂੰ ਜਹਾਜ਼ ਤੋਂ ਇਕ ਵੱਖਰੇ ਕੈਰੇਬਿਆਈ ਦੇਸ਼ ਡੋਮੀਨਿਕਾ ਭੇਜਿਆ ਗਿਆ ਸੀ। ਉਦੋਂ ਹਾਲਾਤ ਅਜਿਹੇ ਬਣੇ ਸਨ ਕਿ ਚੋਕਸੀ ਦੀ ਹਵਾਲਗੀ ਬਹੁਤ ਸੰਭਵ ਲੱਗ ਰਹੀ ਸੀ ਪਰ ਕਾਨੂੰਨ ਝਮੇਲੇ 'ਚ ਫਸਣ ਤੋਂ ਬਾਅਦ ਭਾਰਤੀ ਦਲ ਨੂੰ ਖਾਲੀ ਹੱਥ ਮੁੜਨਾ ਪਿਆ ਸੀ।

*(ਬਾਕੀ ਸਫ਼ਾ 6 'ਤੇ)*


Travelopod — Flights Lower Than Online

**Discounted Flights To INDIA**

ਇੰਡੀਆ ਜਾਣ ਲਈ ਸਸਤੀਆਂ ਟਿਕਟਾਂ ਲੈਣ ਵਸਤੇ ਅੱਜ ਹੀ ਕਾਲ ਕਰੋ:

**SALE: $350 OFF**

**For Special Sale Fares**

**Call Now: 1-800-674-3868**

**5* Ratings & 24x7 Service**

**EXTRA $50 OFF with Promo Code: FLY50**

**HURRY! Book Now & Save Big on Your Flights to India!**

Corporate NMLS# 68434
AZ License# BK-0945946



Balbir (Bill) Grewal
MORTGAGE LOAN OFFICER
NMLS# 353442

**Sistar Mortgage**
A Nationwide Lender

Over 2 Decades of experience providing high level servicing for new and experienced borrowers!

**Residential and Commercial Loans**
Available In Most States!

Special loan programs for:

- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਟਰੰਪ ਦੀਆਂ ਨੀਤੀਆਂ ਕਾਰਨ ਵਿਸ਼ਵ ਭਰ ਵਿਚ ਮੰਦੀ ਦਾ ਖ਼ਤਰਾ

## ਵਿਸ਼ਵ ਅਰਥ ਸ਼ਾਸਤਰੀਆਂ ਵਲੋਂ ਚਿੰਤਾ ਦਾ ਪ੍ਰਗਟਾਵਾ

**ਨਵੀਂ ਦਿੱਲੀ:** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਟੈਰਿਫ ਨੀਤੀ ਸਦਕਾ ਵਿਸ਼ਵ ਵਿਚ ਮੰਦੀ ਆ ਸਕਦੀ ਹੈ। ਇਹ ਕਿੰਨੇ ਸਮੇਂ ਤੱਕ ਰਹੇਗੀ, ਉਹ ਇਸ 'ਤੇ ਨਿਰਭਰ ਕਰੇਗਾ ਕਿ ਦੂਜੇ ਬਦਲ ਕਿੰਨੇ ਸਮੇਂ ਵਿਚ ਉਪਲਬਧ ਹੋ ਪਾਉਂਦੇ ਹਨ?

ਸੰਸਾਰ ਪ੍ਰਸਿੱਧ ਅਰਥ ਸ਼ਾਸਤਰੀ ਡਾਕਟਰ ਭਰਤ ਝੁਨਝੁਨਵਾਲਾ ਸਮੇਤ ਕਈ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਡੋਨਾਲਡ ਟਰੰਪ ਦੀ ਟੈਰਿਫ਼ ਨੀਤੀ ਕਾਰਨ ਅਮਰੀਕਾ ਸਮੇਤ ਵਿਸ਼ਵ ਅਰਥਚਾਰੇ ਵਿਚ ਮੰਦੀ ਆ ਸਕਦੀ ਹੈ। ਇਸ ਵਿਸ਼ੇ ਨੂੰ ਸਮਝਣ ਲਈ ਪਹਿਲਾਂ ਟਰੰਪ ਦੀ ਦ੍ਰਿਸ਼ਟੀ ਨੂੰ ਸਮਝਣਾ ਹੋਵੇਗਾ। ਟਰੰਪ ਇਸ ਤੋਂ ਚਿੰਤਤ ਹਨ ਕਿ ਬਹੁਕੌਮੀ ਕੰਪਨੀਆਂ ਦਾ ਲਾਭ ਵਧ ਰਿਹਾ ਹੈ ਅਤੇ ਅਮਰੀਕਾ ਦੁਆਰਾ ਪੂਰੇ ਵਿਸ਼ਵ ਤੋਂ ਭਾਰੀ ਮਾਤਰਾ ਵਿਚ ਕਰਜ਼ਾ ਲਿਆ ਜਾ ਰਿਹਾ ਹੈ ਪਰ ਅਮਰੀਕੀ ਕਿਰਤੀਆਂ ਦੇ ਵੇਤਨ ਠਹਿਰਾ ਦਾ ਸ਼ਿਕਾਰ ਹਨ। ਸਾਲ 2000 ਤੋਂ 2023 ਵਿਚਾਲੇ ਅਮਰੀਕੀ ਕੰਪਨੀਆਂ ਦਾ ਲਾਹਾ 500 ਅਰਬ ਡਾਲਰ ਤੋਂ ਵਧ ਕੇ 3500 ਅਰਬ ਡਾਲਰ ਹੋ ਗਿਆ ਹੈ।

ਇਸ ਵਿਚ ਸੱਤ ਗੁਣਾ ਵਾਧਾ ਹੋਇਆ। ਇਸੇ ਅਰਸੇ ਵਿਚ ਅਮਰੀਕਾ ਦੁਆਰਾ ਲਿਆ ਜਾਣ ਵਾਲਾ ਕਰਜ਼ਾ 5.6 ਟ੍ਰਿਲੀਅਨ (ਲੱਖ ਕਰੋੜ) ਡਾਲਰ ਤੋਂ ਵਧ ਕੇ 33.2 ਟ੍ਰਿਲੀਅਨ ਡਾਲਰ ਹੋ ਗਿਆ। ਇਸ ਵਿਚ ਵੀ ਲਗਪਗ ਛੇ ਗੁਣਾ ਵਾਧਾ ਹੋਇਆ ਪਰ ਇਸੇ ਅਰਸੇ ਵਿਚ ਇਕ ਅਮਰੀਕੀ ਕਿਰਤੀ ਦਾ ਔਸਤ ਵੇਤਨ 335 ਡਾਲਰ ਪ੍ਰਤੀ ਹਫ਼ਤੇ ਤੋਂ ਵਧ ਕੇ 375 ਡਾਲਰ ਪ੍ਰਤੀ ਹਫ਼ਤਾ ਹੀ ਹੋ ਸਕਿਆ। ਇਸ ਵਿਚ ਮਹਿਜ਼ 12 ਪ੍ਰਤੀਸ਼ਤ ਦਾ ਵਾਧਾ ਹੋਇਆ।

ਟਰੰਪ ਦਾ ਟੀਚਾ ਹੈ ਕਿ ਅਮਰੀਕੀ ਕਿਰਤੀਆਂ ਦੇ ਵੇਤਨ ਵਿਚ ਵਾਧਾ ਹੋਵੇ ਅਤੇ ਅਮਰੀਕਾ ਦੁਆਰਾ ਲਿਆ ਜਾਣ ਵਾਲਾ ਕਰਜ਼ਾ ਘਟੇ ਕਿਉਂਕਿ ਇੰਨੀ ਭਾਰੀ ਮਾਤਰਾ ਵਿਚ ਕਰਜ਼ਾ ਲੈਣ ਕਾਰਨ ਅਮਰੀਕਾ ਦੀ ਆਰਥਿਕ ਪ੍ਰਭੂਸੱਤਾ 'ਤੇ ਸੰਕਟ ਦੇ ਬੱਦਲ ਛਾ ਸਕਦੇ ਹਨ। ਟਰੰਪ ਦੁਆਰਾ ਦਰਾਮਦ ਕਰ ਯਾਨੀ ਟੈਰਿਫ ਵਧਾਉਣ ਕਾਰਨ ਅਮਰੀਕਾ ਵਿਚ ਦਰਾਮਦਸ਼ੁਦਾ ਵਸਤਾਂ ਦੇ ਭਾਅ ਵਿਚ ਵਾਧਾ ਹੋਵੇਗਾ। ਜਿਵੇਂ ਕਿ ਜੋ ਵਿਦੇਸ਼ੀ ਕਾਰ ਵਰਤਮਾਨ ਵਿਚ 20,000 ਡਾਲਰ ਵਿਚ ਵਿਕ ਰਹੀ ਹੈ, ਉਹ ਦਰਾਮਦ ਕਰ ਲੱਗਣ ਤੋਂ ਬਾਅਦ 25,000 ਡਾਲਰ ਵਿਚ ਵਿਕੇਗੀ। ਇਸ ਕਾਰਨ ਅਮਰੀਕੀ ਨਾਗਰਿਕਾਂ ਦੀ ਖਪਤ ਵਿਚ ਗਿਰਾਵਟ ਆ ਸਕਦੀ ਹੈ।

ਜੋ ਪਰਿਵਾਰ, 20,000 ਡਾਲਰ ਵਿਚ ਕਾਰ ਖ਼ਰੀਦਣ ਨੂੰ ਉਤਸਕ ਸੀ, ਉਹ ਉਸੇ ਕਾਰ ਨੂੰ 25,000 ਡਾਲਰ ਵਿਚ ਖ਼ਰੀਦਣ ਤੋਂ ਸ਼ਾਇਦ ਝਿਜਕੇਗਾ। ਅਮਰੀਕਾ ਵਿਚ ਖਪਤ ਘਟਣ ਕਾਰਨ ਮੰਦੀ ਆ ਸਕਦੀ ਹੈ। ਜੇਪੀ ਮੋਰਗਨ ਬੈਂਕ ਨੇ ਮੰਦੀ ਦਾ 60 ਪ੍ਰਤੀਸ਼ਤ ਤੱਕ ਖ਼ਦਸ਼ਾ ਪ੍ਰਗਟਾਇਆ ਹੈ। ਹਾਲਾਂਕਿ ਮੇਰੀ ਸਮਝ ਨਾਲ ਇਹ ਮੁਲਾਂਕਣ ਸਹੀ ਨਹੀਂ ਹੈ। ਕਹਾਣੀ ਦਾ ਦੂਜਾ ਪਹਿਲੂ ਦੇਖੀਏ ਤਾਂ ਦਰਾਮਦਸ਼ੁਦਾ ਕਾਰ ਮਹਿੰਗੀ ਹੋਣ ਨਾਲ ਅਮਰੀਕਾ ਵਿਚ ਉਤਪਾਦਤ ਕਾਰ ਸਸਤੀ ਪੈਣ ਲੱਗੇਗੀ। ਇਹ ਵੀ ਅੰਦਾਜ਼ਾ ਕਿ ਆਉਂਦੇ ਦਿਨਾਂ ਵਿੱਚ ਅਮਰੀਕੀ ਕਾਰਾਂ ਦਾ ਉਤਪਾਦਨ ਵਧੇਗਾ।



ਮੰਨ ਲਓ 20,000 ਡਾਲਰ ਦੀ ਅਮਰੀਕੀ ਕਾਰ ਦੇ ਉਤਪਾਦਨ ਵਿਚ 1,000 ਡਾਲਰ ਦਾ ਪਾਰਟ ਭਾਰਤ ਤੋਂ ਬਣ ਕੇ ਆਉਂਦਾ ਹੈ। ਟਰੰਪ ਦੁਆਰਾ ਦਰਾਮਦ ਕਰ ਵਧਾਉਣ ਕਾਰਨ ਇਹ ਪਾਰਟ ਹੁਣ 1,300 ਡਾਲਰ ਵਿਚ ਦਰਾਮਦਸ਼ੁਦਾ ਹੋਵੇਗਾ। ਅਮਰੀਕੀ ਕਾਰ ਦਾ ਵਿਕਰੀ ਮੁੱਲ 20,000 ਤੋਂ ਵਧ ਕੇ 20,300 ਡਾਲਰ ਹੋ ਜਾਵੇਗਾ।

ਤੁਲਨਾ ਵਿਚ ਦਰਾਮਦਸ਼ੁਦਾ ਕਾਰ 25,000 ਡਾਲਰ ਵਿਚ ਮਿਲੇਗੀ। ਇਸ ਲਈ ਪਾਰਟਸ 'ਤੇ ਵਧੇ ਹੋਏ ਦਰਾਮਦ ਕਰ ਨੂੰ ਅਦਾ ਕਰਨਾ ਅਮਰੀਕੀ ਉੱਦਮੀਆਂ ਲਈ ਲਾਹੇਵੰਦ ਹੋਵੇਗਾ ਅਤੇ ਅਮਰੀਕਾ ਵਿਚ ਉਤਪਾਦਨ ਵਧੇਗਾ। ਇਸ ਤੋਂ ਇਲਾਵਾ, ਅਮਰੀਕੀ ਸਰਕਾਰ ਨੂੰ 300 ਡਾਲਰ ਦੀ ਆਮਦਨ ਹੋਵੇਗੀ ਜਿਸ ਨਾਲ ਸਰਕਾਰ ਦਾ ਵਿੱਤੀ ਘਾਟਾ ਘੱਟ ਹੋਵੇਗਾ ਅਤੇ ਅਮਰੀਕਾ ਦਾ ਕਰਜ਼ਾ ਘੱਟ ਹੋਵੇਗਾ। ਹਾਲਾਂਕਿ ਇਸ ਵਿਚ ਦੂਜਾ ਸੰਕਟ ਇਹ ਹੈ ਕਿ ਜੇ ਦੂਜੇ ਦੇਸ਼ਾਂ ਨੇ ਜਵਾਬੀ ਦਰਾਮਦ ਕਰ ਵਿਚ ਵਾਧਾ ਕੀਤਾ ਤਾਂ ਅਮਰੀਕੀ ਬਰਾਮਦਾਂ ਪ੍ਰਭਾਵਿਤ ਹੋਣਗੀਆਂ ਜਿਸ ਕਾਰਨ ਉੱਥੇ ਦੇ ਉੱਦਮਾਂ ਨੂੰ ਨੁਕਸਾਨ ਪੁੱਜੇਗਾ। ਨਿਸ਼ਚਤ ਹੀ ਕੁਝ ਖੇਤਰਾਂ ਵਿਚ ਅਜਿਹਾ ਹੋਵੇਗਾ ਪਰ ਇਹ ਨੁਕਸਾਨ ਬਹੁਤ ਘੱਟ ਹੀ ਹੋਵੇਗਾ। ਹਰ ਦੇਸ਼ ਦੇ ਉੱਦਮੀ ਦੂਜੇ ਬਾਜ਼ਾਰ ਦੀ ਖੋਜ ਕਰਨਗੇ। ਜਿਵੇਂ ਅਮਰੀਕਾ ਵਿਚ ਟਿਓਟਾ ਦਾ ਟਰੱਕ ਮਹਿੰਗਾ ਪੈਣ ਕਾਰਨ ਅਮਰੀਕੀ ਨਿਰਮਾਤਾ ਟਰੱਕਾਂ ਦਾ ਉਤਪਾਦਨ ਵਧਾਉਣਗੇ। ਅਮਰੀਕਾ ਵਿਚ ਉਤਪਾਦਨ ਵਧਣ ਨਾਲ ਉੱਥੇ ਕਿਰਤ ਦੀ ਮੰਗ ਵਧੇਗੀ। ਇਸ ਦਾ ਅੰਤਿਮ ਪ੍ਰਭਾਵ ਹਾਂ-ਪੱਖੀ ਹੋਵੇਗਾ। ਇਸੇ ਤਰ੍ਹਾਂ ਭਾਰਤ ਵਿਚ ਅਮਰੀਕਾ ਤੋਂ ਦਰਾਮਦ ਹੋਣ ਵਾਲੇ ਮਾਲ ਦੀ ਜਗ੍ਹਾ ਘਰੇਲੂ ਉਤਪਾਦਨ ਵਧੇਗਾ।ਜਿਵੇਂ ਅਮਰੀਕਾ ਤੋਂ ਦਰਾਮਦ ਹੋਣ ਵਾਲੇ ਬਿਜਲੀ ਦੇ ਉਪਕਰਨਾਂ ਦੇ ਸਥਾਨ 'ਤੇ ਬਿਜਲੀ ਦੇ ਘਰੇਲੂ ਉਪਕਰਨਾਂ ਦਾ ਇਸਤੇਮਾਲ ਵਧੇਗਾ। ਇਸ ਚੱਕ-ਥੱਲ ਵਿਚ ਕੁਝ ਸਮੇਂ ਤੱਕ ਬਾਜ਼ਾਰ ਵਿਚ ਮੰਦੀ ਆਵੇਗੀ ਪਰ ਲੰਬੇ ਅਰਸੇ ਲਈ ਪ੍ਰਭਾਵ ਹਾਂ-ਪੱਖੀ ਹੋਵੇਗਾ। ਮੂਲ ਗੱਲ ਇਹ ਹੈ ਕਿ ਟੈਰਿਫ ਵਧਾਉਣ ਨਾਲ ਅਮਰੀਕੀ ਅਰਥਚਾਰੇ ਵਿਚ ਉਤਪਾਦਨ ਕਰਨਾ ਜ਼ਿਆਦਾ ਲਾਹੇਵੰਦ ਹੋ ਜਾਵੇਗਾ।

ਘਰੇਲੂ ਉਤਪਾਦਨ ਵਧਣ ਨਾਲ ਉੱਥੇ ਕਿਰਤੀਆਂ ਦੀ ਮੰਗ ਵਧੇਗੀ ਅਤੇ ਕਿਰਤੀਆਂ ਦੇ ਵੇਤਨ ਵੀ ਵਧਣਗੇ। ਅਮਰੀਕਾ ਵਿਚ ਐਕਸਾਈਜ਼ ਡਿਊਟੀ ਅਤੇ ਇੰਪੋਰਟ ਡਿਊਟੀ ਦੀ ਵਸੂਲੀ ਵਧੇਗੀ। ਘਰੇਲੂ ਕੰਪਨੀਆਂ ਦਾ ਲਾਹਾ ਵਧੇਗਾ। ਉਹ ਜ਼ਿਆਦਾ ਟੈਕਸ ਅਦਾ ਕਰਨਗੀਆਂ। ਇਨ੍ਹਾਂ ਸਭ ਕਾਰਨਾਂ ਕਾਰਨ ਅਮਰੀਕਾ ਦੇ ਅਰਥਚਾਰੇ 'ਤੇ ਹਾਂ-ਪੱਖੀ ਅਸਰ ਪੈ ਸਕਦਾ ਹੈ। ਟਰੰਪ ਦੀ ਨੀਤੀ ਮੂਲ ਰੂਪ ਵਿਚ ਦਰੁਸਤ ਹੈ। ਉਨ੍ਹਾਂ ਨੂੰ ਪਤਾ ਹੈ ਕਿ ਕਿਵੇਂ ਕਈ ਦੇਸ਼ ਅਮਰੀਕੀ ਵਸਤਾਂ 'ਤੇ ਵੱਧ ਟੈਕਸ ਲਗਾ ਕੇ ਅਮਰੀਕੀ ਆਰਥਿਕਤਾ ਲਈ ਜੋਖ਼ਮ ਖੜ੍ਹੇ ਕਰ ਰਹੇ ਹਨ।

ਉਨ੍ਹਾਂ ਨੇ ਚੀਨ 'ਤੇ ਸਭ ਤੋਂ ਵੱਧ ਟੈਰਿਫ ਲਗਾਇਆ ਹੈ ਜਦਕਿ ਚੀਨ ਨੇ ਵੀ ਅਮਰੀਕੀ ਬਰਾਮਦਾਂ 'ਤੇ ਮੋਟਾ ਟੈਰਿਫ ਲਗਾ ਕੇ. 'ਜੈਸੇ ਕੋ ਤੈਸਾ' ਵਾਲੀ ਨੀਤੀ ਅਮਲ ਵਿਚ ਲਿਆਂਦੀ ਹੈ ਜੋ ਕਾਰਗਰ ਵੀ ਸਿੱਧ ਹੋ ਰਹੀ ਹੈ। ਇਹੀ ਵਜ੍ਹਾ ਹੈ ਕਿ ਟਰੰਪ ਨੂੰ ਕਈ ਮੁਲਕਾਂ ਨੂੰ ਵੱਧ ਟੈਰਿਫ 'ਤੇ 90 ਦਿਨਾਂ ਦੀ ਮੋਹਲਤ ਦੇਣੀ ਪਈ। ਇਸ ਦਾ ਭਾਰਤ ਨੂੰ ਵੀ ਕੁਝ ਫ਼ਾਇਦਾ ਮਿਲੇਗਾ। ਵੈਸੇ ਟਰੰਪ ਨੇ ਕਈ ਮੌਕਿਆਂ 'ਤੇ ਭਾਰਤ ਦਾ ਨਾਂ ਲੈ ਕੇ ਉਸ ਦੀ ਅਮਰੀਕੀ ਬਰਾਮਦਾਂ 'ਤੇ ਵੱਧ ਟੈਰਿਫ ਲਾਉਣ ਵਾਲੀ ਨੀਤੀ ਦੀ ਨੁਕਤਾਚੀਨੀ ਕੀਤੀ ਹੈ। ਉਹ ਭਾਰਤ ਨੂੰ 'ਟੈਰਿਫ ਕਿੰਗ' ਕਹਿ ਚੁੱਕੇ ਹਨ।

ਟੈਰਿਫ ਨੀਤੀ ਦਾ ਦੂਜੇ ਦੇਸ਼ਾਂ 'ਤੇ ਥੋੜ੍ਹੇ ਸਮੇਂ ਲਈ ਨਾਂਹ-ਪੱਖੀ ਅਸਰ ਪਵੇਗਾ। ਜਿਵੇਂ ਭਾਰਤ ਤੋਂ 1,000 ਡਾਲਰ ਮੁੱਲ ਦੇ ਕਲਪੁਰਜ਼ੇ ਵੇਚਣ ਵਾਲੇ ਉੱਦਮਾਂ ਦੀਆਂ ਬਰਾਮਦਾਂ ਪ੍ਰਭਾਵਿਤ ਹੋਣਗੀਆਂ। ਭਾਰਤ ਵਿਚ ਉਤਪਾਦਨ ਦੇ ਪੱਧਰ 'ਤੇ ਤਤਕਾਲ ਕੁਝ ਗਿਰਾਵਟ ਆਵੇਗੀ। ਭਾਰਤੀ ਕੰਪਨੀਆਂ ਦੇ ਮੁਨਾਫ਼ੇ 'ਤੇ ਦਬਾਅ ਵਧੇਗਾ।

# ਰਾਜਸਥਾਨ ਦੇ ਮੁੱਖ ਮੰਤਰੀ ਨੇ ਹਰੀਕੇ ਹੈੱਡ ਵਰਕਸ 'ਤੇ ਪਾਣੀ ਦਾ ਲਿਆ ਜਾਇਜ਼ਾ



**ਮੱਖੂ:** ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਪਾਣੀਆਂ ਦਾ ਜਾਇਜ਼ਾ ਲੈਣ ਲਈ ਹਰੀਕੇ ਹੈੱਡ ਵਰਕਸ ਪੁੱਜੇ। ਹਰੀਕੇ ਪੱਤਣ ਪੁੱਜਣ 'ਤੇ ਹਲਕਾ ਗੁਰੂਹਰਸਹਾਏ ਦੇ ਭਾਜਪਾ ਆਗੂ ਗੁਰਮੀਤ ਸਿੰਘ ਰਾਣਾ ਸੋਢੀ ਨੇ ਮੁੱਖ ਮੰਤਰੀ ਦਾ ਨਿੱਘਾ ਸਵਾਗਤ ਕੀਤਾ। ਮੁੱਖ ਮੰਤਰੀ ਭਜਨ ਲਾਲ ਸ਼ਰਮਾ ਦੇ ਨਾਲ ਰਾਜਸਥਾਨ ਸਰਕਾਰ ਦੇ ਸਿੰਚਾਈ ਮੰਤਰੀ ਸੁਰੇਸ਼ ਸਿੰਘ ਸ਼ੇਖਾਵਤ ਅਤੇ ਵਿਧਾਇਕ ਵੀ ਸਨ। ਮੁੱਖ ਮੰਤਰੀ ਨੇ ਬਿਆਸ ਅਤੇ ਸਤਲੁਜ ਦਰਿਆਵਾਂ ਦੇ ਸੰਗਮ ਹਰੀਕੇ ਹੈੱਡ ਵਰਕਸ ਤੋਂ ਨਿਕਲਦੀ ਰਾਜਸਥਾਨ ਫੀਡਰ ਨਹਿਰ ਦਾ ਜਾਇਜ਼ਾ ਲਿਆ।

ਇਸ ਮੌਕੇ ਜਲ ਸਰੋਤ ਵਿਭਾਗ ਪੰਜਾਬ ਦੇ ਚੀਫ ਇੰਜੀਨੀਅਰ ਸ਼ੇਰ ਸਿੰਘ ਨੇ ਹਰੀਕੇ ਹੈੱਡ ਵਰਕਸ ਤੋਂ ਫਿਰੋਜ਼ਪੁਰ ਫੀਡਰ ਨਹਿਰ ਨੂੰ ਛੱਡੇ ਜਾਂਦੇ ਪਾਣੀ ਬਾਰੇ ਮੁੱਖ ਮੰਤਰੀ ਨੂੰ ਜਾਣ ਕਰਵਾਇਆ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਦਾ ਅੱਜ ਹਰੀਕੇ ਹੈੱਡ ਵਰਕਸ ਦਾ ਦੌਰਾ ਰਾਜਸਥਾਨ ਦੀ ਪਾਣੀ ਦੀ ਸਮੱਸਿਆ ਅਤੇ ਕਿਸਾਨਾਂ ਦੀ ਸਿੰਚਾਈ ਵਾਲੇ ਪਾਣੀ ਦੀਆਂ ਮੁਸ਼ਕਿਲਾਂ ਨੂੰ ਲੈ ਕੇ ਹੈ, ਕਿ ਕਿਸ ਤਰ੍ਹਾਂ ਸਿੰਚਾਈ ਤੰਤਰ ਨੂੰ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਹਰੀਕੇ ਹੈੱਡ ਵਰਕਸ ਰਾਜਸਥਾਨ ਦੇ ਕਈ ਜ਼ਿਲ੍ਹਿਆਂ ਦੀ ਲਾਈਫ ਲਾਈਨ ਹੈ ਕਿਉਂਕਿ ਹਰੀਕੇ ਹੈੱਡ ਵਰਕਸ ਤੋਂ ਰਾਜਸਥਾਨ ਫੀਡਰ ਨਹਿਰ ਰਾਹੀਂ ਜਾਂਦਾ ਪਾਣੀ ਰਾਜਸਥਾਨ ਦੇ ਕਈ ਜ਼ਿਲ੍ਹਿਆਂ ਦੇ ਲੋਕ ਸਿੰਚਾਈ ਅਤੇ ਪੀਣ ਲਈ ਵਰਤਦੇ ਹਨ। ਸਿੰਚਾਈ ਮੰਤਰੀ ਨੇ ਸਤਲੁਜ ਦਰਿਆ ਦੇ ਦੂਸ਼ਿਤ ਪਾਣੀ ਬਾਰੇ ਕਿਹਾ ਕਿ ਪੰਜਾਬ ਦੇ ਵੱਡੇ ਸ਼ਹਿਰਾਂ ਦੀਆਂ ਫੈਕਟਰੀਆਂ ਦਾ ਰਸਾਇਣਕ ਪਾਣੀ ਹਰੀਕੇ ਹੈੱਡ ਵਰਕਸ ਤੋਂ ਰਾਜਸਥਾਨ ਫੀਡਰ ਨਹਿਰ ਵਿਚ ਪੈਂਦਾ ਹੈ ਤੇ ਇਸ ਦੇ ਹੱਲ ਲਈ ਰਾਜਸਥਾਨ ਸਰਕਾਰ ਨੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਲਿਖਿਆ ਹੈ। ਉਨ੍ਹਾਂ ਕਿਹਾ ਕਿ ਦੂਸ਼ਿਤ ਪਾਣੀ ਦੇ ਹੱਲ ਲਈ ਰਾਜਸਥਾਨ ਸਰਕਾਰ ਪੰਜਾਬ ਸਰਕਾਰ ਨੂੰ ਹਰ ਸਹਿਯੋਗ ਦੇਣ ਲਈ ਤਿਆਰ ਹੈ।


## ਗੁਰਦੁਆਰਾ ਈਸ਼ਰਧਾਮ ਨਾਨਕਸਰ ਵਿਖੇ ਨਤਮਸਤਕ ਹੋਏ ਮੁੱਖ ਮੰਤਰੀ

ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਬਿਆਸ ਸਤਲੁਜ ਦਰਿਆਵਾਂ ਦੇ ਸੰਗਮ ਹਰੀਕੇ ਝੀਲ ਕਿਨਾਰੇ ਮਨਮੋਹਕ ਸਥਾਨ 'ਤੇ ਬਣੇ ਗੁਰਦੁਆਰਾ ਈਸ਼ਰਧਾਮ ਨਾਨਕਸਰ ਹਰੀਕੇ ਵਿਖੇ ਨਤਮਸਤਕ ਹੋਏ। ਮੁੱਖ ਸੇਵਾਦਾਰ ਬਾਬਾ ਮਾਧੋ ਸਿੰਘ ਨੇ ਮੁੱਖ ਮੰਤਰੀ ਨੂੰ ਸਨਮਾਨਿਤ ਕੀਤਾ।

# ਹਾਈਕੋਰਟ ਦੇ ਹੁਕਮਾਂ ਨਾਲ ਪੰਜਾਬ ਵਿਚ ਸਪਾਅ ਸੈਂਟਰਾਂ 'ਤੇ ਸ਼ਿਕੰਜਾ

**ਚੰਡੀਗੜ੍ਹ:** ਪੰਜਾਬ ਵਿਚ ਸਪਾਅ ਸੈਂਟਰਾਂ ਦੀ ਆੜ 'ਚ ਹੋਣ ਵਾਲੀਆਂ ਅਨੈਤਿਕ ਸਰਗਰਮੀਆਂ ਨੂੰ ਰੋਕਣ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਖ਼ਤੀ ਕਰਨ ਦਾ ਮਨ ਬਣਾਇਆ ਹੈ। ਇਨ੍ਹਾਂ ਸੈਂਟਰਾਂ ਰਾਹੀਂ ਸੈਕਸ ਰੈਕਟ ਚਲਾਏ ਜਾ ਰਹੇ ਹਨ ਤੇ ਲੜਕੀਆਂ ਔਰਤਾਂ ਦੀ ਮਨੁੱਖੀ ਤਸਕਰੀ ਦੀਆਂ ਸ਼ਿਕਾਇਤਾਂ ਵੀ ਲਗਾਤਾਰ ਸਾਹਮਣੇ ਆ ਰਹੀਆਂ ਹਨ। ਇਸੇ ਨੂੰ ਧਿਆਨ ਵਿਚ ਰੱਖਦਿਆਂ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਤਿੰਨ ਮਹੀਨਿਆਂ 'ਚ ਠੋਸ ਤੇ ਵਿਆਪਕ ਨੀਤੀ ਘੜਨ ਦੇ ਨਿਰਦੇਸ਼ ਦਿੱਤੇ ਹਨ। ਉੱਚ ਅਦਾਲਤ ਦਾ ਤਰਕ ਹੈ ਕਿ ਇਨ੍ਹਾਂ ਸੈਂਟਰਾਂ ਰਾਹੀਂ ਮਾਸੂਮ ਔਰਤਾਂ ਦਾ ਸ਼ੋਸ਼ਣ ਹੋਣ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ। ਮਸਾਜ ਸੈਂਟਰਾਂ ਵਿਚ ਕੰਮ ਕਰਨ ਵਾਲੀਆਂ ਔਰਤਾਂ ਤੇ ਲੜਕੀਆਂ ਦੇ ਮਨੁੱਖੀ ਅਧਿਕਾਰਾਂ ਦਾ ਦਮਨ ਵੀ ਕੀਤਾ ਜਾਂਦਾ ਹੈ। ਬਹੁਤ ਸਾਰੀਆਂ ਘਰੋਂ ਗਾਇਬ ਹੋਈਆਂ ਲੜਕੀਆਂ ਇਨ੍ਹਾਂ ਮਸਾਜ ਸੈਂਟਰਾਂ ਤੋਂ ਮਿਲੀਆਂ ਹਨ ਜੋ ਵੱਡੀ ਚਿੰਤਾ ਦਾ ਵਿਸ਼ਾ ਹੈ।

ਜਲੰਧਰ 'ਚ ਮਸਾਜ ਸੈਂਟਰਾਂ 'ਚ ਸੈਕਸ ਰੈਕਟ ਨਾਲ ਸਬੰਧਤ ਕਈ ਐਫਆਈਆਰ ਦਰਜ ਕੀਤੀਆਂ ਗਈਆਂ ਹਨ ਜਿਨ੍ਹਾਂ 'ਚ ਵੇਸਵਾਗਮਨੀ ਰੈਕਟ ਦੇ ਖ਼ੁਲਾਸੇ ਹੋਏ ਹਨ। ਕਾਫ਼ੀ ਅਜਿਹੇ ਮਾਮਲੇ ਵੀ ਸਾਹਮਣੇ ਆਏ ਹਨ ਜਿਨ੍ਹਾਂ 'ਚ ਮਸਾਜ ਸੈਂਟਰਾਂ ਤੋਂ ਵਿਦੇਸ਼ੀ ਮਹਿਲਾਵਾਂ ਤੇ ਲੜਕੀਆਂ ਦੀ ਬਰਾਮਦਗੀ ਹੋਈ ਹੈ। ਇਨ੍ਹਾਂ ਸੈਂਟਰਾਂ ਤੋਂ ਮਿਲੀਆਂ ਕਈ ਲੜਕੀਆਂ ਦੂਜੇ ਸੂਬਿਆਂ ਨਾਲ ਸਬੰਧਤ ਹਨ।




ਇਸ ਲਈ ਇਸ ਗੱਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਨ੍ਹਾਂ ਦੀ ਮਨੁੱਖੀ ਤਸਕਰੀ ਨਹੀਂ ਹੋਈ ਹੈ। ਇਸ ਨਾਲ ਸਬੰਧਤ ਇਕ ਮਾਮਲੇ ਦੀ ਸੁਣਵਾਈ ਦੌਰਾਨ ਹਾਈ ਕੋਰਟ ਦੇ ਜਸਟਿਸ ਕੁਲਦੀਪ ਤਿਵਾੜੀ ਨੇ ਚੰਡੀਗੜ੍ਹ 'ਚ ਇਸੇ ਤਰ੍ਹਾਂ ਦੇ ਇਕ ਮਾਮਲੇ 'ਚ ਤਾਲਮੇਲ ਬੈਂਚ ਦੇ ਨਿਰਦੇਸ਼ ਦਾ ਵੀ ਹਵਾਲਾ ਦਿੱਤਾ ਕਿ ਦਿੱਲੀ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਦੇ ਆਧਾਰ 'ਤੇ ਇਕ ਢਾਂਚਾ ਤਿਆਰ ਕੀਤਾ ਜਾਵੇ।

ਦਿੱਲੀ 'ਚ ਸਪਾਅ ਜਾਂ ਮਸਾਜ ਸੈਂਟਰ ਚਲਾਉਣ ਲਈ ਬਾਕਾਇਦਾ ਸਰਕਾਰ ਦੀ ਵੈੱਬਸਾਈਟ 'ਤੇ ਇਸ ਨਾਲ ਸਬੰਧਤ ਨਿਯਮ-ਕਾਨੂੰਨ ਬਣਾਏ ਗਏ ਹਨ। -ਇਸ ਮੁਤਾਬਕ ਸਪਾਅ ਸੈਂਟਰ ਚਲਾਉਣ ਲਈ ਸਥਾਨਕ ਸਰਕਾਰਾਂ ਤੋਂ ਇਸ ਦੀ ਮਨਜ਼ੂਰੀ ਲੈਣੀ ਜ਼ਰੂਰੀ ਹੈ ਤੇ ਇੱਥੇ ਕੰਮ ਕਰਨ ਵਾਲੇ ਥੈਰੇਪਿਸਟ ਕੋਲ ਵੀ ਬਾਕਾਇਦਾ ਲਾਇਸੈਂਸ ਹੋਣਾ ਚਾਹੀਦਾ ਹੈ। ਦਿੱਲੀ ਸਰਕਾਰ ਦੇ ਇਸ ਨੋਟੀਫਿਕੇਸ਼ਨ ਵਿਚ ਕ੍ਰਾਸ ਜੈਂਡਰ ਮਸਾਜ ਦੀ ਪੂਰਨ ਤੌਰ 'ਤੇ ਮਨਾਹੀ ਕੀਤੀ ਗਈ ਹੈ। ਇਸ ਮੁਤਾਬਕ ਔਰਤਾਂ ਮਰਦਾਂ ਦੀ ਤੇ ਮਰਦ ਔਰਤਾਂ ਦੀ ਮਸਾਜ ਨਹੀਂ ਕਰ ਸਕਣਗੇ ਪਰ ਪੂਰੇ ਦੇਸ਼ ਵਿਚ ਇਸ ਤਰ੍ਹਾਂ ਦੀਆਂ ਹਦਾਇਤਾਂ ਜਾਂ ਕਾਇਦੇ-ਕਾਨੂੰਨਾਂ ਦੀ ਸਿੱਧੇ ਤੌਰ 'ਤੇ ਉਲੰਘਣਾ ਕੀਤੀ ਜਾਂਦੀ ਹੈ। ਹਾਲਾਂਕਿ ਪੰਜਾਬ ਵਿਚ ਚੱਲਣ ਵਾਲੇ ਸਪਾਅ ਸੈਂਟਰਾਂ 'ਚ ਹੋਣ ਵਾਲੀਆਂ ਅਨੈਤਿਕ ਗਤੀਵਿਧੀਆਂ ਨੂੰ ਰੋਕਣ ਲਈ ਸਰਕਾਰ ਕਈ ਵਾਰ ਸਖ਼ਤੀ ਕਰ ਚੁੱਕੀ ਹੈ ਪਰ ਫਿਰ ਵੀ ਇਨ੍ਹਾਂ 'ਚ ਔਰਤਾਂ ਦੀ ਸੁਰੱਖਿਆ ਸਵਾਲਾਂ ਦੇ ਘੇਰੇ 'ਚ ਰਹੀ ਹੈ।

ਪੰਜਾਬ ਹੀ ਨਹੀਂ, ਪੂਰਾ ਦੇਸ਼ ਸਪਾਅ ਸੈਂਟਰਾਂ 'ਚ ਹੋਣ ਵਾਲੀਆਂ ਗਤੀਵਿਧੀਆਂ ਤੋਂ ਚਿੰਤਤ ਹੈ। ਕਈ ਹੋਟਲ ਵੀ ਸਪਾਅ ਸੈਂਟਰਾਂ ਦੇ ਓਹਲੇ 'ਚ ਗ਼ੈਰ-ਕਾਨੂੰਨੀ ਗਤੀਵਿਧੀਆਂ ਚਲਾ ਰਹੇ ਹਨ। ਆਪਣੇ ਹੋਟਲਾਂ 'ਚ ਆਉਣ ਵਾਲੇ ਗਾਹਕਾਂ ਨੂੰ ਮਸਾਜ ਦੀ ਆੜ 'ਚ ਕਈ ਤਰ੍ਹਾਂ ਦੇ ਲਾਲਚ ਦਿੰਦੇ ਹਨ। ਹੋਟਲਾਂ 'ਚ ਛਾਪੇਮਾਰੀ ਦੌਰਾਨ ਫੜੇ ਜਾਣ ਵਾਲੇ ਮੁੰਡੇ-ਕੁੜੀਆਂ ਤੇ ਮਰਦ-ਔਰਤਾਂ ਇਸ ਗੱਲ ਦਾ ਸਬੂਤ ਹਨ ਕਿ ਹੋਟਲ ਕਿਵੇਂ ਇਹ ਸਾਰਾ ਧੰਦਾ ਚਲਾਉਂਦੇ ਹਨ। ਬਹੁਤ ਸਾਰੀਆਂ ਆਰਥਿਕ ਪੱਖੋਂ ਕਮਜ਼ੋਰ ਲੜਕੀਆਂ ਤੇ ਔਰਤਾਂ ਦੀ ਇਸ ਗੱਲ ਦਾ ਸਬੂਤ ਹਨ ਕਿ ਹੋਟਲ ਕਿਵੇਂ ਇਹ ਧੰਦਾ ਚਲਾਉਂਦੇ ਹਨ।

# ਸੂਟਕੇਸ 'ਚੋਂ ਨਿਕਲੀ ਵਿਦਿਆਰਥਣ-ਹੋਇਆ ਹੰਗਾਮਾ



**ਸੋਨੀਪਤ:** ਸੂਟਕੇਸ 'ਚੋਂ ਲਾਸ਼ ਮਿਲਣ ਦੀਆਂ ਘਟਨਾਵਾਂ ਵਿਚਾਲੇ ਓਪੀ ਜਿੰਦਲ ਗਲੋਬਲ ਯੂਨੀਵਰਸਿਟੀ 'ਚ ਇਕ ਅਲੱਗ ਤਰ੍ਹਾਂ ਦਾ ਮਾਮਲਾ ਸਾਹਮਣੇ ਆਇਆ ਹੈ। ਇਕ ਵਿਦਿਆਰਥੀ ਸੂਟਕੇਸ ਖਿੱਚ ਕੇ ਲਿਜਾ ਰਿਹਾ ਸੀ ਕਿ ਚੀਕ ਸੁਣ ਕੇ ਸੁਰੱਖਿਆ ਮੁਲਾਜ਼ਮਾਂ ਨੇ ਉਸਨੂੰ ਰੋਕ ਦਿੱਤਾ। ਤਲਾਸ਼ੀ ਲਈ ਸੂਟਕੇਸ ਖੋਲ੍ਹਿਆ ਤਾਂ ਉਸ ਵਿਚੋਂ ਇਕ ਵਿਦਿਆਰਥਣ ਨਿਕਲੀ, ਜਿਹੜੀ ਯੂਨੀਵਰਸਿਟੀ 'ਚ ਹੀ ਪੜ੍ਹਦੀ ਹੈ। ਬਾਅਦ 'ਚ ਵਿਦਿਆਰਥਣ ਨੇ ਕਿਹਾ ਕਿ ਦੋਸਤ ਉਸਦੇ ਨਾਲ ਪੈਂਕ ਕਰ ਰਹੇ ਸਨ। ਯੂਨੀਵਰਸਿਟੀ ਮੈਨੇਜਮੈਂਟ ਨੇ ਘਟਨਾ 'ਚ ਸ਼ਾਮਲ ਵਿਦਿਆਰਥੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ।

ਇੰਟਰਨੈੱਟ ਮੀਡੀਆ 'ਤੇ ਪ੍ਰਸਾਰਿਤ ਵੀਡੀਓ 'ਚ ਦਿਖ ਰਿਹਾ ਹੈ ਕਿ ਇਕ ਨੌਜਵਾਨ ਸੂਟਕੇਸ (ਟਰਾਲੀ ਬੈਗ) ਖਿੱਚ ਕੇ ਲਿਜਾ ਰਿਹਾ ਹੈ। ਸੂਟਕੇਸ 'ਚੋਂ ਵਿਦਿਆਰਥਣ ਨਿਕਲਣ ਦਾ ਵੀਡੀਓ ਪ੍ਰਸਾਰਿਤ ਹੁੰਦੇ ਹੀ ਰੌਲਾ ਪੈ ਗਿਆ। ਜਿੰਦਲ ਯੂਨੀਵਰਸਿਟੀ ਚੌਕੀ ਦੀ ਇੰਚਾਰਜ ਸ਼ਕੁੰਤਲਾ ਨੇ ਕਿਹਾ ਕਿ ਵੀਡੀਓ ਦਾ ਖੁਦ ਨੋਟਿਸ ਲੈ ਕੇ ਪੁਲਿਸ ਜਾਂਚ ਲਈ ਪਹੁੰਚੀ ਤਾਂ ਪਤਾ ਲੱਗਾ ਕਿ

ਸੂਟਕੇਸ 'ਚ ਨਿਕਲੀ ਵਿਦਿਆਰਥਣ ਬਿਜ਼ਨਸ ਸਟਡੀਜ਼ ਦੇ ਸੈਕੰਡ ਈਅਰ 'ਚ ਪੜ੍ਹਦੀ ਹੈ। ਵਿਦਿਆਰਥਣ ਨੇ ਦੱਸਿਆ ਕਿ ਦੋਸਤ ਸੂਟਕੇਸ 'ਚ ਬੰਦ ਕਰ ਕੇ ਉਸਦੇ ਨਾਲ ਪੈਂਕ ਕਰ ਰਹੇ ਸਨ। ਉਸਦੇ ਨਾਲ ਕੁਝ ਵੀ ਗਲਤ ਨਹੀਂ ਹੋਇਆ। ਫਿਲਹਾਲ ਕਿਸੇ ਤਰ੍ਹਾਂ ਦੀ ਸ਼ਿਕਾਇਤ ਨਹੀਂ ਦਿੱਤੀ ਗਈ। ਯੂਨੀਵਰਸਿਟੀ ਦੀ ਤਰਜਮਾਨ ਅੰਜੂ ਮੋਹਨ ਨੇ ਕਿਹਾ ਕਿ ਘਟਨਾ ਹੋਸਟਲ ਏਰੀਆ ਦੀ ਨਹੀਂ, ਪਬਲਿਕ ਏਰੀਆ ਦੀ ਹੈ। ਘਟਨਾ 'ਚ ਸ਼ਾਮਲ ਵਿਦਿਆਰਥੀਆਂ 'ਤੇ ਅਨੁਸ਼ਾਸਨੀ ਕਾਰਵਾਈ ਕਰਦੇ ਹੋਏ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ। ਯੂਨੀਵਰਸਿਟੀ 'ਚ ਬਿਨਾਂ ਜਾਂਚ ਦੇ ਹੋਸਟਲ 'ਚ ਕੋਈ ਕੁਝ ਵੀ ਨਹੀਂ ਲਿਜਾ ਸਕਦਾ।

## ਜੀ.ਐਨ.ਡੀ.ਯੂ. ਦੇ ਰਜਿਸਟਾਰ ਬਣੇ ਪ੍ਰੋ. ਕਰਮਜੀਤ ਚਾਹਲ



**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਯੂਨੀਵਰਸਿਟੀ (ਸੀਐਨਡੀਯੂ) ਦੇ ਤੇ ਮਸ਼ਹੂਰ ਸਿੱਖਿਆ ਮਾਹਰ ਪ੍ਰੋ ਕਰਮਜੀਤ ਸਿੰਘ ਚਾਹਲ ਨੂੰ ਜੀ.ਐੱਨ.ਡੀ.ਯੂ ਦਾ ਨਵਾਂ ਰਜਿਸਟਰਾਰ ਨਿਯੁਕਤ ਕੀਤਾ ਗਿਆ ਹੈ। ਉਹ ਪਿਛਲੇ 32 ਸਾਲਾਂ ਤੋਂ ਵਾਸਤੁਕਲਾ ਦੇ ਖੇਤਰ 'ਚ ਖੋਜ ਤੇ ਪੇਸ਼ੇਵਰ ਅਭਿਆਸ 'ਚ ਸਰਗਰਮ ਹਨ। ਚਾਹਲ ਨੇ ਕਿਹਾ ਕਿ ਉਹ ਇਸ ਅਹੁਦੇ 'ਤੇ ਬੈਠ ਕੇ ਆਪਣੀ ਜ਼ਿੰਮੇਵਾਰੀ ਨੂੰ ਬਾਖ਼ੂਬੀ ਨਿਭਾਉਣਗੇ।

## ਅਮਰਨਾਥ ਯਾਤਰਾ ਲਈ 130 ਲੰਗਰਾਂ ਦੀ ਇਜਾਜ਼ਤ

**ਜੰਮੂ:** ਸ੍ਰੀ ਅਮਰਨਾਥ ਦੀ ਪਵਿੱਤਰ ਗੁਫ਼ਾ ਦੀ ਯਾਤਰਾ ਦੌਰਾਨ ਸ਼ਰਧਾਲੂਆਂ ਨੂੰ ਭੋਜਣ ਦੀ ਕਿਸੇ ਤਰ੍ਹਾਂ ਦੀ ਦਿੱਕਤ ਪੇਸ਼ ਨਹੀਂ ਹੋਵੇਗੀ। ਸ੍ਰੀ ਅਮਰਨਾਥ ਬੋਰਡ ਨੇ ਇਸ ਵਾਰ ਯਾਤਰਾ ਦੇ ਦੋਵਾਂ ਮਾਰਗਾਂ ਪਹਿਲਗਾਮ ਤੇ ਬਾਲਟਾਲ 'ਤੇ 130 ਲੰਗਰਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਹਾਲਾਂਕਿ ਅਜੇ ਕਰੀਬ 10 ਹੋਰ ਲੰਗਰਾਂ ਦੇ ਪ੍ਰਬੰਧਕ ਇਜਾਜ਼ਤ ਲਈ ਬੋਰਡ ਨਾਲ ਸੰਪਰਕ ਕਰ ਰਹੇ ਹਨ। ਅਮਰਨਾਥ ਯਾਤਰਾ ਤਿੰਨ ਜੁਲਾਈ ਤੋਂ ਸ਼ੁਰੂ ਹੋ ਰਹੀ ਹੈ।


ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS
HOMEOPATHIC NATURAL MEDICINES
When Tired of all Treatments, For any Disease,
At any Age, Try Alternative Treatment

Homeopathic Natural Medicines — Serving Since 1973


Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093
Email: Homeomdicine@yahoo.com
Website: www.Homeopathyatoz.com
7021 Village Parkway, Dublin, CA 94568
Practice under provision of Act S8_577 State of CA







# Matrimonials

## ਲੜਕੇ ਦੀ ਲੋੜ ਹੈ

Prajapat, Sikh girl Oct-95, 5' 3". Masters in Computers, working on H1-B Visa. Required equally qualified boy. Send biodata at Mob- +17324076683 and +91-78140 -94986 or Email: bhagatsingh.91@gmail.com

15-18

Jatt Sikh family seeking a suitable match for their USA citizen girl 30, 5'5''. Girl is working as a Dentist. ਓਨਟਰਿਏ ਅਮਲਿ ਸਿ ਨਿ ਟਹਏੁ ੰਉ। Seeking a Doctor or engineer match from the USA. Jatt Sikh should be preffered. Please contact us at: 773-679-5664

## ਲੜਕੀ ਦੀ ਲੋੜ ਹੈ

Jatt Sikh family seeking a match for their Gursikh son, born in America. He is 22 years old, 6ft tall and wears a Turban. He did study in computer science and woking as a Software Engineer. He has property both in America and India. Seeking a nice girl that enjoys family and lives in USA. He has no siblings. Please contact us at: 206-208-4064 or E-Mail at gursikhjatt@gmail.com

16-19

Jatt Sikh Family seeking bride for their son, 25, 6'1" Amritdhari. Currently on work permit in Surrey, Canada. Working as electrician apprentice. Brother well settled in USA. Please contact us at: 847-660-9644

16-19

ਜੱਟ ਸਿੱਖ 47, 5'10" ਸੋਹਣੇ ਸੁਨੱਖੇ ਪੜ੍ਹੇ-ਲਿਖੇ, ਸ਼ਹਿਰੀ, ਖਾਨਦਾਨੀ, ਯੂ.ਐੱਸ.ਏ. ਵਿਜ਼ਾ ਹੋਲਡਰ ਲੜਕੇ ਲਈ ਸਾਥ ਦੀ ਲੋੜ ਹੈ। ਤਲਾਕਸ਼ੁਦਾ ਅਤੇ ਵਿਧਵਾ ਵੀ ਸੰਪਰਕ ਕਰ ਸਕਦੇ ਹਨ। ਅੰਮ੍ਰਿਤਸਰ ਸ਼ਹਿਰੀ ਜਾਇਦਾਦ। ਵੱਡਾ ਭਰਾ USA ਸਿਟੀਜ਼ਨ। ਚਾਹਵਾਨ ਫੋਨ ਨੰਬਰ 484-219-4922 ਜਾਂ ਈ-ਮੇਲ baljitrandhawa0001@gmail.com 'ਤੇ ਸੰਪਰਕ ਕਰ ਸਕਦੇ ਹਨ।

14-17

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

ਜੱਟ ਸਿੱਖ ਸਿੱਧੂ, ਉਮਰ 28 ਸਾਲ, ਕੱਦ 5'9'', ਦਸਤਾਰਧਾਰੀ, ਯੂ.ਐਸ.ਏ. ਵਿਚ ਜਾਰਜੀਆ ਯੀਨੀਵਰਸਿਟੀ ਵਿਚ ਸਕਾਲਰਸ਼ਿਪ 'ਤੇ ਪੀਐਚ.ਡੀ ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਬਠਿੰਡਾ ਵਿਚ ਦਸ ਏਕੜ ਜ਼ਮੀਨ, ਕੋਈ ਭੈਣ-ਭਰਾ ਨਹੀਂ। ਚਾਹਵਾਨ ਵ੍ਹਟਸਐਪ ਨੰਬਰ (706) 206-2516 'ਤੇ ਸੰਪਰਕ ਕਰਨ।

13-16

Jatt Sikh SF Bay Area family seeking bride for their USA born Son 24, 5'10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com





ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746

## ਨਿਰਵਿਘਨ ਪ੍ਰਕਾਸ਼ਨ ਦੇ 26ਵੇਂ ਸਾਲ 'ਚ (ਪਹਿਲੀ ਜਨਵਰੀ 2000-2025)

## ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਪ੍ਰੋ. ਜੋਗਿੰਦਰ ਸਿੰਘ ਰਮਦੇਵ, ਸਵਰਨਜੀਤ ਸਿੰਘ ਢਿੱਲੋਂ, ਗੁਰਿੰਦਰ ਗਿੱਲ ਅਤੇ ਅਯੋਧਿਆ ਸਲਵਾਨ ਨੂੰ ਸਮਰਪਿਤ ਪੰਜਾਬ ਟਾਈਮਜ਼ ਦੀ 26ਵੀਂ ਵਰ੍ਹੇਗੰਢ

# 'ਪੰਜਾਬ ਟਾਈਮਜ਼ ਨਾਈਟ'

## 17 ਮਈ 2025 ਸ਼ਨਿਚਰਵਾਰ ਸ਼ਾਮੀ 6:00 ਵਜੇ

**Atlantis Banquets**
1273 N. Rand Road,
Arlington Heights, IL 60004

### ਗੈਸਟ ਆਫ ਆਨਰ


ਅਮਰਜੀਤ ਢੀਂਡਸਾ


ਗੁਰਬਖਸ਼ ਸਿੰਘ ਰਾਹੀ



ਹਰਮਨ ਥਿੰਦ

ਯਾਦ ਸਲਾਮਤ ਰਹੇ...


ਸ. ਅਮੋਲਕ ਸਿੰਘ ਜੰਮੂ

### ਗੈਸਟ ਆਫ ਆਨਰ


ਲਖਵੀਰ ਢੀਂਡਸਾ


ਪਾਲਾ ਸ਼ੇਰਮਾਰ


ਲਵ ਮਿਨਹਾਸ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਹਰਦਿਆਲ ਸਿੰਘ ਦਿਓਲ | ਡਾ. ਗੁਰਦਿਆਲ ਸਿੰਘ ਬਸਰਾਨ | ਜੈਦੇਵ ਸਿੰਘ ਭੱਠਲ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਹਰਜੀਤ ਸਿੰਘ ਸਾਹੀ | ਦਰਸ਼ਨ ਸਿੰਘ ਦਰੜ | ਮਨਦੀਪ ਸਿੰਘ ਭੂਰਾ


ਸੁਰਿੰਦਰ ਸਿੰਘ ਸੁੰਨੜ | ਰਘਬੀਰ ਸਿੰਘ ਘੁੰਨ | ਪਰਮਿੰਦਰ ਸਿੰਘ ਵਾਲੀਆ | ਅਮਰੀਕ ਸਿੰਘ (ਅਮਰ ਕਾਰਪੈਟ) | ਜਸਕਰਨ ਸਿੰਘ ਧਾਲੀਵਾਲ | ਡਾ. ਤੇਜਿੰਦਰ ਸਿੰਘ ਮੰਡੇਰ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਭੁਪਿੰਦਰ ਸਿੰਘ ਧਾਲੀਵਾਲ | ਗੁਰਦੇਵ ਸਿੰਘ ਜੌੜਾ | ਅੰਮ੍ਰਿਤਪਾਲ ਸਿੰਘ ਸੰਘਾ


ਜਸਵੀਰ ਕੌਰ ਢਿਲੋਂ | ਡਾ. ਇਨਕਲਾਬੀ ਥਾਂਦੀ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਹਰਵਿੰਦਰ ਪਾਲ ਸਿੰਘ ਲੈਲ | ਜਗਜੀਤ ਸਿੰਘ ਢੀਂਡਸਾ | ਸਰਵਣ ਸਿੰਘ ਟਿਵਾਣਾ | ਸੁਖਮੇਲ ਸਿੰਘ ਅਟਵਾਲ | ਸ. ਹੈਪੀ ਸਿੰਘ ਹੀਰ | ਅਮੋਲਕ ਸਿੰਘ ਗਾਖਲ | ਜੱਸੀ ਗਿੱਲ

# PUNJAB TIMES NIGHT 2025

## ਵਿਸ਼ੇਸ਼ ਮਹਿਮਾਨ



ਦਰਸ਼ਨ ਸਿੰਘ ਧਾਲੀਵਾਲ (ਚੀਫ਼ ਗੈਸਟ) | ਡਾ. ਹਰਜਿੰਦਰ ਸਿੰਘ ਦਿਲਗੀਰ (ਸਿੱਖ ਹਿਸਟੋਰੀਅਨ) | ਇਕਬਾਲ ਮਾਹਲ (ਟੀ.ਵੀ. ਪ੍ਰਸਨੈਲਿਟੀ) | ਪ੍ਰੋ. ਸੁਹਿੰਦਰ ਬੀਰ | ਦਵਿੰਦਰ ਕੌਰ ਗੁਰਾਇਆ | ਦਵੀ ਦਵਿੰਦਰ (ਸੰਪਾਦਕ: ਸਪੋਕਸਮੈਨ) | ਕੁਲਦੀਪ ਕੌਰ (ਮੁਖੀ ਪੱਤਰਕਾਰੀ ਵਿਭਾਗ)

## ਸਾਡੇ ਸਪਾਂਸਰ



ਗੁਰਚਰਨ ਸਿੰਘ ਝੱਜ | ਜਸਮੀਰ ਸਿੰਘ | ਮੱਖਣ ਬੈਂਸ | ਰਜਿੰਦਰ ਟਾਂਡਾ | ਗੁਰਚਰਨ ਮਾਨ | ਸੈਮ ਚਾਹਲ | ਕੁਲਵਿੰਦਰ | ਜਗਜੀਤ ਨੌਸ਼ਹਿਰਵੀ | ਡਾ. ਦਲਬੀਰ ਪੰਨੂ | ਹਰਵਿੰਦਰ ਵਾਲੀਆ




ਭਾਈ ਮਹਿੰਦਰ ਸਿੰਘ | ਜੈਰਾਮ ਸਿੰਘ ਕਾਹਲੋਂ | ਰਾਜਵੀਰ ਬੋਪਾਰਾਏ | ਲਖਵੀਰ ਜੌਹਲ | ਮਨਜੀਤ ਨਾਗਰਾ | ਹਰਜਿੰਦਰ ਜਿੰਦੀ | ਜਰਨੈਲ ਸਿੰਘ ਮਿਆਣੀ | ਪਰਮਿੰਦਰ ਗੋਲਡੀ | ਡਾ. ਵਿਕਰਮ ਗਿੱਲ | ਦਵਿੰਦਰ ਸਿੰਘ ਰੰਗੀ | ਜਗਪਾਲ ਗਰੇਵਾਲ



ਲੱਕੀ ਸਹੋਤਾ | ਡਾ. ਹਰਜਿੰਦਰ ਖਹਿਰਾ | ਅਜੈਬ ਲੱਖਣ | ਜਸਪਾਲ ਘੋਤੜਾ | ਡਾ. ਰਛਪਾਲ ਸਿੰਘ ਬਾਜਵਾ | ਰਘਵਿੰਦਰ ਸਿੰਘ ਮਾਹਲ | ਠਾਕਰ ਬਸਾਤੀ | ਸਨੀ ਕੁਲਾਰ | ਰੋਨੀ ਕੁਲਾਰ | ਪ੍ਰਦੀਪ ਕਾਹਲੋਂ | ਜੱਸੀ ਸਿੰਘ | ਰਾਣਾ ਸਿੰਘ ਵਿਰਕ | ਧਰਮਿੰਦਰ ਖਟੜਾ | ਯਾਦਵਿੰਦਰ ਖਟੜਾ



ਲਖਬੀਰ ਸਿੰਘ ਸੰਧੂ | ਜਗਦੀਸ਼ ਸਿੰਘ ਸੰਧੂ | ਜਸਬੀਰ ਸਿੰਘ | ਕੁਲਬੀਰ ਸਿੰਘ | ਸ਼ਿਵਇੰਦਰ ਸਿੰਘ | ਮੱਖਣ ਸਿੰਘ ਕਲੇਰ | ਸਤਨਾਮ ਸਿੰਘ ਔਲਖ | ਨਵਤੇਜ ਸੋਹੀ | ਬਲਜੀਤ ਟਿਵਾਣਾ | ਜਸਵਿੰਦਰ ਗਿੱਲ | ਪਿੰਦੀ ਛੀਨਾ | ਪਾਲ ਖਲੀਲ



ਜਸਬੀਰ ਪਲੀਆ | ਸੁਰਿੰਦਰ ਪਲੀਆ | ਅਮਰਦੇਵ ਬਦੇਸ਼ਾ | ਪ੍ਰਦੀਪ ਸਲਵਾਨ | ਰਜਿੰਦਰ ਦਿਆਲ | ਸੰਤੋਖ ਸਿੰਘ ਡੀ ਸੀ | ਨਰਿੰਦਰ ਸਿੰਘ ਸਰਾਂ | ਰਾਣਾ ਸੇਖੋਂ | ਗੁਰਮੁਖ ਸਿੰਘ ਭੁੱਲਰ | ਪਾਲ ਧਾਲੀਵਾਲ | ਸੁਖਪਾਲ ਗਿੱਲ | ਬਲਬੀਰ ਬੈਦਵਾਨ

**ਪੰਜਾਬ ਟਾਈਮਜ਼ ਦੀ 26ਵੀਂ ਵਰ੍ਹੇਗੰਢ ਮੌਕੇ 17 ਮਈ ਨੂੰ ਕਰਵਾਈ ਜਾ ਰਹੀ 'ਪੰਜਾਬ ਟਾਈਮਜ਼ ਨਾਈਟ' ਵਿਚ ਸ਼ਾਇਰ, ਸਾਹਿਤਕਾਰ, ਗੀਤਕਾਰ ਅਤੇ ਗਾਇਕ ਤੁਹਾਡਾ ਮਨੋਰੰਜਨ ਕਰਨਗੇ।**

**ਸਹਿਯੋਗੀ ਸੰਸਥਾਵਾਂ:** ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ); ਪੰਜਾਬੀ ਅਮੈਰੀਕਨ ਆਰਗੇਨਾਈਜ਼ੇਸ਼ਨ ਸ਼ਿਕਾਗੋ (ਪਾਓ); ਫਾਈਵ ਰਿਵਰਜ਼ ਐਂਟਰਟੇਨਮੈਂਟ, ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਪੰਜਾਬੀ ਹੈਰੀਟੇਜ ਆਰਗੇਨਾਈਜ਼ੇਸ਼ਨ (ਪੀ ਐਚ ਓ), ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਸਾਊਥਬੈਂਡ, ਇੰਡੀਆਨਾ; ਪੰਜਾਬੀ ਅਮੈਰੀਕਨ ਯੂਥ ਕਲੱਬ ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜ਼ੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ, ਸਵੇਰਾ ਇੰਕ।

ਮੀਡੀਆ ਪਾਰਟਨਰ: ਰੇਡੀਓ ਚੰਨ ਪ੍ਰਦੇਸੀ, ਦੇਸੀ ਜੰਕਸ਼ਨ, ਢੋਲ ਰੇਡੀਓ, ਪੀ.ਟੀ.ਸੀ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

(ਪਹਿਲੇ ਸਫ਼ੇ ਦੀ ਬਾਕੀ)

## ਪਾਸ ਕੀਤੇ ਗਏ ਅਹਿਮ 19 ਮਤੇ

ਡੈਲੀਗੇਟ ਇਜਲਾਸ ਦੌਰਾਨ 18 ਲਿਖਤੀ ਤੇ ਇਕ ਜ਼ੁਬਾਨੀ ਮਤੇ ਸਮੇਤ 19 ਅਹਿਮ ਮਤੇ ਵੀ ਪਾਸ ਕੀਤੇ ਗਏ। ਡਾ. ਦਲਜੀਤ ਸਿੰਘ ਚੀਮਾ ਵਲੋਂ ਸ਼ੋਕ ਮਤਾ ਪੇਸ਼ ਕਰਕੇ ਪਿਛਲੇ ਸਮੇਂ ਦੌਰਾਨ ਸਦੀਵੀ ਵਿਛੋੜਾ ਦੇ ਗਏ ਸ਼੍ਰੋਮਣੀ ਅਕਾਲੀ ਦਲ ਦੇ ਲੰਮਾ ਸਮਾਂ ਪ੍ਰਧਾਨ ਰਹੇ ਤੇ ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਰਧਾ ਸਤਿਕਾਰ ਭੇਟ ਕੀਤਾ ਗਿਆ। ਇਸ ਦੌਰਾਨ ਇਕ ਹੋਰ ਜ਼ੁਬਾਨੀ ਮਤਾ ਪਾਸ ਕਰ ਕੇ ਸਿੰਘ ਸਾਹਿਬਾਨ ਨੂੰ ਸ. ਪ੍ਰਕਾਸ਼ ਸਿੰਘ ਬਾਦਲ ਤੋਂ ਫਖ਼ਰ-ਏ-ਕੌਮ ਐਵਾਰਡ ਵਾਪਸ ਲੈਣ ਦੇ ਫ਼ੈਸਲੇ 'ਤੇ ਮੁੜ -ਵਿਚਾਰ ਕਰਨ ਦੀ ਅਪੀਲ ਕੀਤੀ ਗਈ।

## ਹਰਜਿੰਦਰ ਸਿੰਘ ਧਾਮੀ ਵਲੋਂ ਸੁਖਬੀਰ ਨੂੰ ਵਧਾਈ



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸੁਖਬੀਰ ਸਿੰਘ ਬਾਦਲ ਨੂੰ ਸ਼੍ਰੋਮਣੀ ਅਕਾਲੀ ਦਲ (ਬ) ਦੇ ਸਰ ਬ ਸੰ ਮਤੀ ਨਾਲ ਮੁੜ ਪ੍ਰਧਾਨ ਚੁਣੇ ਜਾਣ 'ਤੇ ਵਧਾਈ ਦਿੱਤੀ ਹੈ। ਵਧਾਈ ਸੰਦੇਸ਼ ਵਿਚ ਉਨ੍ਹਾਂ ਕਿਹਾ ਕਿ ਪੰਜਾਬ ਅਤੇ ਪੰਥ ਦੀ ਤਰਜਮਾਨ ਰਾਜਸੀ ਜਮਾਤ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਹੀ ਸਿੱਖ ਕੌਮ ਦੇ ਮਸਲਿਆਂ ਅਤੇ ਪੰਜਾਬ ਦੇ ਲੋਕਾਂ ਦੀ ਤਰਜਮਾਨੀ ਕੀਤੀ ਹੈ ਅਤੇ ਆਸ ਹੈ ਕਿ ਸੁਖਬੀਰ ਸਿੰਘ ਬਾਦਲ ਇਸੇ ਸੇਧ ਵਿਚ ਭਵਿੱਖੀ ਤਰਜੀਹਾਂ ਨਿਰਧਾਰਿਤ ਕਰਕੇ ਲੋਕਾਂ ਦੀ ਆਵਾਜ਼ ਬਣਨਗੇ। ਜ਼ਿਕਰਯੋਗ ਹੈ ਕਿ ਧਾਮੀ, ਜੋ ਅਕਾਲੀ ਦਲ (ਬ) ਦੇ ਸੀਨੀਅਰ ਆਗੂ ਵੀ ਹਨ, ਡੈਲੀਗੇਟ ਇਜਲਾਸ ਵਿਚ ਸ਼ਾਮਿਲ ਨਹੀਂ ਹੋਏ।

# ਬੋਗਸ ਭਰਤੀ ਕਰਕੇ ਚੁਣੇ ਪ੍ਰਧਾਨ ਨੂੰ ਪੰਥ ਤੇ ਕੌਮ ਪ੍ਰਵਾਨ ਨਹੀਂ ਕਰੇਗੀ: ਭਰਤੀ ਕਮੇਟੀ



**ਚੰਡੀਗੜ੍ਹ:** ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਮਨੋਨੀਤ ਭਰਤੀ ਕਮੇਟੀ ਮੈਂਬਰਾਂ ਮਨਪ੍ਰੀਤ ਸਿੰਘ ਇਯਾਲੀ, ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਜਥੇਦਾਰ ਇਕਬਾਲ ਸਿੰਘ ਝੂੰਦਾਂ, ਜਥੇਦਾਰ ਸੰਤਾ ਸਿੰਘ ਉਮੈਦਪੁਰੀ ਅਤੇ ਬੀਬੀ ਸਤਵੰਤ ਕੌਰ ਨੇ ਸਾਂਝੇ ਬਿਆਨ 'ਚ ਕਿਹਾ ਕਿ ਆਪਣੀਆਂ ਗਲਤੀਆਂ, ਗੁਨਾਹਾਂ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਸਾਹਮਣੇ ਪੇਸ਼ ਹੋਈ ਲੀਡਰਸ਼ਿਪ ਨੇ ਦੋ ਦਸੰਬਰ 2024 ਦੇ ਹੁਕਮਨਾਮੇ ਦੀ ਮੂਲ ਭਾਵਨਾ ਦੀ ਘੋਰ ਉਲੰਘਣਾ ਕਰਕੇ ਬੋਗਸ ਭਰਤੀ ਜ਼ਰੀਏ ਆਪਣਾ ਪ੍ਰਧਾਨ ਚੁਣਿਆ ਹੈ, ਜਿਸ ਨੂੰ ਪੰਥ ਅਤੇ ਕੌਮ ਪ੍ਰਵਾਨ ਨਹੀਂ ਕਰੇਗੀ। ਪੰਜ ਮੈਂਬਰੀ ਭਰਤੀ ਕਮੇਟੀ ਮੈਂਬਰਾਂ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਹੁਕਮਾਂ 'ਤੇ ਇੰਨ-ਬਿੰਨ ਪਹਿਰਾ ਦੇ ਕੇ ਵਿਧੀ ਵਿਧਾਨ ਮੁਤਾਬਿਕ ਡੈਲੀਗੇਟ ਬਣਾ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਪੰਥ ਪ੍ਰਵਾਨਿਤ ਲੀਡਰਸ਼ਿਪ ਦਿੱਤੀ ਜਾਵੇਗੀ ਤਾਂ ਜੋ ਪੰਜਾਬ ਦੀ ਮਾਂ ਪਾਰਟੀ ਅਤੇ ਪੰਥ ਦੀ ਨੁਮਾਇੰਦਾ ਜਮਾਤ ਨੂੰ ਪੁਨਰ ਸੁਰਜੀਤ ਕਰਦੇ ਹੋਏ, ਸੂਬੇ ਦੇ ਹਿੱਤਾਂ ਅਤੇ ਮੁੱਦਿਆਂ ਦੀ ਰਾਖੀ ਕੀਤੀ ਜਾ ਸਕੇ।

(ਪਹਿਲੇ ਸਫ਼ੇ ਦਾ ਬਾਕੀ)

ਇਸ ਤੋਂ ਬਾਅਦ ਕੌਮਾਂਤਰੀ ਕਾਨੂੰਨ ਦੇ ਤਹਿਤ ਚੌਕਸੀ ਦੇ ਵਿਰੁੱਧ ਇੰਟਰਪੋਲ ਰੈੱਡ ਕਾਰਨਰ ਨੋਟਿਸ ਵੀ ਸਾਲ 2022 'ਚ ਖਾਰਜ ਹੋ ਚੁੱਕਾ ਹੈ। ਇੰਟਰਪੋਲ ਨੇ ਐਂਟੀਗੁਆ ਅਤੇ ਬਾਰਬਾਡੋਸ ਦੇ ਮੌਜੂਦਾ ਨਾਗਰਿਕ ਮੇਹੁਲ ਚੋਕਸੀ ਦੀ ਉਸ ਅਪੀਲ ਨੂੰ ਮਨਜ਼ੂਰ ਕਰ ਲਿਆ ਸੀ, ਜਿਸ 'ਚ ਉਸ ਨੇ ਕਿਹਾ ਸੀ ਕਿ ਰੈੱਡ ਕਾਰਨਰ ਨੋਟਿਸ ਰਾਹੀਂ ਉਸ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਇਕ ਆਜ਼ਾਦ ਦੇਸ਼ ਦਾ ਨਾਗਰਿਕ ਹੋਣ ਦੇ ਕਾਰਨ ਉਸ ਦੇ ਹੋਰ ਕਿਤੇ ਫਰਾਰ ਹੋਣ ਦੀ ਸੰਭਾਵਨਾ ਨਹੀਂ ਹੈ। ਇਹ ਭਾਰਤੀ ਏਜੰਸੀਆਂ ਲਈ ਵੱਡਾ ਝਟਕਾ ਸੀ।

ਉੱਧ ਚੋਕਸੀ ਨੂੰ ਭਾਰਤ ਲਿਆਉਣ ਲਈ ਅਜੇ ਬੈਲਜੀਅਮ ਸਥਿਤ ਭਾਰਤੀ ਦੂਤਘਰ ਦੀ ਅਗਵਾਈ 'ਚ ਸਥਾਨਕ ਕਾਨੂੰਨ ਦੇ ਅਨੁਸਾਰ ਕੋਸ਼ਿਸ਼ ਹੋ ਰਹੀ ਹੈ। ਮੇਹੁਲ ਚੋਕਸੀ ਲਗਪਗ ਡੇਢ ਦਹਾਕੇ ਤੱਕ ਭਾਰਤ ਦੇ ਰਤਨ ਅਤੇ ਗਹਿਣਾ ਉਦਯੋਗ ਦਾ ਸਭ ਤੋਂ ਮਸ਼ਹੂਰ ਉਦਯੋਗਪਤੀ ਰਿਹਾ। ਉਸਦੀ ਕੰਪਨੀ ਨੇ ਗੀਤਾਂਜਲੀ ਬ੍ਰਾਂਡ ਦੇ ਨਾਂ ਨਾਲ ਹੀਰੇ ਤੇ ਦੂਜੇ ਰਤਨਾਂ ਦੇ ਗਹਿਣਿਆਂ ਦੀ ਖੁਦਰਾ ਵਿਕਰੀ ਕਰਨ ਵਾਲੇ ਸ਼ੋਅਰੂਮ ਸਥਾਪਿਤ ਕੀਤੇ। ਇਸ ਕ੍ਰਮ 'ਚ ਚੋਕਸੀ ਨੇ ਇਸ ਸੈਕਟਰ ਦੇ ਹੋਰ ਉਦਯੋਗਪਤੀ ਨੀਰਵ ਮੋਦੀ ਨਾਲ ਮਿਲ ਕੇ ਪੀਐੱਨਬੀ ਨਾਲ ਕਰੋੜਾਂ ਰੁਪਏ ਦੀ ਧੋਖਾਧੜੀ ਕੀਤੀ। ਇਹ ਦੂਜੇ ਦੇਸ਼ਾਂ 'ਚ ਸਥਿਤ ਨਕਲੀ ਨਾਂ ਨਾਲ ਸਥਾਪਿਤ ਕੰਪਨੀਆਂ ਦੇ ਲੈਟਰ ਆਫ ਅੰਡਰਟੇਕਿੰਗ ਅਤੇ ਫਾਰੇਨ ਲੈਟਰਜ਼ ਆਫ ਕ੍ਰੈਡਿਟ ਹਾਸਲ ਕਰਦੇ ਸਨ ਅਤੇ ਫਿਰ ਉਸ 'ਤੇ ਪੀਐੱਨਬੀ ਦੀ ਇਕ ਖਾਸ ਸ਼ਾਖਾ ਤੋਂ ਸੈਂਕੜੇ ਕਰੋੜ ਰੁਪਏ ਦਾ ਲੈਣ-ਦੇਣ ਕਰਦੇ ਸਨ। ਜਾਂਚ 'ਚ ਇਸ 'ਚ ਪੀਐੱਨਬੀ ਦੇ ਵੀ ਕੁਝ ਅਧਿਕਾਰੀਆਂ ਦੀ ਮਿਲੀ ਭੁਗਤ ਸਾਹਮਣੇ ਆਈ ਸੀ। ਉਹ ਹੀਰੇ ਤੇ ਦੂਜੇ ਰਤਨ ਦਰਾਮਦ ਕਰਨ ਦੇ ਨਾਂ 'ਤੇ ਕਰੋੜਾਂ ਰੁਪਏ ਪੀਐੱਨਬੀ ਤੋਂ ਲੈਂਦੇ ਸਨ ਅਤੇ ਉਸ ਦਾ ਦੂਜੇ ਕੰਮਾਂ 'ਚ ਇਸਤੇਮਾਲ ਕਰਦੇ ਸਨ। ਬਾਅਦ 'ਚ ਬੈਂਕ ਨੂੰ ਪੈਸੇ ਜਮ੍ਹਾ ਕਰ ਦਿੱਤੇ ਜਾਂਦੇ ਸਨ ਪਰ ਇਹ ਪੂਰੀ ਪ੍ਰਕਿਰਿਆ ਹੀ ਧੋਖਾਧੜੀ 'ਤੇ ਆਧਾਰਿਤ ਸੀ। ਬਾਅਦ 'ਚ ਪੀਐੱਨਬੀ ਤੋਂ ਲਈ ਗਈ ਰਕਮ ਵੀ ਨਹੀਂ ਮੋੜੀ ਗਈ। ਚੋਕਸੀ ਦਾ ਰਿਸ਼ਤੇਦਾਰ ਤੇ ਉਸ ਦੇ ਅਪਰਾਧ 'ਚ ਬਰਾਬਰ ਦਾ ਹਿੱਸੇਦਾਰ ਨੀਰਵ ਮੋਦੀ ਅਜੇ ਬ੍ਰਿਟੇਨ ਦੀ ਜੇਲ 'ਚ ਬੰਦ ਹੈ। ਭਾਰਤ ਸਰਕਾਰ ਉਸਦੀ ਹਵਾਲਗੀ ਲਈ ਕੋਸ਼ਿਸ਼ ਕਰ ਰਹੀ ਹੈ। ਉਥੋਂ ਦੀਆਂ ਅਦਾਲਤਾਂ 'ਚ ਮੋਦੀ ਲੱਗਪਗ ਹਰ ਕਾਨੂੰਨੀ ਲੜਾਈ ਹਾਰ ਚੁੱਕਾ ਹੈ। ਹੁਣ ਉਸ ਨੇ ਉਥੇ ਪਨਾਹ ਲੈਣ ਲਈ ਅਰਜ਼ੀ ਦਿੱਤੀ ਹੋਈ ਹੈ। ਕਾਨੂੰਨ ਮੰਤਰੀ ਨੇ ਕਿਹਾ, ਚੋਕਸੀ ਦੀ ਗ੍ਰਿਫਤਾਰੀ ਮੋਦੀ ਸਰਕਾਰ ਦੀ ਸਫਲ ਕੂਟਨੀਤੀ ਦਾ ਨਤੀਜਾ : ਕੇਂਦਰੀ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਕਿਹਾ, ਨਰਿੰਦਰ ਮੋਦੀ ਦੀ ਅਗਵਾਈ 'ਚ ਸਰਕਾਰ ਨੇ ਆਪਣੀ ਸਫਲ ਵਿਦੇਸ਼ ਨੀਤੀ ਦੇ ਕਾਰਨ ਇਹ ਪ੍ਰਾਪਤੀ ਹਾਸਲ ਕੀਤੀ ਹੈ। ਇਹ ਇਕ ਵਿਆਪਕ ਰਣਨੀਤਿਕ ਦ੍ਰਿਸ਼ਟੀਕੋਣ ਦਾ ਹਿੱਸਾ ਹੈ। ਭਾਰਤ ਲਈ ਇਹ ਮਾਣ ਦਾ ਵਿਸ਼ਾ ਹੈ।' ਵਿੱਤ ਰਾਜ ਮੰਤਰੀ ਪੰਕਜ ਚੌਧਰੀ ਨੇ ਕਿਹਾ, 'ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਿਲਾਂ ਹੀ ਕਿਹਾ ਸੀ ਕਿ ਜਿਨ੍ਹਾਂ ਲੋਕਾਂ ਨੇ ਗਰੀਬਾਂ ਦਾ ਪੈਸਾ ਲੁੱਟਿਆ ਹੈ, ਉਨ੍ਹਾਂ ਨੂੰ ਇਸ ਨੂੰ ਵਾਪਸ ਕਰਨਾ ਪਵੇਗਾ ਅਤੇ ਦੇਸ਼ 'ਚ ਅਜਿਹੇ ਲੋਕਾਂ ਵਿਰੁੱਧ ਕਾਰਵਾਈ ਹੋ ਰਹੀ ਹੈ। ਮੇਹੁਲ ਚੋਕਸੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਹ ਇਹ ਯਕੀਨੀ ਤੌਰ 'ਤੇ ਬਹੁਤ ਵੱਡੀ ਪ੍ਰਾਪਤੀ ਹੈ।' ਛੱਤੀਸਗੜ੍ਹ ਦੇ ਉਪ ਮੁੱਖ ਮੰਤਰੀ ਅਰੁਣ ਸਾਵ ਨੇ ਕਿਹਾ, ਇਹ ਇਕ ਕਾਨੂੰਨੀ ਅਤੇ ਨਿਆਇਕ ਪ੍ਰਕਿਰਿਆ ਹੈ। ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ 'ਚ ਸਰਕਾਰ ਭ੍ਰਿਸ਼ਟਾਚਾਰ ਪ੍ਰਤੀ ਆਪਣੀ ਜ਼ੀਰੋ ਟਾਲਰੈਂਸ ਦੇ ਦ੍ਰਿਸ਼ਟੀਕੋਣ 'ਤੇ ਡਟੀ ਹੈ ਅਤੇ ਅਜਿਹੇ ਅਪਰਾਧੀਆਂ ਨੂੰ ਨਿਆਂ ਦੇ ਕਟਹਿਰੇ 'ਚ ਲਿਆਉਣ ਲਈ ਹਰ ਕਾਨੂੰਨੀ ਰਸਤਾ ਅਪਨਾ ਰਹੀ ਹੈ।'

# ਅਮਰੀਕਾ ਵਿਚ ਹਵਾਈ ਹਾਦਸੇ 'ਚ ਛੇ ਹਲਾਕ

**ਨਿਊਯਾਰਕ:** ਨਿਊਯਾਰਕ ਦੇ ਕੰਪਿਕ 'ਚ ਸ਼ਨਿਚਰਵਾਰ ਨੂੰ ਵਾਪਰੇ ਇਕ ਹਵਾਈ ਜਹਾਜ਼ ਹਾਦਸੇ 'ਚ ਪੰਜਾਬ 'ਚ ਜਨਮੀ ਮਹਿਲਾ ਡਾਕਟਰ, ਉਸ ਦੇ ਪਤੀ ਤੇ ਉਨ੍ਹਾਂ ਦੇ ਦੋ ਬੱਚਿਆਂ ਸਮੇਤ ਛੇ ਲੋਕਾਂ ਦੀ ਮੌਤ ਹੋ ਗਈ। ਹਾਦਸਾ ਸ਼ਨਿਚਰਵਾਰ ਨੂੰ ਉਸ ਵੇਲੇ ਹੋਇਆ ਜਦੋਂ ਉਨ੍ਹਾਂ ਦਾ ਮਿਤਸੁਬਿਸ਼ੀ ਐੱਮਯੂ2ਬੀ ਜਹਾਜ਼ ਕੋਲੰਬੀਆ ਕਾਊਂਟੀ ਏਅਰਪੋਰਟ 'ਤੇ ਉਤਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਲੈਂਡਿੰਗ ਦਾ ਇਕ ਮੌਕਾ ਗੁਆਉਣ ਤੋਂ ਬਾਅਦ ਪਾਇਲਟ ਨੂੰ ਇਕ ਹੋਰ ਯਤਨ ਕਰਨ ਲਈ ਕਿਹਾ ਗਿਆ। ਏਅਰ ਟ੍ਰੈਫਿਕ ਕੰਟਰੋਲਰ ਨੇ ਦੇਖਿਆ ਕਿ ਇਹ ਘੱਟ ਉਚਾਈ 'ਤੇ ਉੱਡ ਰਿਹਾ ਸੀ। ਕੰਟਰੋਲਰ ਨੇ ਤਿੰਨ ਵਾਰ ਘੱਟ ਉਚਾਈ ਦੀ ਚਿਤਾਵਨੀ ਦੇਣ ਦਾ ਯਤਨ ਕੀਤਾ, ਪਰ ਪਾਇਲਟ ਵੱਲੋਂ ਕੋਈ ਪ੍ਰਤੀਕਿਰਿਆ ਨਹੀਂ ਮਿਲੀ ਤੇ ਨਾ ਹੀ ਕੋਈ ਸੰਕਟ ਸੰਦੇਸ਼ ਮਿਲਿਆ। ਹਵਾਈ ਜਹਾਜ਼ ਨਿਊਯਾਰਕ ਸ਼ਹਿਰ ਦੇ ਨੇੜੇ ਵੈਸਟਚੈਸਟਰ ਏਅਰਪੋਰਟ ਤੋਂ ਉੱਡਿਆ ਸੀ ਤੇ ਮੰਜ਼ਿਲ ਤੋਂ ਕਰੀਬ ਦਸ ਮੀਲ ਦੂਰ ਹਾਦਸਾਗ੍ਰਸਤ ਹੋ ਗਿਆ। ਪਰਿਵਾਰ ਮੁਤਾਬਕ, ਸੈਣੀ ਤੇ ਗ੍ਰਾਫ਼ ਦੀ ਇਕ ਹੋਰ ਧੀ ਅਨਿਕਾ ਤੇ ਸੈਣੀ ਦੀ ਮਾਂ ਕੁਲਜੀਤ ਜ਼ਿੰਦਾ ਹਨ। ਤਿੰਨ ਦਿਨਾਂ 'ਚ ਦੂਜਾ ਹਵਾਈ ਹਾਦਸਾ ਹੈ।



ਯੂਰੋਗਾਇਨੇਕੋਲਾਜਿਸਟ ਜੋਏ ਸੈਣੀ, ਉਨ੍ਹਾਂ ਦਾ ਪਤੀ ਨਿਊਰੋਸਾਇੰਟਿਸਟ ਮਾਈਕਲ ਗ੍ਰਾਫ, ਧੀ ਕੇਰੇਨਾ ਗ੍ਰਾਫ, ਪੁੱਤਰ ਜੇਰੇਡ ਗ੍ਰਾਫ ਨਾਲ ਜਨਮਦਿਨ ਸਮਾਗਮ ਤੇ ਪਾਸਓਵਰ ਛੁੱਟੀ ਲਈ ਕੈਟਸਕਲਿਸ ਦੀ ਯਾਤਰਾ 'ਤੇ ਸਨ। ਮੈਡੀਕਲ ਦੀ ਵਿਦਿਆਰਥਣ ਕੇਰੇਨ ਐੱਮਆਈਟੀ ਦੀ ਸਾਬਕਾ ਖਿਡਾਰਣ ਸੀ ਤੇ ਨੈਸ਼ਨਲ ਕਾਲਜੀਏਟ ਐਥਲੈਟਿਕ 6 ਐਸੋਸੀਏਸ਼ਨ ਵੱਲੋਂ 2022 ਦੀ ਵੂਮਨ ਆਫ ਦਿ ਈਅਰ ਚੁਣੀ ਗਈ ਸੀ। ਮਰਨ ਵਾਲਿਆਂ 'ਚ ਕੇਰੇਨ ਦਾ ਮਿੱਤਰ ਸੈਂਟਰੋ ਤੇ ਜੇਰੇਡ ਦੀ ਹੋਣ ਵਾਲੀ ਪਤਨੀ ਏਲਕਸੀਆ ਕੋਯੂਟਸ ਡੁਆਰਟੇ ਜੋ ਕਾਨੂੰਨ ਦੀ ਵਿਦਿਆਰਥਣ ਸੀ, ਵੀ ਸ਼ਾਮਿਲ ਹਨ। ਹਵਾਈ ਜਹਾਜ਼ ਮਾਈਕਲ ਗ੍ਰਾਫ ਉਡਾ ਰਿਹਾ ਸੀ।

## ਚੋਕਸੀ ਦੇ ਵਕੀਲ ਵੱਲੋਂ ਕੀਤੀ ਜਾਵੇਗੀ 'ਅਪੀਲ'

ਚੋਕਸੀ ਦੇ ਵਕੀਲ ਵਿਜੇ ਅਗਰਵਾਲ ਨੇ ਕਿਹਾ, 'ਫਿਲਹਾਲ ਉਹ (ਚੋਕਸੀ) ਜੇਲ 'ਚ ਹੈ ਅਤੇ ਉਥੇ (ਬੈਲਜੀਅਮ) ਪ੍ਰਕਿਰਿਆ ਜ਼ਮਾਨਤ ਲਈ ਅਪੀਲ ਕਰਨ ਦੀ ਨਹੀਂ ਸਗੋਂ ਅਪੀਲ ਦਾਖਲ ਕਰਨ ਦੀ ਹੈ। ਉਸ ਅਪੀਲ ਦੌਰਾਨ ਅਪੀਲ ਕੀਤੀ ਜਾਂਦੀ ਹੈ ਕਿ ਉਸ ਨੂੰ ਹਿਰਾਸਤ 'ਚ ਨਾ ਰੱਖਿਆ ਜਾਵੇ, ਉਸ ਨੂੰ ਖੁਦ ਦਾ ਬਚਾਅ ਕਰਨ ਅਤੇ ਹਵਾਲਗੀ ਅਪੀਲ ਦਾ ਵਿਰੋਧ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਅਪੀਲ ਦਾ ਆਧਾਰ ਇਹ ਹੋਵੇਗਾ ਕਿ ਚੋਕਸੀ ਦੇ ਭੱਜਣ ਦਾ ਕੋਈ ਖਤਰਾ ਨਹੀਂ ਹੈ, ਉਹ ਬਹੁਤ ਬਿਮਾਰ ਹੈ ਅਤੇ ਕੈਂਸਰ ਦਾ ਇਲਾਜ ਕਰਵਾ ਰਿਹਾ ਹੈ।' ਅਗਰਵਾਲ ਨੇ ਕਿਹਾ ਕਿ ਉਨ੍ਹਾਂ ਦਾ ਕਾਨੂੰਨੀ ਬਚਾਅ ਇਹ ਹੋਵੇਗਾ ਕਿ ਇਹ ਇਕ ਸਿਆਸੀ ਮਾਮਲਾ ਹੈ ਅਤੇ ਮਨੁੱਖੀ ਹਾਲਾਤ (ਭਾਰਤੀ ਜੇਲਾਂ 'ਚ) ਚੰਗੇ ਨਹੀਂ ਹਨ। ਉਨ੍ਹਾਂ ਕਿਹਾ ਕਿ ਜੇ ਹਵਾਲਗੀ ਕੀਤੀ ਗਈ ਤਾਂ ਚੋਕਸੀ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਵੇਗੀ। ਨਾਲ ਹੀ ਦਾਅਵਾ ਕੀਤਾ ਕਿ ਚੋਕਸੀ ਨੂੰ ਭਗੌੜਾ ਐਲਾਨ ਨਹੀਂ ਕੀਤਾ ਗਿਆ ਕਿਉਂਕਿ ਉਹ ਭਾਰਤੀ ਜਾਂਚ ਏਜੰਸੀਆਂ ਦੇ ਨਾਲ ਸਹਿਯੋਗ ਕਰਦਾ ਰਿਹਾ ਹੈ। ਸਿਹਤ ਕਾਰਨਾਂ ਕਰਕੇ ਉਹ ਯਾਤਰਾ ਨਹੀਂ ਕਰ ਸਕਦਾ, ਇਸ ਲਈ ਉਸ ਨੇ ਵੀਸੀ ਰਾਹੀਂ ਜਾਂਚ 'ਚ ਸ਼ਾਮਲ ਹੋਣ ਦੀ ਅਪੀਲ ਕੀਤੀ ਸੀ। ਜਦ ਉਨ੍ਹਾਂ ਤੋਂ ਹਵਾਲਗੀ ਦੀ ਸੰਭਾਵਨਾ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਹਵਾਲਗੀ ਇੰਨੀ ਸੌਖੀ ਨਹੀਂ ਹੈ ਕਿਉਂਕਿ ਸੰਜੇ ਭੰਡਾਰੀ ਮਾਮਲੇ 'ਚ ਵੀ ਭਾਰਤ ਦੀ ਹਵਾਲਗੀ ਦੀ ਅਪੀਲ ਖਾਰਜ ਕਰ ਦਿੱਤੀ ਗਈ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਸਰਵਣ ਸਿੰਘ ਟਿਵਾਣਾ | ਡਾ. ਗੁਰਚਰਨ ਸਿੰਘ ਗਰੇਵਾਲ | ਅਮਰੀਕ ਸਿੰਘ (ਅਮਰ ਕਾਰਪੇਟ) |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਜੈਦੇਵ ਸਿੰਘ ਭੱਠਲ | ਗੁਰਦੇਵ ਸਿੰਘ ਜੌੜਾ | ਅੰਮ੍ਰਿਤਪਾਲ ਸਿੰਘ ਸੰਘਾ |
| ਜਸਬੀਰ ਕੌਰ ਢਿੱਲੋਂ | ਪਰਮਿੰਦਰ ਸਿੰਘ ਵਾਲੀਆ | ਰਾਜਿੰਦਰ ਸਿੰਘ ਬੈਂਸ | ਭੁਪਿੰਦਰ ਸਿੰਘ ਧਾਲੀਵਾਲ |
| ਡਾ. ਇਨਕਲਾਬੀ ਬਾਂਦੀ | ਡਾ. ਹਰਗੁਰਮੁਖਪਾਲ ਸਿੰਘ | ਮਨਦੀਪ ਸਿੰਘ ਭੂਰਾ | ਹਰਵਿੰਦਰਪਾਲ ਸਿੰਘ ਲੈਲ |
| ਦਰਸ਼ਨ ਸਿੰਘ ਗਰੇਵਾਲ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ | ਜਗਜੀਤ ਸਿੰਘ ਢੀਂਡਸਾ |
| ਹਰਦਿਆਲ ਸਿੰਘ ਦਿਓਲ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ | ਸੁਖਮੇਲ ਸਿੰਘ ਅਟਵਾਲ |
| ਡਾ. ਗੁਰਦਿਆਲ ਸਿੰਘ ਬਸਰਾਨ | ਰਘਬੀਰ ਸਿੰਘ ਘੁੰਨ | ਗੁਰਵੀਰ ਸਿੰਘ ਗਿੱਲ | ਮੁਖਤਿਆਰ ਸਿੰਘ (ਹੈਪੀ ਹੀਰ) |
| ਹਰਜੀਤ ਸਿੰਘ ਸਾਹੀ | ਦਰਸ਼ਨ ਸਿੰਘ ਦਰੜ | ਜਸਕਰਨ ਸਿੰਘ ਧਾਲੀਵਾਲ | ਅਮੋਲਕ ਸਿੰਘ ਗਾਖਲ |
| | | | ਜਸਵਿੰਦਰ ਸਿੰਘ (ਜੱਸੀ) ਗਿੱਲ |
| | | | ਸੁਰਿੰਦਰ ਸਿੰਘ ਸੁੰਨੜ |

# ਵਧਾਈਆਂ ! ਵਧਾਈਆਂ ! ਵਧਾਈਆਂ !



## ਸ਼੍ਰੋਮਣੀ ਅਕਾਲੀ ਦਲ ਦਾ ਮੁੜ ਪ੍ਰਧਾਨ ਬਣਨ 'ਤੇ ਸ. ਸੁਖਬੀਰ ਸਿੰਘ ਬਾਦਲ ਨੂੰ ਸ਼ਿਕਾਗੋ ਦੇ ਸ਼੍ਰੋਮਣੀ ਅਕਾਲੀ ਦਲ ਗਰੁੱਪ ਵੱਲੋਂ ਲੱਖ-ਲੱਖ ਵਧਾਈਆਂ।

ਅਸੀਂ ਆਸ ਕਰਦੇ ਹਾਂ ਕਿ ਸ. ਸੁਖਬੀਰ ਸਿੰਘ ਬਾਦਲ ਇਸ ਅਹੁਦੇ ਦੀ ਮਾਣ-ਮਰਿਆਦਾ ਨੂੰ ਬਣਾਈ ਰੱਖਣਗੇ ਅਤੇ ਪਾਰਟੀ ਦੀ ਬਿਹਤਰੀ ਲਈ ਤਨ, ਮਨ ਤੇ ਧਨ ਨਾਲ ਸੇਵਾ ਕਰਨਗੇ।

## ਸ਼੍ਰੋਮਣੀ ਅਕਾਲੀ ਦਲ ਸ਼ਿਕਾਗੋ ਗਰੁੱਪ ਦੇ ਮੈਂਬਰ


ਅਮਰਜੀਤ ਢੀਂਡਸਾ


ਲਖਵੀਰ ਢੀਂਡਸਾ


ਬੱਬੂ ਐਪਲਟਨ


ਭੁਪਿੰਦਰ ਟਿੰਕਾ


ਜਿੰਦੀ ਖੰਗੂੜਾ


ਸੁਰਿੰਦਰ ਚਾਹਲ


ਬਲਜੀਤ ਟਿਵਾਣਾ


ਹਨੀ ਖੰਗੂੜਾ


ਉਂਕਾਰ ਸਹੋਤਾ


ਸ਼ੇਰਾ ਖਾਂਬੜਾ


ਦੀਪਇੰਦਰ ਵਿਰਕ


ਮਨਦੀਪ ਮੰਨਾ


ਜੋਤੀ ਸਹੋਤਾ


ਸੋਨੂੰ ਸਹੋਤਾ


ਸੰਦੀਪ ਸਹੋਤਾ


ਜੱਸੀ ਗਿੱਲ


ਹਰਜਿੰਦਰ ਸਮਰਾ


ਜਗਜੀਤ ਨਾਹਲ


ਕਮਲਜੀਤ ਘੁਮਾਣ


ਜੱਗੀ ਬਰਿਆਣਾ


ਗੋਲਡੀ ਲਾਲੀ


ਸੋਹਲ


ਜਤਿੰਦਰ ਦਿਓਲ


ਵਿੱਕੀ ਸ਼ੰਮੀਪੁਰ


ਹਰਪ੍ਰੀਤ ਗਿੱਲ


ਸੰਨੀ ਟਿਵਾਣਾ


ਖੜਕ ਢਿੱਲੋਂ


ਸੁਖਵੀਰ ਉੱਪਲ

# ਕਾਲੀਆ ਦੇ ਘਰ ’ਤੇ ਹਮਲਾ ਕਰਨ ਵਾਲੇ ਦੋ ਕਾਬੂ





**ਜਲੰਧਰ:** ਭਾਜਪਾ ਦੇ ਸੀਨੀਅਰ ਨੇਤਾ ਅਤੇ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਦੇ ਘਰ ਬੀਤੇ ਸੋਮਵਾਰ 7 ਅਪ੍ਰੈਲ ਦੀ ਰਾਤ ਗਨੇਡ ਸੁੱਟਣ ਵਾਲੇ ਮੁਲਜ਼ਮ ਨੂੰ ਜਲੰਧਰ ਪੁਲਿਸ ਨੇ ਸ਼ਨਿਚਰਵਾਰ ਨੂੰ ਦਿੱਲੀ ਤੋਂ ਗ੍ਰਿਫ਼ਤਾਰ ਕਰ ਲਿਆ। ਇਹ ਅੱਤਵਾਦੀ ਵਾਰਦਾਤ ਦੇ 5 ਦਿਨਾਂ ਬਾਅਦ ਪੁਲਿਸ ਦੇ ਹੱਥ ਆਇਆ ਹੈ। ਉਸ ਦੀ ਪਛਾਣ ਉੱਤਰ ਪ੍ਰਦੇਸ਼ ਦੇ ਅਮਰੋਹਾ ਦੇ ਮੁਹੱਲਾ ਕੱਟੜਾ ਬਖ਼ਤਾਵਰ ਦੇ ਰਹਿਣ ਵਾਲੇ ਸਈਦੁਲ ਅਮੀਨ ਦੇ ਰੂਪ ‘ਚ ਹੋਈ ਹੈ। ਪਤਾ ਲੱਗਾ ਹੈ ਕਿ ਜੇ ਅਮੀਨ ਨੂੰ ਕੁੱਝ ਦੇਰ ਹੋਰ ਗ੍ਰਿਫ਼ਤਾਰ ਨਾ ਕੀਤਾ ਜਾਂਦਾ ਤਾਂ ਉਹ ਸਿਰ ਮੁੰਡਵਾ ਕੇ ਅੰਡਰ ਗਰਾਊਂਡ ਹੋ ਜਾਂਦਾ ਤੇ ਅਤੇ ਅਗਲੀ ਅੱਤਵਾਦੀ ਵਾਰਦਾਤ ਲਈ ਤਿਆਰੀ ਕਰਦਾ।

ਭਾਜਪਾ ਨੇਤਾ ਦੇ ਘਰ ‘ਤੇ ਗ੍ਰਨੇਡ ਹਮਲਾ ਕਰਨ ਦੀ ਸਾਜ਼ਿਸ਼ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈਐੱਸਆਈ ਨੇ ਰਚੀ ਸੀ। ਜੇਲ ‘ਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਤੇ ਪਾਕਿਸਤਾਨ ‘ਚ ਬੈਠੇ ਅੱਤਵਾਦੀ ਸ਼ਹਿਜ਼ਾਦ ਭੱਟੀ ਤੇ ਉਸ ਦਾ ਸਾਥੀ ਜੀਸ਼ਾਨ ਅਖ਼ਤਰ ਇਸ ਸਾਜ਼ਿਸ਼ ਦਾ ਹਿੱਸਾ ਸਨ। ਜਲੰਧਰ ‘ਚ ਪੱਤਰਕਾਰਾਂ ਨਾਲ ਗੱਲਬਾਤ ‘ਚ ਡਾਇਰੈਕਟਰ ਜਨਰਲ ਪੁਲਿਸ (ਡੀਜੀਪੀ) ਗੌਰਵ ਯਾਦਵ ਨੇ ਦੱਸਿਆ ਕਿ ਜਲੰਧਰ ਦੀ ਪੁਲਿਸ ਕਮਿਸ਼ਨਰ ਧੰਨਪ੍ਰੀਤ ਕੌਰ ਤੇ ਉਨ੍ਹਾਂ ਦੀ ਟੀਮ ਨੇ ਦਿੱਲੀ ਪੁਲਿਸ ਦੇ ਨਾਲ ਸਾਂਝੀ ਮੁਹਿੰਮ ਚਲਾ ਕੇ ਮੁਲਜ਼ਮ ਨੂੰ ਗ੍ਰਿਫਤਾਰ ਕਰਨ ‘ਚ ਸਫਲਤਾ ਹਾਸਲ ਕੀਤੀ ਹੈ।

ਸੂਤਰਾਂ ਅਨੁਸਾਰ ਗ੍ਰਨੇਡ ਸੁੱਟਣ ਵਾਲੇ ਮੁੱਖ ਮੁਲਜ਼ਮ ਸਈਦੁਲ ਅਮੀਨ ਦੇ ਤਾਰ ਚੰਡੀਗੜ੍ਹ ਦੇ ਸੈਕਟਰ-10 ‘ਚ ਪਿਛਲੇ ਸਾਲ ਹੋਏ ਗ੍ਰਨੇਡ ਹਮਲੇ ਦੇ ਮੁੱਖ ਸਾਜ਼ਿਸ਼ਕਰਤਾ ਅਭਿਜੋਤ ਸਿੰਘ ਨਾਲ ਵੀ ਜੁੜੇ ਹਨ। ਅਭਿਜੋਤ ਸਿੰਘ ਗੁਰਦਾਸਪੁਰ ਦਾ ਰਹਿਣ ਵਾਲਾ ਹੈ। ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐੱਨਆਈਏ) ਨੇ ਸਭ ਤੋਂ ਪਹਿਲਾਂ 9 ਅਪ੍ਰੈਲ ਨੂੰ ਅਭਿਜੋਤ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ। ਏਜੰਸੀ ਨੂੰ ਪਤਾ ਲੱਗਾ ਕਿ ਜਲੰਧਰ ਗ੍ਰਨੇਡ ਹਮਲੇ ਦਾ ਮੁੱਖ ਮੁਲਜ਼ਮ ਅਮੀਨ ਵੈਲਡਿੰਗ ਦਾ ਕੰਮ ਕਰਦਾ ਹੈ। ਉਹ ਹਮਲੇ ਤੋਂ ਬਾਅਦ ਦਿੱਲੀ ਤੋਂ ਜਸੋਲਾ ਸਥਿਤ ਇਕ ਹੋਟਲ ‘ਚ ਲੁਕਿਆ ਸੀ।

ਐੱਨਆਈਏ ਦੀ ਸੂਚਨਾ ਤੋਂ ਬਾਅਦ ਸਈਦੁਲ ਨੂੰ ਗ੍ਰਿਫਤਾਰ ਕਰ ਲਿਆ। ਸਈਦੁਲ ਕੋਲ ਮੋਬਾਈਲ ਸਮੇਤ ਕੁਝ ਹੋਰ ਉਪਕਰਣ ਮਿਲੇ ਹਨ। ਮੋਬਾਈਲ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਨੇਡ ਸੁੱਟਣ ਤੋਂ ਬਾਅਦ ਭੱਜਣ ਤੇ ਲੁਕਣ ਤੱਕ ਦੇ ਸਾਰੇ ਨਿਰਦੇਸ਼ ਉਹ ਇੰਸਟਾਗ੍ਰਾਮ ਅਕਾਊਂਟ ਤੋਂ ਲੈ ਰਿਹਾ ਸੀ। ਇਹ ਵੀ ਪਤਾ ਲੱਗਾ ਹੈ ਕਿ ਜਿਸ ਅਕਾਊਂਟ ਤੋਂ ਉਸ ਨੂੰ ਨਿਰਦੇਸ਼ ਮਿਲ ਰਹੇ ਸਨ, ਉਸ ਨੂੰ ਯੂਰਪ ‘ਚ ਲੁਕਿਆ ਮੁੰਬਈ ਦੇ ਬਾਬਾ ਸਿੱਦੀਕੀ ਹੱਤਿਆਕਾਂਡ ਦਾ ਦੋਸ਼ੀ ਜੀਸ਼ਾਨ ਅਖਤਰ ਚਲਾ ਰਿਹਾ ਸੀ। ਸਈਦੁਲ ਦੇ ਮੋਬਾਈਲ ਫੋਨ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਉਸ ਨੂੰ ਭਾਜਪਾ ਨੇਤਾ ਦੇ ਘਰ ਬੰਬ ਸੁੱਟਣ ਲਈ 50 ਹਜ਼ਾਰ ਰੁਪਏ ਮਿਲੇ ਸਨ।

## ਬੱਬਰ ਖ਼ਾਲਸਾ ਇੰਟਰਨੈਸ਼ਨਲ ਦੀ ਭੂਮਿਕਾ ਦੀ ਹੋ ਰਹੀ ਹੈ ਜਾਂਚ

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ 7 ਅਪ੍ਰੈਲ ਨੂੰ ਗ੍ਰਨੇਡ ਹਮਲੇ ਤੋਂ ਬਾਅਦ ਜਲੰਧਰ ਪੁਲਿਸ ਨੇ ਇਸ ਮਾਮਲੇ ‘ਚ ਜਲੰਧਰ ਦੇ ਭਾਰਗੋ ਕੈਂਪ ਦੇ ਸਤੀਸ਼ ਉਰਫ਼ ਕਾਕਾ ਉਰਫ਼ ਲੱਕੀ ਅਤੇ ਜਲੰਧਰ ਦੇ ਗੜ੍ਹਾ ਰੋਡ ਦੇ ਹੈਰੀ ਨੂੰ ਗ੍ਰਿਫ਼ਤਾਰ ਕੀਤਾ ਸੀ। ਦੋਵੇਂ ਮੁਲਜ਼ਮ ਸਈਦੁਲ ਨੂੰ ਨਾਲ ਲੈ ਕੇ ਗਏ ਸਨ, ਰੇਕੀ ਕੀਤੀ ਸੀ ਅਤੇ ਫਿਰ ਸਤੀਸ਼ ਗ੍ਰਨੇਡ ਸੁੱਟਣ ਲਈ ਨਾਲ ਗਿਆ ਸੀ। ਇਸ ਲਈ ਦੋਵਾਂ ਦੀ ਫੰਡਿੰਗ ਵੀ ਹੋਈ ਸੀ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ‘ਚ ਪਾਕਿਸਤਾਨ ਸਥਿਤ ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਹੋਰ ਵਿਦੇਸ਼ੀ ਕੁਨੈਕਸ਼ਨ ਵੀ ਸਾਹਮਣੇ ਆ ਰਿਹਾ ਹੈ, ਜਿਸ ਬਾਰੇ ਪਤਾ ਲਾਇਆ ਜਾ ਰਿਹਾ ਹੈ।

# ਕਾਲੀਆ ਉੱਤੇ ਹਮਲੇ ਦੀ ਸਾਜ਼ਿਸ਼ ਪਾਕਿਸਤਾਨ ’ਚ ਰਚੀ ਗਈ

**ਜਲੰਧਰ:** ਭਾਜਪਾ ਦੇ ਸੀਨੀਅਰ ਨੇਤਾ ਤੇ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਦੇ ਘਰ ਸੋਮਵਾਰ ਰਾਤ (7 ਅਪ੍ਰੈਲ) ਗਨੇਡ ਸੁੱਟਣ ਦੀ ਸਾਜ਼ਿਸ਼ 16 ਮਾਰਚ ਨੂੰ ਯੂ-ਟਿਊਬਰ ਰੋਜ਼ਰ ਸੰਧੂ ਦੇ ਘਰ ਗ੍ਰਨੇਡ ਸੁੱਟੇ ਜਾਣ ਦੇ ਸਮੇਂ ਹੀ ਰਚੀ ਗਈ ਸੀ। ਇਕ ਮਹੀਨਾ ਪਹਿਲਾਂ ਪਾਕਿਸਤਾਨ ਬੈਠੇ ਆਈ.ਐੱਸ.ਆਈ. ਏਜੰਟ ਸ਼ਹਿਜ਼ਾਦ ਭੱਟੀ ਤੇ ਗੈਂਗਸਟਰ ਜੀਸ਼ਾਨ ਅਖ਼ਤਰ ਨੇ ਇਹ ਸਾਜ਼ਿਸ਼ ਰਚੀ ਸੀ। ਦੱਸਿਆ ਜਾ ਰਿਹਾ ਹੈ ਕਿ ਰੋਜ਼ਰ ਸੰਧੂ ਦੇ ਘਰ ਗ੍ਰਨੇਡ ਸੁੱਟਣ ਤੋਂ ਪਹਿਲਾਂ ਦੋ ਗ੍ਰਨੇਡ ਆਏ ਸਨ। ਇਨ੍ਹਾਂ ‘ਚੋਂ ਇਕ ਯੂ-ਟਿਊਬਰ ਦੇ ਘਰ ‘ਤੇ ਸੁੱਟਿਆ ਗਿਆ ਤੇ ਦੂਜਾ ਜਲੰਧਰ ਦੇ ਕਿਸੇ ਵੱਡੇ ਨੇਤਾ ਦੇ ਘਰ ਸੁੱਟਣ ਲਈ ਰੱਖ ਲਿਆ ਗਿਆ ਸੀ। ਸਾਬਕਾ ਮੰਤਰੀ ਮਨੋਰੰਜਨ ਕਾਲੀਆ ਦਾ ਵੱਡਾ ਸਿਆਸੀ ਕੱਦ ਤੇ ਉਨ੍ਹਾਂ ਦੇ ਘਰ ਵਾਰਦਾਤ ਤੋਂ ਬਾਅਦ ਉੱਥੋਂ ਸੌਖਿਆਂ ਭੱਜ ਜਾਣ ਦੇ ਕਈ ਰਸਤੇ ਹੋਣ ਕਾਰਨ ਉੱਥੇ ਗ੍ਰਨੇਡ ਹਮਲੇ ਦਾ ਪਲਾਨ ਬਣਾਇਆ ਗਿਆ। ਦੱਸਿਆ ਜਾ ਰਿਹਾ ਹੈ ਕਿ ਜੀਸ਼ਾਨ ਤੇ ਸ਼ਹਿਜ਼ਾਦ ਭੱਟੀ ਨੇ ਆਈਐੱਸਆਈ ਦੇ ਕਹਿਣ ‘ਤੇ ਦੋਵੇਂ ਗ੍ਰਨੇਡ ਸੁੱਟਣ ਦੀ ਯੋਜਨਾ ਇਕੱਠੇ ਬਣਾਈ ਸੀ। ਹੁਣੇ ਜਿਹੇ ਜਾਰੀ ਵੀਡੀਓ ਤੋਂ ਪਹਿਲਾਂ ਵੀ ਭੱਟੀ ਨੇ ਵੀਡੀਓ ਵਾਇਰਲ ਕਰ ਕੇ ਇਕ ਹੋਰ ਧਮਾਕੇ ਦੀ ਚਿਤਾਵਨੀ ਦਿੱਤੀ ਸੀ। ਜ਼ਿਕਰਯੋਗ ਹੈ ਕਿ ਯੂ-ਟਿਊਬਰ ਦੇ ਘਰ ਗ੍ਰਨੇਡ ਰੰਜਿਸ਼ ਕਾਰਨ ਸੁੱਟਿਆ ਗਿਆ ਸੀ ਜਦਕਿ ਸਾਬਕਾ ਮੰਤਰੀ ‘ਤੇ ਗ੍ਰਨੇਡ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਲਈ ਸੁੱਟਿਆ ਗਿਆ। ਦੱਸਿਆ ਜਾ ਰਿਹਾ ਹੈ ਕਿ ਯੂ-ਟਿਊਬਰ ਦੇ ਘਰ ਗ੍ਰਨੇਡ ਹਮਲੇ ਤੋਂ ਬਾਅਦ ਗ੍ਰਿਫ਼ਤਾਰ ਹੋਏ ਮੁਲਜਮਾਂ ਨੂੰ ਹੀ ਇਹ ਜ਼ਿੰਮੇਵਾਰੀ ਸੌਂਪੀ ਜਾਣੀ ਸੀ ਤੇ ਉਹ ਗ੍ਰਿਫ਼ਤਾਰ ਹੋ ਗਏ ਤਾਂ ਕਾਲੀਆ ਦੇ ਘਰ ਗਨੇਡ ਸੁੱਟਣ ਦਾ ਕੰਮ ਸਈਦੁਲ ਅਮੀਨ ਨੂੰ ਸੌਂਪਿਆ ਗਿਆ ਜਿਸ ਨੂੰ ਸ਼ਨਿਚਰਾਵਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਸਈਦੁਲ ਨੇ ਹੈਰੀ ਤੇ ਸਤੀਸ਼ ਨੂੰ ਆਪਣੇ ਨਾਲ ਮਿਲਾਇਆ ਤੇ ਵਾਰਦਾਤ ਨੂੰ ਅੰਜਾਮ ਦਿੱਤਾ। ਪੁਲਿਸ ਜਾਂਚ ਕਰ ਰਹੀ ਹੈ ਕਿ ਮਾਮਲੇ ‘ਚ ਹੋਰ ਕਿੰਨੇ ਮੁਲਜ਼ਮ ਸ਼ਾਮਿਲ ਹਨ ਜਾਂ ਜਲੰਧਰ ਦੇ ਕਿੰਨੇ ਨੌਜਵਾਨਾਂ ਨੂੰ ਜੀਸ਼ਾਨ ਨੇ ਆਪਣੇ ਨਾਲ ਮਿਲਾਇਆ ਹੈ।

ਮੁੱਖ ਮੁਲਜ਼ਮ ਸਈਦੁਲ ਸੱਤ ਦਿਨਾਂ ਦੇ ਰਿਮਾਂਡ ‘ਤੇ: ਇਸ ਮਾਮਲੇ ‘ਚ ਦਿੱਲੀ ਤੋਂ ਗ੍ਰਿਫ਼ਤਾਰ ਮੁੱਖ ਮੁਲਜ਼ਮ ਸਈਦੁਲ ਅਮੀਨ ਨੂੰ ਪੁਲਿਸ ਨੇ ਸੱਤ ਦਿਨਾਂ ਦੇ ਰਿਮਾਂਡ ‘ਤੇ ਲਿਆ ਹੈ। ਪੁਲਿਸ ਨੇ ਸਿਵਲ ਹਸਪਤਾਲ ਤੋਂ ਮੁਲਜਮ ਦਾ ਮੈਡੀਕਲ ਕਰਵਾਇਆ ਹੈ ਤੇ ਉਸ ਨੂੰ ਡਿਊਟੀ ਮੈਜਿਸਟ੍ਰੇਟ ਆਕਾਸ਼ਦੀਪ ਦੀ ਅਦਾਲਤ ‘ਚ ਪੇਸ਼ ਕਰ ਕੇ 10 ਦਿਨਾਂ ਦਾ ਰਿਮਾਂਡ ਮੰਗਿਆ ਸੀ, ਪਰ ਅਦਾਲਤ ਨੇ ਪੁਲਿਸ ਨੂੰ ਸੱਤ ਦਿਨਾਂ ਦਾ ਰਿਮਾਂਡ ਦਿੱਤਾ।

# ਨਵੀਂ ਟੌਲ ਨੀਤੀ ਅਨੁਸਾਰ ਤਿੰਨ ਹਜ਼ਾਰ ’ਚ ਮਿਲੇਗਾ ਸਾਲਾਨਾ ਪਾਸ



**ਨਵੀਂ ਦਿੱਲੀ:** ਨੈਸ਼ਨਲ ਹਾਈਵੇ ਅਤੇ ਐਕਸਪ੍ਰੈੱਸ-ਵੇ ‘ਤੇ ਟੋਲ ਸੰਬੰਧੀ ਸਮੱਸਿਆਵਾਂ ਦਾ ਹੱਲ ਕਰਨ ਲਈ ਨਵੀਂ ਟੋਲ ਨੀਤੀ ਲੱਗਪਗ ਤਿਆਰ ਹੈ ਅਤੇ ਕਦੀ ਵੀ ਇਸ ਦਾ ਐਲਾਨ ਹੋ ਸਕਦਾ ਹੈ। ਇਹ ਫੀਸ ‘ਚ ਔਸਤਨ 50 ਫੀਸਦੀ ਤੱਕ ਰਾਹਤ ਦੇਣ ਦੇ ਕੇ ਨਾਲ ਹੀ ਲੋਕਾਂ ਨੂੰ 3 ਹਜ਼ਾਰ ਰੁਪਏ ਇਕਮੁਸ਼ਤ ਭੁਗਤਾਨ ‘ਚ ਸਾਲਾਨਾ ਪਾਸ ਦੀ ਸਹੂਲਤ ਵੀ ਮੁਹੱਈਆ ਕਰੇਗੀ। ਇਹ ਪਾਸ ਨੈਸ਼ਨਲ ਹਾਈਵੇ (ਰਾਸ਼ਟਰੀ ਰਾਜਮਾਰਗਾਂ) ਅਤੇ ਐਕਸਪ੍ਰੈੱਸ-ਵੇ ਦੇ ਨਾਲ ਹੀ ਸੂਬਿਆਂ ਦੇ ਐਕਸਪ੍ਰੈੱਸ-ਵੇ ‘ਤੇ ਵੀ ਲਾਗੂ ਹੋਣਗੇ। ਇਸ ਲਈ ਵੱਖ ਤੋਂ ਪਾਸ ਲੈਣ ਦੀ ਲੋੜ ਨਹੀਂ ਹੋਵੇਗੀ ਸਗੋਂ ਫੀਸ ਫਾਸਟੈਗ ਖਾਤੇ ਦੇ ਰਾਹੀਂ ਚ ਹੀ ਅਦਾ ਕੀਤੀ ਜਾ ਸਕਦੀ ਹੈ। ਇਸ ‘ਚ ਟੋਲ ਵ ਗੇਟਾਂ ਨੂੰ ਸਮਾਂ ਸੀਮਾ ਦੇ ਅੰਦਰ ਖਤਮ ਕਰਨ ਦਾ ਸੰਕਲਪ ਵੀ ਹੈ। ਨਵੀਂ ਟੋਲ ਨੀਤੀ ਪਲਾਜ਼ਿਆਂ ਦੀਆਂ ਵਿਵਸਥਾਵਾਂ ਦੀ ਬਜਾਏ ਪ੍ਰਤੀ ਕਿਲੋਮੀਟਰ ਤੈਅ ਫੀਸ ‘ਤੇ ਆਧਾਰਿਤ ਹੋਵੇਗੀ। ਮੋਟੇ ਤੌਰ ‘ਤੇ 100 ਕਿਲੋਮੀਟਰ ਲਈ ਇਕ ਕਾਰ ਨੂੰ 50 ਰੁਪਏ ਦਾ ਟੋਲ ਦੇਣਾ ਪਵੇਗਾ।

ਨਵੀਂ ਟੋਲ ਨੀਤੀ ਦੇ ਨਿਰਮਾਣ ਨਾਲ ਜੁੜੇ ਸੂਤਰ ਅਨੁਸਾਰ ਅਜੇ ਮਹੀਨਾਵਾਰ ਪਾਸ ਹੀ ਜਾਰੀ ਕੀਤੇ ਜਾਂਦੇ ਹਨ, ਜੋ ਸਥਾਨਕ ਲੋਕਾਂ ਨੂੰ ਇਕ ਟੋਲ ਪਲਾਜ਼ਾ ਪਾਰ ਕਰਨ ‘ਚ ਰਾਹਤ ਦਿੰਦੇ ਹਨ ਪਰ ਨਵੀਂ ਨੀਤੀ ‘ਚ 3 ਹਜ਼ਾਰ ਰੁਪਏ ਦਾ ਸਾਲਾਨਾ ਪਾਸ ਹਾਸਲ ਕਰ ਕੇ ਕੋਈ ਵੀ ਕਾਰ ਚਾਲਕ ਪੂਰੇ ਸਾਲ ਅਣਗਿਣਤ ਕਿਲੋਮੀਟਰ ਦੀ ਯਾਤਰਾ ਕਰ ਸਕਦਾ ਹੈ।

ਉਸ ਨੂੰ ਕਿਸੇ ਵੀ ਐਕਸਪ੍ਰੈਸ ਦੇ ਜਾਂ ਹਾਈਵੇ ‘ਤੇ ਕੋਈ ਫੀਸ ਨਹੀਂ ਦੇਣੀ ਪਵੇਗੀ। ਉਂਝ ਇਸ ‘ਚ ਸਭ ਤੋਂ ਵੱਡੀ ਰੁਕਾਵਟ ਕੰਸੋਸ਼ਨਰਾਂ ਅਤੇ ਕੰਟ੍ਰੈਕਟਰਾਂ ਦੇ ਮੌਜੂਦਾ ਕਰਾਰ ਹਨ, ਜਿਨ੍ਹਾਂ ‘ਚ ਇਸ ਤਰ੍ਹਾਂ ਦੀ ਸਹੂਲਤ ਦੀ ਕੋਈ ਵਿਵਸਥਾ ਨਹੀਂ ਹੈ। ਸੂਤਰਾਂ ਅਨੁਸਾਰ ਉਨ੍ਹਾਂ ਦੇ ਇਤਰਾਜ਼ਾਂ ਨੂੰ ਦੂਰ ਕਰਨ ਲਈ ਸੜਕ ਟ੍ਰਾਂਸਪੋਰਟ ਅਤੇ ਰਾਜਮਾਰਗ ਮੰਤਰਾਲਾ ਨੁਕਸਾਨ ਦੀ ਭਰਪਾਈ ਕਰਨ ‘ਤੇ ਸਹਿਮਤ ਹੋ ਗਿਆ ਹੈ। ਭਾਵ ਕੰਸੇਸਨਾਇਰ ਆਪਣੇ ਟੋਲ ਪਲਾਜ਼ਾ ਤੋਂ ਲੰਘਣ ਵਾਲੇ ਵਾਹਨਾਂ ਦਾ ਡਿਜੀਟਲ ਰਿਕਾਰਡ ਰੱਖਣਗੇ ਅਤੇ ਉਨ੍ਹਾਂ ਦੇ ਦਾਅਵੇ ਅਤੇ ਅਸਲ ਵਸੂਲੀ ‘ਚ ਜੋ ਫਰਕ ਹੋਵੇਗਾ, ਉਸ ਦੀ ਭਰਪਾਈ ਇਕ ਫਾਰਮੂਲੇ ਦੇ ਅਨੁਸਾਰ ਸਰਕਾਰ ਵੱਲੋਂ ਕੀਤੀ ਜਾਵੇਗੀ। ਸੂਤਰਾਂ ਅਨੁਸਾਰ ਕੰਸੇਸਨਰਾਂ ਦੇ ਇਤਰਾਜ਼, ਸੂਬਿਆਂ ‘ਚ ਵਾਹਨਾਂ ਦੀ ਉਮਰ ਸੀਮਾ ਦੇ ਵੱਖ-ਵੱਖ ਨਿਯਮਾਂ ਅਤੇ ਬੈਂਕਾਂ ਦੀ ਝਿਝਕ ਦੇ ਕਾਰਨ ਸਰਕਾਰ ਨੇ ਹੁਣ ਆਜੀਵਨ ਪਾਸ ਜਾਰੀ ਕਰਨ ਦਾ ਵਿਚਾਰ ਛੱਡ ਦਿੱਤਾ ਹੈ ਪਹਿਲਾਂ ਲਾਈਫਟਾਈਮ ਪਾਸ ਦੇ ਰੂਪ ‘ਚ 30 ਹਜ਼ਾਰ ਰੁਪਏ ‘ਚ 15 ਸਾਲਾਂ ਤੱਕ ਜਾਇਜ਼ ਰਹਿਣ ਵਾਲਾ ਪਾਸ ਜਾਰੀ ਕਰਨ ਬਾਰੇ ਸੋਚਿਆ ਗਿਆ ਸੀ ਪਰ ਇਸ ‘ਤੇ ਸਾਰੀਆਂ ਧਿਰਾਂ ਦੀ ਸਹਿਮਤੀ ਨਹੀਂ ਬਣੀ। ਇਸ ਲਈ ਖਪਤਕਾਰਾਂ ਦੇ ਅੱਗੇ ਆਉਣ ਦੇ ਆਸਾਰ ਘੱਟ ਸਨ। ਨਵੀਂ ਟੋਲ ਨੀਤੀ ਬੈਰੀਅਰ ਫ੍ਰੀ ਇਲੈਕਟ੍ਰਾਨਿਕ ਟੋਲਿੰਗ ਨੂੰ ਬੜ੍ਹਾਵਾ ਦੇਣ ਵਾਲੀ ਹੈ। ਸੂਤਰਾਂ ਅਨੁਸਾਰ ਇਸ ਨਾਲ ਸਬੰਧਤ 3 ਪਾਇਲਟ ਪ੍ਰੋਜੈਕਟਾਂ ਦੇ ਹਾਂਪੱਖੀ ਨਤੀਜੇ ਮਿਲੇ ਹਨ। ਸਟੀਕਤਾ ਦਾ ਪੱਧਰ 98 ਫੀਸਦੀ ਦੇ ਆਲੇ-ਦੁਆਲੇ ਪਹੁੰਚ ਰਿਹਾ ਹੈ।

# ਗ੍ਰਨੇਡਾਂ ਸੰਬੰਧੀ ਬਿਆਨ ’ਤੇ ਪ੍ਰਤਾਪ ਸਿੰਘ ਬਾਜਵਾ ਵਿਰੁੱਧ ਕੇਸ ਦਰਜ



**ਚੰਡੀਗੜ੍ਹ:** ਭਾਜਪਾ ਨੇਤਾ ਮਨੋਰੰਜਨ ਕਾਲੀਆ ਦੇ ਜਲੰਧਰ ‘ਚ ਘਰ ‘ਤੇ ਗ੍ਰਨੇਡ ਹਮਲੇ ਤੋਂ ਬਾਅਦ ਬਣੇ ਮਾਹੌਲ ਵਿਚਾਲੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਇਕ ਬਿਆਨ ਦੇ ਕੇ ਫਸ ਗਏ ਹਨ। ਉਨ੍ਹਾਂ ਖ਼ਿਲਾਫ਼ ਐਤਵਾਰ ਨੂੰ ਐੱਫਆਈਆਰ ਦਰਜ ਕਰ ਲਈ ਗਈ ਹੈ। ਕਾਂਗਰਸ ਨੇਤਾ ਬਾਜਵਾ ਨੇ ਦਾਅਵਾ ਕੀਤਾ ਪੰਜਾਬ ‘ਚ 50 ਬੰਬ ਆਏ ਹਨ, ਜਿਨ੍ਹਾਂ ‘ਚੋਂ 18 ਚੱਲ ਚੁੱਕੇ ਹਨ ਤੇ 32 ਚਲਾਏ ਜਾਣੇ ਹਨ। ਸੂਬਾ ਸਰਕਾਰ ਨੇ ਉਨ੍ਹਾਂ ਤੋਂ ਜਵਾਬ ਮੰਗਿਆ ਕਿ ਬਾਜਵਾ ਦੱਸਣ ਕਿ ਉਨ੍ਹਾਂ ਨੂੰ ਕਿਵੇਂ ਪੱਤਾ ਲੱਗਿਆ ਕਿ ਪੰਜਾਬ ‘ਚ ਏਨੇ ਬੰਬ ਆ ਚੁੱਕੇ ਹਨ? ਮੁੱਖ ਮੰਤਰੀ ਭਗਵੰਤ ਮਾਨ ਨੇ ਇਕ ਵੀਡੀਓ ਜਾਰੀ ਕਰ ਕੇ ਬਾਜਵਾ ਤੋਂ ਬੰਬਾਂ ਦਾ ਹਿਸਾਬ ਮੰਗਿਆ ਤੇ ਚਿਤਾਵਨੀ ਦਿੱਤੀ ਕਿ ਜੇ ਬਾਜਵਾ ਨੇ ਬੰਬ ਪੰਜਾਬ ਆਉਣ ਦੀ ਜਾਣਕਾਰੀ ਦਾ ਸੋਰਸ (ਸੂਤਰ) ਨਾ ਦੱਸਿਆ ਤਾਂ ਉਨ੍ਹਾਂ ਵਿਰੁੱਧ ਕਾਰਵਾਈ ਹੋਵੇਗੀ। ਕਾਊਂਟਰ ਇੰਟੈਲੀਜੈਂਸ ਦੀ ਏਆਈਜੀ ਰਵਜੋਤ ਕੌਰ ਗਰੇਵਾਲ ਨੇ ਬਾਜਵਾ ਦੇ ਘਰ ਜਾ ਕੇ ਗਈ ਹੈ। ਬਾਜਵਾ ਖ਼ਿਲਾਫ਼ ਭਾਰਤੀ ਨੀਆਂ ਸਹਿੰਤਾ (ਬੀਐੱਨਐੱਸ) ਦੀ ਧਾਰਾ 197 (1) (ਡੀ) ਤੇ 353 (2) ‘ਚ ਮੋਹਾਲੀ ਦੇ ਸਾਈਬਰ ਕ੍ਰਾਈਮ ਪੁਲਿਸ ਥਾਣੇ ‘ਚ ਐੱਫਆਈਆਰ ਦਰਜ ਕੀਤੀ ਗਈ ਹੈ।

## ਮੈਂ ਵੀ ਹੋ ਸਕਦਾ ਹਾਂ ਨਿਸ਼ਾਨੇ ’ਤੇ : ਬਾਜਵਾ

ਕਾਊਂਟਰ ਇੰਟੈਲੀਜੈਂਸ ਦੀ ਟੀਮ ਦੀ ਪੁੱਛਗਿੱਛ ਤੋਂ ਬਾਅਦ ਪ੍ਰਤਾਪ ਬਾਜਵਾ ਨੇ ਕਿਹਾ ਕਿ ਮੈਂ ਇਕ ਸੰਵਿਧਾਨਕ ਅਹੁਦੇ ‘ਤੇ ਹਾਂ। ਮੈਂ 4 ਮੁੱਖ ਮੰਤਰੀਆਂ ਨਾਲ ਕੰਮ ਕਰ ਚੁੱਕਾ ਹਾਂ। ਪੰਜਾਬ ‘ਚ ਮੰਤਰੀ ਵੀ ਰਿਹਾ, ਸੰਸਦ ਮੈਂਬਰ ਵੀ ਅਤੇ ਰਾਜ ਸਭਾ ਮੈਂਬਰ ਵੀ ਮੇਰਾ ਸੋਰਸ ਕਿਤੇ ਦਾ ਵੀ ਹੋ ਸਕਦਾ ਹੈ। ਮੁੱਖ ਮੰਤਰੀ ਜੇ ਮੇਰੇ ‘ਤੇ ਕੇਸ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਦਾ ਸਵਾਗਤ ਹੈ ਪਰ ਮੈਂ ਸੋਰਸ ਨਹੀਂ ਦੱਸਾਂਗਾ। ਪੰਜਾਬ ਪੁਲਿਸ ਦੇ ਖੁਫੀਆ ਹੈੱਡਕੁਆਰਟਰ ‘ਤੇ ਰਾਕੇਟ ਲਾਂਚਰ ਨਾਲ ਅਟੈਕ ਹੋਇਆ, ਉਨ੍ਹਾਂ ਨੂੰ ਤਾਂ ਪਤਾ ਹੀ ਨਹੀਂ ਲੱਗਾ। ਮੈਂ ਉਨ੍ਹਾਂ ਨੂੰ ਆਪਣਾ ਸੋਰਸ ਕਿਉਂ ਦੱਸਾਂ। ਹਾਂ, ਮੈਂ ਪੁਲਿਸ ਨੂੰ ਪੂਰਾ ਸਹਿਯੋਗ ਕਰਾਂਗਾ। ਉਨ੍ਹਾਂ ਕਿਹਾ ਕਿ ਮੈਨੂੰ ਇਕ ਉੱਚ ਅਧਿਕਾਰੀ ਨੇ ਦੱਸਿਆ ਕਿ ਮੈਂ ਵੀ ਨਿਸ਼ਾਨੇ ‘ਤੇ ਹੋ ਸਕਦਾ ਹਾਂ। ਉਨ੍ਹਾਂ ਕਿਹਾ ਕਿ 1987 ‘ਚ ਮੇਰੇ ਪਿਤਾ ਵੀ ਮਾਰੇ ਗਏ ਸਨ। 1990 ‘ਚ ਬਟਾਲਾ ‘ਚ ਮੇਰੇ ‘ਤੇ ਵੀ ਬੰਬ ਹਮਲਾ ਹੋਇਆ ਸੀ। ਹਾਲ ਹੀ ‘ਚ ਭਾਜਪਾ ਨੇਤਾ ਮਨੋਰੰਜਨ ਕਾਲੀਆ ਦੇ ਘਰ ‘ਤੇ ਬੰਬ ਹਮਲਾ ਹੋਇਆ ਹੈ। ਭਾਜਪਾ ਦੀ ਤਾਂ ਕੇਂਦਰ ‘ਚ ਸਰਕਾਰ ਵੀ ਹੈ। ਉਨ੍ਹਾਂ ਕਿਹਾ ਕਿ ਮੈਂ ਆਪਣੇ ਬਿਆਨ ‘ਤੇ ਪੂਰੀ ਤਰ੍ਹਾਂ ਬਰਕਰਾਰ ਹਾਂ। ਉਨ੍ਹਾਂ ਮੁੱਖ ਮੰਤਰੀ ਨੂੰ ਕਿਹਾ ਕਿ ਪੰਜਾਬ ਨੂੰ ਗੰਭੀਰਤਾ ਨਾਲ ਲਓ, ਮੈਂ ਆਪਣੇ ਵੱਲੋਂ ਪੂਰਾ ਸਹਿਯੋਗ ਦੇਵਾਂਗਾ।

# ਬਾਜਵਾ ਭੰਗ ਕਰਨਾ ਚਾਹੁੰਦੇ ਹਨ ਪੰਜਾਬ ਦੀ ਸ਼ਾਂਤੀ: ਮੁੱਖ ਮੰਤਰੀ



ਕਾਂਗਰਸ ਨੇਤਾ ਪ੍ਰਤਾਪ ਸਿੰਘ ਬਾਜਵਾ ‘ਤੇ ਐੱਫਆਈਆਰ ਦਰਜ ਹੋਣ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਚਿਤਾਵਨੀ ਭਰੇ ਲਹਿਜ਼ੇ ‘ਚ ਕਿਹਾ ਸੀ ਕਿ ਕਾਂਗਰਸ ਨੇਤਾ ਆਪਣੇ ਦਾਅਵੇ ਨੂੰ ਸਾਬਿਤ ਕਰਨ ਜਾਂ ਲੋਕਾਂ ‘ਚ ਦਹਿਸ਼ਤ ਫੈਲਾਉਣ ਲਈ ਕਾਰਵਾਈ ਦਾ ਸਾਹਮਣਾ ਕਰਨ ਨੂੰ ਤਿਆਰ ਰਹਿਣ।

ਬਾਜਵਾ ਦੇ ਪੰਜਾਬ ‘ਚ 50 ਬੰਬਾ ਦੀ ਤਸਕਰੀ ਦੇ ਬਿਆਨ ਪਿੱਛੇ ਉਨ੍ਹਾਂ ਦੇ ਪਾਕਿਸਤਾਨ ‘ਚ ਸਰਗਰਮ ਪੰਜਾਬ-ਵਿਰੋਧੀ ਤਾਕਤਾਂ ਨਾਲ ਡੂੰਘੇ ਪਰਿਵਾਰਕ ਸਬੰਧ ਹਨ, ਕਿਉਂਕਿ ਖ਼ੁਫ਼ੀਆ ਏਜੰਸੀਆਂ ਕੋਲ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਇਹ ਸਾਰਿਆਂ ਨੂੰ ਪਤਾ ਹੈ ਕਿ ਬਾਜਵਾ ਪਰਿਵਾਰ ਦੇ ਦਹਾਕਿਆਂ ਤੋਂ ਪਾਕਿਸਤਾਨ ‘ਚ ਸਰਗਰਮ ਪੰਜਾਬ-ਵਿਰੋਧੀ ਤਾਕਤਾਂ ਨਾਲ ਡੂੰਘੇ ਸਬੰਧ ਰਹੇ ਹਨ ਜਿਸ ਨਾਲ ਉਨ੍ਹਾਂ ਨੂੰ ਇਹੋ ਜਿਹੀ ਤਰਕਹੀਣ ਤੇ ਬੇਬੁਨਿਆਦ ਜਾਣਕਾਰੀ ਮਿਲ ਰਹੀ ਹੈ। ਸਰਹੱਦ ਪਾਰ ਬੈਠੇ ਬਾਜਵਾ ਦੇ ਦੋਸਤ ਨੇ ਉਨ੍ਹਾਂ ਨੂੰ ਸੂਬੇ ‘ਚ ਸ਼ਾਂਤੀ ਭੰਗ ਕਰਨ ਦੀਆਂ ਆਪਣੀਆਂ ਯੋਜਨਾਵਾਂ ਬਾਰੇ ਜ਼ਰੂਰ ਦੱਸਿਆ ਹੋਵੇਗਾ।

ਬਾਜਵਾ ਨੂੰ ਇਸ ਸੰਬੰਧੀ ਆਪਣੀ ਜਾਣਕਾਰੀ ਦੇ ਸਰੋਤ ਦਾ ਖ਼ੁਲਾਸਾ ਕਰਨਾ ਚਾਹੀਦਾ ਹੈ। ਕਿਉਂਕਿ ਇਹ ਉਨ੍ਹਾਂ ਦਾ ਇਖ਼ਲਾਕੀ ਫ਼ਰਜ਼ ਹੈ।

ਕੀ ਬਾਜਵਾ ਬੰਬਾਂ ਦੇ ਫਟਣ ਦੀ ਉਡੀਕ ਕਰ ਰਹੇ ਸਨ ਤਾਂ ਜੋ ਉਹ ਇਸ ਮੌਕੇ ਨੂੰ ਆਪਣੇ ਨਿੱਜੀ ਸਿਆਸੀ ਹਿੱਤਾਂ ਲਈ ਇਸਤੇਮਾਲ ਕਰ ਸਕਦੇ। ਇਸੇ ਤਰ੍ਹਾਂ ਢਿੱਲਾ ਤੇ ਗ਼ੈਰ ਜ਼ਿੰਮੇਵਾਰਾਨਾ ਰਵੱਈਆ ਠੀਕ ਨਹੀਂ। ਝੂਠੇ ਦਾਅਵੇ ਕਰ ਕੇ ਲੋਕਾਂ ਨੂੰ ਡਰਾਉਣਾ ਇਕ ਮਾਫ਼ ਨਾ ਕਰਨ ਯੋਗ ਅਪਰਾਧ ਹੈ ਜਿਸ ਲਈ ਗੰਭੀਰ ਕਾਰਵਾਈ ਹੋਵੇਗੀ। ਕਾਂਗਰਸ ਹਾਈ ਕਮਾਨ ਫੁੱਟ ਪਾਉਣ ਵਾਲੀਆਂ ਤਾਕਤਾਂ ਨਾਲ ਡੂੰਘੇ ਸਬੰਧ ਰੱਖਣ ਵਾਲੇ ਨੇਤਾਵਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰੇ।

# ਡਾ. ਅਟਵਾਲ ਦੀ ਅੰਤਿਮ ਅਰਦਾਸ ਵੇਲੇ ਵੱਡੀ ਗਿਣਤੀ ਸਾਹਿਤਕਾਰ ਪੁੱਜੇ

**ਜਲੰਧਰ:** ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਪੰਜਾਬੀ ਰਾਈਟਰਜ਼ ਕੋਆਪਰੇਟਿਵ ਕੋਆਪਰੇਟਿਵ ਸੁਸਾਇਟੀ ਦੇ ਸਕੱਤਰ ਡਾਕਟਰ ਹਰਜਿੰਦਰ ਸਿੰਘ ਅਟਵਾਲ ਦੀ ਅੰਤਿਮ ਅਰਦਾਸ ਵਿੱਚ ਵੱਡੀ ਗਿਣਤੀ ਵਿੱਚ ਸਾਹਿਤਕਾਰਾਂ, ਰਾਜਸੀ ਆਗੂਆਂ ਅਤੇ ਵਿਦਵਾਨਾਂ ਨੇ ਸ਼ਮੂਲੀਅਤ ਕੀਤੀ। ਭੋਗਪੁਰ ਲਾਗੇ ਉਨ੍ਹਾਂ ਦੇ ਜੱਦੀ ਪਿੰਡ ਚਾਹੜਕੇ ਵਿਖੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿੱਚ ਪਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਰਸ ਭਿੰਨਾ ਕੀਰਤਨ ਹੋਇਆ ਅਤੇ ਡਾਕਟਰ ਅਟਵਾਲ ਦੇ ਸਨੇਹੀਆਂ ਨੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਡਾਕਟਰ ਅਟਵਾਲ 31ਮਾਰਚ ਨੂੰ ਦਿਲ ਦਾ ਦੌਰਾ ਨਾ ਸਹਾਰਦੇ ਹੋਏ ਵਿਛੋੜਾ ਦੇ ਗਏ ਸਨ। ਸ਼ਰਧਾਂਜਲੀ ਸਮਾਗਮ ਵਿੱਚ ਸਾਰੇ ਬੁਲਾਰਿਆਂ ਨੇ ਡਾਕਟਰ ਹਰਜਿੰਦਰ ਸਿੰਘ ਅਟਵਾਲ ਦੀ ਵਿਦਵਤਾ, ਨਿਮਰਤਾ ਅਤੇ ਸ਼ਾਲੀਨਤਾ ਨੂੰ ਯਾਦ ਕਰਦਿਆਂ ਉਹਨਾਂ ਦੀ ਰੂਹ ਦੀ ਸ਼ਾਂਤੀ ਲਈ ਅਰਦਾਸ ਕੀਤੀ। ਸ਼ਰਧਾਂਜਲੀ ਭੇਟ ਕਰਨ ਵਾਲਿਆਂ ਵਿੱਚ ਡਾ. ਵਰਿਆਮ ਸਿੰਘ ਸੰਧੂ, ਡਾ. ਬਿਕਰਮ ਸਿੰਘ ਘੁੰਮਣ, ਡਾ. ਜਸਵਿੰਦਰ ਸਿੰਘ ਪਟਿਆਲਾ, ਸਾਬਕਾ ਮੰਤਰੀ ਅਤੇ ਇਲਾਕਾ ਵਿਧਾਇਕ ਬਲਕਾਰ ਸਿੰਘ, ਮਾਰਕੀਟ ਕਮੇਟੀ ਦੇ ਚੇਅਰਮੈਨ ਗੁਰਪਾਲ ਸਿੰਘ ਮਾਂਗੋਕੀ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਜਲੰਧਰ ਦੇ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਡਾ. ਲਾਭ ਸਿੰਘ ਖੀਵਾ ਆਦਿ ਸ਼ਾਮਿਲ ਸਨ। ਪੰਜਾਬ ਭਰ ਵਿੱਚੋਂ ਵੱਖ ਵੱਖ ਸਾਹਿਤਿਕ, ਸੱਭਿਆਚਾਰਕ ਅਤੇ ਰਾਜਨੀਤਕ ਸੰਸਥਾਵਾਂ ਵੱਲੋਂ ਵੱਡੀ ਗਿਣਤੀ ਵਿੱਚ ਸੋਕ ਸੰਦੇਸ਼ ਵੀ ਭੇਜੇ ਗਏ। ਇਹ ਸ਼ੋਕ ਸੰਦੇਸ਼ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਸੁਸ਼ੀਲ ਦੁਸਾਂਝ ਵੱਲੋਂ ਪੜ੍ਹ ਕੇ ਸੁਣਾਏ ਗਏ।





ਸ਼ੋਕ ਸੰਦੇਸ਼ ਭੇਜਣ ਵਾਲੀਆਂ ਸੰਸਥਾਵਾਂ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਲਾਇਲਪੁਰ ਖਾਲਸਾ ਕਾਲਜ ਜਲੰਧਰ, "ਹੁਣ" ਮੈਗਜ਼ੀਨ, ਪੰਜਾਬ ਅਤੇ ਚੰਡੀਗੜ੍ਹ ਕਾਲਜ ਟੀਚਰ ਯੂਨੀਅਨ, ਪੰਜਾਬੀ ਭਾਸ਼ਾ ਅਕੈਡਮੀ (ਰਜਿ) ਜਲੰਧਰ, ਭਾਈ ਕਾਨ੍ਹ ਸਿੰਘ ਨਾਭਾ ਰਚਨਾ ਵਿਚਾਰ ਮੰਚ ਨਾਭਾ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ, ਸਾਹਿਤ ਆਸ਼ਰਮ ਟਾਂਡਾ ਉੜਮੁੜ, ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ, ਪੰਜਾਬੀ ਲੇਖਕ ਸਭਾ (ਰਜਿ) ਜਲੰਧਰ, ਪੰਜਾਬੀ ਲੇਖਕ ਸਭਾ ਚੰਡੀਗੜ੍ਹ (ਦੀਪਕ ਸ਼ਰਮਾ ਚਨਾਰਥਲ ਤੇ ਭੁਪਿੰਦਰ ਮਲਿਕ), ਮਾਰਕਸਵਾਦੀ ਲੈਨਨਵਾਦੀ ਨਿਊ ਡੈਮੋਕਰੇਸੀ ਪਾਰਟੀ ਦੇ ਸੂਬਾ ਆਗੂ ਕਾਮਰੇਡ ਅਜਮੇਰ ਸਿੰਘ, ਪੰਜਾਬੀ ਸਾਹਿਤ ਸਭਾ ਭੋਗਪੁਰ ਅਤੇ ਉੱਘੇ ਬਲਬੀਰ ਮਾਧੋਪੁਰੀ, ਰੋਜ਼ਾਨਾ ਨਵਾਂ ਜ਼ਮਾਨਾ ਜਲੰਧਰ( ਕਾਮਰੇਡ ਗੁਰਮੀਤ) ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲੁਧਿਆਣਾ, ਪੰਜਾਬੀ ਸਾਹਿਤ ਸਭਾ ਮੁਕੇਰੀਆਂ, ਪੰਜਾਬੀ ਸਾਹਿਤ ਸਭਾ ਸਮਰਾਲਾ, ਪੰਜਾਬੀ ਸਾਹਿਤ ਸਭਾ (ਰਜਿ) ਦੁਸਾਂਝ ਕਲਾਂ, ਪੰਜਾਬੀ ਸਾਹਿਤ ਸਭਾ ਮੁਹਾਲੀ, ਲੇਖਕ ਮੰਚ (ਰਜਿ) ਸਮਰਾਲਾ, ਜ਼ਿਲਾ ਸਾਹਿਤ ਕੇਂਦਰ ਗੁਰਦਾਸਪੁਰ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਆਦਿ ਸੰਸਥਾਵਾਂ ਸ਼ਾਮਿਲ ਸਨ।

ਡਾਕਟਰ ਅਟਵਾਲ ਦੀ ਪਤਨੀ ਅਮਨਜੀਤ ਕੌਰ, ਸਪੁੱਤਰ ਹਰਮਿੰਦਰ ਸਿੰਘ ਅਟਵਾਲ ਅਤੇ ਸਪੁੱਤਰੀ ਅਜਿੰਦਰ ਕੌਰ ਬੈਂਸ ਵੱਲੋਂ ਲਗਭਗ 10 ਸੰਸਥਾਵਾਂ ਨੂੰ 51-51ਸੌ ਦੀ ਸਹਾਇਤਾ ਰਾਸ਼ੀ ਭੇਂਟ ਕੀਤੀ ਗਈ। ਜਿਨਾਂ ਵਿੱਚ ਦੇਸ਼ ਭਗਤ ਯਾਦਗਾਰ ਹਾਲ ਜਲੰਧਰ, ਕੇਂਦਰੀ ਪੰਜਾਬੀ ਲੇਖਕ ਸਭਾ, ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਚਾਹੜਕੇ,ਗੁਰੂ ਰਵਿਦਾਸ ਧਰਮਸ਼ਾਲਾ ਪਿੰਡ ਚਾਹੜਕੇ, ਵਾਲਮੀਕੀ ਮੰਦਰ ਚਾਹੜਕੇ ਗੁਰਇਕਬਾਲ ਸਿੰਘ ਜੀ ਦੇ ਸਥਾਨ ਆਦਿ ਸੰਸਥਾਵਾਂ ਸ਼ਾਮਿਲ ਹਨ।

ਸ਼ਰਧਾਂਜਲੀ ਸਮਾਗਮ ਵਿੱਚ ਹਾਜ਼ਰ ਹੋਰ ਵਿਦਵਾਨਾਂ ਵਿੱਚ ਡਾ. ਆਸਾ ਸਿੰਘ ਘੁੰਮਣ, ਵਿਸ਼ਾਲ ਬਿਆਸ,ਬੂਟਾ ਰਾਮ ਆਜ਼ਾਦ, ਸੁਰਜੀਤ ਸੁਮਨ, ਪਰਮਜੀਤ ਸਿੰਘ ਮਾਨ, ਉਮਿੰਦਰ ਸਿੰਘ ਜੌਹਲ, ਗੁਰਮੀਤ ਸਿੰਘ ਬਾਜਵਾ, ਹਰਪ੍ਰੀਤ ਕੌਰ ਸੰਧੂ,ਗੋਪਾਲ ਸਿੰਘ ਬੁੱਟਰ, ਕੁਲਵਿੰਦਰ ਬੁੱਟਰ, ਪ੍ਰੋਫੈਸਰ ਕਮਲਦੀਪ ਸਿੰਘ, ਪ੍ਰੋਫੈਸਰ ਦਵਿੰਦਰ ਮੰਡ, ਪ੍ਰੋਫੈਸਰ ਸੁਖਦੇਵ ਸਿੰਘ ਰੰਧਾਵਾ, ਪ੍ਰੋਫੈਸਰ ਸੁਖਦੇਵ ਸਿੰਘ ਨਾਗਰਾ,ਡਾ. ਕਰਮਜੀਤ ਸਿੰਘ, ਡਾ ਕਮਲੇਸ਼ਦੁੱਗਲ, .ਡਾ. ਜਸਵੰਤ ਰਾਏ, ਕਾਮਰੇਡ ਮਲੂਕ ਸਿੰਘ, ਸੁਰਜੀਤ ਜੱਜ, ਮੱਖਣ ਮਾਨ, ਭਗਵੰਤ ਰਸੂਲਪੁਰੀ,ਪ੍ਰੋਫੈਸਰ ਹਰਜਿੰਦਰ ਸਿੰਘ ਸੇਖੋਂ, ਕੁਲਦੀਪ ਸਿੰਘ ਸੋਢੀ, ਹਰੀ ਓਮ ਵਰਮਾ, ਸਿਮਰਨਜੀਤ ਸਿੰਘ ਬੈਂਸ ਪ੍ਰੋਫੈਸਰ ਅਹੂਜਾ, ਕਾਮਰੇਡ ਹਰਜਿੰਦਰ ਸਿੰਘ ਮੌਜੀ, ਰਣਵੀਰ ਰਾਣਾ, ਐਡਵੋਕੇਟ ਰਘਵੀਰ ਸਿੰਘ ਟੇਰਕੀਆਣਾ, ਸੀਤਾ ਰਾਮ ਬਾਂਸਲ ਮਾਧੋਪੁਰੀ ਆਦਿ ਸ਼ਾਮਿਲ ਸਨ।

ਸ਼ਰਧਾਂਜਲੀ ਸਮਾਗਮ ਦੇ ਅੰਤ ਉਤੇ ਸਮੁੱਚੇ ਪਰਿਵਾਰ ਵੱਲੋਂ ਡਾ. ਲਖਵਿੰਦਰ ਸਿੰਘ ਜੌਹਲ ਵੱਲੋਂ ਆਏ ਹੋਏ ਸਾਰੇ ਸਨੇਹੀਆਂ ਦਾ ਧੰਨਵਾਦ ਕੀਤਾ ਗਿਆ। ਪਿੰਡ ਵਾਸੀਆਂ ਵੱਲੋਂ ਪ੍ਰੋਫੈਸਰ ਬਲਿੰਦਰ ਸਿੰਘ ਭੰਗੂ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸਟੇਜ ਦੀ ਕਾਰਵਾਈ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਦੀਪ ਦਵਿੰਦਰ ਸਿੰਘ ਵੱਲੋਂ ਚਲਾਈ ਗਈ।

# ਮੈਡੀਕਲ ਕਾਲਜਾਂ ਵਿਚ ਰਿਟਾਇਰਮੈਂਟ ਦੀ ਉਮਰ 65 ਸਾਲ ਹੋਵੇਗੀ

**ਚੰਡੀਗੜ੍ਹ:** ਪੰਜਾਬ ਦੇ ਹਸਪਤਾਲਾਂ ਤੇ ਮੈਡੀਕਲ ਕਾਲਜਾਂ ਵਿਚ ਡਾਕਟਰਾਂ ਦੀ ਘਾਟ ਨੂੰ ਦੂਰ ਕਰਨ ਲਈ ਪੰਜਾਬ ਮੰਤਰੀ ਮੰਡਲ ਨੇ ਸ਼ੁੱਕਰਵਾਰ ਨੂੰ ਅਹਿਮ ਫੈਸਲਾ ਲੈਂਦੇ ਹੋਏ ਮੈਡੀਕਲ ਕਾਲਜਾਂ ਦੇ ਪ੍ਰੋਫੈਸਰਾਂ ਦੀ ਸੇਵਾਮੁਕਤੀ ਦੀ ਉਮਰ 62 ਤੋਂ ਵਧਾ ਕੇ 65 ਕਰ ਦਿੱਤੀ ਹੈ। ਇਸੇ ਤਰ੍ਹਾਂ ਮੈਡੀਕਲ ਅਫਸਰ ਸਪੈਸ਼ਲਿਸਟ ਦੀ ਉਮਰ 58 ਹੀ ਰੱਖੀ ਗਈ ਹੈ, ਪਰ ਉਨ੍ਹਾਂ ਨੂੰ 65 ਸਾਲ ਦੀ ਉਮਰ ਤੱਕ ਮੁੜ ਰੱਖਿਆ ਜਾ ਸਕੇਗਾ। ਇਸ ਤੋਂ ਇਲਾਵਾ ਹੋਰ ਅਹਿਮ ਫ਼ੈਸਲਿਆਂ ਵਿਚ ਕੈਬਨਿਟ ਨੇ ਐਡਵੋਕੇਟ ਜਨਰਲ (ਏਜੀ) ਦਫ਼ਤਰ ਵਿਚ ਅਨੁਸੂਚਿਤ ਜਾਤੀ ਦੇ ਵਕੀਲਾਂ ਨੂੰ ਰੱਖਣ ਲਈ ਨਿਯਮਾਂ ਵਿਚ ਵੀ ਬਦਲਾਅ ਕਰ ਦਿੱਤਾ ਹੈ। ਇਸੇ ਤਰ੍ਹਾਂ ਪ੍ਰਸ਼ਾਸਨਿਕ ਪ੍ਰੇਸ਼ਾਨੀਆਂ ਨੂੰ ਦੇਖਦੇ ਹੋਏ ਸੂਬੇ ਦੇ ਬਲਾਕਾਂ ਦਾ ਵੀ ਮੁੜ ਗਠਨ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ।



ਕੈਬਨਿਟ ਦੀ ਮੀਟਿੰਗ ਤੋਂ ਬਾਅਦ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਕੈਬਨਿਟ ਦੇ ਫ਼ੈਸਲੇ ਤੋਂ ਬਾਅਦ ਮੈਡੀਕਲ ਕਾਲਜਾਂ ਵਿਚ ਪ੍ਰੋਫੈਸਰ ਹੁਣ ਤਿੰਨ ਸਾਲ ਹੋਰ ਕੰਮ ਕਰ ਸਕਣਗੇ। ਇਸ ਨਾਲ ਉਨ੍ਹਾਂ ਦੀ ਘਾਟ ਦੂਰ ਹੋਵੇਗੀ। ਇਸੇ ਤਰ੍ਹਾਂ ਮੈਡੀਕਲ ਅਫਸਰ ਸਪੈਸ਼ਲਿਸਟ 58 ਸਾਲ ਦੀ ਸੇਵਾਮੁਕਤੀ ਤੋਂ ਬਾਅਦ ਮੁੜ 65 ਸਾਲ ਤੱਕ ਮੁੜ ਨਿਯੁਕਤੀ ਤਹਿਤ ਕੰਮ ਕਰ ਸਕਣਗੇ। ਇਨ੍ਹਾਂ ਦੀ ਭਰਤੀ ਠੇਕੇ ਦੇ ਆਧਾਰ 'ਤੇ ਹੋਵੇਗੀ। ਇਨ੍ਹਾਂ ਡਾਕਟਰਾਂ ਨੂੰ ਤਨਖ਼ਾਹ ਵੀ ਉਨ੍ਹਾਂ ਦੀ ਸੇਵਾਮੁਕਤੀ 'ਤੇ ਮਿਲਣ ਵਾਲੀ ਤਨਖ਼ਾਹ ਦੇ ਮੁਤਾਬਕ ਹੋਵੇਗੀ।

ਵਿੱਤ ਮੰਤਰੀ ਨੇ ਦੱਸਿਆ ਕਿ ਐਡਵੋਕੇਟ ਜਨਰਲ ਦੇ ਦਫ਼ਤਰ ਵਿਚ ਲਾਏ ਜਾਣ ਵਾਲੇ ਵਕੀਲਾਂ ਵਿਚ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਣ ਵਾਲਿਆਂ ਨੂੰ ਵੀ ਜਗ੍ਹਾ ਮਿਲੇ ਇਸ ਦੇ ਲਈ ਸਰਕਾਰ ਨੇ ਵੱਖ-ਵੱਖ ਕੈਟੇਗਿਰੀ ਵਿਚ ਉਨ੍ਹਾਂ ਦੀ ਨਿਯੁਕਤੀ ਲਈ ਆਮਦਨ ਦੀ ਸੀਮਾ ਅੱਧੀ ਕਰ ਦਿੱਤੀ ਹੈ। ਉਨ੍ਹਾਂ ਉਦਾਹਰਣ ਦਿੰਦੇ ਹੋਏ ਦੱਸਿਆ ਕਿ ਸੀਨੀਅਰ ਐਡਵੋਕੇਟ ਜਨਰਲ ਦੇ ਅਹੁਦੇ ਲਈ ਆਮਦਨ ਸੀਮਾ 20 ਲੱਖ ਸੀ, ਜਿਸਨੂੰ ਹੁਣ ਐੱਸਸੀ ਲਈ 10 ਲੱਖ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਅਨੁਸੂਚਿਤ ਜਾਤੀ ਲਈ ਏਜੀ ਟੀਮ ਵਿਚ 58 ਅਹੁਦੇ ਰਾਖਵੇਂ ਹਨ ਪਰ ਆਮਦਨ ਦੀ ਸੀਮਾ ਦੇ ਕਾਰਨ ਅਨੁਸੂਚਿਤ ਜਾਤੀ ਨਾਲ ਸਬੰਧਤ ਵਕੀਲ ਨਹੀਂ ਆ ਪਾਉਂਦੇ ਸਨ। ਇਸ ਸਮੇਂ 15 ਦੇ ਕਰੀਬ ਅਹੁਦੇ ਐੱਸਸੀ ਲਈ ਖਾਲੀ ਹਨ। ਜ਼ਿਕਰਯੋਗ ਹੈ ਕਿ ਤੱਤਕਾਲੀਨ ਸੀਐੱਮ ਕੈਪਟਨ ਅਮਰਿੰਦਰ ਸਿੰਘ ਦੇ ਕਾਰਜਕਾਲ ਵਿਚ ਐਡਵੋਕੇਟ ਏਜੀ ਅਤੁਲ ਨੰਦਾ ਨੇ ਏਜੀ ਦਫ਼ਤਰ ਵਿਚ ਵਕੀਲਾਂ ਦੀ ਟੀਮ 'ਚ ਐੱਸਸੀ ਵਕੀਲਾਂ ਲਈ 24 ਫ਼ੀਸਦੀ ਸੀਟਾਂ ਰਾਖਵੀਆਂ ਕਰਵਾਈਆਂ ਸਨ। ਉਸ ਸਮੇਂ ਵਿਰੋਧੀ ਪਾਰਟੀ 'ਆਪ' ਨੇ ਇਸ ਦਾ ਵਿਰੋਧ ਕੀਤਾ ਸੀ।

# ਦਹਿਸ਼ਤਗਰਦ ਰਾਣਾ ਨੂੰ ਭਾਰਤ ਲਿਆਂਦਾ- ਐਨ.ਆਈ.ਏ. ਵਲੋਂ ਪੁੱਛਗਿੱਛ ਜਾਰੀ

**ਨਵੀਂ ਦਿੱਲੀ:** ਮੁੰਬਈ 'ਚ 26/11 ਅੱਤਵਾਦੀ ਹਮਲੇ ਦਾ ਮੁੱਖ ਸਾਜ਼ਿਸ਼ਘਾੜਾ ਅੱਤਵਾਦੀ ਤਹੱਵਰ ਹੁਸੈਨ ਰਾਣਾ ਨੂੰ ਹਵਾਲਗੀ ਜ਼ਰੀਏ ਅਮਰੀਕਾ ਤੋਂ ਭਾਰਤ ਲਿਆਂਦਾ ਗਿਆ ਹੈ।




ਆਈਐੱਸਆਈ ਲਈ ਕੰਮ ਕਰਨ ਵਾਲੇ ਤੇ ਲਸ਼ਕਰ-ਏ-ਤਇਬਾ ਤੇ ਹਰਕਤ-ਉਲ-ਜਿਹਾਦੀ ਇਸਲਾਮੀ (ਹੂਜੀ) ਵਰਗੇ ਅੱਤਵਾਦੀ ਸੰਗਠਨਾਂ ਨਾਲ ਨੇੜਿਓਂ ਜੁੜੇ ਰਹੇ ਤਹੱਵਰ ਰਾਣਾ ਨੂੰ ਲੈ ਕੇ ਵਿਸ਼ੇਸ਼ ਹਵਾਈ ਜਹਾਜ਼ ਵੀਰਵਾਰ ਸ਼ਾਮ ਕਰੀਬ ਪੌਣੇ ਸੱਤ ਵਜੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਦੇ ਅੱਤ ਸੁਰੱਖਿਅਤ ਟੈਕਨੀਕਲ ਏਰੀਏ 'ਚ ਉਤਰਿਆ, ਜਿੱਥੇ ਐੱਨਆਈਏ ਦੀ ਟੀਮ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਅਮਰੀਕਾ 'ਚ ਉਸ ਨੂੰ ਅਮਰੀਕੀ ਸਕਾਈ ਮਾਰਸ਼ਲ ਦੀ ਨਿਗਰਾਨੀ 'ਚ ਵਿਸ਼ੇਸ਼ ਹਵਾਈ ਜਹਾਜ਼ ਤੱਕ ਪਹੁੰਚਾਇਆ ਗਿਆ ਸੀ। ਵਿਸ਼ੇਸ਼ ਹਵਾਈ ਜਹਾਜ਼ 'ਚ ਐੱਨਐੱਸਜੀ ਕਮਾਂਡੋ ਵੀ ਤਾਇਨਾਤ ਸਨ।

64 ਸਾਲਾ ਤਹੱਵਰ ਰਾਣਾ ਦੀ ਹਵਾਲਗੀ ਦੇ ਨਾਲ ਹੀ ਅੱਤਵਾਦੀ ਅਜਮਲ ਕਸਾਬ ਤੋਂ ਬਾਅਦ ਮੁੰਬਈ 26/11 ਹਮਲੇ ਦੇ ਇਕ ਹੋਰ ਮੁਲਜ਼ਮ ਦੇ ਟ੍ਰਾਇਲ ਤੇ ਸਜ਼ਾ ਦਾ ਰਸਤਾ ਸਾਫ਼ ਹੋ ਗਿਆ। ਇਸ ਲਈ ਪੂਰੀ ਤਿਆਰੀ ਕਰ ਲਈ ਗਈ ਹੈ। ਐੱਨਆਈਏ ਦੀ ਟੀਮ ਐੱਨਐੱਸਜੀ ਕਮਾਂਡੋ ਦੇ ਸੁਰੱਖਿਆ ਘੇਰੇ 'ਚ ਉਸ ਨੂੰ ਲੈ ਕੇ ਐੱਨਆਈਏ ਹੈੱਡਕੁਆਰਟਰ ਪੁੱਜੀ। ਮੈਡੀਕਲ ਪ੍ਰੀਖਣ ਤੋਂ ਬਾਅਦ ਉਸ ਨੂੰ ਪਟਿਆਲਾ ਹਾਊਸ ਕੋਰਟ 'ਚ ਐੱਨਆਈਏ ਦੇ ਵਿਸ਼ੇਸ਼ ਮੈਜਿਸਟ੍ਰੇਟ ਸਾਹਮਣੇ ਪੇਸ਼ ਕਰ ਕੇ ਰਿਮਾਂਡ ਮੰਗਿਆ। ਰਿਮਾਂਡ ਮਿਲਣ ਤੋਂ ਬਾਅਦ ਐੱਨਆਈਏ ਦੀ ਟੀਮ ਰਾਣਾ ਤੋਂ ਮੁੰਬਈ ਹਮਲੇ ਤੇ ਉਸ 'ਚ ਉਸਦੀ ਸਾਜ਼ਿਸ਼ ਬਾਰੇ ਲੰਬੀ ਪੁੱਛਗਿੱਛ ਕਰ ਰਹੀ ਹੈ। ਨਾਲ ਹੀ ਰਾਣਾ ਤੋਂ ਇਸ ਹਮਲੇ 'ਚ ਆਈਐੱਸਆਈ, ਪਾਕਿਸਤਾਨੀ ਫ਼ੌਜ ਦੇ ਅਧਿਕਾਰੀਆਂ ਦੇ ਨਾਲ-ਨਾਲ ਸਾਜ਼ਿਸ਼ 'ਚ ਸ਼ਾਮਿਲ ਲਸ਼ਕਰ-ਏ-ਤਇਬਾ ਦੇ ਅੱਤਵਾਦੀਆਂ ਬਾਰੇ ਪੁੱਛਗਿੱਛ ਕੀਤੀ ਜਾ ਰਹੀ ਹੈ। ਐੱਨਆਈਏ ਨੇ ਇਕ ਬਿਆਨ 'ਚ ਕਿਹਾ ਹੈ ਕਿ ਅਮਰੀਕਾ ਦੇ ਨਿਆਂ ਵਿਭਾਗ, ਅਮਰੀਕੀ ਸਕਾਈ ਮਾਰਸ਼ਲ ਦੀ ਸਰਗਰਮ ਸਹਾਇਤਾ ਨਾਲ ਐੱਨਆਈਏ ਨੇ ਸੰਪੂਰਨ ਹਵਾਲਗੀ ਦੌਰਾਨ ਹੋਰ ਭਾਰਤੀ ਖ਼ੁਫ਼ੀਆ ਏਜੰਸੀਆਂ ਤੇ ਐੱਨਐੱਸਜੀ ਨਾਲ ਮਿਲ ਕੇ ਕੰਮ ਕੀਤਾ। ਇਸ 'ਚ ਭਾਰਤ ਦੇ ਵਿਦੇਸ਼ ਮੰਤਰਾਲੇ ਤੇ ਗ੍ਰਹਿ ਮੰਤਰਾਲੇ ਨੇ ਵੀ ਮਾਮਲੇ ਨੂੰ ਕਾਮਯਾਬ ਨਤੀਜੇ ਤੱਕ ਪਹੁੰਚਾਉਣ ਲਈ ਅਮਰੀਕਾ 'ਚ ਹੋਰ ਅਧਿਕਾਰੀਆਂ ਨਾਲ ਤਾਲਮੇਲ ਕੀਤਾ।

# ਜੌੜਾਮਾਜਰਾ ਨੇ ਮੰਗੀ ਅਧਿਆਪਕਾਂ ਤੋਂ ਮਾਫ਼ੀ

**ਪਟਿਆਲਾ:** ਸਮਾਣਾ ਵਿਧਾਨ ਸਭਾ ਹਲਕੇ ਦੇ ਵਿਧਾਇਕ ਤੇ ਸਾਬਕਾ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਅਧਿਆਪਕਾਂ ਖ਼ਿਲਾਫ਼ ਕੀਤੀਆਂ ਟਿੱਪਣੀਆਂ ਲਈ ਜਨਤਕ ਤੌਰ 'ਤੇ ਮਾਫ਼ੀ ਮੰਗ ਲਈ ਹੈ। ਵੀਰਵਾਰ ਨੂੰ ਜਾਰੀ ਵਿਧਾਇਕ ਨੇ ਆਪਣੇ ਸਪੱਸ਼ਟੀਕਰਨ 'ਚ ਕਿਹਾ, ਇਕ ਸਰਕਾਰੀ ਸਕੂਲ 'ਚ ਬੋਲੇ ਗਏ ਕਿਸੇ ਸ਼ਬਦ ਨਾਲ ਕਿਸੇ ਅਧਿਆਪਕ ਨੂੰ ਠੇਸ ਪਹੁੰਚੀ ਹੈ, ਤਾਂ ਮੈਂ ਦਿਲੋਂ ਮਾਫ਼ੀ ਮੰਗਦਾ ਹਾਂ ਅਧਿਆਪਕ ਸਾਡੇ ਗੁਰੂ ਹਨ, ਜਿਨ੍ਹਾਂ ਨੇ ਸਾਨੂੰ ਸਿਖਾਇਆ ਤੇ ਸਹੀ ਰਸਤਾ ਦਿਖਾਇਆ। ਜੇਕਰ ਉਸਨੂੰ ਮੇਰੇ ਸ਼ਬਦਾਂ ਨਾਲ ਬੁਰਾ ਲੱਗਾ ਹੈ, ਤਾਂ ਮੈਂ ਨਾ ਸਿਰਫ਼ ਉਸ ਤੋਂ, ਸਗੋਂ ਪੂਰੇ ਸੂਬੇ ਦੇ ਅਧਿਆਪਕਾਂ ਤੋਂ ਮਾਫ਼ੀ ਮੰਗਦਾ ਹਾਂ।' ਓਧਰ ਇਸ ਤੋਂ ਬਾਅਦ ਅਧਿਆਪਕ ਜਥੇਬੰਦੀਆਂ ਨੇ ਆਪਣੇ ਪੁਤਲਾ ਫੂਕ ਮੁਜ਼ਾਹਰੇ ਰੱਦ ਕਰ ਦਿੱਤੇ।



# ਰਾਣਾ ਨਾਲ ਸਾਡਾ ਕੋਈ ਲੈਣਾ ਦੇਣਾ ਨਹੀਂ: ਪਾਕਿਸਤਾਨ



**ਇਸਲਾਮਾਬਾਦ:** ਪਾਕਿਸਤਾਨ ਨੇ ਵੀਰਵਾਰ ਨੂੰ 26/11 ਮੁੰਬਈ ਅੱਤਵਾਦੀ ਹਮਲੇ ਦੇ ਦੋਸ਼ੀ ਤਹੱਵਰ ਰਾਣਾ ਤੋਂ ਟਾਲਾ ਵੱਟਦੇ ਹੋਏ ਕਿਹਾ ਕਿ ਉਨ੍ਹਾਂ ਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਪਾਕਿਸਤਾਨ 'ਚ ਵਿਦੇਸ਼ ਦਫ਼ਤਰ ਦੇ ਬੁਲਾਰੇ ਸ਼ਫ਼ਕਤ ਅਲੀ ਖਾਨ ਨੇ ਹਫਤਾਵਾਰੀ ਮੀਡੀਆ ਬ੍ਰੀਫਿੰਗ ਦੌਰਾਨ ਪੁੱਛੇ ਗਏ ਸਵਾਲ ਦੇ ਜਵਾਬ 'ਚ ਕਿਹਾ, 'ਉਹ (ਰਾਣਾ) ਕੈਨੇਡੀਆਈ ਨਾਗਰਿਕ ਹੈ। ਸਾਡੇ ਰਿਕਾਰਡ ਅਨੁਸਾਰ ਉਸ ਨੇ ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਆਪਣੇ ਪਾਕਿਸਤਾਨੀ ਦਸਤਾਵੇਜ਼ਾਂ ਦਾ ਨਵੀਨੀਕਰਨ ਨਹੀਂ ਕਰਾਇਆ ਹੈ। ਹਾਲਾਂਕਿ ਇਨ੍ਹਾਂ ਦਸਤਾਵੇਜ਼ਾਂ ਦੇ ਬਾਰੇ 'ਚ ਦੱਸਣ ਤੋਂ ਖਾਨ ਨੇ ਨਾਂਹ ਕਰ ਦਿੱਤੀ। ਆਮ ਤੌਰ 'ਤੇ ਇਨ੍ਹਾਂ ਦਸਤਾਵੇਜ਼ਾਂ 'ਚ ਵਿਦੇਸ਼ 'ਚ ਰਹਿ ਰਹੇ ਪਾਕਿਸਤਾਨੀਆਂ ਲਈ ਰਾਸ਼ਟਰੀ ਪਛਾਣ-ਪੱਤਰ ਅਤੇ ਪਾਸਪੋਰਟ ਆਦਿ ਸ਼ਾਮਲ ਹੁੰਦਾ ਹੈ। ਜ਼ਿਕਰਯੋਗ ਹੈ ਕਿ ਰਾਣਾ ਦਾ ਜਨਮ 1961 'ਚ ਪਾਕਿਸਤਾਨ 'ਚ ਹੋਇਆ ਸੀ। ਉਸ ਨੇ ਪਾਕਿਸਤਾਨ ਫ਼ੌਜ ਦੇ ਮੈਡੀਕਲ ਦਲ 'ਚ ਕੰਮ ਕੀਤਾ ਸੀ। ਹਾਲਾਂਕਿ ਪਿਛਲੀ ਸਦੀ ਦੇ ਆਖਰੀ ਦਹਾਕੇ 'ਚ ਉਹ ਕੈਨੇਡਾ ਚਲਾ ਗਿਆ ਸੀ, ਜਿਥੇ ਉਸ ਨੂੰ ਨਾਗਰਿਕਤਾ ਮਿਲ ਗਈ ਸੀ।

ਪੰਜਾਬ ਟਾਈਮਜ਼

19 ਅਪਰੈਲ, ਸ਼ਨਿਚਰਵਾਰ

# 2027 ਵੱਲ ਵਧਦਾ ਪੰਜਾਬ

ਸੁਖਬੀਰ ਸਿੰਘ ਬਾਦਲ ਨੂੰ ਸ਼੍ਰੋਮਣੀ ਅਕਾਲੀ ਦਲ ਵਲੋਂ ਦੁਬਾਰਾ ਆਪਣਾ ਪ੍ਰਧਾਨ ਚੁਣ ਲਏ ਜਾਣ ਤੋਂ ਬਾਅਦ ਵੀ ਬਾਦਲਾਂ ਲਈ ਵੰਗਾਰਾਂ ਭਾਵੇਂ ਖ਼ਤਮ ਨਹੀਂ ਹੋਈਆਂ, ਪਰ ਪੰਜਾਬ ਵਿਚ ਸਿਆਸੀ ਸਰਗਰਮੀਆਂ ਇਕਦਮ ਤੇਜ਼ ਹੋ ਗਈਆਂ ਹਨ। ਵਿਸਾਖੀ ਦੇ ਪਵਿੱਤਰ ਮੌਕੇ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਹੋਈਆਂ ਪੰਥਕ ਕਾਨਫਰੰਸਾਂ ਵੀ ਅਜੇਹੀ ਸਰਗਰਮੀ ਦੀ ਮੁਢਲੀ ਤਸਵੀਰ ਪੇਸ਼ ਕਰ ਰਹੀਆਂ ਸਨ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਆਪਣੇ ਸੰਬੋਧਨ ਵਿਚ 2027 ਦੀ ਲੜਾਈ ਨੂੰ ਨਵੀਂ ਸੇਧ ਦੇਣ ਦਾ ਯਤਨ ਕੀਤਾ। ਇਨ੍ਹਾਂ ਕਾਨਫਰੰਸਾਂ 'ਤੋਂ ਬਿਨਾਂ ਵੀ ਜੇਕਰ 'ਨਸ਼ਿਆਂ ਵਿਰੁੱਧ ਯੁੱਧ' ਅਤੇ 'ਸਿਖਿਆ ਕ੍ਰਾਂਤੀ' ਨਾਲ ਜੂਝ ਰਹੀ ਰਾਜਨੀਤੀ 'ਤੇ ਕੇਂਦਰਿਤ ਹੋਈਏ ਤਾਂ ਸਪੱਸ਼ਟ ਹੈ ਕਿ ਪੰਜਾਬ ਦੇ ਸਿਆਸੀ ਦਲਾਂ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਰਾਜ ਵਿਚ ਸਿਆਸੀ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਸਾਰੀਆਂ ਰਾਜਨੀਤਿਕ ਪਾਰਟੀਆਂ ਵਲੋਂ ਆਪੋ-ਆਪਣੇ ਸੰਗਠਨਾਂ ਨੂੰ ਵੀ ਮਜ਼ਬੂਤ ਕੀਤਾ ਜਾ ਰਿਹਾ ਹੈ ਅਤੇ ਨਵੀਆਂ ਸਫ਼ਬੰਦੀਆਂ ਲਈ ਵੀ ਪਰ ਤੋਲੇ ਜਾ ਰਹੇ ਹਨ। ਇਸ ਸੰਦਰਭ ਵਿਚ ਅਕਾਲੀ ਦਲ (ਬ) ਸਭ ਤੋਂ ਵੱਧ ਸਰਗਰਮ ਹੈ। ਪ੍ਰਧਾਨ ਚੁਣੇ ਜਾਣ ਉਪਰੰਤ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸੁਖਬੀਰ ਸਿੰਘ ਬਾਦਲ ਨੇ ਜਿੱਥੇ ਸਿੱਖ ਵਿਰੋਧੀ ਤਾਕਤਾਂ ਦੀਆਂ ਸਾਜਿਸ਼ਾਂ ਦਾ ਜ਼ਿਕਰ ਕੀਤਾ, ਉੱਥੇ ਇਹ ਵੀ ਕਿਹਾ ਕਿ ਉਹ ਪੰਥ, ਪੰਜਾਬ ਅਤੇ ਪਾਰਟੀ ਦੇ ਸਨਮਾਨ ਦੀ ਰਾਖੀ ਕਰਨਗੇ। ਉਨ੍ਹਾਂ ਇਸ ਸਮੇਂ ਵਡੇਰੀ ਪੰਥਕ ਏਕਤਾ ਦਾ ਵੀ ਸੱਦਾ ਦਿੱਤਾ ਅਤੇ ਕਿਹਾ ਕਿ ਪਾਰਟੀ ਪੰਥ ਅਤੇ ਪੰਜਾਬੀਅਤ ਨੂੰ ਸਮਰਪਿਤ ਰਹੇਗੀ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਪਿਛਲੇ ਸਮੇਂ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਇਸ ਦੀ ਲੀਡਰਸ਼ਿਪ ਨੂੰ ਖ਼ਤਮ ਕਰਨ ਦੀਆਂ ਸਾਜਿਸ਼ਾਂ ਰਚੀਆਂ ਜਾਂਦੀਆਂ ਰਹੀਆਂ ਹਨ।

ਨਾਲ ਹੀ ਉਨ੍ਹਾਂ ਨੇ ਸਾਲ 2027 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਪਾਰਟੀ ਨੂੰ ਪੂਰੀ ਤਿਆਰੀ ਕਰਨ ਦਾ ਸੱਦਾ ਵੀ ਦਿੱਤਾ। ਚਾਹੇ ਇਸ ਸਮੇਂ ਉਨ੍ਹਾਂ ਨੇ ਵਡੇਰੀ ਪੰਥਕ ਏਕਤਾ ਦਾ ਸੱਦਾ ਤਾਂ ਜ਼ਰੂਰ ਦਿੱਤਾ, ਪਰ ਦੂਸਰੇ ਪਾਸੇ ਨਾਰਾਜ਼ ਵਿਰੋਧੀ ਧੜੇ ਵਲੋਂ ਵੀ ਤਤਕਾਲੀ ਜਥੇਦਾਰਾਂ ਤੋਂ ਪ੍ਰਾਪਤ ਕੀਤੀਆਂ ਹਦਾਇਤਾਂ ਅਨੁਸਾਰ ਅਕਾਲੀ ਦਲ ਦੀ ਭਰਤੀ ਲਈ ਸਰਗਰਮੀ ਆਰੰਭੀ ਹੋਈ ਹੈ। ਇਸ ਲਈ ਇਸ ਸਮੇਂ ਵਡੇਰੀ ਪੰਥਕ ਏਕਤਾ ਅਮਲੀ ਰੂਪ ਵਿਚ ਅਜੇ ਸੰਭਵ ਹੋਣ ਦੀ ਸੰਭਾਵਨਾ ਘੱਟ ਹੈ।

ਦੂਜੇ ਪਾਸੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਪ੍ਰਸ਼ਾਸਨ ਦੇ ਤਿੰਨ ਸਾਲ ਪੂਰੇ ਕਰ ਲਏ ਹਨ, ਪਰ ਉਸ ਨੇ ਵੀ ਰਹਿੰਦੇ 2 ਸਾਲਾਂ ਲਈ ਪਾਰਟੀ ਨੂੰ ਸਰਗਰਮ ਤੇ ਪ੍ਰਸੰਗਿਕ ਰੱਖਣ ਲਈ ਅਤੇ 2027 ਦੀਆਂ ਚੋਣਾਂ ਲਈ ਪੂਰੀ ਯੋਜਨਾਬੰਦੀ ਕਰ ਲਈ ਜਾਪਦੀ ਹੈ ਅਤੇ ਉਸ ਦੇ ਮੁਤਾਬਿਕ ਹੀ ਸਰਕਾਰ ਅਤੇ ਪਾਰਟੀ ਵਰਕਰਾਂ ਨੂੰ ਵਧੇਰੇ ਸਰਗਰਮ ਕਰਨ ਲਈ ਅਮਲ ਸ਼ੁਰੂ ਕਰ ਦਿੱਤਾ ਹੈ। ਸੂਬੇ ਅੰਦਰ ਨਸ਼ਿਆਂ ਦੀ ਅਲਾਮਤ ਖ਼ਤਮ ਕਰਨ ਲਈ ਅਤੇ ਵਿਆਪਕ ਪੱਧਰ 'ਤੇ ਫੈਲੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਲਈ ਸਰਕਾਰ ਵਲੋਂ ਜੋ ਸਖ਼ਤ ਕਾਰਵਾਈਆਂ ਆਰੰਭੀਆਂ ਗਈਆਂ ਹਨ, ਉਨ੍ਹਾਂ ਦਾ ਵੀ ਹਰ ਪੱਖ ਤੋਂ ਅਸਰ ਆਉਣ ਵਾਲੇ ਸਮੇਂ ਵਿਚ ਮਹਿਸੂਸ ਕੀਤਾ ਜਾਵੇਗਾ। ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਨਾਲ-ਨਾਲ ਹਾਈਕਮਾਨ ਦੇ ਵੱਡੇ ਆਗੂਆਂ ਦਾ ਸੂਬੇ ਵਿਚ ਸਰਗਰਮ ਹੋਣਾ 2027 ਦੀ ਚਿੰਤਾ ਦਾ ਹੀ ਸੰਦੇਸ਼ ਦਿੰਦਾ ਹੈ।

ਇਸੇ ਕੜੀ ਵਿਚ ਹੀ ਸੂਬਾ ਕਾਂਗਰਸ ਵੀ ਪੂਰੀ ਤਰ੍ਹਾਂ ਸਰਗਰਮ ਹੋਣ ਲਈ ਪਰ ਤੋਲਦੀ ਨਜ਼ਰ ਆ ਰਹੀ ਹੈ। ਪਿਛਲੇ ਸਮੇਂ ਵਿਚ ਇਹ ਪ੍ਰਭਾਵ ਬਣਦਾ ਜਾ ਰਿਹਾ ਸੀ ਕਿ ਸੂਬਾ ਲੀਡਰਸ਼ਿਪ ਇਕ ਸੁਰ ਨਹੀਂ ਹੈ ਅਤੇ ਇਸ ਵਿਚ ਜ਼ਾਬਤੇ ਦੀ ਵੀ ਘਾਟ ਲਗਾਤਾਰ ਰੜਕਦੀ ਰਹੀ ਹੈ। ਇਸ ਲਈ ਕੁਲ ਹਿੰਦ ਕਾਂਗਰਸ ਕਮੇਟੀ ਦੇ ਗੁਜਰਾਤ ਵਿਚ ਹੋਏ ਸੈਸ਼ਨ ਤੋਂ ਬਾਅਦ ਪੰਜਾਬ ਕਾਂਗਰਸ ਪਾਰਟੀ ਦੇ ਇੰਚਾਰਜ ਭੁਪੇਸ਼ ਬਘੇਲ ਨੇ ਹਰ ਪੱਧਰ ਦੇ ਅਹੁਦੇਦਾਰਾਂ ਦੀ ਮੀਟਿੰਗ ਕੀਤੀ ਹੈ, ਜਿਸ ਵਿਚ ਉਨ੍ਹਾਂ ਨੇ ਪਾਰਟੀ ਲੀਡਰਸ਼ਿਪ ਨੂੰ ਜ਼ਾਬਤੇ ਵਿਚ ਰਹਿਣ ਅਤੇ ਸਾਲ 2027 ਦੀਆਂ ਚੋਣਾਂ ਲਈ ਤਿਆਰੀਆਂ ਕੱਸਣ ਲਈ ਕਿਹਾ ਹੈ। ਕਾਂਗਰਸੀ ਲੀਡਰਸ਼ਿਪ ਵਲੋਂ ਇਹ ਪ੍ਰਭਾਵ ਬਣਾਇਆ ਜਾ ਰਿਹਾ ਹੈ ਕਿ ਆਉਂਦੀਆਂ ਚੋਣਾਂ ਵਿਚ ਉਨ੍ਹਾਂ ਨੂੰ ਵੱਡੀ ਜਿੱਤ ਪ੍ਰਾਪਤ ਹੋਵੇਗੀ, ਪਰ ਅਜਿਹਾ ਤਦੇ ਹੀ ਸੰਭਵ ਹੋ ਸਕੇਗਾ ਜੇਕਰ ਆਪਸੀ ਏਕਤਾ ਦੇ ਨਾਲ-ਨਾਲ ਕੀਤੀਆਂ ਜਾ ਰਹੀਆਂ ਗਹਿਰ-ਗੰਭੀਰ ਵਿਚਾਰਾਂ ਨੂੰ ਪਾਰਟੀ ਵਲੋਂ ਅਮਲੀ ਰੂਪ ਦਿੱਤਾ ਜਾ ਸਕੇਗਾ।

ਪੰਜਾਬ ਵਿਚ ਭਾਜਪਾ ਦੀਆਂ ਕਈ ਕਾਰਨਾਂ ਕਰਕੇ ਆਪਣੀਆਂ ਸੀਮਾਵਾਂ ਜ਼ਰੂਰ ਨਜ਼ਰ ਆਉਂਦੀਆਂ ਹਨ, ਪਰ ਜਿਸ ਢੰਗ-ਤਰੀਕੇ ਅਤੇ ਯੋਜਨਾਬੰਦੀ ਨਾਲ ਇਸ ਪਾਰਟੀ ਨੇ ਇੱਥੇ ਕੰਮ ਕਰਨਾ ਸ਼ੁਰੂ ਕੀਤਾ ਹੈ, ਉਸ 'ਤੋਂ ਆਉਣ ਵਾਲੇ ਸਮੇਂ ਵਿਚ ਇਸ ਦੇ ਪ੍ਰਭਾਵ 'ਤੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ। ਪੰਜਾਬ ਭਾਜਪਾ ਦੇ ਸੀਨੀਅਰ ਆਗੂ ਮਨੋਰੰਜਨ ਕਾਲੀਆ ਦੇ ਘਰ ਉਤੇ ਹੋਏ ਹਮਲੇ ਅਤੇ ਗ੍ਰਨੇਡਾਂ ਸੰਬੰਧੀ ਦਿੱਤੇ ਬਿਆਨ ਉਪਰੰਤ ਪ੍ਰਤਾਪ ਸਿੰਘ ਬਾਜਵਾ ਉਤੇ ਕੇਸ ਦਰਜ ਕੀਤੇ ਜਾਣ ਨਾਲ ਰਾਜਨੀਤਕ ਹਾਲਾਤ ਕਈ ਹੋਰ ਦਿਸ਼ਾਵਾਂ ਗ੍ਰਹਿਣ ਕਰਦੇ ਨਜ਼ਰ ਆ ਰਹੇ ਹਨ।

ਪਲ ਪਲ ਬਦਲ ਰਹੀ ਸਥਿਤੀ ਵਿਚ ਰਾਜਨੀਤਕ ਪਾਰਟੀਆਂ ਦੀਆਂ ਸਰਗਰਮੀਆਂ ਨੂੰ ਲੋਕਤੰਤਰ ਦੀ ਮਜ਼ਬੂਤੀ ਦਾ ਅਮਲ ਕਿਹਾ ਜਾ ਸਕਦਾ ਹੈ, ਪਰ ਇਸ ਦੇ ਨਾਲ ਹੀ ਸਿਆਸੀ ਪਾਰਟੀਆਂ ਅਤੇ ਆਗੂਆਂ 'ਤੋਂ ਉਮੀਦ ਹੈ ਕਿ ਉਹ ਆਉਣ ਵਾਲੇ ਸਮੇਂ ਵਿਚ 'ਪੰਜਾਬ ਦੇ ਮਸਲਿਆਂ 'ਤੇ ਧਿਆਨ ਕੇਂਦਰਤ ਕਰਨਗੇ, ਸਮਾਜ ਵਿਰੋਧੀ ਅਨਸਰਾਂ ਨੂੰ ਬਰੀਕਬੀਨੀ ਨਾਲ ਪਛਾਣਨਗੇ, ਅਤੇ ਸਿਆਸੀ ਮੰਚ 'ਤੇ ਵਿਚਰਦਿਆਂ ਆਪਸੀ ਸਤਿਕਾਰ ਵੀ ਜ਼ਰੂਰ ਬਣਾ ਕੇ ਰੱਖਣਗੇ, ਕਿਉਂਕਿ ਪਹਿਲਾਂ ਹੀ ਡੋਲੇ ਹੋਏ ਸੂਬੇ ਲਈ ਸਮਰਪਿਤ ਭਾਵਨਾਵਾਂ ਨਾਲ ਕੀਤੀਆਂ ਗਈਆਂ ਕਾਰਵਾਈਆਂ ਹੀ ਚੰਗੇ ਸਿੱਟੇ ਪ੍ਰਾਪਤ ਕਰ ਸਕਦੀਆਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਰੋਈ ਰੂਹ ਸਮੁੰਦਰੀ ਦੀ!

'ਦੋ ਦਸੰਬਰ' ਦੇ ਹੋਏ ਜੋ 'ਹੁਕਮਨਾਮੇ' ਮੱਥਾ ਲਾ ਕੇ ਬਣ ਗਏ 'ਹੈਵਾਨ' ਯਾਰੋ।
ਤਿੰਨ ਤਖਤਾਂ 'ਤੇ ਚਾੜ੍ਹ ਕੇ 'ਹੁਕਮ' ਜਿਨ੍ਹਾਂ ਜਥੇਦਾਰ ਹੀ ਕਰ'ਤੇ 'ਕੁਰਬਾਨ' ਯਾਰੋ।
ਧਨ-ਧੌਂਸ ਦੇ ਕਾਰੇ ਕਰ 'ਕਪਟ' ਵਾਲੇ ਚਾਹੁੰਦੇ ਪੰਥ ਵਿਚ ਹੋਣਾ 'ਪ੍ਰਵਾਨ' ਯਾਰੋ।
ਦਿਸਦਾ ਜਰਾ ਵੀ ਨਹੀਂ 'ਹੰਕਾਰਿਆਂ' ਨੂੰ ਕੀਤਾ ਵਿਰਸੇ ਦਾ ਕਿੰਨਾ ਨੁਕਸਾਨ ਯਾਰੋ।
ਕਾਹਲੀ ਭਰਤੀ ਤੇ 'ਕਾਗਜ਼ੀ' ਕਾਰਵਾਈ ਚਮਚੇ ਕੜਛਿਆਂ ਕਰਤਾ ਐਲਾਨ ਯਾਰੋ।
ਰੂਹ 'ਕੁਰਲਾ' ਰਹੀ ਹੋਊ 'ਸਮੁੰਦਰੀ' ਦੀ ਬਣਿਆਂ ਦੇਖ ਕੇ ਆਕੀ 'ਭਰਦਾਨ' ਯਾਰੋ।

# ਆਦਰਸ਼ ਸਕੂਲਾਂ ਦੀ ਅਸਲੀਅਤ ਅਤੇ ਭਗਵੰਤ ਮਾਨ ਸਰਕਾਰ ਦਾ ਜਾਬਰ ਰਵੱਈਆ

ਪਿਛਲੇ ਕਈ ਹਫਤਿਆਂ ਤੋਂ ਬਠਿੰਡਾ ਜ਼ਿਲ੍ਹੇ ਵਿਚ ਪੈਂਦੇ ਆਦਰਸ਼ ਸਕੂਲ ਚਾਉਕੇ ਦੇ ਅਧਿਆਪਕਾਂ ਵੱਲੋਂ ਆਪਣੇ ਹੱਕਾਂ ਲਈ ਲੜਿਆ ਜਾ ਰਿਹਾ ਸੰਘਰਸ਼ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਅਧਿਆਪਕਾਂ ਵੱਲੋਂ ਸਕੂਲ ਮੈਨੇਜਮੈਂਟ ਖਿਲਾਫ ਵਿੱਢੇ ਸੰਘਰਸ਼ ਦਰਮਿਆਨ ਸੂਬਾ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਸੀ ਕਿ ਮਸਲੇ ਦਾ ਢੁੱਕਵਾਂ ਹੱਲ ਕੱਢਿਆ ਜਾਂਦਾ, ਪਰ ਮਸਲਾ ਹੱਲ ਕਰਨ ਦੀ ਬਜਾਏ ਸੂਬਾ ਸਰਕਾਰ ਨੰਗੇ ਚਿੱਟੇ ਰੂਪ ਵਿਚ ਸਕੂਲ ਪ੍ਰਬੰਧਕਾਂ ਦੀ ਪਿੱਠ ਉਪਰ ਖੜ੍ਹ ਗਈ। ਸੰਘਰਸ਼ਸ਼ੀਲ ਅਧਿਆਪਕਾਂ ਅਤੇ ਉਨ੍ਹਾਂ ਦੀਆਂ ਹਮਾਇਤੀ ਜਥੇਬੰਦੀਆਂ ਦੇ ਆਗੂਆਂ ਨੂੰ ਪੁਲੀਸ ਵੱਲੋਂ ਗ੍ਰਿਫਤਾਰ ਕਰਕੇ ਤਸ਼ੱਦਦ ਕਰਨ ਤੋਂ ਬਾਅਦ ਜੇਲ੍ਹ ਭੇਜਣ ਦੇ ਮਾਮਲੇ ਨੇ 'ਆਪ' ਸਰਕਾਰ ਦੇ ਲੋਕ



ਨਵਕਿਰਨ ਸਿੰਘ ਪੱਤੀ

ਫੋਨ: 98885-44001

ਵਿਰੋਧੀ ਕਿਰਦਾਰ ਨੂੰ ਨੰਗਾ ਕੀਤਾ ਹੈ।

ਸਾਡੇ ਲਈ ਇਹ ਸਮਝਣਾ ਬਹੁਤ ਮਹੱਤਵਪੂਰਨ ਹੈ ਕਿ ਆਖਰ ਸਰਕਾਰ ਸਕੂਲ ਪ੍ਰਬੰਧਕ ਕਮੇਟੀ ਦੀ ਨੰਗੀ ਚਿੱਟੀ ਹਮਾਇਤ ਵਿਚ ਕਿਉਂ ਉਤਰੀ ਹੈ। ਮੁੱਖ ਰੂਪ ਵਿਚ ਇਸਦੇ ਦੋ ਪਹਿਲੂ ਹਨ-ਪਹਿਲਾ ਪਹਿਲੂ ਤਾਂ ਇਹ ਹੈ ਕਿ ਸੂਬਾ ਸਰਕਾਰ ਵੱਲੋਂ ਪਿਛਲੇ ਕੁੱਝ ਮਹੀਨਿਆਂ ਤੋਂ ਪੰਜਾਬ ਨੂੰ ਪੁਲਿਸ ਰਾਜ ਵੱਲ ਵਧਾਇਆ ਜਾ ਰਿਹਾ ਹੈ ਅਤੇ 'ਆਪ' ਸਰਕਾਰ ਦੇ ਇਸ਼ਾਰੇ ਤਹਿਤ ਪੁਲਿਸ ਵੱਲੋਂ ਸਿਰਫ ਆਦਰਸ਼ ਸਕੂਲ ਚਾਉਕੇ ਦੇ ਅਧਿਆਪਕਾਂ ਨੂੰ ਹੀ ਨਹੀਂ, ਸਗੋਂ ਪੰਜਾਬ ਵਿਚ ਉੱਠਣ ਵਾਲੀ ਹਰ ਹੱਕ-ਸੱਚ ਦੀ ਆਵਾਜ਼ ਨੂੰ ਜ਼ਬਰ ਨਾਲ ਕੁਚਲਣ ਦੀ ਨੀਤੀ ਅਖਤਿਆਰ ਕੀਤੀ ਹੋਈ ਹੈ। ਸ਼ੰਭੂ, ਖਨੌਰੀ ਬਾਰਡਰ ਉਪਰ ਚੱਲ ਰਹੇ ਪੱਕੇ ਮੋਰਚੇ ਹਟਾਉਣ ਅਤੇ ਸੰਯੁਕਤ ਕਿਸਾਨ ਮੋਰਚਾ ਦੇ ਚੰਡੀਗੜ੍ਹ ਮਾਰਚ ਨੂੰ ਅਸਫਲ ਬਨਾਉਣ ਸਮੇਂ ਸਰਕਾਰ ਵੱਲੋਂ ਅਪਣਾਈ ਨੀਤੀ ਸਪੱਸ਼ਟ ਹੋ ਚੁੱਕੀ ਹੈ।

ਦੂਜਾ, ਪੰਜਾਬ ਵਿਚ ਖੁੱਲ੍ਹੇ ਆਦਰਸ਼ ਸਕੂਲ ਸਿੱਖਿਆ ਦੇ ਨਿੱਜੀਕਰਨ ਦੀ ਪ੍ਰਤੱਖ ਉਦਾਹਰਨ ਹਨ ਅਤੇ ਨਿੱਜੀਕਰਨ, ਉਦਾਰੀਕਰਨ, ਵਪਾਰੀਕਰਨ ਦੀਆਂ ਨੀਤੀਆਂ ਨੂੰ ਤੇਜ਼ੀ ਨਾਲ ਲਾਗੂ ਕਰਨ ਲਈ ਤਤਪਰ 'ਆਪ' ਸਰਕਾਰ ਨਹੀਂ ਚਾਹੁੰਦੀ ਕਿ ਪੰਜਾਬ ਵਿਚ ਕਿਤੇ ਵੀ ਨਿੱਜੀਕਰਨ ਦੀ ਨੀਤੀ ਨੂੰ ਚੁਣੌਤੀ ਮਿਲੇ। ਇਸੇ ਕਰਕੇ ਸਿੱਖਿਆ, ਸਿਹਤ, ਬਿਜਲੀ ਖੇਤਰ ਵਿਚ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਕਰਾਉਣ ਲਈ ਕਾਹਲੀ ਪਈ ਭਗਵੰਤ ਮਾਨ ਸਰਕਾਰ ਜ਼ਬਰ 'ਤੇ ਉਤਰ ਆਈ ਹੈ।

ਸਰਕਾਰ ਦੀ ਜ਼ਾਬਰ ਨੀਤੀ ਅੱਗੇ ਸਥਿਤੀ ਇਹ ਬਣੀ ਕਿ ਆਦਰਸ਼ ਸਕੂਲ ਅਧਿਆਪਕਾਂ ਨੂੰ ਇਕ ਹਫਤੇ ਵਿਚ ਕਈ ਵਾਰ ਪੁਲਿਸ ਲਾਠੀਚਾਰਜ ਦਾ ਸਾਹਮਣਾ ਕਰਨਾ ਪਿਆ। ਪਹਿਲਾਂ ਪੁਲਿਸ ਪ੍ਰਸ਼ਾਸਨ ਵੱਲੋਂ 26 ਮਾਰਚ ਨੂੰ ਕਾਰਵਾਈ ਕਰਦਿਆਂ ਆਦਰਸ਼ ਸਕੂਲ ਚਾਉਕੇ ਅੱਗੇ ਧਰਨਾ ਦੇ ਰਹੇ ਅਧਿਆਪਕਾਂ ਅਤੇ ਬੱਚਿਆਂ ਦੇ ਮਾਪਿਆਂ ਨੂੰ ਲਾਠੀਚਾਰਜ ਕਰਕੇ ਖਦੇੜ ਦਿੱਤਾ ਗਿਆ। ਪੁਲਿਸ ਕਾਰਵਾਈ ਖਿਲਾਫ ਅਗਲੇ ਦਿਨ ਅਧਿਆਪਕਾਂ ਨੇ ਭਰਾਤਰੀ ਜਥੇਬੰਦੀਆਂ ਦੀ ਹਮਾਇਤ ਨਾਲ ਸਕੂਲ ਨੂੰ ਜਿੰਦਾ ਲਗਾ ਦਿੱਤਾ ਤਾਂ ਪ੍ਰਸ਼ਾਸਨ ਵੱਲੋਂ ਫਿਰ ਕਾਰਵਾਈ ਕਰਦਿਆਂ ਪ੍ਰਦਰਸ਼ਨਕਾਰੀਆਂ ਨੂੰ ਸਕੂਲ ਅੱਗੋਂ ਗ੍ਰਿਫਤਾਰ ਕਰ ਲਿਆ। 5 ਅਪਰੈਲ ਨੂੰ ਆਦਰਸ਼ ਸਕੂਲ ਚਾਉਕੇ ਦੇ ਅਧਿਆਪਕਾਂ ਦੀਆਂ ਗ੍ਰਿਫਤਾਰੀਆਂ ਦੇ ਮਾਮਲੇ ਨੂੰ ਲੈ ਕੇ ਜਦੋਂ ਜਨਤਕ ਜਥੇਬੰਦੀਆਂ ਦੇ ਆਗੂ ਅਤੇ ਵਰਕਰ ਥਾਣਾ ਸਦਰ ਰਾਮਪੁਰਾ ਪਹੁੰਚੇ ਤਾਂ ਪੁਲੀਸ ਵੱਲੋਂ ਉਨ੍ਹਾਂ ਉੱਪਰ ਜ਼ਬਰ ਕੀਤਾ ਗਿਆ। ਅਧਿਆਪਕਾਂ ਦੀ ਹਮਾਇਤ 'ਤੇ ਆਈਆਂ ਮਹਿਲਾ ਕਿਸਾਨ ਆਗੂਆਂ ਹਰਿੰਦਰ ਬਿੰਦੂ ਤੇ ਪਰਮਜੀਤ ਕੌਰ ਪਿੱਥੋ ਨੂੰ ਪੁਲਿਸ ਵੱਲੋਂ ਗਿਣ-ਮਿੱਥ ਕੇ ਨਿਸ਼ਾਨਾ ਬਣਾਇਆ ਗਿਆ। ਮਹਿਲਾ ਪੁਲਿਸ ਮੁਲਾਜ਼ਮਾਂ ਵੱਲੋਂ ਜਾਣ-ਬੁੱਝ ਕੇ ਜਨਤਕ ਤੌਰ 'ਤੇ ਹਰਿੰਦਰ ਬਿੰਦੂ ਦੇ ਥੱਪੜ ਮਾਰੇ ਗਏ ਤਾਂ ਕਿ ਉਸਨੂੰ ਜ਼ਲੀਲ ਕੀਤਾ ਜਾ ਸਕੇ। ਪੁਲਿਸ ਇੱਥੇ ਹੀ ਨਹੀਂ ਰੁਕੀ ਬਲਕਿ ਹਰਿੰਦਰ ਬਿੰਦੂ, ਪਰਮਜੀਤ ਕੌਰ ਪਿੱਥੋ ਸਮੇਤ ਦਰਜਨਾਂ ਅਧਿਆਪਕਾਂ ਤੇ ਕਿਸਾਨਾਂ ਨੂੰ ਗ੍ਰਿਫਤਾਰ ਕਰਕੇ ਥਾਣੇ ਅੰਦਰ ਤਸ਼ੱਦਦ ਕਰਦਿਆਂ ਜੇਲ੍ਹ ਭੇਜ ਦਿੱਤੇ ਗਏ। ਪੁਲਿਸ ਇਸ ਹੱਦ ਤੱਕ ਗਈ ਕਿ 13 ਮਹੀਨਿਆਂ ਦੀ ਬੱਚੀ ਅਤੇ ਉਸਦੀ ਮਾਂ ਨੂੰ ਵੀ ਜੇਲ੍ਹ ਭੇਜ ਦਿੱਤਾ ਗਿਆ। ਮਹਿਲਾ ਅਧਿਆਪਕਾਂ ਤੇ ਬਜ਼ੁਰਗ ਕਿਸਾਨ ਔਰਤਾਂ ਸਮੇਤ ਜੇਲ੍ਹ ਤੋਂ 10 ਅਪਰੈਲ ਦੀ ਦੇਰ ਸ਼ਾਮ ਜ਼ਮਾਨਤ ਤਹਿਤ ਰਿਹਾਅ ਹੋਈਆਂ ਮਹਿਲਾ ਕਿਸਾਨ ਆਗੂਆਂ ਹਰਿੰਦਰ ਬਿੰਦੂ ਤੇ ਪਰਮਜੀਤ ਕੌਰ ਪਿੱਥੋ ਅਗਲੇ ਦਿਨ 11 ਅਪਰੈਲ ਨੂੰ ਸਰਕਾਰੀ ਹਸਪਤਾਲ ਬਾਲਿਆਂਵਾਲੀ ਵਿਚ ਇਲਾਜ ਲਈ ਪਹੁੰਚੀਆਂ ਤਾਂ ਡਾਕਟਰਾਂ ਵੱਲੋਂ ਉਨ੍ਹਾਂ ਨੂੰ ਹਸਪਤਾਲ ਦਾਖਲ ਕਰਨ ਉਪਰੰਤ ਸਬੰਧਤ ਪੁਲੀਸ ਨੂੰ ਰੁੱਕਾ ਭੇਜਣ ਦੇ ਬਾਵਜੂਦ ਕੋਈ ਪੁਲੀਸ ਅਧਿਕਾਰੀ ਤਿੰਨ ਦਿਨ ਬੀਤਣ ਦੇ ਬਾਵਜੂਦ ਉਨ੍ਹਾਂ ਦੇ ਬਿਆਨ ਦਰਜ ਕਰਨ ਨਹੀਂ



ਪਹੁੰਚਿਆ ਸੀ।ਇਸ ਸਮੇਂ ਬਠਿੰਡਾ ਦੇ ਸਰਕਾਰੀ ਹਸਪਤਾਲ 'ਚ ਦਾਖਲ ਇਨ੍ਹਾਂ ਮਹਿਲਾ ਕਿਸਾਨ ਆਗੂਆਂ ਨੇ ਮੁੱਖ ਮੰਤਰੀ ਪੰਜਾਬ, ਡੀ.ਜੀ.ਪੀ. ਪੰਜਾਬ ਅਤੇ ਐੱਸ.ਐੱਸ.ਪੀ. ਬਠਿੰਡਾ ਨੂੰ ਪੱਤਰ ਭੇਜ ਕੇ ਪੁਲੀਸ ਅਧਿਕਾਰੀਆਂ ਖਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ।

ਉਂਝ ਇਹ ਮਸਲਾ ਇਕੱਲੇ ਚਾਉਕੇ ਸਕੂਲ ਦਾ ਹੀ ਨਹੀਂ, ਬਲਕਿ ਪਿਛਲੇ ਵਰ੍ਹਿਆਂ ਦੌਰਾਨ ਪੰਜਾਬ ਦਾ ਸ਼ਾਇਦ ਹੀ ਕੋਈ ਅਜਿਹਾ ਆਦਰਸ਼ ਸਕੂਲ ਹੋਵੇ, ਜਿਸ ਅੱਗੇ ਧਰਨਾ ਨਾ ਲੱਗਿਆ ਹੋਵੇ। ਕਿਉਂਕਿ ਇਨ੍ਹਾਂ ਸਕੂਲਾਂ ਦੀ ਬੁਨਿਆਦ ਹੀ ਗਲਤ ਹੈ। ਅਸਲ ਵਿਚ ਇਨ੍ਹਾਂ ਆਦਰਸ਼ ਸਕੂਲਾਂ ਵਾਲੇ ਕੰਡੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ-ਭਾਜਪਾ ਸਰਕਾਰ ਨੇ ਬੀਜੇ ਸਨ। ਅਕਾਲੀ-ਭਾਜਪਾ ਸਰਕਾਰ ਨੇ ਸੂਬੇ ਦੇ ਪੇਂਡੂ ਖੇਤਰ ਦੇ ਬੱਚਿਆਂ ਨੂੰ ਅੰਗਰੇਜ਼ੀ ਮੀਡੀਅਮ 'ਚ ਮੁਫ਼ਤ ਸਿੱਖਿਆ ਮੁਹੱਈਆ ਕਰਵਾਉਣ ਦੇ ਨਾਮ ਹੇਠ ਸੂਬੇ ਵਿਚ ਕਰੀਬ 25 ਆਦਰਸ਼ ਸਕੂਲ ਖੋਲ੍ਹੇ ਸਨ। ਪਬਲਿਕ ਪ੍ਰਾਈਵੇਟ ਪਾਰਟਨਰ (ਪੀਪੀਪੀ) ਸਕੀਮ ਤਹਿਤ ਖੋਲ੍ਹੇ ਇਨ੍ਹਾਂ ਸਕੂਲਾਂ 70:30 ਦੇ ਹਿਸਾਬ ਨਾਲ ਚਲਾਉਣ ਦਾ ਫੈਸਲਾ ਲਿਆ ਗਿਆ ਸੀ ਭਾਵ 30 ਫ਼ੀਸਦੀ ਹਿੱਸੇਦਾਰੀ ਨਿੱਜੀ ਖੇਤਰ ਦੀ ਹੋਵੇਗੀ ਜਦਕਿ ਬਾਕੀ ਦਾ 70 ਫ਼ੀਸਦੀ ਹਿੱਸਾ ਸੂਬਾ ਸਰਕਾਰ ਨੇ ਅਦਾ ਕਰਨਾ ਸੀ। ਪੰਚਾਇਤਾਂ ਨੇ ਇਨ੍ਹਾਂ ਸਕੂਲਾਂ ਦੀ ਉਸਾਰੀ ਲਈ ਮੁੱਖ ਮਾਰਗਾਂ 'ਤੇ ਪੈਂਦੀਆਂ ਮਹਿੰਗੇ ਭਾਅ ਦੀ ਪੰਚਾਇਤੀ ਜ਼ਮੀਨਾਂ ਮੁਫਤ ਦਿੱਤੀਆਂ ਗਈਆਂ। ਇਨ੍ਹਾਂ ਸਕੂਲਾਂ ਨੂੰ ਚਲਾਉਣ ਲਈ ਜਿਹੜੀਆਂ ਨਿੱਜੀ ਸੰਸਥਾਵਾਂ/ਵਿਅਕਤੀਆਂ ਨੂੰ ਜ਼ਿੰਮੇਵਾਰੀ ਦਿੱਤੀ ਗਈ, ਉਨ੍ਹਾਂ ਦਾ ਇੱਕੋ ਮਨੋਰਥ ਪੈਸਾ ਕਮਾਉਣਾ ਸੀ। 'ਸੱਤਾ' ਨੇੜਲੀਆਂ ਮੈਨੇਜਮੈਂਟਾਂ ਨੇ ਲੱਖਾਂ ਰੁਪਏ ਇਨ੍ਹਾਂ ਸਕੂਲਾਂ 'ਤੋਂ ਕਮਾਏ, ਜਿਸ ਕਾਰਨ ਇਹ ਸਕੂਲ ਅੱਜ ਵੀ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਹਨ।

ਇਨਾਂ ਸਕੂਲਾਂ 'ਚ ਪਹਿਲਾਂ ਸੀ.ਬੀ.ਐਸ.ਈ. ਮਾਧਿਅਮ ਸੀ ਪਰ ਕਾਂਗਰਸ ਸਰਕਾਰ ਨੇ 2020-2021 ਦੇ ਵਿਦਿਅਕ ਸੈਸ਼ਨ ਤੋਂ ਇਨ੍ਹਾਂ ਆਦਰਸ਼ ਸਕੂਲਾਂ ਨੂੰ ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕਸ਼ਨ (ਸੀ.ਬੀ.ਐਸ.ਈ.) ਦੇ ਦਾਇਰੇ 'ਚੋਂ ਕੱਢ ਕੇ ਪੰਜਾਬ ਸਕੂਲ ਸਿੱਖਿਆ ਬੋਰਡ (ਪੀ.ਐਸ.ਈ.ਬੀ.) ਦੇ ਅਧੀਨ ਲਿਆਉਣ ਨੂੰ ਮਨਜ਼ੂਰੀ ਦੇ ਦਿੱਤੀ ਸੀ। ਪਿਛਲੇ ਵਰ੍ਹਿਆਂ ਦੌਰਾਨ ਇਹ ਤੱਥ ਵੀ ਵੇਖਣ ਨੂੰ ਮਿਲੇ ਹਨ ਕਿ ਆਦਰਸ਼ ਸਕੂਲਾਂ ਦੀਆਂ ਕੁੱਝ ਮੈਨੇਜਮੈਂਟਾਂ ਤਾਂ ਮੋਟੇ ਮੁਨਾਫੇ ਕਮਾ ਕੇ ਇਨ੍ਹਾਂ ਸਕੂਲਾਂ ਨੂੰ 'ਲਾਵਾਰਸ' ਛੱਡ ਗਈਆਂ ਹਨ ਅਤੇ ਹੁਣ ਪਿੰਡਾਂ ਦੇ ਲੋਕਾਂ ਨੂੰ ਆਪਣੇ ਹੀਲਿਆਂ-ਵਸੀਲਿਆਂ ਨਾਲ ਸਕੂਲ ਚਲਾਉਣੇ ਪੈ ਰਹੇ ਹਨ। ਜਿਵੇਂ ਕਿ ਜ਼ਿਲ੍ਹਾ ਫਿਰੋਜ਼ਪੁਰ 'ਚ ਪੈਂਦੇ ਪਿੰਡ ਬੁੱਕਣਖਾਨ ਵਾਲਾ ਦੇ ਆਦਰਸ਼ ਸਕੂਲ ਦਾ ਪ੍ਰਬੰਧ ਹੁਣ ਪਿੰਡ ਦੇ ਲੋਕਾਂ ਵੱਲੋਂ 'ਗ੍ਰਾਮ ਵਿਕਾਸ ਐਜੂਕਸ਼ਨ ਸੁਸਾਇਟੀ' ਬਣਾ ਕੇ ਚਲਾਉਣਾ ਪੈ ਰਿਹਾ ਹੈ।

ਸਪੱਸ਼ਟ ਹੈ ਕਿ ਪੀ.ਪੀ.ਪੀ. ਯੋਜਨਾਂ ਤਹਿਤ ਖੋਲ੍ਹੇ ਇਹ ਆਦਰਸ਼ ਸਕੂਲ ਸਿੱਖਿਆ ਦੇ ਨਿੱਜੀਕਰਨ ਦੀ ਉਘਤਵੀਂ ਮਿਸਾਲ ਹਨ ਅਤੇ ਇਨ੍ਹਾਂ ਸਕੂਲਾਂ ਵਿਚ ਸਭ ਤੋਂ ਮਾੜੀ ਹਾਲਤ ਅਧਿਆਪਕਾਂ ਦੀ ਹੈ। ਇਨ੍ਹਾਂ ਸਕੂਲਾਂ ਦੇ ਅਧਿਆਪਕਾਂ ਦਾ ਜਿੱਥੇ ਨਿਗੂਣੀਆਂ ਤਨਖਾਹਾਂ ਉੱਪਰ ਆਰਥਿਕ, ਮਾਨਸਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ, ਉੱਥੇ ਹੀ ਸਕੂਲ ਵਿਚੋਂ ਕਿਸੇ ਵੀ ਸਮੇਂ ਕੱਢੇ ਜਾਣ ਦੀ ਤਲਵਾਰ ਹਮੇਸ਼ਾਂ ਲਟਕਦੀ ਰਹਿੰਦੀ ਹੈ। ਇਨ੍ਹਾਂ ਅਧਿਆਪਕਾਂ ਨਾਲ ਧੱਕੇਸ਼ਾਹੀ ਇਹ ਹੋ ਰਹੀ ਹੈ ਕਿ ਸਰਕਾਰੀ ਜ਼ਮੀਨਾਂ ਉੱਪਰ ਬਣੇ 'ਆਦਰਸ਼' ਸਕੂਲਾਂ ਨੂੰ ਚਲਾਉਣ ਲਈ ਸਰਕਾਰ ਵੱਲੋਂ 70 ਫੀਸਦ ਹਿੱਸਾ ਪਾਉਣ ਦੇ ਬਾਵਜੂਦ ਅਧਿਆਪਕਾਂ ਦੀਆਂ ਤਨਖਾਹਾਂ ਦਾ ਮਾਮਲਾ ਨਿੱਜੀ ਸੰਸਥਾਂ ਉੱਪਰ ਸੁੱਟਿਆ ਹੋਇਆ ਹੈ। ਸਰਕਾਰ ਵੱਲੋਂ ਵੱਖ-ਵੱਖ ਸਮੇਂ ਜਾਰੀ ਕੀਤੇ ਪੱਤਰਾਂ ਅਨੁਸਾਰ ਇਨ੍ਹਾਂ ਆਦਰਸ਼ ਸਕੂਲਾਂ ਦੇ ਅਧਿਆਪਕਾਂ ਸਮੇਤ ਸਮੂਹ ਕਰਮਚਾਰੀਆਂ ਨੂੰ ਪੰਜਾਬ ਸਿੱਖਿਆ ਵਿਕਾਸ ਬੋਰਡ (ਪੀ.ਈ.ਡੀ.ਬੀ.) ਜਾਂ ਸਿੱਖਿਆ ਵਿਭਾਗ ਦੇ ਕਰਮਚਾਰੀ ਨਹੀਂ ਮੰਨਿਆ ਜਾ ਸਕਦਾ। ਆਦਰਸ਼ ਸਕੂਲਾਂ ਦਾ ਸਟਾਫ ਵੀ ਪੰਜਾਬ ਸਰਕਾਰ ਤੋਂ ਇਹੋ ਸਵਾਲ ਪੁੱਛਦਾ ਹੈ ਕਿ ਜਦੋਂ ਇਨ੍ਹਾਂ ਸਕੂਲਾਂ ਨੂੰ ਚਲਾਉਣ ਦੇ 70 ਪ੍ਰਤੀਸ਼ਤ ਖਰਚੇ ਸਰਕਾਰ ਦਿੰਦੀ ਹੈ ਅਤੇ ਸਾਰਾ ਸਟਾਫ ਯੋਗਤਾ ਸ਼ਰਤਾਂ ਪੂਰੀਆਂ ਕਰਦਾ ਹੈ ਤਾਂ ਸਟਾਫ ਨੂੰ ਸਿੱਖਿਆ ਵਿਭਾਗ ਦੇ ਕਰਮਚਾਰੀ ਕਿਉਂ ਨਹੀਂ ਮੰਨਿਆ ਜਾ ਸਕਦਾ?

ਹਕੀਕਤ ਇਹ ਹੈ ਕਿ ਪ੍ਰਸ਼ਾਸਨ ਦੀ ਇਕਪਾਸੜ ਕਾਰਵਾਈ ਸਿਰਫ ਆਦਰਸ਼ ਸਕੂਲ ਚਾਉਕੇ ਦੇ ਮਾਮਲੇ ਵਿਚ ਹੀ ਨਜ਼ਰ ਨਹੀਂ ਆਈ ਬਲਕਿ ਸੂਬਾ ਸਰਕਾਰ ਦਾ ਕਿਰਦਾਰ ਹੀ ਲੋਕ ਵਿਰੋਧੀ ਨਜ਼ਰ ਆ ਰਿਹਾ ਹੈ। ਸਰਕਾਰ ਦੀ ਸਸਕੇਰੀ ਪੁਲਿਸ ਵੱਲੋਂ ਜਨਵਰੀ 2025 ਤੋਂ 31 ਮਾਰਚ ਤੱਕ ਮਹਿਜ਼ 90 ਦਿਨਾਂ ਵਿਚ 41 ਪੁਲਿਸ ਐਨਕਾਊਂਟਰ ਕੀਤੇ ਗਏ ਹਨ। ਨਸ਼ਾ ਤਸਕਰੀ ਵਿਚ ਸ਼ਾਮਲ ਵੱਡੇ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਕਰਨ ਦੀ ਬਜਾਏ ਦਰਜ਼ਨਾਂ ਨਸ਼ੇ ਦੇ ਛੋਟੇ-ਮੋਟੇ ਮਾਮਲਿਆਂ ਵਿਚ ਸ਼ਾਮਲ ਪਰਿਵਾਰਾਂ ਦੇ ਘਰਾਂ ਉਪਰ ਬੁਲਡੋਜ਼ਰ ਚਲਾ ਦਿੱਤੇ ਗਏ ਹਨ।

ਕਿਸਾਨ ਲਹਿਰ ਇਕਜੁੱਟ ਨਾ ਹੋਣ ਦਾ ਫਾਇਦਾ ਵੀ ਕਿਸੇ ਨਾ ਕਿਸੇ ਰੂਪ ਵਿਚ 'ਸੱਤਾ' ਧਿਰ ਨੂੰ ਮਿਲਿਆ ਹੈ। ਇਕ ਪਾਸੇ ਚੰਡੀਗੜ੍ਹ ਮਾਰਚ ਰੋਕਣ ਲਈ ਪੰਜਾਬ ਭਰ ਵਿਚ ਕੀਤੀਆਂ ਗ੍ਰਿਫਤਾਰੀਆਂ ਅਤੇ ਦੂਜੇ ਪਾਸੇ ਖਨੌਰੀ ਤੇ ਸ਼ੰਭੂ ਮੋਰਚੇ ਹਟਾਉਣ ਲਈ ਕੀਤੇ ਪੁਲਿਸ ਜ਼ਬਰ ਦਾ ਸੂਬੇ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ ਨੂੰ ਸਖਤ ਨੋਟਿਸ ਲੈਂਦਿਆਂ ਸਰਕਾਰ ਖਿਲਾਫ ਇਕਜੁੱਟ ਸੱਦਾ ਦੇਣਾ ਬਣਦਾ ਸੀ ਪਰ ਅਜਿਹਾ ਨਾ ਹੋਣ ਕਾਰਨ ਸਰਕਾਰ ਦਾ ਜ਼ਾਬਰ ਕੁਹਾੜਾ ਤਿੱਖਾ ਹੋ ਗਿਆ ਹੈ।

ਖੈਰ ਇਸ ਸਭ ਦੇ ਬਾਵਜੂਦ ਸੂਬੇ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ 12 ਅਪਰੈਲ ਨੂੰ ਰਾਮਪੁਰਾ ਵਿਖੇ ਕੀਤੀ ਗਈ ਵਿਸ਼ਾਲ ਰੈਲੀ ਅਤੇ ਰੈਲੀ ਉਪਰੰਤ ਰਾਮਪੁਰੇ ਦੀਆਂ ਸੜਕਾਂ 'ਤੇ ਭਗਵੰਤ ਮਾਨ ਸਰਕਾਰ ਤੇ ਪੁਲੀਸ ਪ੍ਰਸ਼ਾਸਨ ਦੀ ਧੱਕੇਸ਼ਾਹੀ ਖ਼ਿਲਾਫ ਕੀਤੇ ਰੋਹ ਭਰਪੂਰ ਮੁਜ਼ਾਹਰੇ ਨੇ ਸਰਕਾਰ ਦੇ ਹੱਲੇ ਦਾ ਜੁਆਬ ਦਿੱਤਾ ਹੈ। ਚਾਉਕੇ ਸਕੂਲ ਮਾਮਲੇ ਵਿਚ ਸੰਘਰਸ਼ਸ਼ੀਲ ਜਥੇਬੰਦੀਆਂ ਵੱਲੋਂ ਹੁਣ ਮੰਗ ਕੀਤੀ ਜਾ ਰਹੀ ਹੈ ਕਿ ਗ੍ਰਿਫਤਾਰ ਕੀਤੇ ਵਿਅਕਤੀਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ, ਮਹਿਲਾਵਾਂ ਤੇ ਅਧਿਆਪਕਾਂ ਸਣੇ ਕਿਸਾਨਾਂ, ਮਜ਼ਦੂਰਾਂ 'ਤੇ ਜਬਰ ਢਾਹੁਣ ਵਾਲੇ ਪੁਲੀਸ ਕਰਮਚਾਰੀਆਂ ਸਣੇ ਸਭਨਾਂ ਦੋਸ਼ੀਆਂ 'ਤੇ ਢੁਕਵੀਂ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਮੀਦ ਹੈ ਕਿ ਚਾਉਕੇ ਸਕੂਲ ਦੀ ਮੈਨੇਜਮੈਂਟ ਦੀਆਂ ਆਪਹੁਦਰੀਆਂ ਖਿਲਾਫ ਸ਼ੁਰੂ ਇਹ ਸੰਘਰਸ਼ ਨਿੱਜੀਕਰਨ ਦੀ ਨੀਤੀ ਦਾ ਮੂੰਹ ਤੋੜ ਜੁਆਬ ਦਿੰਦਿਆਂ ਆਦਰਸ਼ ਸਕੂਲਾਂ ਦੇ ਸਰਕਾਰੀਕਰਨ ਦੀ ਮੰਗ ਨੂੰ ਉਭਾਰੇਗਾ।

# ਬਸਤਰ ਵਿਚ ਕਤਲੇਆਮ ਅਤੇ ਸ਼ਾਂਤੀ ਗੱਲਬਾਤ ਦੀ ਤਜਵੀਜ਼







***ਬਸਤਰ ਦੇ ਜੰਗਲ-ਪਹਾੜ ਮਾਓਵਾਦੀਆਂ ਦੇ 'ਮੁਕਾਬਲਿਆਂ' ਅਤੇ ਆਦਿਵਾਸੀਆਂ ਵਿਰੁੱਧ ਹਿੰਸਾ ਨਾਲ ਲਹੂ-ਲੁਹਾਣ ਹਨ। ਇਸ ਦੌਰਾਨ ਭਾਜਪਾ ਸਰਕਾਰ ਅਤੇ ਮਾਓਵਾਦੀਆਂ ਵੱਲੋਂ ਸ਼ਾਂਤੀ ਲਈ ਗੱਲਬਾਤ ਦੇ ਸੰਕੇਤ ਵੀ ਸਾਹਮਣੇ ਆ ਰਹੇ ਹਨ। ਗੱਲਬਾਤ ਦੇ ਪਿਛਲੇ ਤਜਰਬੇ ਕੀ ਰਹੇ ਹਨ? ਕੀ ਹਕੂਮਤ ਮੌਜੂਦਾ ਵਿਕਾਸ ਮਾਡਲ ਉੱਪਰ ਮੁੜ-ਨਜ਼ਰਸਾਨੀ ਕਰਨ ਲਈ ਤਿਆਰ ਹੈ? ਕੀ ਅਜਿਹੀ ਰਾਜਨੀਤਕ ਇੱਛਾ ਤੋਂ ਬਿਨਾ ਆਦਿਵਾਸੀ ਲੋਕਾਂ 'ਚ ਫੈਲੀ ਬੇਚੈਨੀ, ਬੇਗਾਨਗੀ ਅਤੇ ਅਸੁਰੱਖਿਆ ਦੂਰ ਹੋ ਸਕਦੀ ਹੈ ਜੋ ਨਕਸਲੀ ਲਹਿਰ ਦਾ ਸਮਾਜਿਕ ਆਧਾਰ ਹੈ? ਇਨ੍ਹਾਂ ਕੁਝ ਸਵਾਲਾਂ ਦੀ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਇਸ ਲੇਖ ਵਿਚ ਕੀਤੀ ਹੈ।- ਸੰਪਾਦਕ***

**ਬੂਟਾ ਸਿੰਘ ਮਹਿਮੂਦਪੁਰ**

ਹਾਲ ਹੀ ਵਿਚ ਮਾਓਵਾਦੀ ਲਹਿਰ ਦੇ ਗੜ੍ਹ ਬਸਤਰ ਦਾ ਦੌਰਾ ਕਰਨ ਸਮੇਂ ਕੇਂਦਰੀ ਗ੍ਰਿਹਿ ਮੰਤਰੀ ਪਹਿਲਾਂ ਨਾਲੋਂ ਵੱਖਰਾ ਰਾਗ ਅਲਾਪਦਾ ਦੇਖਿਆ ਗਿਆ। ਹੁਣ ਤੱਕ 31 ਮਾਰਚ 2026 ਤੱਕ ਨਕਸਲਵਾਦ ਨੂੰ ਖ਼ਤਮ ਕਰ ਦੇਣ ਦਾ ਟੀਚਾ ਹੀ ਜੋਸ਼-ਖ਼ਰੋਸ਼ ਨਾਲ ਦੁਹਰਾਇਆ ਜਾਂਦਾ ਰਿਹਾ ਹੈ, ਨਾਲ ਹੀ ਮਾਓਵਾਦੀਆਂ ਨੂੰ 'ਮੁਕਾਬਲਿਆਂ' 'ਚ 'ਢੇਰ ਕਰਨ' ਵਾਲੇ ਸੁਰੱਖਿਆ ਲਸ਼ਕਰਾਂ ਨੂੰ ਜਿੱਤ ਲਈ ਵਧਾਈਆਂ ਦੇਣਾ ਅਤੇ ਇਨਾਮਾਂ ਦੇ ਐਲਾਨ ਕਰਨਾ ਵੀ ਅਮਿਤ ਸ਼ਾਹ ਕਦੇ ਨਹੀਂ ਸੀ ਭੁੱਲਦਾ। ਇਸ ਵਾਰ ਉਸਨੇ ਫਰਮਾਇਆ- 'ਨਕਸਲੀ ਭਰਾਵੋ, ਹਥਿਆਰ ਸੁੱਟ ਦਿਓ ਅਤੇ ਮੁੱਖਧਾਰਾ 'ਚ ਸ਼ਾਮਲ ਹੋ ਜਾਓ। ਤੁਸੀਂ ਸਾਡੇ ਆਪਣੇ ਹੋ। ਕਿਸੇ ਨਕਸਲੀ ਦੇ ਮਾਰੇ ਜਾਣ 'ਤੇ ਕਿਸੇ ਨੂੰ ਖ਼ੁਸ਼ੀ ਨਹੀਂ ਹੁੰਦੀ। ਬਸ ਆਪਣੇ ਹਥਿਆਰ ਸੁੱਟ ਦਿਓ ਅਤੇ ਮੁੱਖਧਾਰਾ 'ਚ ਆ ਜਾਓ।' ਅਮਿਤ ਸ਼ਾਹ ਨੇ ਇਹ ਬਿਆਨ ਉਸ ਸਮੇਂ ਦਿੱਤਾ ਹੈ ਜਦੋਂ ਬਸਤਰ ਅਤੇ ਮਾਓਵਾਦੀ ਜ਼ੋਰ ਵਾਲੇ ਹੋਰ ਇਲਾਕਿਆਂ ਵਿਚ ਮਾਓਵਾਦੀਆਂ ਦੇ 'ਮੁਕਾਬਲਿਆਂ' ਵਿਚ ਮਾਰੇ ਜਾਣ ਅਤੇ ਆਤਮਸਮਰਪਣ ਕਰਨ/ਕਰਾਉਣ ਦਾ ਸਿਲਸਿਲਾ ਪੂਰੇ ਸਿਖ਼ਰਾਂ 'ਤੇ ਹੈ ਅਤੇ ਭਗਵਾ ਹੁਕਮਰਾਨਾਂ ਵੱਲੋਂ 2026 'ਚ 'ਨਕਸਲ-ਮੁਕਤ ਭਾਰਤ' ਦੇ ਟੀਚੇ ਦੀ ਸਫ਼ਲਤਾ ਦੇ ਦਾਅਵੇ ਕੀਤੇ ਜਾ ਰਹੇ ਹਨ।

ਅਮਿਤ ਸ਼ਾਹ ਵੱਲੋਂ ਨਕਸਲੀਆਂ/ਮਾਓਵਾਦੀਆਂ ਨੂੰ 'ਸਾਡੇ ਆਪਣੇ' ਕਹਿਣ ਤੋਂ ਵੱਡਾ ਝੂਠ ਹੋਰ ਕੋਈ ਨਹੀਂ ਹੋ ਸਕਦਾ। ਆਰ.ਐੱਸ.ਐੱਸ. ਦੇ ਹਫ਼ਤਾਵਾਰ ਅਖ਼ਬਾਰ 'ਆਰਗੇਨਾਈਜ਼ਰ' ਦੀ 13 ਅਪ੍ਰੈਲ ਦੀ ਰਿਪੋਰਟ ਵਿਚ ਭਾਰਤ ਸਰਕਾਰ ਦੇ ਅਧਿਕਾਰਕ ਬਿਆਨ ਦਾ ਹਵਾਲਾ ਦਿੱਤਾ ਗਿਆ ਹੈ ਜੋ ਕਹਿੰਦਾ ਹੈ: 'ਨਕਸਲ-ਮੁਕਤ ਭਾਰਤ ਅਭਿਆਨ: ਲਾਲ ਖੇਤਰਾਂ ਤੋਂ ਵਿਕਾਸ ਲਾਂਘਿਆਂ ਵੱਲ, ਖੱਬੇਪੱਖੀ ਅੱਤਵਾਦ ਵਿਰੁੱਧ ਭਾਰਤ ਦੀ ਫ਼ੈਸਲਾਕੁਨ ਲੜਾਈ, ਭਾਰਤ ਸਰਕਾਰ 31 ਮਾਰਚ 2026 ਤੱਕ ਨਕਸਲਵਾਦ ਦਾ ਮੁਕੰਮਲ ਸਫ਼ਾਇਆ ਕਰਨ ਲਈ ਵਚਨਬੱਧ...।' ਦੋਹਾਂ ਵਿੱਚੋਂ ਕਿਸ ਨੂੰ ਸੱਚ ਮੰਨਿਆ ਜਾਵੇ, 'ਮੁਕੰਮਲ ਸਫ਼ਾਏ ਲਈ ਵਚਨਬੱਧਤਾ' ਦੇ ਐਲਾਨ ਨੂੰ ਜਾਂ 'ਨਕਸਲੀਆਂ ਦੇ ਮਾਰੇ ਜਾਣ 'ਤੇ ਕਿਸੇ ਨੂੰ ਖ਼ੁਸ਼ੀ ਨਾ ਹੋਣ' ਦੇ ਬਿਆਨ ਨੂੰ? ਜੇ ਕਿਸੇ ਨੂੰ ਖ਼ੁਸ਼ੀ ਨਹੀਂ ਹੁੰਦੀ ਤਾਂ ਨਕਸਲੀਆਂ ਨੂੰ ਮਾਰ ਕੇ ਅਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਪਲਾਸਟਿਕ ਦੀਆਂ ਸ਼ੀਟਾਂ 'ਚ ਬੰਨ੍ਹ ਕੇ ਜ਼ਿਲ੍ਹਾ ਸਦਰ-ਮੁਕਾਮਾਂ ਉੱਪਰ ਲਿਜਾ ਕੇ ਨੁਮਾਇਸ਼ਾਂ ਲਾਉਣ ਵਾਲੇ ਅਤੇ ਸਿਰਾਂ ਦੇ ਮੁੱਲ ਹਿੱਸੇ ਆਉਣ ਦੀ ਖ਼ੁਸ਼ੀ ਵਿਚ ਨੱਚਣ ਵਾਲੇ ਕੀ ਕਿਸੇ ਹੋਰ ਗ੍ਰਿਹਿ ਤੋਂ ਆਉਂਦੇ ਹਨ? ਜੇ ਕੋਈ ਰਾਜ 'ਆਪਣਿਆਂ' ਦੇ ਸਿਰਾਂ ਦੇ ਮੁੱਲ ਰੱਖ ਕੇ ਜਾਨਵਰਾਂ ਵਾਂਗ ਉਨ੍ਹਾਂ ਦਾ ਸ਼ਿਕਾਰ ਕਰਦਾ ਹੈ ਤਾਂ ਕੌਣ ਮੰਨ ਲਵੇਗਾ ਕਿ ਉਹ ਰਾਜ ਦੇ 'ਆਪਣੇ' ਹਨ!

ਇਸ ਢੌਂਗੀ ਬਿਆਨ ਪਿੱਛੇ ਇਕ ਕਾਰਨ ਸਿਵਲ ਸੁਸਾਇਟੀ ਵੱਲੋਂ ਮਾਓਵਾਦੀਆਂ ਦੇ ਕਤਲੇਆਮ ਵਿਰੁੱਧ ਉਠਾਈ ਜਾ ਰਹੀ ਆਵਾਜ਼ ਦਾ ਦਬਾਅ ਹੈ, ਚਾਹੇ ਇਹ ਦਬਾਅ ਕਿੰਨਾ ਵੀ ਕਮਜ਼ੋਰ ਅਤੇ ਸੀਮਤ ਹੈ। ਜਨਵਰੀ 2024 'ਚ 'ਓਪਰੇਸ਼ਨ ਕਗਾਰ' ਸ਼ੁਰੂ ਕੀਤੇ ਜਾਣ ਦੇ ਸਮੇਂ 'ਤੋਂ ਹੀ ਦੇਸ਼-ਬਦੇਸ਼ 'ਚੋਂ ਕਤਲੇਆਮ ਨੂੰ ਰੋਕਣ ਅਤੇ ਮਾਓਵਾਦੀਆਂ ਨਾਲ ਗੱਲਬਾਤ ਸ਼ੁਰੂ ਕਰਨ ਦੀ ਮੰਗ ਉੱਠਦੀ ਰਹੀ ਹੈ। ਜਨਵਰੀ 2024 'ਤੋਂ ਲੈ ਕੇ ਹੁਣ ਤੱਕ ਇਸ ਓਪਰੇਸ਼ਨ ਦੁਆਰਾ 400 ਤੋਂ ਵੱਧ ਲੋਕਾਂ ਦੀ ਜਾਨ ਲਈ ਜਾ ਚੁੱਕੀ ਹੈ, ਜਿਨ੍ਹਾਂ ਵਿਚ ਡੇਢ ਸੌ ਔਰਤਾਂ ਹਨ ਅਤੇ ਇਹ ਗਿਣਤੀ ਲਗਾਤਾਰ ਵਧ ਰਹੀ ਹੈ। ਪਿਛਲੇ ਦਿਨੀਂ 50 ਤੋਂ ਵੱਧ ਸਿਵਲ ਸੁਸਾਇਟੀ ਜਥੇਬੰਦੀਆਂ ਤੇ ਟਰੇਡ ਯੂਨੀਅਨਾਂ ਅਤੇ 150 ਫ਼ਿਕਰਮੰਦ ਨਾਗਰਿਕਾਂ ਨੇ ਸਾਂਝੇ ਬਿਆਨ ਰਾਹੀਂ ਮਾਓਵਾਦੀਆਂ ਅਤੇ ਸਰਕਾਰ ਦਰਮਿਆਨ ਯੁੱਧਬੰਦੀ ਦੀ ਅਪੀਲ ਕੀਤੀ ਹੈ। 'ਦੀ ਹਿੰਦੂ' ਦੀ ਰਿਪੋਰਟ ਅਨੁਸਾਰ 3 ਅਪ੍ਰੈਲ ਨੂੰ ਸੀ.ਪੀ.ਆਈ. (ਮਾਓਵਾਦੀ) ਦੀ ਕੇਂਦਰੀ ਕਮੇਟੀ ਨੇ ਬਿਆਨ ਜਾਰੀ ਕਰਕੇ ਸਰਕਾਰ ਨਾਲ ਸ਼ਾਂਤੀ ਨਾਲ ਗੱਲਬਾਤ ਕਰਨ ਦੀ ਇੱਛਾ ਜ਼ਾਹਿਰ ਕੀਤੀ ਹੈ। ਨਿਰਸੰਦੇਹ, 'ਓਪਰੇਸ਼ਨ ਕਗਾਰ' ਨਾਲ ਮਾਓਵਾਦੀ ਲਹਿਰ ਨੂੰ ਬਹੁਤ ਵੱਡਾ ਨੁਕਸਾਨ ਝੱਲਣਾ ਪਿਆ ਹੈ ਅਤੇ ਝਾਰਖੰਡ-ਉੜੀਸਾ ਤੋਂ ਬਾਅਦ ਹਕੂਮਤ ਹੁਣ ਉਨ੍ਹਾਂ ਦੇ ਇਸ ਮਜ਼ਬੂਤ ਗੜ੍ਹ ਵਿਚ ਸੰਨ੍ਹ ਲਾ ਕੇ ਅਤੇ ਸਖ਼ਤ ਘੇਰਾਬੰਦੀ ਕਰਕੇ ਵਿਸ਼ਾਲ ਜੰਗਲੀ ਖੇਤਰ ਉੱਪਰ ਆਪਣਾ ਦਬਾਦਬਾ ਮੁੜ ਸਥਾਪਤ ਕਰਨ 'ਚ ਕਾਮਯਾਬ ਹੋ ਰਹੀ ਹੈ। ਸਿਲਸਿਲੇਵਾਰ ਤਰੀਕੇ ਨਾਲ ਸੁਰੱਖਿਆ ਲਸ਼ਕਰਾਂ ਦੇ ਕੈਂਪ ਸਥਾਪਤ ਕਰਕੇ, ਸੜਕਾਂ ਅਤੇ ਮੋਬਾਈਲ ਟਾਵਰਾਂ ਰਾਹੀਂ ਇੱਥੇ ਆਪਣੀ ਪਹੁੰਚ ਵਧਾ ਕੇ, ਲਗਾਤਾਰ ਰਾਜਕੀ ਦਹਿਸ਼ਤਵਾਦ ਅਤੇ ਭਰਮਾਊ ਸਕੀਮਾਂ ਰਾਹੀਂ ਆਦਿਵਾਸੀਆਂ 'ਚ ਲਹਿਰ ਦੇ ਵਿਸ਼ਾਲ ਜਨਤਕ ਆਧਾਰ ਨੂੰ ਸੱਟ ਮਾਰ ਕੇ ਅਤੇ ਕਿਸੇ ਕਾਰਨ ਲਹਿਰ ਤੋਂ ਕਿਨਾਰਾ ਕਰ ਚੁੱਕੇ ਸਾਬਕਾ 'ਨਕਸਲੀਆਂ' ਨੂੰ ਮਾਓਵਾਦੀ ਕਾਡਰਾਂ ਦਾ ਕਤਲੇਆਮ ਕਰਨ ਲਈ ਲਾਮਬੰਦ ਕਰਕੇ ਹਕੂਮਤ ਮਾਓਵਾਦੀ ਪਾਰਟੀ ਦੀ ਲੜਾਕੂ ਤਾਕਤ ਉੱਪਰ ਭਾਰੂ ਹੋਣ 'ਚ ਸਫ਼ਲ ਰਹੀ ਹੈ।

ਹਕੂਮਤ ਦਾਅਵੇ ਤਾਂ ਮਾਓਵਾਦੀਆਂ ਦੀ ਹਥਿਆਰਬੰਦ ਤਾਕਤ ਵਿਰੁੱਧ ਲੜਨ ਦੇ ਕਰ ਰਹੀ ਹੈ, ਹਕੀਕਤ ਇਹ ਹੈ ਕਿ ਮਾਰੇ ਗਏ ਜ਼ਿਆਦਾਤਰ ਲੋਕ, ਲੱਗਭੱਗ ਤਿੰਨ-ਚੌਥਾਈ ਨਿਹੱਥੇ ਸਧਾਰਨ ਲੋਕ ਹਨ, ਜਿਵੇਂ ਮਾਓਵਾਦੀ ਪਾਰਟੀ ਦੇ ਪ੍ਰੈੱਸ ਨੋਟਾਂ ਵਿਚ ਸਪਸ਼ਟ ਕੀਤਾ ਗਿਆ ਹੈ। ਜ਼ਾਹਿਰ ਹੈ ਕਿ ਕਾਰਪੋਰੇਟ ਪ੍ਰੋਜੈਕਟਾਂ ਦੇ ਆਦਿਵਾਸੀ ਵਿਰੋਧ ਦਾ ਲੱਕ ਤੋੜਨ ਲਈ ਅਤੇ ਵਿਸ਼ਾਲ ਜੰਗਲੀ-ਪਹਾੜੀ ਪੱਟੀਆਂ ਖਾਲੀ ਕਰਾਉਣ ਲਈ ਹਕੂਮਤ ਸਿਲਸਿਲੇਵਾਰ ਤਰੀਕੇ ਨਾਲ ਆਦਿਵਾਸੀ ਲੋਕਾਂ ਦੀ ਲਗਾਤਾਰ ਨਸਲਕੁਸ਼ੀ ਕਰ ਰਹੀ ਹੈ। ਲਗਾਤਾਰ ਭਾਰੀ ਨੁਕਸਾਨ ਦੇ ਮੱਦੇਨਜ਼ਰ ਪਾਰਟੀ ਦਾ ਆਪਣੇ ਕਾਡਰਾਂ ਅਤੇ ਆਦਿਵਾਸੀ ਲੋਕਾਂ ਨੂੰ ਕਤਲੇਆਮ ਤੋਂ ਬਚਾਉਣ ਲਈ ਗੱਲਬਾਤ ਦੀ ਪੇਸ਼ਕਸ਼ ਕਰਨਾ ਸੁਭਾਵਿਕ ਹੈ।

ਭਗਵਾ ਪ੍ਰਚਾਰ ਮਸ਼ੀਨਰੀ ਅਤੇ 'ਮੁੱਖਧਾਰਾ' ਮੀਡੀਆ ਦੇ ਬਹੁਤ ਸਾਰੇ ਵਿਸ਼ਲੇਸ਼ਣਕਾਰਾਂ ਵੱਲੋਂ ਇਹ ਭਰਮ ਫੈਲਾਇਆ ਜਾ ਰਿਹਾ ਹੈ ਕਿ ਮਾਓਵਾਦੀ ਹਮੇਸ਼ਾ ਗੱਲਬਾਤ ਦੇ ਸਮੇਂ ਨੂੰ ਆਪਣੀ ਤਾਕਤ ਨੂੰ ਮੁੜ ਲਾਮਬੰਦ ਕਰਨ ਅਤੇ ਆਪਣੀਆਂ ਹਥਿਆਰਬੰਦ ਤਾਕਤਾਂ ਨੂੰ ਮਜ਼ਬੂਤ ਕਰਨ ਲਈ ਵਰਤਦੇ ਹਨ। ਅਰਥਾਤ ਮਾਓਵਾਦੀ ਲੀਡਰਸ਼ਿੱਪ ਦੇ ਗੱਲਬਾਤ ਦੇ ਗੁੱਝੇ ਮਨਸ਼ੇ ਹੋਰ ਹਨ, ਇਸ ਲਈ ਉਨ੍ਹਾਂ ਦੀ ਗੱਲਬਾਤ ਦੀ ਪੇਸ਼ਕਸ਼ ਨੂੰ ਸੰਜੀਦਗੀ ਨਾਲ ਨਹੀਂ ਲਿਆ ਜਾ ਸਕਦਾ। ਇਹ ਵੀ ਕਿਹਾ ਜਾ ਰਿਹਾ ਹੈ ਕਿ ਮੁਕੰਮਲ ਸਫ਼ਾਇਆ ਹੋ ਜਾਣ ਦੇ ਖ਼ਤਰੇ ਦੇ ਦਬਾਅ ਹੇਠ ਹੀ ਮਾਓਵਾਦੀ ਲੀਡਰਸ਼ਿੱਪ ਰਾਹਤ ਲੈਣ ਲਈ ਗੱਲਬਾਤ ਦੀ ਪੇਸ਼ਕਸ਼ ਕਰ ਰਹੀ ਹੈ ਅਤੇ ਇਸ ਖ਼ਾਤਰ ਹੱਕਾਂ ਦੀਆਂ ਜਥੇਬੰਦੀਆਂ ਅਤੇ ਸ਼ਹਿਰਾਂ ਵਿਚਲੇ ਹਮਾਇਤੀਆਂ/ਹਮਦਰਦ ਅਨਸਰਾਂ ਯਾਨੀ 'ਸ਼ਹਿਰੀ ਨਕਸਲੀਆਂ' ਕੋਲੋਂ ਗੱਲਬਾਤ ਦੀ ਮੰਗ ਕਰਵਾਈ ਜਾ ਰਹੀ ਹੈ।

ਇੱਥੇ ਦੋ ਪੱਖਾਂ ਨੂੰ ਸਮਝਣਾ ਜ਼ਰੂਰੀ ਹੈ। ਪਹਿਲੀ ਗੱਲ, ਹਰ ਯੁੱਧ ਵਿਚ ਜੁੱਟੀਆਂ ਵਿਰੋਧੀ ਧਿਰਾਂ ਗੱਲਬਾਤ ਦਾ ਲਾਹਾ ਲੈ ਕੇ ਆਪਣੀ ਸਥਿਤੀ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰਦੀਆਂ ਹਨ ਅਤੇ ਇਸੇ ਮਨੋਰਥ ਨਾਲ ਹਮੇਸ਼ਾ ਲੈ-ਦੇ ਕਰਦੀਆਂ ਹਨ। ਦੂਜੀ ਗੱਲ, ਇਤਿਹਾਸ ਗਵਾਹ ਹੈ ਕਿ ਨਕਸਲੀ ਸਰਕਾਰ ਨਾਲ ਗੱਲਬਾਤ ਦੇ ਸਮੇਂ ਦੌਰਾਨ ਯੁੱਧਬੰਦੀ ਸਮਝੌਤੇ ਦੀ ਪਾਲਣਾ ਕਰਦੇ ਹਨ। ਇਹ ਸਟੇਟ ਦੀਆਂ ਤਾਕਤਾਂ ਹਨ ਜੋ ਚੱਲ ਰਹੀ ਗੱਲਬਾਤ ਦੌਰਾਨ 'ਮੁਕਾਬਲੇ' ਬਣਾਉਣ ਜਾਂ ਗੱਲਬਾਤ ਕਰਨ ਲਈ ਆ ਰਹੇ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਕਤਲ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੀਆਂ। ਮਿਸਾਲ ਵਜੋਂ, 2002 ਅਤੇ ਅਕਤੂਬਰ 2004 'ਚ ਸਿਵਲ ਸੁਸਾਇਟੀ ਸੰਸਥਾਵਾਂ ਦੀ ਪਹਿਲਕਦਮੀਂ ਨਾਲ ਤਤਕਾਲੀ ਆਂਧਰਾ ਪ੍ਰਦੇਸ਼ ਸਰਕਾਰ ਨਾਲ ਗੱਲਬਾਤ ਦਾ ਸਿਲਸਿਲਾ ਚੱਲਿਆ। ਗੁਪਤਵਾਸ ਆਗੂ ਜੰਗਲਾਂ 'ਚੋਂ ਬਾਹਰ ਆ ਕੇ ਗੱਲਬਾਤ ਵਿਚ ਸ਼ਾਮਲ ਹੋਏ। ਗੱਲਬਾਤ ਮੁੱਕਦੇ ਸਾਰ ਅਤੇ ਤਿੰਨ ਮਹੀਨੇ ਦੀ ਯੁੱਧਬੰਦੀ ਦੌਰਾਨ ਹੀ ਆਂਧਰਾ ਪ੍ਰਦੇਸ਼ ਪੁਲਿਸ ਨੇ ਨਕਸਲੀਆਂ ਵਿਰੁੱਧ ਓਪਰੇਸ਼ਨ ਸ਼ੁਰੂ ਕਰ ਦਿੱਤੇ, ਕਿਉਂਕਿ ਯੁੱਧਬੰਦੀ ਅਤੇ ਗੱਲਬਾਤ ਪੁਲਿਸ ਅਫ਼ਸਰਸ਼ਾਹੀ ਦੇ ਹਿਤ 'ਚ ਨਹੀਂ ਸੀ ਅਤੇ ਗੱਲਬਾਤ ਬੇਸਿੱਟਾ ਰਹੀ। ਤਤਕਾਲੀ ਮੁੱਖ ਮੰਤਰੀ ਨੇ ਨਕਸਲੀ ਵਫ਼ਦ ਦੀ ਜ਼ਮੀਨ ਦੀ ਮੁੜ-ਵੰਡ ਕਰਨ ਦੀ ਬੁਨਿਆਦੀ ਮੰਗ ਇਹ ਕਹਿ ਕੇ ਰੱਦ ਕਰ ਦਿੱਤੀ ਕਿ 'ਜੇ ਅੱਤਵਾਦੀਆਂ ਨੇ ਹੀ ਇਹ ਤੈਅ ਕਰਨਾ ਹੈ ਕਿ ਕਿਹੜੀਆਂ ਜ਼ਮੀਨਾਂ ਵੰਡੀਆਂ ਜਾਣ ਤਾਂ ਫਿਰ ਸਰਕਾਰ ਅਤੇ ਅਦਾਲਤਾਂ ਦੀ ਕੀ ਲੋੜ ਹੈ?'

ਫਿਰ 2010 'ਚ ਉੱਘੇ ਆਰੀਆ ਸਮਾਜੀ ਸੁਧਾਰਕ ਸਵਾਮੀ ਅਗਨੀਵੇਸ਼ ਦੀ ਪਹਿਲਕਦਮੀਂ ਨਾਲ ਮਾਓਵਾਦੀ ਪਾਰਟੀ ਨੇ ਕਾਂਗਰਸ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਨਾਲ ਅਤੇ 2011 'ਚ ਮਮਤਾ ਬੈਨਰਜੀ ਸਰਕਾਰ ਨਾਲ ਗੱਲਬਾਤ ਕਰਨ ਲਈ ਸਹਿਮਤੀ ਦਿੱਤੀ ਪਰ ਮਨਮੋਹਣ ਸਿੰਘ-ਚਿਦੰਬਰਮ ਅਤੇ ਮਮਤਾ ਬੈਨਰਜੀ ਨੇ ਬੇਸ਼ਰਮੀਂ ਨਾਲ ਵਿਸਾਹਘਾਤ ਕੀਤਾ ਅਤੇ ਉਨ੍ਹਾਂ ਦੇ ਇਸ਼ਾਰੇ 'ਤੇ ਖ਼ੁਫ਼ੀਆ ਏਜੰਸੀਆਂ ਨੇ ਚੋਟੀ ਦੇ ਮਾਓਵਾਦੀ ਆਗੂਆਂ ਚੇਰੂਕੁਰੀ ਰਾਜਕੁਮਾਰ ਉਰਫ਼ ਆਜ਼ਾਦ ਅਤੇ ਕਿਸ਼ਨਜੀ ਨੂੰ ਗ੍ਰਿਫ਼ਤਾਰ ਕਰਕੇ 'ਮੁਕਾਬਲੇ' 'ਚ ਮਾਰ ਦਿੱਤਾ ਜੋ ਗੱਲਬਾਤ ਲਈ ਮਾਓਵਾਦੀ ਪਾਰਟੀ ਦੇ ਮੁੱਖ ਨੁਮਾਇੰਦੇ ਸਨ। ਇਸ ਵਿਸਾਹਘਾਤ ਕਾਰਨ ਗੱਲਬਾਤ ਦੀ ਵਿਚੋਲਗੀ ਕਰਨ ਵਾਲੇ ਸਿਵਲ ਸੁਸਾਇਟੀ ਨੁਮਾਇੰਦਿਆਂ ਨੂੰ ਬੇਹੱਦ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਸਵਾਮੀ ਅਗਨੀਵੇਸ਼ ਨੇ ਤਾਂ ਇਸਦੀ ਨਿਰਪੱਖ ਜੁਡੀਸ਼ੀਅਲ ਜਾਂਚ ਕਰਾਏ ਜਾਣ ਦੀ ਮੰਗ ਵੀ ਕੀਤੀ, ਜੋ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਣ ਸਿੰਘ ਨੇ ਠੁਕਰਾ ਦਿੱਤੀ ਸੀ ਕਿਉਂਕਿ ਇਸ ਨਾਲ ਉਸਦੀ ਵਜ਼ਾਰਤ ਦੀ ਗੱਲਬਾਤ ਦੇ ਬਹਾਨੇ ਮਾਓਵਾਦੀ ਆਗੂਆਂ ਨੂੰ ਕਤਲ ਕਰਾਉਣ ਦੀ ਸਾਜ਼ਿਸ਼ ਨੰਗੀ ਹੋ ਜਾਣੀ ਸੀ।

ਹੁਣ ਵੀ 24 ਮਾਰਚ ਨੂੰ ਹੈਦਰਾਬਾਦ ਵਿਚ 'ਸ਼ਾਂਤੀ ਗੱਲਬਾਤ ਕਮੇਟੀ' ਨੇ ਚਰਚਾ ਕਰਕੇ ਇਹ ਮੁੱਦਾ ਚੁੱਕਿਆ ਹੈ ਕਿ ਕੇਂਦਰ ਸਰਕਾਰ ਅਤੇ ਮਾਓਵਾਦੀ ਪਾਰਟੀ ਨੂੰ ਬਿਨਾ ਸ਼ਰਤ ਯੁੱਧਬੰਦੀ ਦਾ ਐਲਾਨ ਕਰਨਾ ਚਾਹੀਦਾ ਹੈ ਅਤੇ ਸ਼ਾਂਤੀ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ। ਮਾਓਵਾਦੀ ਪਾਰਟੀ ਦੇ ਬੁਲਾਰੇ ਕਾ. ਅਭੈ ਨੇ ਇਸ ਕਦਮ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਲੋਕ ਹਿਤ 'ਚ ਅਸੀਂ ਹਮੇਸ਼ਾ ਸ਼ਾਂਤੀ ਗੱਲਬਾਤ ਲਈ ਤਿਆਰ ਹਾਂ। ਉਸਦਾ ਇਹ ਵੀ ਕਹਿਣਾ ਹੈ ਕਿ ਜੇ ਕੇਂਦਰ ਤੇ ਰਾਜ ਸਰਕਾਰਾਂ ਗੱਲਬਾਤ ਦੀ ਤਜਵੀਜ਼ ਦਾ ਹਾਂਪੱਖੀ ਹੁੰਗਾਰਾ ਭਰਦੀਆਂ ਹਨ ਤਾਂ ਉਹ ਤੁਰੰਤ ਯੁੱਧਬੰਦੀ ਦਾ ਐਲਾਨ ਕਰ ਦੇਣਗੇ।

ਦੂਜੇ ਪਾਸੇ, ਛੱਤੀਸਗੜ੍ਹ ਦੇ ਡਿਪਟੀ ਮੁੱਖ ਮੰਤਰੀ ਵਿਜੇ ਸ਼ਰਮਾ ਦਾ ਕਹਿਣਾ ਹੈ ਕਿ ਰਾਜ ਵਿਚ ਯੁੱਧ ਵਰਗੇ ਹਾਲਾਤ ਨਹੀਂ ਹਨ, ਮਾਓਵਾਦੀ ਐਵੇਂ ਹੀ 'ਯੁੱਧਬੰਦੀ' ਵਰਗੇ ਲਕਬ ਵਰਤ ਰਹੇ ਹਨ। ਉਸਨੇ ਇਹ ਵੀ ਕਿਹਾ ਕਿ ਸਰਕਾਰ ਗੱਲਬਾਤ ਲਈ ਤਿਆਰ ਹੈ ਅਤੇ ਮਾਓਵਾਦੀਆਂ ਨੂੰ ਵੀ ਕਿਸੇ ਨੂੰ ਗੱਲਬਾਤ ਲਈ ਭੇਜ ਦੇਣ ਜਾਂ ਨਿਯੁਕਤ ਕਰ ਦੇਣ ਚਾਹੀਦਾ ਹੈ ਪਰ ਗੱਲਬਾਤ ਲਈ ਕੋਈ ਸ਼ਰਤ ਨਹੀਂ ਹੋਣੀ ਚਾਹੀਦੀ। ਉਹ ਇਸਦਾ ਜਵਾਬ ਨਹੀਂ ਦੇ ਰਹੇ ਕਿ ਜੇ ਇਹ ਆਪਣੇ ਹੀ ਲੋਕਾਂ ਵਿਰੁੱਧ ਯੁੱਧ ਨਹੀਂ ਤਾਂ ਸਰਕਾਰ ਦੇ ਦਾਅਵੇ ਅਨੁਸਾਰ ਕੁਝ ਸੈਂਕੜੇ ਮਾਓਵਾਦੀ ਬਾਗ਼ੀਆਂ ਵਿਰੁੱਧ ਲੱਖਾਂ ਨੀਮ-ਫ਼ੌਜੀ ਤਾਕਤਾਂ ਤਾਇਨਾਤ ਕਰਨ (ਨੌਂ ਆਦਿਵਾਸੀਆਂ ਪਿੱਛੇ ਇਕ ਜਵਾਨ) ਅਤੇ ਹਰ ਦੋ-ਤਿੰਨ ਕਿਲੋਮੀਟਰ ਉੱਪਰ ਕੈਂਪ ਬਣਾਉਣ ਦੀ ਜ਼ਰੂਰਤ ਕਿਉਂ ਪਈ? ਬਸਤਰ ਅਤੇ ਹੋਰ ਆਦਿਵਾਸੀਆਂ ਇਲਾਕਿਆਂ ਦਾ ਐਨਾ ਸੰਘਣਾ ਫ਼ੌਜੀਕਰਨ ਕੀ ਸਿਰਫ਼ ਪੁਲਿਸ ਕਾਰਵਾਈ ਹੈ?

ਭਾਰਤੀ ਹੁਕਮਰਾਨ ਅਜਿਹਾ ਪਹਿਲੀ ਵਾਰ ਨਹੀਂ ਕਰ ਰਹੇ। ਭਾਰਤੀ ਹੁਕਮਰਾਨਾਂ ਦਾ ਆਪਣੇ ਹੀ ਲੋਕਾਂ ਵਿਰੁੱਧ ਛੇੜੇ ਯੁੱਧ ਤੋਂ ਮੁੱਕਰ ਜਾਣ ਦਾ ਪੁਰਾਣਾ ਇਤਿਹਾਸ ਰਿਹਾ ਹੈ। 2009 'ਚ ਮਨਮੋਹਣ ਸਿੰਘ-ਚਿਦੰਬਰਮ ਵੀ 'ਓਪਰੇਸ਼ਨ ਗਰੀਨ ਹੰਟ' ਤੋਂ ਇਸੇ ਤਰ੍ਹਾਂ ਮੁੱਕਰਦੇ ਸਨ, ਇਸਦੇ ਬਾਵਜੂਦ ਕਿ ਆਦਿਵਾਸੀ ਇਲਾਕਿਆਂ ਵਿਚ ਲੱਖਾਂ ਦੀ ਤਦਾਦ 'ਚ ਨੀਮ-ਫ਼ੌਜੀ ਲਸ਼ਕਰ ਧਾੜਵੀ ਫ਼ੌਜਾਂ ਵਾਂਗ ਕਤਲੇਆਮ, ਵੱਢਟੁੱਕ, ਲੁੱਟਮਾਰ ਅਤੇ ਸਮੂਹਿਕ ਬਲਾਤਕਾਰ ਕਰ ਰਹੇ ਸਨ ਅਤੇ ਨਕਸਲੀਆਂ ਵਿਰੁੱਧ ਕਥਿਤ ਪੁਲਿਸ ਕਾਰਵਾਈ ਵਿਚ ਹਵਾਈ ਫ਼ੌਜ ਦੀ ਮੱਦਦ ਲਏ ਜਾਣ ਦੀਆਂ ਰਿਪੋਰਟਾਂ ਵੀ ਮੀਡੀਆ ਵਿਚ ਆ ਰਹੀਆਂ ਸਨ। ਜੇ ਹੁਕਮਰਾਨ ਯੁੱਧ ਦੇ ਹਾਲਾਤ ਸਵੀਕਾਰ ਕਰਨਗੇ ਤਾਂ ਉਨ੍ਹਾਂ ਨੂੰ ਯੁੱਧ ਦੇ ਕੌਮਾਂਤਰੀ ਅਸੂਲਾਂ ਦੀ ਪਾਲਣਾ ਕਰਨ ਲਈ ਜਵਾਬਦੇਹ ਹੋਣਾ ਪਵੇਗਾ। ਸਾਫ਼ ਮੁੱਕਰ ਜਾਣਾ ਜਵਾਬਦੇਹੀ ਤੋਂ ਬਚਣ ਦਾ ਸੌਖਾ ਤਰੀਕਾ ਹੈ।

ਮਾਓਵਾਦੀ ਪਾਰਟੀ ਦੀ ਛਾਪਾਮਾਰ ਤਾਕਤ ਅਤੇ ਬੁਨਿਆਦੀ ਤਬਦੀਲੀ ਦੀ ਸਿਆਸਤ ਨੂੰ ਭਾਰਤੀ ਰਾਜ ਗੰਭੀਰ ਖ਼ਤਰੇ ਦੇ ਰੂਪ 'ਚ ਦੇਖਦਾ ਹੈ। ਭਾਵੇਂ ਅਜੇ ਇਸ ਪਾਰਟੀ ਦੀ ਤਾਕਤ ਬਹੁਤ ਸੀਮਤ ਹੈ, ਪਰ ਨੰਗੇ ਅਨਿਆਂ, ਧੱਕੇ-ਵਿਤਕਰੇ ਅਤੇ ਘੋਰ ਨਾਬਰਾਬਰੀ 'ਤੇ ਆਧਾਰਤ ਸਮਾਜਿਕ-ਆਰਥਕ ਪ੍ਰਬੰਧ ਵਾਲੇ ਮੁਲਕ ਵਿਚ ਭਵਿੱਖ 'ਚ ਇਸ ਦਾ ਵਧਾਰਾ-ਪਸਾਰਾ ਹੋਣ ਦੀ ਵਿਆਪਕ ਗੁੰਜਾਇਸ਼ ਹੈ। ਪਰ ਇਹ ਵੀ ਸਪਸ਼ਟ ਹੈ ਕਿ ਭਾਰਤੀ ਹੁਕਮਰਾਨ ਜਮਾਤ ਦਾ ਨਿਸ਼ਾਨਾ ਇਸ ਲਹਿਰ ਨੂੰ ਖ਼ਤਮ ਤੋਂ ਕਿਤੇ ਵਡੇਰਾ ਅਤੇ ਵਿਆਪਕ ਹੈ। ਉਹ ਮਾਓਵਾਦੀ ਲਹਿਰ ਦੀ ਹਥਿਆਰਬੰਦ ਮੌਜੂਦਗੀ ਨੂੰ ਲੋਕਾਂ ਦੀ ਹੱਕ-ਜਤਾਈ ਵਿਰੁੱਧ ਸਟੇਟ ਦੀ ਹਥਿਆਰਬੰਦ ਤਾਕਤ ਝੋਕਣ ਲਈ ਬਹਾਨੇ ਵਜੋਂ ਵਰਤ ਰਹੇ ਹਨ। ਇਸ ਬਹਾਨੇ ਸਮਾਜ ਦੇ ਉਨ੍ਹਾਂ ਹਿੱਸਿਆਂ ਵਿਰੁੱਧ ਨੀਮ-ਫ਼ੌਜੀ ਤਾਕਤਾਂ ਅਤੇ ਜਾਬਰ ਕਾਨੂੰਨਾਂ ਦੀ ਬੇਦਰੇਗ ਵਰਤੋਂ ਕੀਤੀ ਜਾ ਸਕਦੀ ਹੈ ਜਿਨ੍ਹਾਂ ਨੂੰ ਹਕੂਮਤੀ ਨੀਤੀਆਂ ਯਾਨੀ ਕਥਿਤ ਵਿਕਾਸ ਮਾਡਲ ਕਾਰਨ ਆਪਣੀ ਹੋਂਦ ਮਿਟ ਜਾਣ ਦਾ ਖ਼ਤਰਾ ਹੈ ਅਤੇ ਉਹ ਆਪਣੇ ਰੈਣ-ਬਸੇਰਿਆਂ ਅਤੇ ਜੀਵਨ-ਗੁਜ਼ਾਰੇ ਦੇ ਵਸੀਲਿਆਂ ਨੂੰ ਬਚਾਉਣ ਲਈ ਕਾਰਪੋਰੇਟ ਪ੍ਰੋਜੈਕਟਾਂ ਵਿਰੁੱਧ ਲੜ ਰਹੇ ਹਨ। ਉਨ੍ਹਾਂ ਨੂੰ ਵਿਕਾਸ ਦੇ ਵਿਰੋਧੀ ਬਣਾ ਕੇ ਪੇਸ਼ ਕੀਤਾ ਜਾਂਦਾ ਹੈ ਅਤੇ ਹਕੂਮਤੀ ਬਿਰਤਾਂਤ ਨਾਲ ਗੁੰਮਰਾਹ ਹੋਏ ਬਹੁਤ ਸਾਰੇ ਲੋਕ ਹਕੂਮਤੀ ਝੂਠ ਨੂੰ ਸੱਚ ਮੰਨੀ ਬੈਠੇ ਹਨ।

ਇਤਫ਼ਾਕ ਨਾਲ ਇਹ ਸਭ ਤੋਂ ਪੱਛੜੇ ਹੋਏ ਜੰਗਲੀ-ਪਹਾੜੀ ਇਲਾਕੇ ਮਾਓਵਾਦੀ ਪਾਰਟੀ ਦੇ 'ਨਵ-ਜਮਹੂਰੀ ਇਨਕਲਾਬ' ਦੇ ਪ੍ਰੋਗਰਾਮ ਤਹਿਤ 'ਯੁੱਧਨੀਤਕ' ਇਲਾਕੇ ਹਨ ਅਤੇ ਉਹ ਦਹਾਕਿਆਂ ਤੋਂ ਇਨ੍ਹਾਂ ਸਭ ਤੋਂ ਵੱਧ ਹਾਸ਼ੀਏ 'ਤੇ ਧੱਕੇ ਲੋਕਾਂ ਵਿਚ ਕੰਮ ਕਰ ਰਹੇ ਹੋਣ ਕਰਕੇ ਕਾਰਪੋਰੇਟ ਪ੍ਰੋਜੈਕਟਾਂ ਵਿਰੁੱਧ ਲੜਾਈ ਦੀ ਮੋਹਰਲੀ ਕਤਾਰ ਵਿਚ ਹਨ। ਇਸੇ ਲਈ, ਭਾਰਤੀ ਹੁਕਮਰਾਨ ਜਮਾਤ ਲਈ ਇਹ ਬਿਰਤਾਂਤ ਸਿਰਜ ਕੇ ਇਨ੍ਹਾਂ ਇਲਾਕਿਆਂ ਦਾ ਬੇਰੋਕ-ਟੋਕ ਫ਼ੌਜੀਕਰਨ ਕਰਨਾ ਅਤੇ ਇੱਥੋਂ ਦੀ ਵਸੋਂ ਦੀ ਨਸਲਕੁਸ਼ੀ ਕਰਨਾ ਬੇਹੱਦ ਸੌਖਾ ਹੋ ਗਿਆ ਹੈ। ਬਹਾਨਾ ਇਹ ਬਣਾਇਆ ਜਾ ਰਿਹਾ ਹੈ ਕਿ ਮਾਓਵਾਦੀ ਸੰਵਿਧਾਨ ਨੂੰ ਨਹੀਂ ਮੰਨਦੇ, ਉਹ ਵਿਕਾਸ ਨਹੀਂ ਹੋਣ ਦਿੰਦੇ ਅਤੇ ਮਾਓਵਾਦੀ ਲਹਿਰ 'ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਹੈ। ਇਸੇ ਝੂਠੇ ਬਿਰਤਾਂਤ ਦੇ ਭਰਮਾਏ ਬਹੁਤ ਸਾਰੇ ਲੋਕਾਂ ਨੂੰ ਲੱਗਦਾ ਹੈ ਕਿ ਸੰਵਿਧਾਨ ਨੂੰ ਨਾ ਮੰਨਣ ਵਾਲੇ ਮਾਓਵਾਦੀਆਂ ਅਤੇ ਉਨ੍ਹਾਂ ਦਾ ਸਾਥ ਦੇ ਰਹੇ ਬਸਤਰ ਤੇ ਹੋਰ ਇਲਾਕਿਆਂ ਦੇ ਆਦਿਵਾਸੀਆਂ ਨੂੰ ਨੀਮ-ਫ਼ੌਜੀ ਤਾਕਤਾਂ ਵੱਲੋਂ ਗ਼ੈਰਕਾਨੂੰਨੀ ਤਰੀਕਿਆਂ ਨਾਲ ਕੁਚਲ ਦੇਣਾ ਗ਼ਲਤ ਨਹੀਂ ਹੈ, ਜੋ ਭਾਰਤ ਦੇ ਵਿਕਾਸ ਦੇ ਰਾਹ ਵਿਚ ਅੜਿੱਕਾ ਹਨ। ਉਹ ਇਸ ਹਕੀਕਤ ਨੂੰ ਨਹੀਂ ਦੇਖ ਰਹੇ ਕਿ ਇਹ ਹਮਲਾ ਤਾਂ ਉਨ੍ਹਾਂ ਆਦਿਵਾਸੀ ਅਤੇ ਗ਼ੈਰਆਦਿਵਾਸੀ ਖੇਤਰਾਂ ਦੇ ਲੋਕਾਂ ਉੱਪਰ ਵੀ ਹੋ ਰਿਹਾ ਹੈ ਜਿੱਥੇ ਮਾਓਵਾਦੀ ਨਹੀਂ ਹਨ, ਹਾਲਾਂਕਿ ਉੱਥੇ ਹਮਲਾ ਅਜੇ ਬਸਤਰ ਜਿੰਨਾ ਤਿੱਖਾ ਅਤੇ ਵਿਆਪਕ ਨਹੀਂ ਹੈ। ਹੁਕਮਰਾਨ ਇਸ ਨੂੰ ਮਾਓਵਾਦੀਆਂ ਵਿਰੁੱਧ ਭਾਰਤੀ ਲੋਕਤੰਤਰ ਦੀ ਜਾਇਜ਼ ਲੜਾਈ ਬਣਾ ਕੇ ਪੇਸ਼ ਕਰਦੇ ਹਨ। ਦਰਅਸਲ, ਇਹ ਬਦੇਸ਼ੀ-ਦੇਸੀ ਕਾਰਪੋਰੇਟ ਸਰਮਾਏਦਾਰੀ ਦੇ ਹਿਤਾਂ ਲਈ ਭਾਰਤੀ ਰਾਜ ਦਾ ਪੂਰੇ ਮੁਲਕ ਦੇ ਆਦਿਵਾਸੀਆਂ ਅਤੇ ਹੋਰ ਦੱਬੇ-ਕੁਚਲੇ ਲੋਕਾਂ ਵਿਰੁੱਧ ਮੁਕੰਮਲ ਯੁੱਧ ਹੈ।

ਜਿੱਥੋਂ ਤੱਕ ਭਾਰਤੀ ਸੰਵਿਧਾਨ ਦਾ ਸਵਾਲ ਹੈ, ਇਸ ਦੀਆਂ ਸਭ ਤੋਂ ਵੱਧ ਧੱਜੀਆਂ ਖ਼ੁਦ ਭਾਰਤੀ ਹੁਕਮਰਾਨ ਉਡਾਉਂਦੇ ਹਨ ਜੋ ਆਦਿਵਾਸੀ ਤੇ ਹੋਰ ਦੱਬੇ-ਕੁਚਲੇ ਲੋਕਾਂ ਦੇ ਹਿਤਾਂ ਦੀ ਸੁਰੱਖਿਆ ਲਈ ਕੀਤੀਆਂ ਵਿਸ਼ੇਸ਼ ਸੰਵਿਧਾਨਕ ਵਿਵਸਥਾਵਾਂ ਅਤੇ ਕਾਨੂੰਨਾਂ ਨੂੰ ਦਰਕਿਨਾਰ ਕਰਕੇ ਨੀਤੀਆਂ ਘੜਦੇ ਹਨ ਅਤੇ ਰਾਜ ਦੀ ਹਥਿਆਰਬੰਦ ਤਾਕਤ ਨਾਲ ਲੋਕਾਂ ਦੇ ਹਲਕ 'ਚ ਲੰਘਾਉਂਦੇ ਹਨ।

ਇਹ ਗ਼ੌਰ ਕਰਨਾ ਜ਼ਰੂਰੀ ਹੈ ਕਿ ਅਮਿਤ ਸ਼ਾਹ ਸਮੇਤ ਸਮੁੱਚਾ ਹਾਕਮ ਜਮਾਤੀ ਲਾਣਾ ਮਾਓਵਾਦੀਆਂ ਨੂੰ ਹਥਿਆਰ ਸੁੱਟ ਕੇ 'ਮੁੱਖਧਾਰਾ' ਵਿਚ ਸ਼ਾਮਲ ਹੋਣ ਦੀਆਂ ਨਸੀਹਤਾਂ ਦੇ ਰਿਹਾ ਹੈ ਜਦਕਿ ਅਨਿਆਂ ਅਤੇ ਨਬਰਾਬਰੀ ਵਾਲੇ ਜਿਨ੍ਹਾਂ ਹਾਲਾਤ ਨੇ ਉਨ੍ਹਾਂ ਨੂੰ ਹਾਸ਼ੀਏ 'ਤੇ ਧੱਕਿਆ ਅਤੇ ਦਹਿ-ਹਜ਼ਾਰਾਂ ਆਦਿਵਾਸੀਆਂ ਨੇ ਮਾਓਵਾਦੀ ਲਹਿਰ ਵਿਚ ਸ਼ਾਮਲ ਹੋ ਕੇ ਆਪਣੇ ਹੱਕਾਂ ਤੇ ਹਿਤਾਂ ਦੀ ਰਾਖੀ ਲਈ ਸਟੇਟ ਵਿਰੁੱਧ ਹਥਿਆਰ ਚੁੱਕੇ ਅਤੇ ਜਿਨ੍ਹਾਂ ਹਾਲਾਤ ਕਾਰਨ ਕਸ਼ਮੀਰ, ਉੱਤਰ-ਪੂਰਬੀ ਰਿਆਸਤਾਂ ਅਤੇ ਹੋਰ ਖੇਤਰਾਂ ਦੇ ਲੋਕ ਭਾਰਤੀ ਹੁਕਮਰਾਨਾਂ ਤੋਂ ਨਿਆਂ ਲੈਣ ਲਈ 'ਇੰਤਹਾਪਸੰਦ' ਬਣੇ, ਉਹ ਹਾਲਾਤ ਇਸੇ 'ਮੁੱਖਧਾਰਾ' ਅਤੇ ਸਟੇਟ ਦੀਆਂ ਨੀਤੀਆਂ ਦੇ ਪੈਦਾ ਕੀਤੇ ਹੋਏ ਹਨ। ਜੇ ਹਾਕਮ ਜਮਾਤੀ ਪਾਰਟੀਆਂ ਵਿਚ ਭੋਰਾ ਵੀ ਈਮਾਨਦਾਰੀ ਹੈ ਤਾਂ ਮਾਓਵਾਦੀਆਂ ਨੂੰ ਭੰਡਣ ਅਤੇ ਨਸੀਹਤਾਂ ਦੇਣ ਦੀ ਬਜਾਏ ਆਪਣੇ ਉਸ ਕਾਰਪੋਰੇਟ ਹਿਤੈਸ਼ੀ 'ਵਿਕਾਸ ਮਾਡਲ' ਉੱਪਰ ਮੁੜ-ਵਿਚਾਰ ਕਰਨੀ ਚਾਹੀਦੀ ਹੈ ਜੋ ਲੋਕਾਂ ਨੂੰ ਮਨਜ਼ੂਰ ਨਹੀਂ ਅਤੇ ਜਿਸਨੂੰ ਲਾਗੂ ਕਰਨ ਲਈ ਭਾਰਤੀ ਰਾਜ ਨੂੰ ਐਨੇ ਵਿਆਪਕ ਫ਼ੌਜੀਕਰਨ ਤੇ ਨੀਮ-ਫ਼ੌਜੀ ਓਪਰੇਸ਼ਨਾਂ ਦੀ ਮੱਦਦ ਲੈਣੀ ਪੈਂਦੀ ਹੈ ਅਤੇ ਆਪਣੇ ਹੀ ਲੋਕਾਂ ਨੂੰ 'ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਐਲਾਨਣਾ ਪੈਂਦਾ ਹੈ।


ਮਾਓਵਾਦੀਆਂ ਅਤੇ ਸਰਕਾਰ ਦਰਮਿਆਨ ਸ਼ਾਂਤੀ ਗੱਲਬਾਤ ਸ਼ੁਰੂ ਹੁੰਦੀ ਹੈ ਜਾਂ ਨਹੀਂ, ਇਹ ਆਉਣ ਵਾਲੇ ਦਿਨਾਂ ਵਿਚ ਸਾਹਮਣੇ ਆਵੇਗਾ। ਪਰ ਇਕ ਗੱਲ ਤੈਅ ਹੈ ਕਿ ਭਗਵਾ ਹਕੂਮਤ ਭਾਵੇਂ ਮਾਰਚ 2026 ਤੱਕ ਮਾਓਵਾਦੀ ਲਹਿਰ ਦਾ ਸਫ਼ਾਇਆ ਕਰਨ 'ਚ ਕਾਮਯਾਬ ਹੋ ਜਾਵੇ, ਇਹ 'ਜਿੱਤ' ਵਕਤੀ ਹੋਵੇਗੀ। ਦਰਅਸਲ, ਜਦੋਂ ਤੱਕ ਸਮਾਜ ਵਿਚ ਅਨਿਆਂ ਅਤੇ ਨਬਰਾਬਰੀ ਹੈ, ਜਦੋਂ ਤੱਕ ਇਸ ਨੂੰ ਜ਼ਰਬਾਂ ਦੇਣ ਵਾਲਾ ਕਾਰਪੋਰੇਟ ਹਿਤੈਸ਼ੀ ਆਰਥਕ ਮਾਡਲ ਮੌਜੂਦ ਹੈ, ਹਾਸ਼ੀਏ 'ਤੇ ਧੱਕੇ ਲੁੱਟੇ-ਪੁੱਟੇ ਲੋਕ ਬਿਹਤਰ ਜ਼ਿੰਦਗੀ ਲਈ ਸਟੇਟ ਵਿਰੁੱਧ ਬਗ਼ਾਵਤਾਂ ਕਰਦੇ ਰਹਿਣਗੇ ਅਤੇ ਨਕਸਲਵਾਦ ਦੀ ਪ੍ਰਸੰਗਿਕਤਾ ਬਣੀ ਰਹੇਗੀ। ਸਾਬਕਾ ਆਹਲਾ ਅਧਿਕਾਰੀ ਪ੍ਰਕਾਸ਼ ਸਿੰਘ ਨੇ 2018 'ਚ ਹੀ ਇਹ ਚੇਤਾਵਨੀ ਦੇ ਦਿੱਤੀ ਸੀ ਕਿ 'ਜਦੋਂ ਤੱਕ ਸਮਾਜਿਕ-ਆਰਥਕ ਕਾਰਨਾਂ ਨੂੰ ਹੱਲ ਨਹੀਂ ਕੀਤਾ ਜਾਂਦਾ ਓਦੋਂ ਤੱਕ (ਮਾਓਵਾਦੀ) ਲਹਿਰ ਦੇ ਮਰ ਜਾਣ ਦਾ ਐਲਾਨ ਲਿਖਣਾ ਜਲਦਬਾਜ਼ੀ ਹੋਵੇਗੀ।'

# 13 ਵਿਆਹ ਕਰ ਚੁੱਕੀ ਦੁਲਹਨ ਕਾਬੂ



**ਹਰਦੋਈ:** ਬਾਬਾ ਵਿਆਹ ਲਈ ਉਤਾਵਲੇ ਕੁਆਰੇ ਨੌਜਵਾਨ ਦੀ ਭਾਲ ਕਰ ਕੇ ਰਿਸ਼ਤਾ ਕਰਾਉਂਦਾ, ਮਾਂ ਤੇ ਮਾਸੀ ਵਰ ਪੱਖ ਨਾਲ ਮਿਲ ਕੇ ਵਿਆਹ ਲਈ ਰਾਜ਼ੀ ਕਰਦੀਆਂ ਤੇ ਜਿਉਂ ਹੀ ਗਹਿਣੇ ਤੇ ਨਕਦੀ, ਹੱਥ ਲੱਗਦੀ, ਸਾਰੇ ਗਾਇਬ ਹੋ ਜਾਂਦੇ। ਪੂਜਾ ਇਸ ਤਰ੍ਹਾਂ 13 ਸ਼ਿਕਾਰ ਕਰ ਚੁੱਕੀ ਸੀ, ਪਰ ਜਨਵਰੀ ਵਿਚ ਉੱਤਰ ਪ੍ਰਦੇਸ਼ ਦੇ ਹਰਦੋਈ ਜ਼ਿਲ੍ਹੇ ਦੇ ਸਾਂਡੀ ਕਸਬੇ 'ਚ 14ਵੇਂ ਸ਼ਿਕਾਰ ਤੋਂ ਬਾਅਦ ਪੁਲਿਸ ਉਸ ਦੇ ਪਿੱਛੇ ਪੈ ਗਈ। ਹੁਣ ਉਹ ਫ਼ਰਜ਼ੀ ਮਾਂ ਤੇ ਮਾਸੀ ਦੇ ਨਾਲ ਜੇਲ੍ਹ 'ਚ ਹੈ। ਪੁਲਿਸ ਮੁਤਾਬਕ, ਜਨਵਰੀ 'ਚ ਸਾਂਡੀ ਦੇ ਨਵਾਬਗੰਜ ਮੁਹੱਲੇ' ਦੇ ਨੀਰਜ ਗੁਪਤਾ ਨੂੰ ਵਿਆਹ ਦੇ ਬਹਾਨੇ ਠੱਗ ਕੇ ਭੱਜਣ ਵਾਲੀ ਲੁਟੇਰੀ ਦੁਲਹਣ ਹੁਣ ਤੱਕ 13 ਹੋਰ ਲੋਕਾਂ ਨੂੰ ਠੱਗ ਚੁੱਕੀ ਹੈ।

# ਰਾਜਪਾਲ ਵਲੋਂ 'ਜੈ ਸ੍ਰੀ ਰਾਮ' ਦਾ ਨਾਅਰਾ ਲਗਵਾਉਣ 'ਤੇ ਹੰਗਾਮਾ



**ਚੇਨਈ:** ਮਦੁਰਾਈ ਦੇ ਥਿਰੁੱਪਰਨਕੁੰਦਰਮ 'ਚ ਸਥਿਤ ਤਿਆਗਰਾਜਾਰ ਇੰਜੀਨੀਅਰਿੰਗ ਕਾਲਜ ਦੇ ਕੰਬਨ ਫੈਸਟੀਵਲ ਦੌਰਾਨ ਵਿਦਿਆਰਥੀਆਂ ਨੂੰ 'ਜੈ ਸ੍ਰੀ ਰਾਮ' ਦਾ ਨਾਅਰਾ ਲਗਾਉਣ ਲਈ ਕਹਿਣ ਦੇ ਰਾਜਪਾਲ ਆਰਐੱਨ ਰਵੀ ਦੇ ਸੱਦੇ ਨਾਲ ਇਕ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। ਪ੍ਰੋਗਰਾਮ 'ਚ ਰਵੀ ਮੁੱਖ ਮਹਿਮਾਨ ਵਜੋਂ ਮੌਜੂਦ ਸਨ। ਉਨ੍ਹਾਂ ਨੇ ਆਪਣੇ ਸੰਬੋਧਨ ਦੇ ਅਖ਼ੀਰ 'ਚ 'ਜੈ ਸ੍ਰੀ ਰਾਮ' ਦਾ ਨਾਅਰਾ ਲਗਾਇਆਂ ਤੇ ਵਿਦਿਆਰਥੀਆਂ ਨੂੰ ਵੀ ਅਜਿਹਾ ਕਰਨ ਲਈ ਕਿਹਾ। ਹਾਲ ਹੀ ਵਿਚ ਰਾਜਪਾਲ ਨੂੰ ਸੁਪਰੀਮ ਕੋਰਟ ਨੇ ਸੂਬਾਈ ਵਿਧਾਨ ਮੰਡਲ ਵੱਲੋਂ ਪਾਸ ਕੀਤੇ ਗਏ 10 ਬਿੱਲਾਂ 'ਤੇ ਕਾਰਵਾਈ ਨਾ ਕਰਨ ਲਈ ਝਾੜ ਪਾਈ ਸੀ। ਰਾਜਪਾਲ ਦੀ ਆਲੋਚਨਾ ਕਰਦਿਆਂ ਕਾਂਗਰਸੀ ਵਿਧਾਇਕ ਜੇਐੱਮਐੱਚ ਹਸਨ ਮੌਲਾਨਾ ਨੇ ਕਿਹਾ ਕਿ ਉਨ੍ਹਾਂ ਦੀ ਟਿੱਪਣੀ ਬਹੁਤ ਹੀ ਨਿੰਦਾਯੋਗ ਹੈ। ਉਹ ਆਰਐੱਸਐੱਸ ਤੇ ਭਾਜਪਾ ਦੀ ਭਾਸ਼ਾ ਬੋਲ ਰਹੇ ਹਨ। ਉਹ ਇਕ ਸੰਵਿਧਾਨਕ ਅਹੁਦੇ 'ਤੇ ਬੈਠੇ ਹਨ, ਇਸ ਲਈ ਅਜਿਹੀ ਟਿੱਪਣੀ ਉਨ੍ਹਾਂ ਨੂੰ ਸ਼ਸ਼ੋਭਾ ਨਹੀਂ ਦਿੰਦੀ। ਹਸਨ ਨੇ ਕਿਹਾ ਕਿ ਰਾਜਪਾਲ ਦੇਸ਼ ਦੇ ਸਭ ਤੋਂ ਉੱਚੇ ਅਹੁਦਿਆਂ ਵਿਚੋਂ ਇਕ 'ਤੇ ਬੈਠੇ ਹਨ, ਪਰ ਉਹ ਇਕ ਧਾਰਮਿਕ ਆਗੂ ਵਾਂਗ ਬੋਲ ਰਹੇ ਹਨ.. ਉਹ ਆਰਐੱਸਐੱਸ ਤੇ ਭਾਜਪਾ ਦੇ ਪ੍ਰਚਾਰ ਮਾਸਟਰ ਬਣ ਗਏ ਹਨ। ਰਾਜਪਾਲ ਇਸ ਤਰ੍ਹਾਂ ਕੰਮ ਨਹੀਂ ਕਰ ਸਕਦੇ। ਉਹ ਤਾਮਿਲਨਾਡੂ ਵਿਚ ਆਰ.ਐੱਸ.ਐੱਸ. ਦੀ ਵਿਚਾਰਧਾਰਾ ਫੈਲਾ ਰਹੇ ਹਨ। ਉਹ ਜਿਸ ਅਹੁਦੇ 'ਤੇ ਹਨ, ਉਹ ਇਕ ਸੰਵਿਧਾਨਕ ਅਹੁਦਾ ਹੈ, ਇਸ ਲਈ ਉਨ੍ਹਾਂ ਨੂੰ ਨਿਰਪੱਖ ਰਹਿਣਾ ਚਾਹੀਦਾ ਹੈ। ਕਾਂਗਰਸੀ ਆਗੂ ਨੇ ਕਿਹਾ ਕਿ ਰਾਜਪਾਲ ਰਵੀ ਨੂੰ ਪਹਿਲਾਂ ਹੀ ਸੁਪਰੀਮ ਕੋਰਟ ਨੇ ਝਾੜ ਪਾਈ ਹੈ। ਕੋਰਟ ਨੇ ਉਨ੍ਹਾਂ ਖ਼ਿਲਾਫ਼ ਇਤਿਹਾਸਕ ਫੈਸਲਾ ਦਿੱਤਾ ਹੈ ਕਿਉਂਕਿ ਉਨ੍ਹਾਂ ਨੇ ਸੂਬਾਈ ਵਿਧਾਨ ਮੰਡਲ ਵੱਲੋਂ ਪਾਸ ਕੀਤੇ ਗਏ 10 ਬਿੱਲਾਂ 'ਤੇ ਕਾਰਵਾਈ ਨਾ ਕਰਕੇ ਗ਼ੈਰ-ਸੰਵਿਧਾਨਕ ਤੇ ਮਨਮਾਨੇ ਤਰੀਕੇ ਨਾਲ ਕੰਮ ਕੀਤਾ ਹੈ। ਸੀਪੀਆਈ ਦੇ ਸੂਬਾ ਸਕੱਤਰ ਆਰ.ਮੁਥਰਾਸਨ ਨੇ ਸੰਵਿਧਾਨਕ ਮਾਪਦੰਡਾਂ ਦੀ ਉਲੰਘਣਾ 'ਚ ਕੰਮ ਕਰਨ ਅਤੇ ਚੁਣੀ ਹੋਈ ਸੂਬਾ ਸਰਕਾਰ ਦੇ ਕੰਮਕਾਜ 'ਚ ਰੁਕਾਵਟ ਪਾਉਣ ਦਾ ਦੋਸ਼ ਲਾਉਂਦਿਆਂ ਰਾਸ਼ਟਰਪਤੀ ਤੇ ਕੇਂਦਰ ਸਰਕਾਰ ਅੱਗੇ ਰਾਜਪਾਲ ਰਵੀ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ। ਉਨ੍ਹਾਂ ਨੇ ਦੋਸ਼ ਲਾਇਆ ਕਿ ਉਹ ਇਕ ਅਜਿਹੇ ਵਿਅਕਤੀ ਵਾਂਗ ਵਿਹਾਰ ਕਰ ਰਹੇ ਹਨ ਜੋ ਆਪਣੇ ਆਪ ਨੂੰ ਨਿਆਪਾਲਿਕਾ ਤੇ ਸੰਵਿਧਾਨ ਤੋਂ ਉੱਪਰ ਸਮਝਦੇ ਹਨ। ਮੁਥਰਾਸਨ ਨੇ ਰਾਜਪਾਲ ਦੇ ਇਸ.ਕੰਮ ਨੂੰ ਤਾਮਿਲਨਾਡੂ ਦੀਆਂ ਸੰਸਕ੍ਰਿਤਿਕ ਤੇ ਕਲਾਤਮਕ ਰਵਾਇਤਾਂ ਖ਼ਿਲਾਫ਼ ਦੱਸਿਆ।

# ਮੁਰਸ਼ਿਦਾਬਾਦ ਵਿਚ ਡਰ ਦੇ ਮਾਹੌਲ ਕਾਰਨ ਹਿੰਦੂਆਂ ਦਾ ਪਲਾਇਨ

## ਹਿੰਸਾ ਤੋਂ ਪ੍ਰਭਾਵਿਤ ਲਗਪਗ 500 ਹਿੰਦੂਆਂ ਨੇ ਕੀਤੀ ਹਿਜਰਤ



**ਕੋਲਕਾਤਾ:** ਵਕਫ਼ ਸੋਧ ਕਾਨੂੰਨ ਖ਼ਿਲਾਫ਼ ਬੰਗਾਲ ਦੇ ਮੁਸਲਿਮ ਬਹੁਗਿਣਤੀ ਵਾਲੇ ਮੁਰਸ਼ਿਦਾਬਾਦ ਜ਼ਿਲ੍ਹੇ 'ਚ ਹੋਈ ਹਿੰਸਾ ਤੋਂ ਬਾਅਦ ਜਿੱਥੇ ਤਟਾਅ ਦੀ ਸਥਿਤੀ ਬਣੀ ਹੋਈ ਹੈ, ਉੱਥੇ ਹਿੰਦੂਆਂ 'ਚ ਡਰ ਦਾ ਮਾਹੌਲ ਹੈ। ਆਲਮ ਇਹ ਹੈ ਕਿ ਜ਼ਿਲ੍ਹੇ 'ਚ ਹਿੰਸਾ ਤੋਂ ਪ੍ਰਭਾਵਿਤ ਲਗਪਗ 500 ਹਿੰਦੂ ਹਿਜਰਤ ਕਰ ਗਏ ਹਨ। ਉਨ੍ਹਾਂ ਨੇ ਭਾਗੀਰਥੀ ਨਦੀ ਪਾਰ ਕਰ ਕੇ ਮਾਲਦਾ 'ਚ ਪਨਾਹ ਲਈ ਹੈ। ਵਿਰੋਧੀ ਧਿਰ ਦੇ ਆਗੂ ਸੁਵੇਂਦੂ ਅਧਿਕਾਰੀ ਨੇ ਦਾਅਵਾ ਕੀਤਾ ਕਿ ਕੱਟੜਪੰਥੀਆਂ ਦੇ ਡਰ ਕਾਰਨ ਲੋਕ ਭੱਜਣ ਲਈ ਮਜਬੂਰ ਹੋਏ। ਹਨ। ਫਰੱਕਾ ਤੋਂ ਤ੍ਰਿਣਮੂਲ ਵਿਧਾਇਕ ਮਨਿਰੁਲ ਇਸਲਾਮ ਦੇ ਵੀ ਹਿਜਰਤ ਕਰਨ ਦੀ ਸੂਚਨਾ ਹੈ।

ਉੱਧਰ, ਹਿੰਸਾ ਤੋਂ ਪ੍ਰਭਾਵਤ ਸ਼ਮਸ਼ੇਰਗੰਜ 'ਚ ਹੁੱਲੜਬਾਜ਼ਾਂ ਨੇ ਬੀਐੱਸਐੱਫ ਟੀਮ 'ਤੇ ਮੁੜ ਫਾਇਰਿੰਗ ਕੀਤੀ ਗਈ। ਇਸ 'ਚ ਦੋ ਬੱਚੇ ਜ਼ਖ਼ਮੀ ਹੋਏ ਹਨ। ਹੁੱਲੜਬਾਜ਼ਾਂ 'ਤੇ ਕਈ ਔਰਤਾਂ ਨਾਲ ਛੇੜਖਾਨੀ ਦਾ ਵੀ ਦੋਸ਼ ਹੈ। ਮਾਮਲੇ 'ਚ 12 ਹੋਰ ਲੋਕਾਂ ਦੀ ਗ੍ਰਿਫ਼ਤਾਰੀ ਦੇ ਨਾਲ ਹੁਣ ਤੱਕ ਕਰੀਬ 150 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਮੁਰਸ਼ਿਦਾਬਾਦ ਜ਼ਿਲ੍ਹੇ 'ਚ ਵਕਫ਼ ਸੋਧ ਕਾਨੂੰਨ ਦੇ ਵਿਰੋਧ 'ਚ ਸ਼ੁੱਕਰਵਾਰ ਨੂੰ ਪ੍ਰਦਰਸ਼ਨ ਦੌਰਾਨ ਹਿੰਸਾ ਨਾਲ ਤਿੰਨ ਲੋਕਾਂ ਦੀ ਮੌਤ ਹੋ ਗਈ ਸੀ। ਇਕ ਹੋਰ ਘਟਨਾ 'ਚ ਸ਼ਨਿਚਰਵਾਰ ਸ਼ਾਮ ਧੁਲਿਆਨ 'ਚ ਇਕ ਵਿਅਕਤੀ ਗੋਲੀ ਲੱਗਣ ਨਾਲ ਜ਼ਖ਼ਮੀ ਹੋ ਗਿਆ ਸੀ। ਇਸ ਹਾਲਤ 'ਚ ਪ੍ਰਸ਼ਾਸਨ ਵੱਲੋਂ ਹਿੰਸਾਗ੍ਰਸਤ ਇਲਾਕਿਆਂ 'ਚ ਸ਼ਾਂਤੀ ਕਾਇਮ ਕਰਨ ਦੀ ਕੋਸ਼ਿਸ਼ਾਂ ਦਰਮਿਆਨ ਐਤਵਾਰ ਸਵੇਰੇ ਜ਼ਿਲ੍ਹੇ ਦੇ ਹਿੰਸਾ ਤੋਂ ਪ੍ਰਭਾਵਤ ਸ਼ਮਸ਼ੇਰਗੰਜ ਦੇ ਧੁਲਿਆਨ ਇਲਾਕੇ 'ਚ ਹੁੱਲੜਬਾਜ਼ਾਂ ਨੇ ਮੁੜ ਫਾਇਰਿੰਗ ਕੀਤੀ।

ਇਲਾਕੇ 'ਚ ਸ਼ਾਂਤੀ ਬਹਾਲ ਕਰਨ ਲਈ ਸੂਬਾ ਪੁਲਿਸ ਦੀ ਸਹਾਇਤਾ ਲਈ ਤਾਇਨਾਤ ਬੀਐੱਸਐੱਫ ਟੀਮ ਨੂੰ ਨਿਸ਼ਾਨਾ ਬਣਾ ਕੇ ਫਾਇਰਿੰਗ ਕੀਤੀ ਗਈ। ਇਸ 'ਚ ਦੋ ਬੱਚੇ ਜ਼ਖ਼ਮੀ ਹੋ ਗਏ। ਬੀਐੱਸਐੱਫ ਦੇ ਇਕ ਸੀਨੀਅਰ ਅਧਿਕਾਰੀ ਮੁਤਾਬਕ ਸ਼ਨਿਚਰਵਾਰ ਨੂੰ ਵੀ ਮੁਰਸ਼ਿਦਾਬਾਦ ਵਿਚ ਤਿੰਨ ਥਾਵਾਂ 'ਤੇ ਹੁੱਲੜਬਾਜ਼ਾਂ ਵੱਲ ਬੀਐੱਸਐੱਫ ਦੇ ਜਵਾਨਾਂ 'ਤੇ ਹਮਲੇ ਦੀ ਕੋਸ਼ਿਸ਼ ਕੀਤੀ ਗਈ ਸੀ। ਅਧਿਕਾਰੀ ਨੇ ਦੱਸਿਆ ਕਿ ਹੁੱਲੜਬਾਰਾਂ ਨੂੰ ਖਦੇੜਨ ਲਈ ਬੀਐੱਸਐੱਫ ਨੂੰ ਹਵਾਈ ਫਾਇਰਿੰਗ ਕਰਨੀ ਪਈ.ਸੀ। ਬੀਐੱਸਐੱਫ ਨੇ ਐਤਵਾਰ ਨੂੰ ਪੁਲਿਆਨ ਇਲਾਕੇ ਦੇ ਇਕ ਘਰ ਵਿਚ ਹਮਲੇ ਦੇ ਮਕਸਦ ਨਾਲ ਇਕੱਠੇ ਕੀਤੇ ਗਏ ਪੱਥਰਾਂ ਨੂੰ ਹਟਾਇਆ।

### ਸੁਰੱਖਿਆ ਲਈ 17 ਕੰਪਨੀਆਂ ਤਾਇਨਾਤ

ਕਲਕੱਤਾ ਹਾਈ ਕੋਰਟ ਦੇ ਆਦੇਸ਼ 'ਤੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਜ਼ਿਲ੍ਹੇ ਦੇ ਹਿੰਸਾਗ੍ਰਸਤ ਤੇ ਸੰਵੇਦਨਸ਼ੀਲ ਇਲਾਕਿਆਂ 'ਚ ਕੇਂਦਰੀ ਬਲਾਂ ਦੀਆਂ 17 ਕੰਪਨੀਆਂ ਤਾਇਨਾਤ ਕੀਤੀਆਂ ਹਨ। ਇਸ 'ਚ ਬੀਐੱਸਐੱਫ ਦੀਆਂ ਨੌਂ ਤੇ ਸੀਆਰਪੀਐੱਫ ਦੀਆਂ ਅੱਠ ਕੰਪਨੀਆਂ ਸ਼ਾਮਲ ਹਨ। ਬੀ.ਐੱਸ.ਐੱਫ. ਜਵਾਨਾਂ ਨੇ ਸ਼ਨਿਚਰਵਾਰ ਰਾਤ ਭਰ ਸੂਤੀ ਤੇ ਸ਼ਮਸ਼ੇਰਗੰਜ ਥਾਣਾ ਖੇਤਰਾਂ 'ਚ ਗਸ਼ਤ ਕੀਤੀ।

### ਹਿੰਦੂਆਂ ਦੇ 200 ਘਰਾਂ ਨੂੰ ਲਾਈ ਅੱਗ, ਕੀਤੀ ਲੁੱਟਮਾਰ

ਸੂਤਰਾਂ ਮੁਤਾਬਕ, ਹਿੰਸਾ ਦੌਰਾਨ ਮੁਰਸ਼ਿਦਾਬਾਦ 'ਚ ਲਗਪਗ 200 ਹਿੰਦੂ ਘਰਾਂ ਨੂੰ ਅੱਗ ਲਾ ਦਿੱਤੀ ਗਈ। ਲੋਕਾਂ ਦਾ ਦੋਸ਼ ਹੈ ਕਿ ਗੈਸ ਸਿਲੰਡਰ ਖੋਲ੍ਹ ਕੇ ਅਤੇ ਪੈਟਰੋਲ ਪਾ ਕੇ ਅੱਗ ਲਾਈ ਗਈ। ਹੁੱਲੜਬਾਜ਼ਾਂ ਨੇ ਵੱਡੀ ਗਿਣਤੀ 'ਚ ਘਰਾਂ ਤੇ ਦੁਕਾਨਾਂ ਵਿਚ ਲੁੱਟਮਾਰ ਤੇ ਸਾੜਫੂਕ ਕੀਤੀ। ਹੁੱਲੜਬਾਜ਼ਾਂ ਵੱਲੋਂ ਕਈ ਤਲਾਬਾਂ 'ਚ ਜ਼ਹਿਰ - ਮਿਲਾਉਣ ਦਾ ਵੀ ਦੋਸ਼ ਹੈ। ਪ੍ਰਦੇਸ਼ ਭਾਜਪਾ ਪ੍ਰਧਾਨ ਸੁਕਾਂਤ ਮਜੂਮਦਾਰ ਨੇ ਦੋ ਮੰਦਰਾਂ 'ਚ ਹੁੱਲੜਬਾਜ਼ਾਂ ਵੱਲੋਂ ਭੰਨਤੋੜ ਕਰਨ ਦਾ ਦਾਅਵਾ ਕੀਤਾ ਹੈ।

# ਭਾਰਤ ਤੇ ਨੇਪਾਲ ਰੋਕਣਗੇ ਡਰੱਗਜ਼ ਦੀ ਤਸਕਰੀ

**ਨਵੀਂ ਦਿੱਲੀ:** ਭਾਰਤ ਤੇ ਨੇਪਾਲ ਮਿਲ ਕੇ ਸੋਨਾ, ਡਰੱਗਜ਼ ਤੇ ਨਕਲੀ ਕਰੰਸੀ ਦੀ ਤਸਕਰੀ ਰੋਕਣਗੇ। ਇਸ ਬਾਰੇ ਦੋਵਾਂ ਦੇਸ਼ਾਂ ਦੇ ਕਸਟਮ ਅਧਿਕਾਰੀਆਂ ਨੇ ਚਰਚਾ ਕੀਤੀ ਹੈ। ਭਾਰਤ ਤੇ ਨੇਪਾਲ ਵਿਚਾਲੇ ਕਸਟਮ ਸਹਿਯੋਗ ਬਾਰੇ 21ਵੀਂ ਡਾਇਰੈਕਟਰ ਜਨਰਲ ਪੱਧਰ ਦੀ ਗੱਲਬਾਤ 10-11 ਅਪ੍ਰੈਲ ਨੂੰ ਕਾਠਮੰਡ 'ਚ ਹੋਈ। ਵਿੱਤ ਮੰਤਰਾਲੇ ਦੇ 'ਚ ਕਿਹਾ ਗਿਆ ਕਿ ਮੀਟਿੰਗ ਦੌਰਾਨ ਤਸਕਰੀ ਰੋਕਣ ਲਈ ਕਦਮ, ਕਸਟਮ ਅੰਕੜਿਆਂ ਦੇ ਵਟਾਂਦਰੇ ਤੇ ਇਲੈਕਟ੍ਰਾਨਿਕ ਮੂਲ ਡਾਟਾ ਆਦਾਨ-ਪ੍ਰਦਾਨ ਪ੍ਰਣਾਲੀ 'ਤੇ ਸਮਝੌਤਾ ਮੈਮੋਰੰਡਮ ਦੀ ਪ੍ਰਗਤੀ ਦੀ ਸਮੀਖਿਆ ਵਰਗੇ ਮੁੱਦਿਆਂ 'ਤੇ ਚਰਚਾ ਕੀਤੀ ਗਈ।

# ਮਾਇਆਵਤੀ ਤੋਂ ਮਾਫ਼ੀ ਮੰਗ ਕੇ ਆਕਾਸ਼ ਆਨੰਦ ਮੁੜ ਪਾਰਟੀ ਵਿਚ ਸ਼ਾਮਿਲ





**ਲਖਨਊ:** ਬਹੁਜਨ ਸਮਾਜ ਪਾਰਟੀ (ਬਸਪਾ) ਤੋਂ ਕੱਢੇ ਗਏ ਆਕਾਸ਼ ਆਨੰਦ ਨੇ 41 ਦਿਨਾਂ ਬਾਅਦ ਪਾਰਟੀ ਦੀ ਮੁਖੀਆ ਤੇ ਆਪਣੀ ਭੂਆ ਮਾਇਆਵਤੀ ਤੋਂ ਜਨਤਕ ਤੌਰ 'ਤੇ ਮਾਫ਼ੀ ਮੰਗੀ ਹੈ।

ਉਨ੍ਹਾਂ ਨੇ ਦੁਬਾਰਾ ਪਾਰਟੀ 'ਚ ਕੰਮ ਕਰਨ ਦੀ ਇੱਛਾ ਪ੍ਰਗਟਾਈ ਤੇ ਕਿਹਾ ਕਿ ਪਾਰਟੀ ਦੇ ਹਿੱਤ ਵਿਚ ਹੁਣ ਉਹ ਆਪਣੇ ਰਿਸ਼ਤੇ-ਨਾਤੇ, ਖਾਸ ਕਰ ਕੇ ਸਹੁਰਾ ਪੱਖ ਦੀ ਵੀ ਨਹੀਂ ਸੁਣਨਗੇ। ਆਕਾਸ਼ ਦੇ ਮਾਫ਼ੀ ਮੰਗਣ ਦੇ ਕਰੀਬ ਢਾਈ ਘੰਟੇ ਬਾਅਦ ਮਾਇਆਵਤੀ ਨੇ ਵੀ ਉਨ੍ਹਾਂ ਨੂੰ ਮਾਫ਼ ਕਰ ਕੇ ਪਾਰਟੀ 'ਚ ਵਾਪਸੀ ਦਾ ਇਕ ਮੌਕਾ ਦੇਣ ਦਾ ਐਲਾਨ ਕੀਤਾ ਹੈ। ਮਾਇਆਵਤੀ ਨੇ ਆਂਕਾਸ਼ ਨੂੰ ਬੀਤੀ ਦੋ ਮਾਰਚ ਨੂੰ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਹਟਾ ਦਿੱਤਾ ਸੀ। ਅੰਬੇਡਕਰ ਜੈਅੰਤੀ ਤੋਂ ਇਕ ਦਿਨ ਪਹਿਲਾਂ ਹੋਏ ਇਸ ਨਾਟਕੀ ਘਟਨਾਚੱਕਰ - ਦੀ ਸਿਆਸੀ ਗਲਿਆਰਿਆਂ 'ਚ ਚਰਚਾ ਹੈ। ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਮਾਇਆਵਤੀ ਨੇ ਆਕਾਸ਼ ਨੂੰ ਪਿਛਲੇ ਤਿੰਨ ਮਾਰਚ ਨੂੰ ਬਸਪਾ ਤੋਂ ਕੱਢ ਦਿੱਤਾ ਸੀ।

ਆਕਾਸ਼ ਨੇ ਐਤਵਾਰ ਸ਼ਾਮ 5:56 ਵਜੇ ਇੰਟਰਨੈੱਟ ਮੀਡੀਆ ਪਲੇਟਫਾਰਮ ਐਕਸ' 'ਤੇ ਮਾਇਆਵਤੀ ਤੋਂ ਮਾਫ਼ੀ ਮੰਗੀ। ਇਸ ਦੇ ਕਰੀਬ ਢਾਈ ਘੰਟੇ ਬਾਅਦ ਰਾਤ 8:23 ਵਜੇ ਮਾਇਆਵਤੀ ਨੇ ਐਕਸ਼ 'ਤੇ ਉਨ੍ਹਾਂ ਨੂੰ ਮਾਫ਼ ਕਰਨ ਦਾ ਐਲਾਨ ਕੀਤਾ।

# ਮੋਦੀ ਬਾਰੇ ਮਾੜੀ ਟਿੱਪਣੀ ਦੇ ਦੋਸ਼ ਹੇਠ ਕਨ੍ਹਈਆ ਕੁਮਾਰ 'ਤੇ ਕੇਸ

**ਪਟਨਾ:** ਕਾਂਗਰਸੀ ਆਗੂ ਕਨ੍ਹਈਆ ਕੁਮਾਰ ਵਿਰੁੱਧ ਪਟਨਾ ਦੇ ਕੋਤਵਾਲੀ ਥਾਣੇ 'ਚ ਕੇਸ ਦਰਜ ਕੀਤਾ ਗਿਆ ਹੈ। ਭਾਜਪਾ ਦੇ ਸੂਬਾ ਮੀਡੀਆ ਇੰਚਾਰਜ ਦਾਨਿਸ਼ ਇਕਬਾਲ ਨੇ ਇਸ ਦੀ ਸ਼ਿਕਾਇਤ ਥਾਣੇ 'ਚ ਕੀਤੀ ਹੈ। ਦੋਸ਼ ਹੈ ਕਿ ਕਨ੍ਹਈਆ ਨੇ ਇਕ ਨਿੱਜੀ ਚੈਨਲ ਨੂੰ ਦਿੱਤੀ ਇੰਟਰਵਿਊ 'ਚ ਪ੍ਰਧਾਨ ਮੰਤਰੀ ਵਿਰੁੱਧ ਮਾੜੀ ਟਿੱਪਣੀ ਕੀਤੀ ਤੇ ਗਲਤ ਭਾਸ਼ਾ ਵਰਤੀ ਸੀ।



# ਡਾ. ਅੰਬੇਡਕਰ ਸਾਡੇ ਲਈ ਭਗਵਾਨ ਬਰਾਬਰ: ਚਰਨਜੀਤ ਚੰਨੀ

**ਛੇਹਰਟਾ:**ਬਾਬਾ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਵਸ 'ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੀਨੀਅਰ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਡਾ. ਰਾਜ ਕੁਮਾਰ ਵੇਰਕਾ ਦੀ ਅਗਵਾਈ ਹੇਠ ਜੀਟੀ ਰੋਡ ਛੇਹਰਟਾ ਸਥਿਤ ਪੋਲੀਟੈਕਨਿਕਲ ਕਾਲਜ ਰੋਡ ਵਿਖੇ ਇਕ ਵਿਸ਼ਾਲ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੀਡੀਆ ਇੰਚਾਰਜ ਪਵਨ ਖੇੜਾ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਂਸਦ ਗੁਰਜੀਤ ਸਿੰਘ ਔਜਲਾ, ਸਾਬਕਾ ਵਿਧਾਇਕ ਸੁਨੀਲ ਦੱਤੀ, ਜੁਗਲ ਕਿਸ਼ੋਰ ਸ਼ਰਮਾ, ਸੁਖਵਿੰਦਰ ਸਿੰਘ ਡੈਨੀ, ਜ਼ਿਲ੍ਹਾ ਪ੍ਰਧਾਨ ਅਸ਼ਵਨੀ ਪੱਪੂ, ਸਾਬਕਾ ਸੀਨੀਅਰ ਡਿਪਟੀ ਮੇਅਰ ਰਮਨ ਬਖ਼ਸ਼ੀ, ਸਾਬਕਾ ਚੇਅਰਮੈਨ ਦਿਨੇਸ਼ ਬੱਸੀ, ਸਾਬਕਾ ਵਿਧਾਇਕ ਸੁਨੀਲ ਦੱਤੀ, ਭਗਵੰਤ ਪਾਲ ਸੱਚਰ, ਜ਼ਿਲ੍ਹਾ ਮੀਤ ਪ੍ਰਧਾਨ ਪਵਨ ਕੁਮਾਰ, ਜ਼ਿਲ੍ਹਾ ਯੂਥ ਪ੍ਰਧਾਨ ਰਾਹੁਲ ਕੁਮਾਰ, ਕੌਂਸਲਰ ਰਛਪਾਲ ਸਿੰਘ ਖਿਆਲਾ, ਰਮਨ ਰੰਮੀ, ਸਤੀਸ਼ ਬੱਲੂ, ਸਵਰਾਜ ਢਿੱਲੋਂ, ਕਸ਼ਮੀਰ ਵਡਾਲੀ, ਧਰਮਜੀਤ ਬੌਬੀ, ਸੋਨੂੰ ਦੱਤੀ, ਅਜੈਪਾਲ ਰੰਧਾਵਾ ਅਟਾਰੀ ਹਲਕਾ ਆਦਿ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਬਾਬਾ ਰਤਨ ਬਾਬਾ ਭੀਮ ਰਾਓ ਅੰਬੇਡਕਰ ਜੀ ਦੀ ਪ੍ਰਤਿਮਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਸ਼ਰਧਾਂਜਲੀ ਦਿੱਤੀ।

ਇਸ ਮੌਕੇ ਡਾ. ਰਾਜ ਕੁਮਾਰ ਵੇਰਕਾ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਅਤੇ ਸਾਬਕਾ ਵਿਧਾਇਕ ਸੁਨੀਲ ਦੱਤੀ ਨੇ ਕਿਹਾ ਕਿ ਬਾਬਾ ਭੀਮ ਰਾਓ ਅੰਬੇਡਕਰ ਇਕ ਨਿਆਂਕਾਰ ਸਨ ਜਿਨ੍ਹਾਂ ਨੇ ਸੰਵਿਧਾਨ ਲਿਖ ਕੇ ਦਲਿਤ ਭਾਈਚਾਰੇ ਨੂੰ ਬਰਾਬਰੀ ਦਾ ਦਰਜਾ ਦਿੱਤਾ। ਉਨ੍ਹਾਂ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਨੇ ਨਾ ਸਿਰਫ਼ ਸੰਵਿਧਾਨ ਲਿਖਿਆ ਬਲਕਿ ਦੇਸ਼ ਨੂੰ ਨਿਆਂ, ਸਮਾਨਤਾ ਅਤੇ ਸਵੈ-ਮਾਣ ਦਾ ਰਸਤਾ ਵੀ ਦਿਖਾਇਆ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਬਾਬਾ ਸਾਹਿਬ ਦੁਆਰਾ ਲਿਖੇ ਸੰਵਿਧਾਨ ਨੂੰ ਪਿਆਰ ਨਾਲ ਸੰਭਾਲਿਆ ਸੀ ਪਰ ਮੌਜੂਦਾ ਸਰਕਾਰਾਂ ਦੋ ਸਾਲ, ਗਿਆਰਾਂ ਮਹੀਨੇ ਅਤੇ ਅਠਾਰਾਂ ਦਿਨਾਂ 'ਚ ਡਾ. ਭੀਮ ਰਾਓ ਅੰਬੇਡਕਰ ਦੁਆਰਾ ਲਿਖੇ ਸੰਵਿਧਾਨ ਨਾਲ ਛੇੜਛਾੜ ਕਰ ਰਹੀਆਂ ਹਨ। ਜਿਸ ਕਾਰਨ ਅੱਜ ਭਾਰਤ 16ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਇਸ ਮੌਕੇ



ਚਰਨਜੀਤ ਸਿੰਘ ਚੰਨੀ ਅਤੇ ਪਵਨ ਖੇੜਾ ਨੇ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਜੀ ਨੇ ਵਿਤਕਰੇ ਦੇ ਹਨੇਰੇ ਨੂੰ ਤੋੜਿਆ ਅਤੇ ਗਿਆਨ, ਸੰਘਰਸ਼ ਅਤੇ ਸਵੈ-ਮਾਣ ਦੀ ਮਸ਼ਾਲ ਜਗਾਈ। ਬਾਬਾ ਸਾਹਿਬ ਸਿਰਫ਼ ਸੰਵਿਧਾਨ ਦੇ ਨਿਰਮਾਤਾ ਹੀ ਨਹੀਂ ਸਨ ਸਗੋਂ ਸਮਾਜਿਕ ਕ੍ਰਾਂਤੀ ਦੇ ਪ੍ਰਤੀਕ ਸਨ। ਉਨ੍ਹਾਂ ਦਾ ਸੁਪਨਾ ਇਕ ਅਜਿਹੇ ਭਾਰਤ ਦਾ ਸੀ ਜਿੱਥੇ ਮਨੁੱਖ ਨੂੰ ਮਨੁੱਖ ਵਾਂਗ ਸਮਝਿਆ ਜਾਵੇ ਨਾ ਕਿ ਜਾਤ ਜਾਂ ਵਰਗ ਨਾਲ ਮਾਪਿਆ ਜਾਵੇ। ਸੰਸਦ ਵਿਚ ਅਮਿਤ ਸ਼ਾਹ ਵੱਲੋਂ ਬਾਬਾ ਭੀਮ ਰਾਓ ਅੰਬੇਡਕਰ 'ਤੇ ਕੀਤੀ ਗਈ ਟਿੱਪਣੀ 'ਤੇ ਬੋਲਦਿਆਂ ਚੰਨੀ ਨੇ ਕਿਹਾ ਕਿ ਬਾਬਾ ਭੀਮ ਰਾਓ ਅੰਬੇਡਕਰ ਸਾਡੇ ਲਈ ਭਗਵਾਨ ਵਾਂਗ ਹਨ। ਅੰਬੇਡਕਰ ਨੇ ਹਮੇਸ਼ਾ ਸਿੱਖ ਧਰਮ ਦਾ ਸਤਿਕਾਰ ਕੀਤਾ ਪਰ ਕੁਝ ਦੇਸ਼ ਵਿਰੋਧੀ ਤਾਕਤਾਂ ਵੰਡੀਆਂ ਪਾ ਕੇ ਸਿੱਖ ਧਰਮ ਅਤੇ ਦਲਿਤਾਂ ਨੂੰ ਤੋੜਨ ਦੀ ਕੋਸ਼ਿਸ਼ ਕਰ ਰਹੀਆਂ ਹਨ ਜਿਸ ਨੂੰ ਕਦੇ ਵੀ ਸਫ਼ਲ ਨਹੀਂ ਹੋਣ ਦਿੱਤਾ ਜਾਵੇਗਾ। ਇਸ ਮੌਕੇ ਰਾਜਾ ਵੜਿੰਗ ਨੇ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਹਮੇਸ਼ਾ ਸਮਾਨਤਾ ਦੀ ਗੱਲ ਕਰਦੇ ਸਨ ਪਰ ਅੱਜ ਦੇਸ਼ 'ਚ ਨਾ ਤਾਂ ਆਜ਼ਾਦੀ ਹੈ, ਨਾ ਸਮਾਨਤਾ ਹੈ ਅਤੇ ਨਾ ਹੀ ਕੋਈ ਭਾਈਚਾਰਾ ਹੈ। ਲੋਕਾਂ ਵਿਚ ਵੰਡ ਪਾ ਕੇ, ਸੰਵਿਧਾਨ ਦੀ ਉਲੰਘਣਾ ਕਰਕੇ ਅਤੇ ਡਾਕਟਰ ਸਾਹਿਬ ਦਾ ਅਪਮਾਨ ਕਰਕੇ ਅਰਾਜਕਤਾ ਫੈਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ 'ਆਪ' ਸਰਕਾਰ ਬਣਨ ਤੋਂ ਬਾਅਦ ਹੰਕਾਰੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਰਾਜ ਵਿਚ ਚੋਰੀ, ਲੁੱਟ-ਖਸੁੱਟ, ਗੈਂਗਸਟਰਵਾਦ ਅਤੇ ਗ੍ਰਨੇਡ ਹਮਲੇ ਆਮ ਹੋ ਗਏ ਹਨ। ਉਨ੍ਹਾਂ ਕਿਹਾ ਕਿ ਕੇਂਦਰ ਵਿਚ ਭਾਜਪਾ ਦੀ ਸਰਕਾਰ ਅਤੇ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ, ਲੋਕ ਦਹਿਸ਼ਤ ਦੇ ਮਾਹੌਲ ਵਿਚ ਜੀਅ ਰਹੇ ਹਨ। ਰਾਜਾ ਵੜਿੰਗ ਨੇ ਕਿਹਾ ਕਿ ਪੰਜਾਬ ਵਿਚ ਕਿਸੇ ਵੀ ਤਰ੍ਹਾਂ ਦੇ ਅੱਤਿਆਚਾਰ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸੰਵਿਧਾਨ ਦੀ ਰਾਖੀ ਕਰਕੇ ਹੀ ਇਸ ਦੀ ਰੱਖਿਆ ਕੀਤੀ ਜਾਵੇਗੀ ਕਿਉਂਕਿ ਜਿੰਨਾ ਚਿਰ ਸੰਵਿਧਾਨ ਮੌਜੂਦ ਹੈ, ਕੋਈ ਵੀ ਦੇਸ਼ ਵਿਰੋਧੀ ਤਾਕਤਾਂ ਦੇਸ਼ ਨੂੰ ਤੋੜ ਨਹੀਂ ਸਕਣਗੀਆਂ। ਇਸ ਮੌਕੇ ਪਵਨ ਖੇੜਾ ਨੇ ਰਾਹੁਲ ਗਾਂਧੀ ਵੱਲੋਂ ਭੇਜਿਆ ਪੱਤਰ ਪੜ੍ਹ ਕੇ ਸੁਣਾਇਆ ਅਤੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਮਲਿਕਾ ਅਰਜੁਨ ਵੱਲੋਂ ਭੇਜਿਆ ਪੱਤਰ ਪੜ੍ਹ ਕੇ ਸੁਣਾਇਆ।

# ਖ਼ਾਲਿਸਤਾਨੀ ਨਾਅਰੇ ਲਿਖਣ 'ਤੇ 3 ਵਿਦਿਆਰਥੀ ਗ੍ਰਿਫ਼ਤਾਰ

**ਜਲੰਧਰ:**ਨਕੋਦਰ 'ਚ ਖਾਲਿਸਤਾਨੀ ਨਾਅਰੇ ਲਿਖਣ ਤੇ ਪੋਸਟਰ ਚਿਪਕਾਉਣ ਦੇ ਮਾਮਲੇ 'ਚ ਦੇਰ ਰਾਤ ਪੁਲਿਸ ਨੇ ਤਿੰਨ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਦੀ ਪਛਾਣ ਬੀਰ ਸੁਖਪਾਲ,



ਤੇਜਪਾਲ ਸਿੰਘ ਤੇ ਕਾਰਤਿਕ ਵਾਸੀ ਨਕੋਦਰ ਵਜੋਂ ਹੋਈ ਹੈ। ਤਿੰਨਾਂ ਦੀ ਉਮਰ 19-19 ਸਾਲ ਹੈ। ਬੀਰ ਸੁਖਪਾਲ ਨੈਸ਼ਨਲ ਕਾਲਜ ਤੇ ਕਾਰਤਿਕ ਡੀਏਵੀ ਕਾਲਜ ਦਾ ਵਿਦਿਆਰਥੀ ਹੈ। ਜਦਕਿ ਤੇਜਪਾਲ ਸਿੰਘ ਪ੍ਰਾਈਵੇਟ ਬੀਏ ਕਰ ਰਿਹਾ ਹੈ ਤੇ ਆਨਲਾਈਨ ਸੇਲ-ਪ੍ਰਚੇਜ਼ ਦਾ ਕੰਮ ਕਰਦਾ ਹੈ। ਪੁਲਿਸ ਨੇ ਇਸ ਮਾਮਲੇ 'ਚ ਅਮਰੀਕਾ 'ਚ ਰਹਿਣ ਵਾਲੇ ਅੱਤਵਾਦੀ ਗੁਰਪਤਵੰਤ ਸਿੰਘ ਪੰਨੂ, ਕੈਨੇਡਾ 'ਚ ਰਹਿਣ ਵਾਲੇ ਬਲਕਰਨ ਸਿੰਘ ਤੇ ਉਸ ਦੇ ਚਚੇਰੇ ਭਰਾ ਜਸਕਰਨਪ੍ਰੀਤ ਸਿੰਘ ਨੂੰ ਵੀ ਨਾਮਜ਼ਦ ਕਰ ਲਿਆ ਹੈ। ਐੱਸਐੱਸਪੀ ਹਰਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਹੁਣ ਇਨ੍ਹਾਂ ਤਿੰਨਾਂ ਦੀ ਗ੍ਰਿਫ਼ਤਾਰੀ ਇਸ ਮਾਮਲੇ 'ਚ ਬਾਕੀ ਹੈ।

ਐੱਸਐੱਸਪੀ ਮੁਤਾਬਕ ਪੰਨੂ ਖਾਲਿਸਤਾਨੀ ਝੰਡੇ ਤੇ ਪੋਸਟਰ ਰਾਹੀਂ ਪੰਜਾਬ ਦਾ ਮਾਹੌਲ ਖਰਾਬ ਕਰਨਾ ਚਾਹੁੰਦਾ ਹੈ। ਇਸੇ ਲਈ ਉਸ ਨੇ ਬਲਕਰਨ ਸਿੰਘ ਤੇ ਜਸਕਰਨਪ੍ਰੀਤ ਰਾਹੀਂ ਨਕੋਦਰ 'ਚ 13-14 ਫਰਵਰੀ ਦੀ ਅੱਧੀ ਰਾਤ ਨੂੰ ਖ਼ਾਲਿਸਤਾਨ ਦੇ ਨਾਅਰੇ ਲਿਖਵਾਏ ਤੇ ਪੋਸਟਰ ਚਿਪਕਾਏ ਸਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਖ਼ਾਲਿਸਤਾਨ ਦੇ ਨਾਂ 'ਤੇ ਪੰਜਾਬ 'ਚ ਗੜਬੜੀ ਕਰਵਾਉਣ ਦੇ ਮਾਮਲੇ 'ਚ ਗੁਰਪਤਵੰਤ ਪੰਨੂ ਦਾ ਨਾਂ ਆ ਚੁੱਕਾ ਹੈ।

# ਟਰੰਪ ਦੀ ਲੋਕਪ੍ਰੀਅਤਾ ਘਟੀ

**ਸੈਕਰਾਮੈਂਟੋ:**ਇਕ ਤਾਜ਼ਾ ਸਰਵੇਖਣ ਅਨੁਸਾਰ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਰਥ ਵਿਵਸਥਾ ਤੇ ਮੁਦਰਾ ਪਸਾਰ ਦੇ ਮੁੱਦੇ 'ਤੇ ਲੋਕਪ੍ਰਿਯਤਾ ਵਿਚ ਤੇਜ਼ੀ ਨਾਲ ਗਿਰਵਾਟ ਆਈ ਹੈ। 58 ਫੀਸਦੀ ਅਮਰੀਕੀਆਂ ਨੇ ਦਰਾਮਦ ਬਾਰੇ ਟਰੰਪ ਦੀ ਟੈਰਿਫ਼ ਨੀਤੀ ਦਾ ਵਿਰੋਧ ਕੀਤਾ ਹੈ।



ਸੀ. ਬੀ. ਐਸ. ਨਿਊਜ਼ ਨੇ ਆਪਣੇ ਸਰਵੇਖਣ ਵਿਚ 2410 ਅਮਰੀਕੀਆਂ ਦੀ ਰਾਏ ਲਈ ਹੈ। ਅਰਥ ਵਿਵਸਥਾ ਨੂੰ ਸੰਭਾਲਣ ਦੇ ਮੁੱਦੇ 'ਤੇ 44 ਫੀਸਦੀ ਅਮਰੀਕੀਆਂ ਨੇ ਟਰੰਪ ਦਾ ਸਮਰਥਨ ਕੀਤਾ ਜਦ ਕਿ ਮੁਦਰਾ ਪਸਾਰ ਦੇ ਮੁੱਦੇ 'ਤੇ ਕੇਵਲ 40 ਫੀਸਦੀ ਲੋਕਾਂ ਨੇ ਟਰੰਪ ਦੇ ਹੱਕ ਵਿਚ ਹਾਮੀ ਭਰੀ ਹੈ। 30 ਮਾਰਚ ਦੀ ਤੁਲਨਾ ਵਿਚ ਇਹ ਦਰ 4 ਫੀਸਦੀ ਘੱਟ ਹੈ। ਸਮੁੱਚੇ ਤੌਰ 'ਤੇ ਇਸ ਮਹੀਨੇ ਟਰੰਪ ਦੀ ਲੋਕਪ੍ਰਿਯਤਾ ਡਿਗ ਕੇ 47 ਫੀਸਦੀ 'ਤੇ ਆ ਗਈ ਹੈ ਜੋ ਮਾਰਚ ਵਿਚ 50 ਫੀਸਦੀ ਤੇ ਫਰਵਰੀ ਵਿਚ 53 ਫੀਸਦੀ ਸੀ । ਹਾਲਾਂਕਿ 91 ਫੀਸਦੀ ਲੋਕ ਜੋ ਰਿਪਬਲੀਕਨ ਪਾਰਟੀ ਨਾਲ ਜੁੜੇ ਹੋਏ ਹਨ, ਨੇ ਕਿਹਾ ਹੈ ਕਿ ਟਰੰਪ ਕੋਲ ਟੈਰਿਫ਼ ਤੇ ਵਪਾਰ ਬਾਰੇ ਸਪੱਸ਼ਟ ਯੋਜਨਾ ਹੈ ਜਦ ਕਿ ਕੇਵਲ 43 ਫੀਸਦੀ ਆਮ ਲੋਕਾਂ ਨੇ ਟਰੰਪ ਦੀਆਂ ਆਰਥਿਕ ਨੀਤੀਆਂ ਦਾ ਸਮਰਥਨ ਕੀਤਾ ਹੈ।

## ਟਰੰਪ ਨੂੰ ਮਾਰਨ ਲਈ ਸਾਧਨ ਜੁਟਾਉਣ ਵਾਸਤੇ ਮਾਂ ਤੇ ਪਿਤਾ ਦੀ ਹੱਤਿਆ

**ਸੈਕਰਾਮੈਂਟੋ:**ਵਿਸਕਾਸਿਨ ਵਿਚ ਇਕ ਨੌਜਵਾਨ ਵਲੋਂ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਮਾਰਨ ਦੀ ਯੋਜਨਾ ਬਣਾਈ ਗਈ ਸੀ। ਵਿੱਤੀ ਸਾਧਨ ਜੁਟਾਉਣ ਵਾਸਤੇ ਤੇ ਆਪਣੀ ਯੋਜਨਾ ਨੂੰ ਆਜ਼ਾਦੀ ਨਾਲ ਸਿਰੇ ਚਾੜ੍ਹਨ ਲਈ ਪਹਿਲਾਂ ਉਸ ਨੇ ਆਪਣੀ ਮਾਂ ਤੇ ਪਿਤਾ ਦੀ ਹੱਤਿਆ ਕੀਤੀ। ਇਹ ਪ੍ਰਗਟਾਵਾ ਜਾਂਚ ਏਜੰਸੀ ਐਫ. ਬੀ. ਆਈ. ਨੇ ਅਦਾਲਤ ਵਿਚ ਦਾਇਰ ਹਲਫੀਆ ਬਿਆਨ ਵਿਚ ਕੀਤਾ ਹੈ। ਹਲਫੀਆ ਬਿਆਨ ਅਨੁਸਾਰ ਨਾਬਾਲਗ ਨੌਜਵਾਨ 17 ਸਾਲਾ ਨਿਕਿਤਾ ਕੈਸਪ ਨੇ ਆਪਣੀ ਮਾਂ ਤਾਤਿਆਨਾ ਕੈਸਪ (35) ਤੇ ਮਤਰੇਏ ਪਿਤਾ ਡੋਨਾਲਡ ਮੇਅਰ (51) ਦੀ ਹੱਤਿਆ ਕੀਤੀ ਜਿਨਾਂ ਦੀਆਂ ਲਾਸ਼ਾਂ ਪਰਿਵਾਰ ਦੇ ਵੌਕੇਸ਼ਾ ਸਥਿੱਤ ਘਰ ਵਿਚੋਂ ਮਿਲੀਆਂ ਹਨ। ਅਧਿਕਾਰੀਆਂ ਅਨੁਸਾਰ ਇਨ੍ਹਾਂ ਦੋਨਾਂ ਦੀ ਹੱਤਿਆ ਕਾਊਂਟੀ ਸ਼ੈਰਿਫ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਮਾਮਲੇ ਦੀ ਤੈਅ ਤੱਕ ਜਾਂਚ ਕਰਨ ਉਪਰੰਤ ਨੌਜਵਾਨ ਵਿਰੁੱਧ ਹੋਰ ਦੋਸ਼ਾਂ ਤੋਂ ਇਲਾਵਾ ਪਹਿਲਾ ਦਰਜਾ ਹੱਤਿਆਵਾਂ ਦੇ ਦੋਸ਼ ਦਰਜ ਕੀਤੇ ਗਏ ਹਨ। ਹਲਫੀਆ ਬਿਆਨ ਵਿਚ ਕਿਹਾ ਗਿਆ ਹੈ ਕਿ ਲਾਸ਼ਾਂ ਮਿਲਣ ਉਪਰੰਤ ਕੈਸਪ ਨੂੰ ਕੰਸਾਸ ਵਿਚ ਇਕ ਟ੍ਰੈਫਿਕ ਸਟਾਪ 'ਤੇ ਗ੍ਰਿਫਤਾਰ ਕਰ ਲਿਆ ਗਿਆ ਸੀ। ਉਸ ਦੀ ਕਾਰ ਵਿਚੋਂ ਇਕ ਗੰਨ, ਗੋਲੀ ਸਿੱਕਾ ਤੇ 14000 ਡਾਲਰ ਬਰਾਮਦ ਹੋਏ ਹਨ। ਕੈਸਪ ਰੂਸ ਵਿਚ ਕਿਸੇ ਵਿਅਕਤੀ ਦੇ ਸੰਪਰਕ ਵਿਚ ਹੈ ਜੋ ਵਿਅਕਤੀ ਟਰੰਪ ਨੂੰ ਮਾਰਨ ਤੇ ਉਸ ਦੀ ਸਰਕਾਰ ਦਾ ਤਖਤਾ ਉਲਟਾਉਣ ਦੀ ਸਾਜਿਸ਼ ਵਿਚ ਸ਼ਾਮਿਲ ਹੈ।

# ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਵੱਲੋਂ ਸੰਘੀ ਢਾਂਚੇ ਨੂੰ ਬਚਾਉਣ ਸੰਬੰਧੀ ਕੋਰਟ ਦੇ ਫੈਸਲੇ ਦਾ ਸਵਾਗਤ

**ਸੰਗਰੂਰ:**ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ: ਦੇ ਪ੍ਰਧਾਨ ਪਵਨ ਹਰਚੰਦਪੁਰੀ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਵੱਖ ਵੱਖ ਸੂਬਿਆਂ ਦੇ ਗਵਰਨਰਾਂ ਵੱਲੋਂ ਵਿਧਾਨ ਸਭਾਵਾਂ ਦੁਆਰਾ ਪਾਸ ਕੀਤੇ ਮਹੱਤਵਪੂਰਨ ਬਿਲਾਂ ਨੂੰ ਟਕਰਾਅ ਅਤੇ ਲਮਕ ਅਵੱਸਥਾ ਵਿੱਚ ਰੱਖਕੇ ਭਾਰਤੀ ਜਮਹੂਰੀਅਤ, ਸੰਘੀ ਢਾਂਚੇ ਅਤੇ ਸੰਵਿਧਾਨ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੇਂਦਰੀ ਰਾਜਨੀਤੀ ਦੇ ਮੰਤਵਾਂ ਲਈ ਕੀਤੀ ਜਾ ਰਹੀ ਸੀ, ਜਿਸ ਕਾਰਨ ਬੁੱਧੀਜੀਵੀਆਂ ਅਤੇ ਸੁਚੇਤ ਲੋਕਾਂ ਵੱਲੋਂ ਸੂਬਿਆਂ ਦੇ ਅਧਿਕਾਰਾਂ, ਭਾਰਤੀ ਜਮਹੂਰੀਅਤ ਅਤੇ ਸੰਘੀ ਢਾਂਚੇ ਨੂੰ ਬਚਾਉਣ ਦੀ ਸਖਤ ਜਰੂਰਤ ਮਹਿਸੂਸ ਕੀਤੀ ਜਾ ਰਹੀ ਸੀ।

ਭਾਰਤ ਅੰਦਰ ਸੰਘੀ ਢਾਂਚੇ ਨੂੰ ਕਮਜ਼ੋਰ ਕਰਕੇ, ਰਾਜਾਂ ਦੀਆਂ ਸ਼ਕਤੀਆਂ ਨੂੰ ਘਟਾ ਕੇ ਕੇਂਦਰੀਕਰਨ ਦੀਆਂ ਨੀਤੀਆਂ ਅਪਣਾਈਆਂ ਜਾ ਰਹੀਆਂ ਸਨ, ਜੋ ਭਾਰਤੀ ਸੰਵਿਧਾਨ ਅਨੁਸਾਰ ਗਲਤ ਸੀ, ਕਿਉਂਕਿ ਭਾਰਤ ਬਹੁਕੌਮੀ, ਬਹੁਭਾਸ਼ੀ ਅਤੇ ਬਹੁਸੱਭਿਆਚਾਰਾਂ ਵਾਲਾ ਦੇਸ਼ ਹੈ। ਇਹ ਯਤਨ ਭਾਰਤੀ ਸੰਵਿਧਾਨ ਦੇ ਮੂਲ ਸਿਧਾਂਤਾਂ ਦੀ ਉਲੰਘਣਾ





ਕਰਦੇ ਹਨ। ਵਿਧਾਨ ਸਭਾਵਾਂ ਦੁਆਰਾ ਪਾਸ ਕੀਤੇ ਜ਼ਰੂਰੀ ਬਿਲਾਂ ਨੂੰ ਸਮੇਂ ਅੰਦਰ ਨਿਪਟਾਉਣ ਦੀ ਥਾਂ ਗਵਰਨਰਾਂ ਵੱਲੋਂ ਮਾਣਯੋਗ ਰਾਸ਼ਟਰਪਤੀ ਪਾਸ ਰਾਏ ਅਤੇ ਮੰਨਜ਼ੂਰੀ ਹਿੱਤ ਭੇਜੇ ਜਾਂਦੇ ਸੀ, ਜੋ ਬਿਨਾਂ ਨਿਪਟਾਏ ਹੀ ਪਏ ਰਹਿੰਦੇ ਸੀ। ਇਸ ਤਰ੍ਹਾਂ ਰਾਜ ਵਿਧਾਨ ਸਭਾਵਾਂ ਦੇ ਕਨੂੰਨ ਬਣਾਉਣ ਦੇ ਅਧਿਕਾਰਾਂ ਨੂੰ ਕੁਚਲਿਆ ਜਾਂਦਾ ਸੀ ਅਤੇ ਸੂਬਾ ਸਰਕਾਰਾਂ ਦੇ ਕੰਮਾਂ ਨੂੰ ਰੋਕਿਆ ਜਾਂਦਾ ਸੀ। ਤਾਮਿਲਨਾਡੂ ਸਰਕਾਰ ਦੀ ਅਪੀਲ ਉੱਤੇ ਫੈਸਲਾ ਕਰਦੇ ਹੋਏ ਸਤਿਕਾਰਯੋਗ ਸਰਵ ਉੱਚ ਅਦਾਲਤ ਦੇ ਜੱਜ ਸਾਹਿਬਾਨਾਂ ਸ੍ਰੀ ਜੇ.ਬੀ. ਪਾਰਦੀਵਾਲਾ ਅਤੇ ਆਰ. ਮਾਧਵਨ ਦੇ ਬੈਂਚ ਨੇ ਮਾਣਯੋਗ ਰਾਸ਼ਟਰਪਤੀ ਜੀ ਦੀਆਂ ਬੇਤਹਾਸ਼ਾ ਸ਼ਕਤੀਆਂ ਉੱਤੇ ਬੰਦਿਸ਼ਾਂ ਲਗਾਕੇ ਬਿਲ ਤਿੰਨ ਮਹੀਨਿਆਂ ਵਿੱਚ ਗਵਰਨਰ ਪਾਸ ਵਾਪਸ ਭੇਜਣ ਦਾ ਫੈਸਲਾ ਕੀਤਾ ਹੈ ਅਤੇ ਨਾਲ ਹੀ ਮਾਣਯੋਗ ਗਵਰਨਰਾਂ ਨੂੰ ਵੀ ਬਿਲ ਸਮੇਂ ਸਿਰ ਪਾਸ ਕਰਨ ਦੀਆਂ ਜ਼ਰੂਰੀ ਹਦਾਇਤਾਂ ਕੀਤੀਆਂ ਹਨ, ਜੋ ਕਿ ਬਹੁਤ ਹੀ ਸਹੀ ਅਤੇ ਢੁੱਕਵੀਆਂ ਹਨ। ਕੇਂਦਰੀ ਸਭਾ ਕੇਂਦਰ ਸਰਕਾਰ ਨੂੰ ਵੀ ਇਸ ਸੰਬੰਧੀ ਬੇਨਤੀ ਕਰਦੀ ਹੈ ਕਿ ਇਹਨਾਂ ਫੈਸਲਿਆਂ ਨੂੰ ਹੂਬਹੂ ਕਾਇਮ ਰੱਖਿਆ ਜਾਵੇ ਤਾਂ ਜੋ ਭਾਰਤੀ ਸੰਵਿਧਾਨ ਦੀ ਰਾਖੀ ਕੀਤੀ ਜਾ ਸਕੇ। ਪਵਨ ਹਰਚੰਦਪੁਰੀ ਦੇ ਇਹਨਾ ਵਿਚਾਰਾਂ ਦੀ ਤਾਇਦ ਕਰਨ ਵਾਲਿਆਂ ਵਿੱਚ ਪ੍ਰੋ. ਸੰਧੂ ਵਰਿਆਣਵੀ, ਡਾ. ਜੋਗਿੰਦਰ ਸਿੰਘ ਨਿਰਾਲਾ, ਡਾ. ਗੁਰਚਨ ਕੌਰ ਕੋਚਰ, ਡਾ. ਦੀਪਕ ਮਨਮੋਹਨ ਸਿੰਘ, ਡਾ. ਤੇਜਵੰਤ ਮਾਨ, ਪ੍ਰਿੰਸੀਪਲ ਨਵਰਾਹੀ ਘੁਗਿਆਣਵੀ, ਡਾ. ਅਮਰ ਕੋਮਲ, ਬਾਪੂ ਓਮ ਪ੍ਰਕਾਸ਼ ਗਾਸੋ, ਡਾ. ਸਿੰਦਰਪਾਲ ਸਿੰਘ, ਡਾ. ਪ੍ਰਿਥਵੀ ਰਾਜ ਥਾਪਰ, ਜੁਗਰਾਜ ਧੌਲਾ, ਡਾ. ਹਰਜੀਤ ਸਿੰਘ ਸੱਧਰ, ਡਾ. ਭਗਵੰਤ ਸਿੰਘ, ਡਾ. ਗੁਰਨੈਬ ਸਿੰਘ, ਡਾ. ਸੁਰਜੀਤ ਬਰਾੜ, ਗੁਲਜ਼ਾਰ ਸਿੰਘ ਸ਼ੌਂਕੀ, ਭੁਪਿੰਦਰ ਸੰਧੂ, ਡਾ. ਬਲਦੇਵ ਸਿੰਘ ਬੱਧਨ, ਡਾ. ਭੀਮਇੰਦਰ ਸਿੰਘ, ਡਾ. ਦਰਸ਼ਨ ਸਿੰਘ ਆਸ਼ਟ, ਡਾ. ਸੁਦਰਸ਼ਨ ਗਾਸੋ, ਡਾ. ਸੰਪੂਰਨ ਸਿੰਘ ਟੱਲੇਵਾਲੀਆ, ਇਕਬਾਲ ਘਾਰੂ, ਜਗਦੀਸ਼ ਰਾਏ ਕੁਲਰੀਆਂ, ਜਗਦੀਸ਼ ਰਾਣਾ, ਡਾ. ਨੈਬ ਸਿੰਘ ਮੰਡੇਰ, ਲਖਵਿੰਦਰ ਬਾਜਵਾ, ਬਲਵੀਰ ਜਲਾਲਾਬਾਦੀ, ਹਰੀ ਸਿੰਘ ਢੁੱਡੀਕੇ, ਗੁਰਚਰਨ ਢੁੱਡੀਕੇ, ਡਾ. ਗੁਰਚਰਨ ਸਿੰਘ ਨੂਰਪੁਰ, ਲਾਲ ਮਿਸਤਰੀ ਅਤੇ ਡਾ. ਦਵਿੰਦਰ ਬੀਬੀਪੁਰ ਆਦਿ ਸ਼ਾਮਲ ਸਨ।

# ਬੇ-ਜ਼ਮੀਰਿਆਂ ਦਾ ਵਕਤ ਨੇ ਕੀ ਕਰਨਾ?

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
ਫੋਨ: 216-556-2080

ਜ਼ਿੰਦਗੀ ਬਹੁਤ ਹੀ ਖ਼ੂਬਸੂਰਤ ਅਤੇ ਹੁਸੀਨ ਪਰ ਜੇਕਰ ਜੀਵਨ ਦਾ ਮਕਸਦ ਹੀ ਸੋਚਾਂ ਵਿਚੋਂ ਮਨਫ਼ੀ ਹੋ ਜਾਵੇ ਤਾਂ ਅਜਿਹੀ ਮਾਨਵੀ ਅਉਧ ਨੂੰ ਕੀ ਕਰਨਾ?

ਸੁਪਨਿਆਂ ਨੂੰ ਦੇਖਣਾ ਅਤੇ ਇਨ੍ਹਾਂ ਦੇ ਸੱਚ ਨੂੰ ਜਿਊਣਾ ਜੀਵਨ ਦਾ ਹਾਸਲ। ਪਰ ਜੇਕਰ ਨੈਣਾਂ ਨੂੰ ਸੁਪਨਿਆਂ ਦਾ ਮਾਤਮ ਮਨਾਉਣ ਲਈ ਹੀ ਮਜਬੂਰ ਹੋਣਾ ਪਵੇ ਤਾਂ ਅਜਿਹੇ ਸੁਪਨਿਆਂ ਦਾ ਕੀ ਕਰਨਾ?

ਆਪਣੀ ਕਰਮ ਸ਼ੈਲੀ ਵਿਚ ਬੰਦਿਆਈ ਤੇ ਭਲਿਆਈ ਦੀ ਹੋਣਾ ਸ਼ੁਭ-ਸ਼ਗਨ ਹੁੰਦਾ। ਪਰ ਜਦ ਕਰਮ-ਕੀਰਤੀ ਵਿਚੋਂ ਸ਼ੁਭ-ਕਰਮਨ ਦਾ ਅਹਿਸਾਸ ਹੀ ਮਰ ਜਾਵੇ ਤਾਂ ਅਜਿਹੇ ਕਰਮਕਾਰੀ ਨੂੰ ਕੀ ਕਰਨਾ?

ਆਲ੍ਹਣਿਆਂ ਵਿਚ ਚਹਿਕਦੇ ਬੋਟਾਂ ਸੰਗ ਬਿਰਖ ਵੀ ਝੂਮਣ ਲੱਗਦਾ। ਅਗਰ ਆਲ੍ਹਣਿਆਂ ਤੋਂ ਬੋਟ ਉਡਾਰੀ ਭਰ ਕੇ ਆਲ੍ਹਣਿਆਂ ਨੂੰ ਪਰਤਣ ਹੀ ਨਾ ਤਾਂ ਅਜਿਹੀ ਬੇਰੁਖ਼ੀ 'ਚ ਰੰਗੇ ਬੋਟਾਂ ਨੂੰ ਕੀ ਕਰਨਾ?

ਆਲ੍ਹਣਿਆਂ ਦੇ ਤੀਲ੍ਹਿਆਂ ਦੀ ਕਲਾਕਾਰੀ ਵਿਚੋਂ ਹੀ ਪਰਿੰਦੇ ਦੇ ਹੁਨਰ ਦਾ ਝਲਕਾਰਾ ਪੈਂਦਾ। ਜਦ ਕੋਈ ਪਰਿੰਦਾ ਕਿਸੇ ਦੇ ਆਲ੍ਹਣੇ ਵਿਚੋਂ ਤੀਲ੍ਹੇ ਚੋਰੀ ਕਰਕੇ ਆਪਣੇ ਆਲ੍ਹਣੇ ਲਈ ਤੀਲ੍ਹੇ ਇਕੱਠੇ ਕਰੇ ਤਾਂ ਅਜਿਹੇ ਆਲ੍ਹਣੇ ਦਾ ਕੀ ਕਰਨਾ?

ਬਹਾਰ ਦੀ ਆਮਦ ਨਾਲ ਬਿਰਖ 'ਤੇ ਫੁੱਲਾਂ ਤੇ ਫਲਾਂ ਦੀ ਆਮਦ ਵਿਚ ਚਮਨ ਚਹਿਕਦਾ। ਅਗਰ ਬਿਰਖ ਨੇ ਪਤਝੜ ਹੀ ਹੰਢਾਉਣੀ ਹੈ ਤਾਂ ਆਉਣਾ ਭੁੱਲ ਗਈ ਬਹਾਰ ਦਾ ਕੀ ਕਰਨਾ?

ਕਿਤਾਬ ਸੋਚਾਂ, ਵਿਚਾਰਾਂ ਤੇ ਭਾਵਨਾਵਾਂ ਵਿਚ ਰੰਗੀ ਜੀਵਨ ਵਿਚ ਕੁਝ ਪਲ ਲਈ ਸਕੂਨ ਦਾ ਅਹਿਸਾਸ ਕਰਵਾਉਂਦੀ। ਅਗਰ ਕਿਤਾਬ ਦੇ ਫਿੱਕੜੇ ਰੰਗਾਂ ਵਿਚ ਬੰਦੇ ਦੀ ਮਾਨਸਿਕਤਾ ਹੋਰ ਨੀਰਸ ਹੋ ਜਾਵੇ ਤਾਂ ਅਜਿਹੀ ਕਿਤਾਬ ਨੂੰ ਆਪਣੇ ਸਿਰਹਾਣੇ ਰੱਖ ਕੇ ਕੀ ਕਰਨਾ?

ਵਰਕਿਆਂ 'ਤੇ ਲਿਖੀ ਇਬਾਰਤ ਵਿਚ ਜਗਦੇ ਚਿਰਾਗਾਂ ਦੀ ਰੌਸ਼ਨੀ ਮਨ-ਮਸਤਕ ਨੂੰ ਰੁਸ਼ਨਾਉਂਦੀ। ਅਗਰ ਵਰਕਿਆਂ ਤੇ ਹਨੇਰਿਆਂ ਦੀ ਵਰਨਮਾਲਾ ਹੀ ਉਗਣੀ ਹੈ ਤਾਂ ਅਜਿਹੀ ਲਿਖਤਕਾਰੀ ਨੂੰ ਕੀ ਕਰਨਾ।

ਕਲਮਕਾਰੀ ਤਾਰਿਆਂ ਦੀ ਧਰਾਤਲ ਹੁੰਦੀ। ਅਗਰ ਕਲਮ ਦੀ ਸਿਰਜਣਾ ਵਿਚੋਂ ਤਾਰਿਆਂ ਦੀ ਬਰਾਤ ਹੀ ਗੁੰਮ ਹੋ ਜਾਵੇ ਤਾਂ ਅਜਿਹੀ ਕਲਮ ਦੀ ਨੋਕ ਵਿਚੋਂ ਨਿਕਲੇ ਹਰਫ਼ਾਂ ਨੂੰ ਕੀ ਕਰਨਾ?

ਸਿਆਹੀ ਦੇ ਗੂੜ੍ਹੇ ਨਕਸ਼ ਹੀ ਹੁੰਦੇ ਕਿ ਉਹ ਕਿਸੇ ਵੀ ਸਫ਼ੇ ਤੇ ਉਕਰੇ ਇਸ ਨੂੰ ਯੁੱਗਾਂ ਤੀਕ ਜਿਊਣ ਦਾ ਵਰਦਾਨ ਦੇ ਜਾਂਦੇ। ਅਗਰ ਇਸ ਸਿਆਹੀ ਨੇ ਵਰਕੇ ਨੂੰ ਲਬੇੜ ਹੀ ਦੇਣਾ ਤਾਂ ਇਸ ਸਿਆਹੀ ਦਾ ਕੀ ਕਰਨਾ?

ਇੱਟਾਂ ਪੱਥਰਾਂ ਦਾ ਢਾਂਚਾ, ਘਰਦਿਆਂ ਦੀ ਹਾਜ਼ਰੀ ਵਿਚ ਮਕਾਨ ਤੋਂ ਘਰ ਬਣ ਜਾਂਦਾ ਅਤੇ ਕੰਧਾਂ ਅਤੇ ਕਮਰਿਆਂ ਵਿਚ ਧੜਕਣ ਪੈਦਾ ਹੁੰਦੀ। ਅਗਰ ਘਰਦਿਆਂ ਨੇ ਘਰ ਤੋਂ ਗੈਰ-ਹਾਜ਼ਰ ਹੀ ਰਹਿਣਾ ਤਾਂ ਘਰ ਨੇ ਘਰ ਬਣ ਕੇ ਵੀ ਕੀ ਕਰਨਾ?

ਛੱਤ ਹੀ ਹੁੰਦੀ ਜੋ ਬੰਦੇ ਨੂੰ ਤਿੱਖੜ ਦੁਪਹਿਰਾਂ ਅਤੇ ਬਾਰਸ਼ ਤੋਂ ਬਚਾਉਂਦੀ ਅਤੇ ਕਿਸੇ ਦੇ ਅੰਗ ਸੰਗ ਹੋਣ ਦਾ ਅਹਿਸਾਸ ਕਰਵਾਉਂਦੀ। ਅਗਰ ਚੋਂਦੀ ਛੱਤ ਵਿਚੋਂ ਸੁਰੱਖਿਆ ਦੀ ਬੇਯਕੀਨੀ ਦਿਸਣ ਲੱਗ ਪਵੇ ਤਾਂ ਅਜਿਹੀ ਛੱਤ ਦਾ ਕੀ ਕਰਨਾ?

ਬਨੇਰਿਆਂ 'ਤੇ ਜਗਦੀਆਂ ਮੋਮਬੱਤੀਆਂ ਦੇ ਸਾਥ ਵਿਚ ਬਨੇਰੇ ਨੂੰ ਦੁੱਧ ਧੋਤੇ ਹੋਣ ਦਾ ਨਾਜ਼ ਹੁੰਦਾ। ਅਗਰ ਬਨੇਰੇ ਤੇ ਜਗਣ ਵਾਲੀਆਂ ਮੋਮਬੱਤੀਆਂ ਦੀ ਪਿਘਲੀ ਮੋਮ ਦੇ ਦਰਸ਼ਨ ਹੀ ਨਾ ਹੋਣ ਤਾਂ ਮੋਮਬੱਤੀਆਂ ਦਾ ਕੀ ਕਰਨਾ?

ਬਨੇਰੇ 'ਤੇ ਕਾਂ ਬੋਲਦਾ ਤਾਂ ਘਰ ਵਿਚ ਆਉਣ ਵਾਲੇ ਪ੍ਰਾਹੁਣਿਆਂ ਦੀ ਆਮਦ ਦਾ ਸੁਨੇਹਾ ਘਰ ਦੀ ਫ਼ਿਜ਼ਾ ਦੇ ਨਾਮ ਹੋ ਜਾਂਦਾ। ਜੇਕਰ ਕਾਂ ਬੋਲਣ 'ਤੇ ਕੋਈ ਦਰ ਨਾ ਖੜਕਾਵੇ ਤਾਂ ਅਜਿਹੇ ਕਾਂ ਬੋਲਣ ਨੂੰ ਕੀ ਕਰਨਾ?

ਚੌਂਕੇ ਵਿਚ ਬੈਠਿਆਂ ਤਵੇ 'ਤੋਂ ਲੱਥਦੀ ਰੋਟੀ ਖਾਣ ਦਾ ਸਵਾਦ ਹੀ ਹੋਰ ਹੁੰਦਾ। ਅਗਰ ਬੁਰਕੀਆਂ ਮੂੰਹ ਵਿਚ ਹੀ ਫੁੱਲਣ ਲੱਗ ਪੈਣ ਤਾਂ ਅਜਿਹੇ ਚੌਂਕੇ-ਚੁੱਲ੍ਹੇ ਦਾ ਕੀ ਕਰਨਾ?

ਘਰਾਂ ਵਾਲੇ ਘਰਾਂ ਨੂੰ ਪਰਤਦੇ ਤਾਂ ਦਰਾਂ 'ਤੇ ਚੋਇਆ ਤੇਲ ਅਤੇ ਡੋਲ੍ਹਿਆ ਪਾਣੀ, ਘਰ ਦੀ ਚਿਰੋਕਣੀ ਉਡੀਕ ਦੀ ਪੂਰਤੀ ਦਾ ਮਾਣ ਬਖ਼ਸ਼ਦਾ। ਅਗਰ ਘਰਾਂ ਵਾਲੇ ਘਰਾਂ ਨੂੰ ਪਰਤਣਾ ਹੀ ਭੁੱਲ ਜਾਣ ਤਾਂ ਅਜਿਹੇ ਦਰਾਂ 'ਤੇ ਚੋਏ ਤੇਲ ਜਾਂ ਡੋਲ੍ਹੇ ਪਾਣੀ ਦਾ ਕੀ ਕਰਨਾ?

ਮਿੱਤਰ ਪਿਆਰੇ ਦੇ ਮੋਢੇ 'ਤੇ ਸਿਰ ਰੱਖ ਕੇ ਆਪਣੀ ਦਰਦ ਗਾਥਾ ਫਰੋਲਣਾ ਅਤੇ ਮਾਨਸਿਕ ਰਾਹਤ ਪਾਉਣ ਦਾ ਵਸੀਲਾ ਹੁੰਦਾ। ਅਗਰ ਮਿੱਤਰ ਦੇ ਮੋਢੇ 'ਤੇ ਸਿਰ ਰੱਖ ਕੇ ਤੁਸੀਂ ਆਪਣੇ ਦੁੱਖ ਦੱਸ ਹੀ ਨਾ ਸਕੋ ਤਾਂ ਅਜਿਹੇ ਮਿੱਤਰ-ਮੋਢੇ ਦਾ ਕੀ ਕਰਨਾ?

ਸੱਜਣਾਂ ਦੇ ਸਾਥ ਵਿਚ ਬੰਦਾ ਪਿਘਲ ਕੇ ਤਰਲ ਹੋ ਜਾਂਦਾ ਅਤੇ ਭਾਵਨਾਵਾਂ ਦੇ ਵਹਾਅ ਵਿਚ ਸੱਜਣਾਂ ਦੇ ਰੰਗ ਵਿਚ ਰੰਗਿਆ ਜਾਂਦਾ। ਜੇ ਸੱਜਣਾਂ ਦੇ ਸਾਥ ਵਿਚ ਯੱਖ ਪਲ ਹੀ ਹੰਢਾਉਣੇ ਤਾਂ ਅਜਿਹੀ ਸੱਜਣਤਾਈ ਦਾ ਕੀ ਕਰਨਾ?



ਆਪਣੇ ਹਿੱਸੇ ਦੀ ਜ਼ਿੰਦਗੀ ਨੂੰ ਆਪਣੇ ਰੰਗ ਵਿਚ ਜਿਊਣਾ ਦਰਅਸਲ ਜ਼ਿੰਦਗੀ ਦੇ ਸੰਜੀਵ ਪਲਾਂ ਦਾ ਨਿਸ਼ਾਨਦੇਹੀ ਕਰਨਾ ਹੁੰਦਾ। ਅਗਰ ਬੰਦੇ ਨੇ ਆਪਣੇ ਹਿੱਸੇ ਦੀ ਜ਼ਿੰਦਗੀ ਜਿਊਣ ਤੋਂ ਮੁਨਕਰ ਹੀ ਹੋਣਾ ਤਾਂ ਅਜਿਹੀ ਜ਼ਿੰਦਗੀ ਦਾ ਬੰਦੇ ਨੇ ਦੱਸੋ ਕੀ ਕਰਨਾ?

ਬੰਦਾ ਅੰਤਰੀਵ ਤੇ ਯਾਤਰਾ 'ਤੇ ਨਿਕਲੇ ਤਾਂ ਉਸ ਨੂੰ ਆਪਣੇ ਅੰਦਰਲੇ ਰੋਂਦੇ ਬੱਚੇ ਨੂੰ ਵਰਾਉਣ, ਰੂਹ ਨੂੰ ਰੁਸ਼ਨਾਉਣ ਅਤੇ ਖ਼ੁਦ ਨੂੰ ਉਜਲਾ ਬਣਾਉਣ ਦਾ ਸੁੰਦਰ ਸਬੱਬ ਮਿਲਦਾ। ਜੇ ਬੰਦੇ ਨੇ ਹਮੇਸ਼ਾ ਬਾਹਰੀ ਯਾਤਰਾ 'ਤੇ ਤੁਰੇ ਰਹਿਣਾ ਤਾਂ ਅਜਿਹੀ ਯਾਤਰਾ ਦਾ ਭਲਾ ਕੀ ਕਰਨਾ?

ਪੈਰਾਂ ਵਿਚ ਸਫ਼ਰ ਉਗਦਾ ਤਾਂ ਕਦਮਾਂ ਵਿਚ ਪੈੜਾਂ ਉਗਦੀਆਂ ਅਤੇ ਮੰਜ਼ਲਾਂ ਨੂੰ ਪਾਉਣਾ ਬਹੁਤ ਆਸਾਨ ਹੁੰਦਾ। ਜੇ ਪੈਰਾਂ ਵਿਚ ਅਸੀਂ ਸਫ਼ਰ ਹੀ ਨਹੀਂ ਉਗਾਉਣਾ ਤਾਂ ਅਜਿਹੀ ਕਦਮ-ਕਾਰੀ ਦਾ ਕੀ ਕਰਨਾ?

ਖੁੱਲ੍ਹੀ ਫ਼ਿਜ਼ਾ ਵਿਚ ਬੰਦਾ ਕੁਦਰਤ ਨਾਲ ਗੱਲਾਂ ਕਰਦਾ, ਪੌਣ ਤੇ ਹਰਫ਼ ਕਾਰੀ ਕਰਦਾ, ਤੇ ਵਗਦੇ ਪਾਣੀਆਂ ਦੀ ਤਾਸੀਰ ਬਣਦਾ ਅਗਰ ਬੰਦੇ ਨੇ ਕੁਦਰਤ ਦੇ ਕੋਲ ਹੁੰਦਿਆਂ ਵੀ ਕੁਦਰਤ ਦੀ ਸੁੰਦਰਤਾ 'ਤੋਂ ਆਨਾ-ਕਾਨੀ ਕਰਨੀ ਤਾਂ ਅਜਿਹੀ ਟਹਿਲ-ਕਦਮੀ ਦਾ ਕੀ ਕਰਨਾ?

ਆਪਣਿਆਂ ਨਾਲ ਬੈਠਿਆਂ, ਨਿੱਕੀਆਂ ਗੱਲਾਂ ਅਤੇ ਹੁੰਗਾਰਿਆਂ ਵਿਚੋਂ ਜੀਵਨ-ਨਾਦ ਦੀ ਧੁੰਨ ਸੁਣਾਈ ਦਿੰਦੀ ਜੇ ਅਸੀਂ ਦਿਲਦਾਰਾਂ ਨਾਲ ਬੈਠਿਆਂ ਵੀ ਮਾਤਮੀ ਚੁੱਪ ਨੂੰ ਆਪਣੇ ਨਾਲ ਚੁੱਕੀ ਰੱਖਣਾ ਤਾਂ ਆਪਣਿਆਂ ਨਾਲ ਬੈਠਣ ਨੂੰ ਕੀ ਕਰਨਾ?

ਯਾਰਾਂ-ਬੇਲੀਆਂ ਨਾਲ ਬਚਪਨੀ ਦੀ ਬੇਤਕੱਲਫ਼ੀ ਅਤੇ ਹਸਾਸ ਪਲਾਂ ਨੂੰ ਸਾਂਝਾ ਕਰਦਿਆਂ, ਮਨੁੱਖ ਪੀੜਾ ਤੇ ਗ਼ਮਾਂ ਨੂੰ ਭੁਲਾ, ਉਮਰ ਦੇ ਸਾਲਾਂ ਦੀ ਗਿਣਤੀ ਨਹੀਂ ਕਰਦਾ ਜੇ ਮਿੱਤਰ-ਮੰਡਲੀ ਵਿਚ ਆਪਣੇ ਬਚਪਨ ਦੇ ਮਖ਼ਸੂਸੀ ਵਕਤ ਨੂੰ ਨਹੀਂ ਮਿਲਣਾ ਤਾਂ ਅਜਿਹੇ ਮਿੱਤਰ-ਸਾਥ ਨੂੰ ਕੀ ਕਰਨਾ?

ਮਾਪਿਆਂ ਦੀ ਛਤਰ-ਛਾਇਆ ਹੇਠ ਅੱਲ੍ਹੜ ਉਮਰੇ ਸਰਬ-ਪੱਖੀ ਵਿਕਾਸ ਅਤੇ ਸਖ਼ਸ਼ੀ ਵਿਸਤਾਰ ਹੁੰਦਾ। ਅਗਰ ਮਾਪਿਆਂ ਦੀ ਸੁਹਬਤ ਵਿਚੋਂ ਕਿਸੇ ਨੇ ਕੁਝ ਸਿੱਖਣਾ ਹੀ ਨਹੀਂ ਤਾਂ ਅਜਿਹੀ ਸੰਗਤ ਦਾ ਭਲਾ ਮਾਪਿਆਂ ਨੇ ਕੀ ਕਰਨਾ?

ਦੁੱਖਾਂ ਅਤੇ ਪੀੜਾਂ ਨੂੰ ਭੁੱਲ ਕੇ ਕਦੇ ਕਦਾਈਂ ਬੰਦਾ ਖ਼ੁਸ਼ੀ ਭਰੇ ਪਲ ਜਿਊਣ ਲਈ ਆਪਣੇ ਖੋਲ੍ਹ ਵਿਚੋਂ ਬਾਹਰ ਨਿਕਲਦਾ। ਅਗਰ ਬੰਦੇ ਨੇ ਖੋਲ੍ਹ ਤੋਂ ਬਾਹਰ ਨਿਕਲ ਕੇ ਹਸਾਸ ਭਰੇ ਪਲਾਂ ਨੂੰ ਜਿਊਣਾ ਹੀ ਨਹੀਂ ਤਾਂ ਅਜਿਹੀ ਹਿੰਮਤ ਦਾ ਕੀ ਕਰਨਾ?

ਬੱਚਿਆਂ ਨੂੰ ਮਿਲ ਕੇ ਬਜ਼ੁਰਗ ਵੀ ਬੱਚਾ ਹੀ ਬਣ ਜਾਂਦਾ ਅਤੇ ਬਚਪਣੇ ਨੂੰ ਮਾਣਨ ਲੱਗਦਾ। ਜੇ ਬਜ਼ੁਰਗ ਨੇ ਬੱਚੇ ਨੂੰ ਮਿਲ ਕੇ ਹੀ ਬਜ਼ੁਰਗੀ ਨਸੀਹਤਾਂ ਦਾ ਬੇਸੁਰਾ ਰਾਗ ਹੀ ਅਲਾਪਣਾ ਤਾਂ ਬੱਚਿਆਂ ਨਾਲ ਪਾਈ ਅਜਿਹੀ ਸਾਂਝ ਦਾ ਕੀ ਕਰਨਾ?

ਸਮੇਂ ਨਾਲ ਨਜ਼ਰੀਆ ਬਦਲਦਾ ਅਤੇ ਇਸ ਬਦਲਾਅ ਵਿਚੋਂ ਹੀ ਬੰਦਾ ਨਵੀਆਂ ਉਪਲਬਧੀਆਂ ਦਾ ਹਾਣੀ ਬਣਦਾ। ਜੇ ਅਸੀਂ ਆਪਣੇ ਦਕਿਆਨੂਸੀ ਵਿਚਾਰਾਂ ਵਿਚ ਹੀ ਪ੍ਰਣਾਏ ਰਹਿਣਾ ਤਾਂ ਬਾਹਰੀ ਬਦਲਾਅ ਦਾ ਭਲਾ ਕੀ ਕਰਨਾ?

ਨਵੀਆਂ ਰਵਾਇਤਾਂ ਅਤੇ ਰਸਮਾਂ ਨੂੰ ਸਮੇਂ ਦੀ ਲੋੜ ਅਨੁਸਾਰ ਸਿਰਜ ਲੈਣਾ ਬੰਦਾ ਦਾ ਬੌਧਿਕ ਵਿਕਾਸ ਹੁੰਦਾ। ਅਗਰ ਅਸੀਂ ਦੁਨਿਆਵੀ ਸਰੋਕਾਰਾਂ ਵਿਚੋਂ ਪੁਰਾਣੀਆਂ ਰੀਤਾਂ ਦੀ ਨਿਸ਼ਾਨਦੇਹੀ ਕਰਨੀ ਤਾਂ ਅਜਿਹੇ ਬੌਧਿਕ ਵਿਕਾਸ ਦਾ ਭਲਾ ਕੀ ਕਰਨਾ?

ਸੋਚ, ਸਰੋਕਾਰੀ, ਸੰਵੇਦਨਾ ਅਤੇ ਸੁਪਨਸਾਜ਼ੀ ਫੈਲਦੀ ਤਾਂ ਬੰਦੇ ਦਾ ਅੰਦਰਲਾ ਰੌਸ਼ਨ ਹੋ ਕੇ ਬਾਹਰੀ ਵਿਅਕਤੀਤਵ ਨੂੰ ਨਵੀਂ ਰੰਗਤ ਬਖ਼ਸ਼ਦਾ। ਜੇ ਅਸੀਂ ਸਰੋਕਾਰਾਂ ਅਤੇ ਸੰਵੇਦਨਾ ਨੂੰ ਨਵੀਂ ਚੇਤਨਾ ਤੇ ਚਿੰਤਨ ਦੀ ਪੁੱਠ ਹੀ ਨਹੀਂ ਚੜ੍ਹਾਉਣੀ ਤਾਂ ਅਜਿਹੀ ਮਾਨਸਿਕ ਬਿਰਤੀ ਦਾ ਕੀ ਕਰਨਾ?

ਸਥਾਪਤ ਦਾਇਰਿਆਂ ਵਿਚੋਂ ਨਿਕਲ ਕੇ ਹੀ ਬੰਦੇ ਦਾ ਵਿਕਾਸ ਸੰਭਵ ਹੁੰਦਾ। ਜੇ ਅਸੀਂ ਸੌੜੇ ਦਾਇਰਿਆਂ ਵਿਚੋਂ ਬਾਹਰ ਹੀ ਨਹੀਂ ਨਿਕਲਣਾ ਤਾਂ ਅਜਿਹੀ ਯਾਤਰਾ ਦਾ ਕੀ ਕਰਨਾ?

ਕਿਸੇ ਵਰਤਾਰੇ ਨੂੰ ਆਪਣੇ ਨਜ਼ਰੀਏ ਨਾਲ ਦੇਖਣ ਅਤੇ ਇਸ ਦੀਆਂ ਪਰਤਾਂ ਫਰੋਲਣ ਦਾ ਉਦਮ ਕਰਨਾ ਦਰਅਸਲ ਮਨੁੱਖੀ ਵਿਕਾਸ ਦਾ ਮੂਲ ਭਾਵ ਹੁੰਦਾ। ਅਗਰ ਅਸੀਂ ਆਪਣੇ ਨਜ਼ਰੀਏ ਨੂੰ ਵੱਖਰਾ ਦ੍ਰਿਸ਼ਟੀਕੋਣ ਹੀ ਨਹੀਂ ਦੇਣਾ ਤਾਂ ਅਜਿਹੇ ਨਜ਼ਰੀਏ ਦਾ ਕੀ ਕਰਨਾ?

ਕਲਾਕਾਰੀ ਕਿਸੇ ਨੂੰ ਟੁੰਬੇ, ਉਸ ਦੀਆਂ ਭਾਵਨਾਵਾਂ ਨੂੰ ਜਗਾਵੇ ਤਾਂ ਕਿ ਉਸ ਦੇ ਮਨ ਵਿਚ ਜਿਊਣ ਦਾ ਸਰਫ਼ ਹੋਵੇ। ਅਗਰ ਕਲਾਕਾਰੀ ਨੇ ਅਜਿਹੇ ਸੁਹਜਮਈ ਅਹਿਸਾਸਾਂ ਨੂੰ ਜਗਾਉਣ ਤੋਂ ਬਾਂਝ ਹੀ ਰਹਿਣਾ, ਸੂਖਮ ਰੂਪ ਵਿਚ ਸੁੱਤੀ ਚੇਤਨਾ ਨੂੰ ਨਹੀਂ ਜਗਾਉਣਾ ਤਾਂ ਅਜਿਹੀ ਕਲਾਕਾਰੀ ਦਾ ਕੀ ਕਰਨਾ?

ਵਗਦੇ ਦਰਿਆਵਾਂ ਵਿਚੋਂ ਜ਼ਿੰਦਗੀ ਦਾ ਵਰਦਾਨ ਮਿਲਦਾ ਅਤੇ ਇਸ ਦੀਆਂ ਲਹਿਰਾਂ ਸੰਗ ਲਹਿਰ ਬਣ ਕੇ ਗੀਤ ਬਣਨ ਨੂੰ ਜੀਅ ਕਰਦਾ। ਜੇ ਦਰਿਆ ਨੇ ਬਰੇਤਿਆਂ ਦੀ ਬਸਤੀ ਹੀ ਬਣਨਾ ਤਾਂ ਅਜਿਹੇ ਦਰਿਆ ਦਾ ਕੀ ਕਰਨਾ?

ਵਗਦੀ ਪੌਣ ਹੱਥ ਅਸੀਂ ਪਿਆਰਿਆਂ ਨੂੰ ਸੁਨੇਹੇ ਘੱਲਦੇ ਅਤੇ ਮਿੱਤਰ-ਹੁੰਗਾਰੇ ਵੀ ਪੌਣ ਹੀ ਸਾਨੂੰ ਲਿਆ ਕੇ ਦਿੰਦੀ। ਜੇ ਪੌਣ ਨੇ ਰੁੱਸ ਹੀ ਜਾਣਾ ਤਾਂ ਅਜਿਹੀ ਪੌਣ ਦੀ ਕਰਮਸ਼ੀਲਤਾ ਨੂੰ ਕੀ ਕਰਨਾ?

ਹਵਾ ਰੁਮਕਦੀ ਤਾਂ ਪੱਤਿਆਂ ਦੀ ਸੰਗੀਤਕਤਾ ਵਿਚੋਂ ਕੁਦਰਤ ਦੀਆਂ ਰੂਹੀ ਰਮਜ਼ਾਂ ਸੁਣਾਈ ਦਿੰਦੀਆਂ। ਅਗਰ ਪੌਣ ਹੀ ਹੁੱਸੜ ਜਾਵੇ ਤਾਂ ਫੁੱਲਾਂ ਦੀਆਂ ਖਿੜਦੀਆਂ ਮਹਿਕਾਂ ਦਾ ਕੀ ਕਰਨਾ?

ਪੰਛੀ ਚਹਿਕਦੇ ਤਾਂ ਬਿਰਖ ਅਤੇ ਜੀਵ ਜੰਤੂ ਸਮੇਤ ਸਮੁੱਚੀ ਕੁਦਰਤ ਗਾਉਂਦੀ। ਜੇ ਪੰਛੀ ਦੇ ਚਹਿਕਣ ਲਈ ਅਸੀਂ ਬਿਰਖ ਹੀ ਨਹੀਂ ਰਹਿਣ ਦੇਣਾ, ਟਾਹਣੀਆਂ ਅਤੇ ਲਗਰਾਂ ਨੂੰ ਹੀ ਛਾਂਗ ਦੇਣਾ ਤਾਂ ਖ਼ਾਮੋਸ਼ ਹੋਏ ਪੰਛੀਆਂ ਦੇ ਸਤਸੰਗ ਦਾ ਕਿਸੇ ਨੇ ਕੀ ਕਰਨਾ?

ਕਾਲੀ ਘਟਾ ਚੜ੍ਹਦੀ ਤਾਂ ਬਿਰਖਾਂ ਦੇ ਪਿੰਡੇ ਧੋਤੇ ਜਾਂਦੇ, ਕੁਦਰਤ ਮੌਲਦੀ ਅਤੇ ਨਿੱਖਰੀ ਕਾਇਨਾਤ ਦਾ ਮੁਹਾਂਦਰਾ ਲਿਸ਼ਕਣ ਲੱਗਦਾ। ਅਗਰ ਅੰਬਰ ਤੇ ਤਿੱਤਰ-ਖੰਭੀਆਂ ਨੇ ਹੀ ਉਡਣਾ ਤਾਂ ਅਜਿਹੇ ਬਾਰਸ਼-ਹੀਣ ਬੱਦਲਾਂ ਦਾ ਕੀ ਕਰਨਾ?

ਬੂਹਾ ਖੜਕਦਾ, ਦਲਾਨ ਵਿਚ ਬੈਠੀ ਉਡੀਕ ਦਾ ਸੀਨਾ ਧੜਕਦਾ, ਉਹ ਅਹੁਲਦੀ, ਬੂਹਾ ਖੋਲ੍ਹਦੀ ਅਤੇ ਪਿਆਰੇ ਦੇ ਸੀਨੇ ਨਾਲ ਲੱਗ ਕੇ ਆਪਣੀ ਤਪਦੀ ਹਿੱਕ ਠਾਰਦੀ। ਅਗਰ ਤੇਜ਼ ਹਵਾਵਾਂ ਕਾਰਨ ਹੀ ਬੂਹੇ ਦਾ ਖੜਕਣਾ ਤਾਂ ਅਜਿਹੇ ਖੜਾਕ ਦਾ ਉਡੀਕ ਨੇ ਕੀ ਕਰਨਾ?

ਪਰਾਤ ਵਿਚ ਆਟਾ ਭੁੜਕਦਾ, ਸਵਾਣੀ ਦੇ ਮਨ ਵਿਚ ਪੇਕਿਆਂ ਦੇ ਆਉਣ ਦੀ ਆਸ ਜਾਗਦੀ। ਅਗਰ ਪਰਾਤ ਦੇ ਆਟੇ ਨੂੰ ਓਟੇ 'ਤੇ ਬੈਠੀਆਂ ਚਿੜੀਆਂ ਨੂੰ ਖਾਣਾ ਪਵੇ ਤਾਂ ਅਜਿਹੀ ਉਮੀਦ ਦਾ ਸਵਾਣੀ ਨੇ ਕੀ ਕਰਨਾ?

ਫ਼ੋਨ ਦੀ ਘੰਟੀ ਵੱਜਦੀ, ਖ਼ਿਆਲ ਆਉਂਦਾ ਕਿ ਚਿਰ ਵਿਛੁੰਨੇ ਮਿੱਤਰ ਨੇ ਯਾਦ ਕੀਤਾ ਹੋਵੇਗਾ। ਦਿਲਲਗੀਆਂ ਕਰਾਂਗੇ। ਅਗਰ ਫ਼ੋਨ ਦੀ ਘੰਟੀ ਵਿਚੋਂ ਕਿਸੇ ਠੱਗ ਕਾਲਰ ਦੀ ਅਵਾਜ਼ ਸੁਣਾਈ ਦੇਵੇ ਤਾਂ ਅਜਿਹੇ ਫ਼ੋਨ ਵੱਜਣ ਦਾ ਕੀ ਕਰਨਾ?

ਅਸੀਂ ਆਪਣਿਆਂ ਨੂੰ ਪੱਤਰ ਲਿਖਦੇ ਤਾਂ ਜਾਪਦਾ ਜਿਵੇਂ ਆਪਣੇ ਖ਼ੂਨ ਨੂੰ ਰੂਹਦਾਰੀ ਨਾਲ ਮਿਲ ਲਿਆ ਹੋਵੇ। ਅਗਰ ਪੱਤਰ ਦਾ ਜਵਾਬ ਹੀ ਨਾ ਆਵੇ ਤਾਂ ਉਚੇਚ ਨਾਲ ਪੱਤਰ ਲਿਖਣ ਦਾ ਕੀ ਕਰਨਾ?

ਆਦਮੀ ਸਾਰੀ ਉਮਰ ਉਡੀਕਦਾ ਕਿ ਕੋਈ ਪੜਾਅ ਤਾਂ ਅਜੇਹਾ ਆਵੇ ਕਿ ਖ਼ੁਸ਼ਗਵਾਰ ਪਲਾਂ ਵਿਚ ਬੰਦਾ ਖ਼ੁਰ ਹੀ ਜਾਵੇ ਅਤੇ ਇਹੀ ਚੇਤਨਾ 'ਚ ਉਹ ਆਖ਼ਰੀ ਸਾਹ ਭਰੇ। ਜੇ ਅਜਿਹੇ ਪਲ ਦੀ ਆਸ ਵਿਚ ਬੰਦਾ ਨਾ-ਉਮੀਦੀ ਦਾ ਪੱਲਾ ਫੜ ਲਵੇ ਤਾਂ ਦੱਸੋ ਅਜਿਹੀ ਉਡੀਕ ਦਾ ਕੀ ਕਰਨਾ?

ਪਿਆਰ ਭਰੀ ਟਕੋਰ ਜਿਸਮ 'ਤੇ ਲੱਗੇ ਆਪਣਿਆਂ ਦੇ ਜ਼ਖ਼ਮ ਭਰ ਜਾਂਦੇ ਅਤੇ ਰੂਹ ਤੇ ਲੱਗੇ ਫੱਟ ਵੀ ਕੁਝ ਸਮੇਂ ਬਾਅਦ ਚਸਕਣੋਂ ਹੱਟ ਜਾਂਦੇ। ਜੇ ਕੋਈ ਫੱਟਾਂ 'ਤੇ ਮਰਮ ਨਾ ਲਗਾਵੇ ਤੇ ਨਾ ਹੀ ਸਹਿਲਾਵੇ ਤਾਂ ਅਜਿਹੇ ਆਪਣਿਆਂ ਦਾ ਕੀ ਕਰਨਾ।

ਮਨ ਦੀਆਂ ਖੁੱਲ੍ਹੀਆਂ ਖਿੜਕੀਆਂ ਥੀਂ ਹਰ ਸਵੇਰੇ ਤਾਜ਼ੀ ਹਵਾ, ਨਵਾਂ ਸੂਰਜ ਅਤੇ ਨਵਾਂ ਦਿਨ ਰੂਹ ਤੇ ਦਸਤਕ ਦਿੰਦੇ ਤਾਂ ਬੰਦੇ ਅੰਦਰੋਂ-ਬਾਹਰੋਂ ਪ੍ਰਸੰਨ ਹੋ ਜਾਂਦਾ। ਅਗਰ ਮਨ ਦੀਆਂ ਖਿੜਕੀਆਂ ਖੋਲ੍ਹੀਏ ਹੀ ਨਾ ਤਾਂ ਅਜਿਹੀ ਸਵੇਰ ਦਾ ਮਨ ਨੇ ਕੀ ਕਰਨਾ?

ਪੁੰਨਿਆਂ ਦੀ ਰਾਤੇ ਟਹਿਲਦਿਆਂ ਬੰਦਾ ਤਾਰਿਆਂ ਨਾਲ ਬਾਤਾਂ ਪਾਉਂਦਾ, ਚੰਨ ਨਾਲ ਨਿੱਘੀ ਗੁਫ਼ਤਗੂ ਕਰਦਾ ਅਤੇ ਪਸਰੀ ਰਹੱਸਮਈ ਚੁੱਪ ਵਿਚ ਅਨੰਦਿਤ ਹੋ ਜਾਂਦਾ। ਜੇ ਬੰਦਾ ਘਰੋਂ ਬਾਹਰ ਪੈਰ ਹੀ ਨਾ ਧਰੇ ਅਤੇ ਕੁਦਰਤੀ ਹੁਸੀਨਤਾ ਨਾਲ ਅੱਖਾਂ ਨੂੰ ਤਰ ਨਾ ਕਰੇ ਤਾਂ ਅਜਿਹੀ ਮਾਨਸਿਕਤਾ ਦਾ ਕੀ ਕਰਨਾ?

ਗਰਮੀਆਂ ਵਿਚ ਛੱਤ ਤੇ ਲੇਟਿਆਂ ਤਾਰਿਆਂ ਦੀਆਂ ਖਿੱਤੀਆਂ ਦੇ ਆਕਾਰ ਬਣਾਉਣੇ, ਪੂਰ ਗਿਣਦਿਆਂ ਗਿਣਦਿਆਂ ਨੀਂਦੇ ਹਿਲੋਰਿਆਂ ਵਿਚ ਗਵਾਚ ਜਾਈਦਾ ਸੀ। ਅਗਰ ਅਸੀਂ ਛੱਤ ਤੇ ਸੌਣ ਦੇ ਆਦੀ ਹੀ ਨਾ ਰਹੇ ਤਾਂ ਤਾਰਿਆਂ ਭਰੀ ਰਾਤ ਦਾ ਕੀ ਕਰਨਾ?

ਸਾਈਕਲ ਸਿੱਖਦਿਆਂ ਲਗਾਈਆਂ ਰਗੜਾਂ ਅਤੇ ਮਾਪਿਆਂ ਦੀ ਝਿੜਕਾਂ ਵਿਚੋਂ ਬਹੁਤ ਕੁਝ ਸਿੱਖ ਲਈਦਾ ਸੀ। ਅਗਰ ਕਿਸੇ ਨੇ ਸੱਟਾਂ ਹੀ ਨਹੀਂ ਲਵਾਉਣੀਆਂ ਅਤੇ ਮਾਪਿਆਂ ਦੀ ਝਿੜਕਾਂ ਵਿਚੋਂ ਮੱਤਾਂ ਦਾ ਸ਼ਗੂਫ਼ਾ ਹੀ ਨਹੀਂ ਲੈਣਾ ਤਾਂ ਅਜਿਹੀ ਸਾਈਕਲ ਸਿਖਲਾਈ ਨੂੰ ਕੀ ਕਰਨਾ?

ਮਿੱਟੀ ਵਿਚ ਖੇਡਣਾ, ਮਿੱਟੀ ਵਿਚ ਲਿੱਬੜ ਕੇ ਮਿੱਟੀ ਦੀ ਮਹਿਕ ਨੂੰ ਪਿੰਡਿਆਂ ਵਿਚ ਰਚਾਉਣਾ ਹੁੰਦਾ। ਹੁਣ ਜੇ ਮਿੱਟੀ ਵਿਚ ਖੇਡਣਾ ਹੀ ਨਹੀਂ ਅਤੇ ਪਿੰਡੇ ਦੀ ਮਿੱਟੀ ਨੂੰ ਮਿੱਟੀ ਨਾਲ ਮਿਲਾਉਣ ਹੀ ਨਹੀਂ ਤਾਂ ਭਲਾ ਮਿੱਟੀ ਦਾ ਕੀ ਕਰਨਾ?

ਕੁਤਾਹੀਆਂ ਅਤੇ ਗਲਤੀਆਂ ਵਿਚੋਂ ਬੰਦਾ ਸਿੱਖ ਕੇ ਖ਼ੁਦ ਇਨਸਾਨ ਬਣਨ ਵੰਨੀ ਪਹਿਲਕਦਮੀ ਕਰਦਾ। ਅਗਰ ਅਸੀਂ ਗ਼ਲਤੀਆਂ ਨੂੰ ਸੋਧਣਾ ਹੀ ਨਹੀਂ ਤਾਂ ਕੀਤੀ ਪਹਿਲਕਦਮੀ ਦਾ ਕੀ ਕਰਨਾ?

ਅਸੀਂ ਜੀਵਨ ਦੇ ਰੌਸ਼ਨ ਭਵਿੱਖ ਤੇ ਬਹਿਸ਼ਤੀ ਵਰਤਾਰੇ ਵਾਸਤੇ ਸੁੱਚੀ-ਸੁੱਚੀ ਅਰਦਾਸ ਕਰਦੇ ਹਾਂ। ਅਗਰ ਸਾਡੀ ਅਰਦਾਸ ਵਿਚੋਂ ਨਕਾਰਾਤਮਿਕਤਾ ਹੀ ਝਲਕਣੀ ਤਾਂ ਅਜਿਹੀ ਅਰਦਾਸ ਦਾ ਕੀ ਕਰਨਾ?

ਹਰੇਕ ਵਿਅਕਤੀ ਕੁਝ ਪ੍ਰਾਪਤੀ ਲਈ ਕੁਝ ਤਾਂ ਕੁਝ ਕਰਦਾ ਹੀ ਰਹਿੰਦਾ। ਜਦ ਕੁਝ ਕਰਨ ਵਾਲਿਆਂ ਨੂੰ ਕੁਝ ਵੀ ਨਾ ਮਿਲੇ ਤਾਂ ਦੱਸੋ ਕੁਝ ਕਰਕੇ ਵੀ ਬੰਦੇ ਨੇ ਕੀ ਕਰਨਾ? ਜ਼ਮੀਨਾਂ ਅਤੇ ਜ਼ਮੀਰਾਂ ਵਿਅਕਤੀ ਦਾ ਸਭ ਤੋਂ ਵੱਡਾ ਮਾਣ, ਮਰਿਆਦਾ ਅਤੇ ਜ਼ਿੰਦਗੀ ਦਾ ਅਹਿਮ ਹਾਸਲ ਹੁੰਦਾ। ਜ਼ਮੀਨਾਂ ਤਾਂ ਭਲਾ ਵਿਕਣੀਆਂ ਹੀ ਸਨ। ਅਗਰ ਜ਼ਮੀਰਾਂ ਸ਼ੱਰੇ-ਬਾਜ਼ਾਰ ਹੀ ਵਿਕਣ ਲੱਗ ਪੈਣ ਤਾਂ ਅਜਿਹੇ ਬੇ-ਜ਼ਮੀਰਿਆਂ ਦਾ ਵਕਤ ਨੇ ਕੀ ਕਰਨਾ?

## ਸਿੱਧਾ ਬੰਦਾ ਸਿੱਧੀ ਗੱਲ

ਇਕ ਕੁੜੀ ਜਿਸ ਦਾ ਨਾਮ ਮੁਹੱਬਤ ਗੁੰਮ ਹੈ ਗੁੰਮ ਹੈ।

ਦੁਨੀਆਂ ਦੇ ਮਨੋਵਿਗਿਆਨਿਕ ਕਹਿੰਦੇ ਹਨ ਕਿ ਜਦੋਂ ਤੱਕ ਫਿਲਮ ਟੈਲੀਵਿਜਨ ਹੈ, ਪੋਰਨ ਫਿਲਮ ਇੰਡਸਟਰੀ ਹੈ, ਉਦੋਂ ਤੱਕ ਕੋਈ ਬੰਦਾ ਕਿਸੇ ਔਰਤ 'ਤੋਂ ਤ੍ਰਿਪਤ ਨਹੀਂ ਹੋਏਗਾ। ਕਿਉਂ? ਕਿਉਂਕਿ ਟੈਲੀਵਿਜਨ ਤੇ ਸਿਨੇਮਾਂ ਦੇ ਪੜ੍ਹਦੇ ਨੇ ਔਰਤਾਂ ਅਤੇ ਬੰਦਿਆਂ ਦੀ ਅਜਿਹੀ ਪ੍ਰਤਿਮਾਂ ਲੋਕਾਂ ਨੂੰ ਦਿਖਾ ਦਿੱਤੀ ਹੈ, ਜਿੰਦਾਂ ਦੀ ਪ੍ਰਤਿਮਾਂ ਅਸਲ 'ਚ ਕਿਤੇ ਵੀ ਨਹੀਂ ਮਿਲ ਸਕਦੀ, ਇਹ ਝੂਠੀ ਹੈ, ਬਣਾਉਟੀ ਹੈ।

ਫਿਰ ਅਸਲ 'ਚ ਜਦੋਂ ਬੰਦਾ ਤੇ ਔਰਤ ਮਿਲਦੇ ਹਨ, ਉਹ ਬਹੁਤ ਫਿੱਕੇ ਫਿੱਕੇ ਲਗਦੇ ਹਨ। ਕਿੱਥੇ ਤਸਵੀਰ ਫਿਲਮ ਦੇ ਪੜ੍ਹਦੇ ਤੇ! ਕਿੱਥੇ ਪ੍ਰੋਫੈਸ਼ਨਲ ਅਭਿਨੇਤਰੀ ਫਿਲਮ ਦੇ ਪੜ੍ਹਦੇ ਤੇ! ਕਿੱਥੇ ਪਤਨੀ ਘਰ ਦੀ! ਘਰ ਦੀ ਪਤਨੀ ਇੱਕਦਮ ਫਿੱਕੀ ਫਿੱਕੀ, ਇੱਕਦਮ ਵਿਅਰਥ ਵਿਅਰਥ, ਜਿਸ 'ਚ ਨਮਕ ਬਿਲਕੁਲ ਨਹੀਂ, ਬੇਰੌਣਕ ਸਾਲਟਲੈੱਸ ਲੱਗਣ ਲਗਦੀ ਹੈ। ਸਵਾਦ ਹੀ ਨਹੀਂ ਲਗਦੀ, ਬੰਦੇ 'ਚ ਵੀ ਨਹੀਂ ਸਵਾਦ ਲਗਦਾ।

ਇਹ ਸਿਰਫ ਮਰਦ ਨਾਲ ਨਹੀ ਵਾਪਰ ਰਿਹਾ। ਜਿਹੜੀ ਔਰਤ ਪੜਦੇ 'ਤੇ ਮਰਦ ਦੇਖਦੀ ਹੈ, ਉਹ ਮਰਦ ਵੀ ਆਮ ਜੀਵਨ 'ਚ ਨਹੀਂ ਹਨ। ਜਿਹੜਾ ਸੈਕਸ ਪੜਦੇ ਤੇ ਦਿਖਾਇਆ ਜਾ ਰਿਹਾ, ਉਹ ਆਮ ਜੀਵਨ 'ਚ ਸੰਭਵ ਨਹੀਂ ਹੋ ਸਕਦਾ। ਇਸ ਲਈ ਔਰਤ ਵੀ ਪ੍ਰੇਸ਼ਾਨ ਹੈ, ਜਦੋਂ ਮਰਦ ਆਪਣੀ ਖੇਡ ਖਤਮ ਕਰਕੇ ਲਾਂਭੇ ਜਾਂਦਾ। ਇਹ ਵਰਤਾਰਾ ਮਰਦ-ਔਰਤ ਦੇ ਸਰੀਰਕ ਰਿਸ਼ਤਿਆਂ ਵਿੱਚ ਵਿਗਾੜ ਪੈਦਾ ਕਰ ਰਿਹਾ ਹੈ, ਮਨੋਰੋਗ ਪੈਦਾ ਕਰ ਰਿਹਾ ਹੈ।

ਫਿਰ ਦੌੜ ਸ਼ੁਰੂ ਹੁੰਦੀ ਹੈ, ਹੁਣ ਉਸ ਔਰਤ ਦੀ ਤਲਾਸ਼ ਸ਼ੁਰੂ ਹੁੰਦੀ ਹੈ, ਜੋ ਪੜਦੇ 'ਤੇ ਦਿਖਾਈ ਦਿੱਤੀ। ਉਹ ਕਿਤੇ ਨਹੀਂ ਹੈ। ਉਹ ਪੜ੍ਹਦੇ ਵਾਲੀ ਔਰਤ ਵੀ ਜਿਸਦੀ ਪਤਨੀ ਹੈ, ਉਹ ਵੀ ਏਸੇ ਪਰੇਸ਼ਾਨੀ 'ਚ ਪਿਆ ਹੈ। ਇਸ ਲਈ ਉਹ ਕਿਤੇ ਨਹੀਂ ਹੈ ਕਿਉਂਕਿ ਘਰ 'ਚ ਉਹ ਔਰਤ ਸਧਾਰਨ ਔਰਤ ਹੈ। ਪੜਦੇ 'ਤੇ ਜੋ ਔਰਤ ਦਿਖਾਈ ਦੇ ਰਹੀ ਹੈ, ਉਹ ਮੈਨਿਊਵਰਡ ਹੈ, ਉਹ ਤਰਕੀਬ ਨਾਲ ਪ੍ਰਸਤੁਤ ਕੀਤੀ ਗਈ ਹੈ, ਉਹ ਪ੍ਰੋਜੈਕਟਡ ਹੈ ਢੰਗ ਨਾਲ। ਸਾਰੀ ਟੈਕਨੀਕ ਟੈਕਨਾਲਜੀ ਨਾਲ, ਸਾਰੀ ਆਧੁਨਿਕ ਵਿਵਸਥਾ ਨਾਲ, ਕੈਮਰੇ, ਫੋਟੋਗ੍ਰਾਫੀ, ਰੰਗ, ਮੇਕਅੱਪ, ਸਜਾਵਟ, ਮੇਕਪ, ਸਾਰੀ ਵਿਵਸਥਾ ਨਾਲ ਉਹ ਪੇਸ਼ ਕੀਤੀ ਗਈ ਹੈ, ਉਹ ਪੇਸ਼ ਔਰਤ ਨੂੰ ਕਿਤੇ ਵੀ ਲੱਭਣਾ ਮੁਸ਼ਕਿਲ ਹੈ। ਉਹ ਕਿਤੇ ਨਹੀਂ ਹੈ। ਉਹ ਧੋਖਾ ਹੈ।

ਪਰ ਉਹ ਧੋਖਾ ਮਨ ਨੂੰ ਅੰਦੋਲਿਤ ਕਰ ਗਿਆ। ਆਹਾਰ ਹੋ ਗਿਆ। ਉਸ ਔਰਤ ਦਾ ਆਹਾਰ ਹੋ ਗਿਆ ਅੰਦਰ। ਉਹ ਉਸ ਔਰਤ ਦੀ ਤਲਾਸ਼ ਸ਼ੁਰੂ ਹੋ ਗਈ, ਹੁਣ ਉਹ ਕਿਤੇ ਮਿਲਦੀ ਨਹੀਂ। ਤੇ ਜੋ ਵੀ ਔਰਤ ਮਿਲਦੀ ਹੈ, ਉਹ ਸਦਾ ਉਸਦੀ ਤੁਲਨਾ 'ਚ ਫਿੱਕੀ ਤੇ ਗਲਤ ਸਾਬਿਤ ਹੁੰਦੀ ਹੈ। ਹੁਣ ਇਹ ਮਨ ਕਿਤੇ ਵੀ ਠਹਿਰੇਗਾ ਨਹੀਂ। ਹੁਣ ਇਸ ਮਨ ਦੀ ਔਖਿਆਈ ਹੋਈ। ਇਹ ਸਾਰੀ ਦੀ ਸਾਰੀ ਔਖਿਆਈ ਬਹੁਤ ਡੂੰਘਿਆਈ 'ਚ ਗਲਤ ਆਹਾਰ ਨਾਲ ਪੈਦਾ ਹੋ ਰਹੀ ਹੈ।

ਰਸਤੇ ਵਿਚ ਤੁਸੀਂ ਨਿਕਲਦੇ ਹੋ, ਕੁਝ ਵੀ ਪੜ੍ਹਦੇ ਚਲੇ ਜਾਂਦੇ ਹਾਂ, ਬਿਨਾਂ ਇਸਦੀ ਫਿਕਰ ਕੀਤੇ ਕਿ ਅੱਖਾਂ ਭੋਜਨ ਲੈ ਰਹੀਆ ਹਨ, ਕੁਝ ਵੀ ਪੜ੍ਹ ਰਹੇ ਹਾਂ! ਰਸਤੇ ਭਰ ਦੇ ਪੋਸਟਰ ਪੜ੍ਹਦੇ ਚਲੇ ਜਾਂਦੇ ਹਨ, ਕਿਸ ਨੇ ਤੁਹਾਨੂੰ ਇਸਦੇ ਲਈ ਪੈਸੇ ਨਹੀ ਦਿੱਤੇ। ਫਿਰ ਕਿਉਂ ਮਿਹਨਤ ਕਰ ਰਹੇ ਹੋ? ਰਸਤੇ ਭਰ ਦੇ ਦੀਵਾਰ ਦਰਵਾਜੇ ਰੰਗੇ ਪੁਤੇ ਹਨ! ਇਹ ਕਚਰਾ ਅੰਦਰ ਚਲਿਆ ਜਾ ਰਿਹਾ ਹੈ। ਹੁਣ ਇਹ ਕਚਰਾ ਅੰਦਰ ਕਲੇਸ਼ ਖੜਾ ਕਰੇਗਾ।

#ਓਸ਼ੋ

**-ਜੋਗਿੰਦਰ ਬਾਠ ਹੌਲੈਂਡ**

# ਜੀਵਨਪਤ੍ਰੀ; ਚੰਦਨ ਦਾ ਇਕਬਾਲੀਆ ਬਿਆਨ ਤੇ ਇਕ ਲਹਿਰ ਦੀ ਚੀਰ-ਫਾੜ

ਚੰਦਨ ਵਾਕਿਆ ਈ ਚੰਦਨ ਹੈ। ਉਸਦੀ ਵਾਰਤਿਕ 'ਚੋਂ ਚੰਦਨ ਦੀ ਖੁਸ਼ਬੋ ਆਉਂਦੀ ਹੈ। ਉਸਦੇ ਵਾਕ ਚੰਦਨਵਾੜੀ ਦੀ ਸੈਰ ਵਰਗਾ ਲੁਤਫ਼ ਦਿੰਦੇ ਨੇ। ਗੱਲ ਅਮਰਜੀਤ ਚੰਦਨ ਦੀ ਹੋ ਰਹੀ ਹੈ। ਮੈਨੂੰ ਨਹੀਂ ਪਤਾ ਕੇ ਉਸਦੇ ਨਾਮ ਨਾਲ ਕਦੋਂ, ਕਿਉਂ, ਕਿਸਨੇ ਚੰਦਨ ਲਾਇਆ, ਪਰ ਜਿਵੇਂ-ਕਿਵੇਂ ਵੀ ਲੱਗਿਆ, ਚੰਦਨ ਲੇਖਕ ਦੇ ਤੌਰ 'ਤੇ ਉਸ 'ਤੇ ਖਰਾ ਉਤਰਿਆ ਹੈ। ਇਸ ਵੇਲੇ ਉਸਦੀ ਕਿਤਾਬ ਜੀਵਨਪਤ੍ਰੀ ਬਾਰੇ ਚਰਚਾ ਸਰਗਰਮੀ ਫੜ੍ਹਨ ਲੱਗ ਪਈ ਹੈ। ਇਹ ਕਿਤਾਬ ਬੰਦੇ ਨੂੰ ਬੰਨ੍ਹ ਕੇ ਬਿਠਾ ਲੈਂਦੀ ਹੈ। ਖ਼ਾਸ ਕਰਕੇ ਉਨ੍ਹਾਂ ਨੂੰ, ਜਿਨ੍ਹਾਂ ਆਪਣੀ ਸੁਰਤ ਪਿਛਲੀ ਸਦੀ ਦੇ ਸੱਠਵਿਆਂ-ਸੱਤਰਵਿਆਂ ਵਿਚ ਸੰਭਾਲੀ ਸੀ ਤੇ ਪੰਜਾਬ ਨੂੰ ਪਹਿਲਾਂ ਲਾਲ ਤੇ ਫਿਰ ਕੇਸਰੀ ਹੁੰਦਾ ਵੇਖਿਆ ਸੀ।

ਇਹ ਕਿਤਾਬ ਪੜ੍ਹ ਕੇ ਕਈ ਚੰਦਨ ਤੇ ਮੀਂਹ ਵਾਂਗ ਵਰ੍ਹਨਗੇ; ਆਪਣੇ ਬੌਧਿਕ ਤੇ ਵਿਚਾਰਧਾਰਕ ਚਸ਼ਮੇ ਰਾਹੀਂ ਵੇਖ ਕੇ ਉਸ ਬਾਰੇ ਭਾਂਜਵਾਦੀ, ਸੋਧਵਾਦੀ, ਸੱਜਪਿਛਾਖੜ ਤੇ ਜਾਤੀਵਾਦੀ ਵਰਗੇ



**ਸਰਬਜੀਤ ਧਾਲੀਵਾਲ**
**ਫੋਨ: 98141-23338**

ਲਕਬ ਵਰਤਣਗੇ। ਕਈ ਖੁਸ਼ ਹੋਣਗੇ ਤੇ ਉਸਦੀ ਮਹਿਮਾ ਕਰਨਗੇ। ਇਹ ਕਿਤਾਬ ਕਈਆਂ ਦੇ ਜਖਮ ਉਚੇੜੇਗੀ ਤੇ ਕਈਆਂ ਦੇ ਮਲ੍ਹਮ ਲਾਏਗੀ। ਸਹਿਮਤੀ, ਅਸਹਿਮਤੀ ਤੇ ਨਾਰਾਜਗੀ ਮਨੁੱਖ ਦੇ ਮੂਲ ਅਧਿਕਾਰਾਂ ਦੀ ਪੂੰਜੀ ਹੈ ਤੇ ਜਾਗਰੂਕ ਸਮਾਜ 'ਚ ਇਸਦਾ ਪ੍ਰਗਟਾ ਸਹਿਜ ਰੂਪ 'ਚ ਹੋਣਾ ਵੀ ਚਾਹੀਦਾ ਹੈ। ਇਹ ਕਿਸੇ ਵੀ ਸਮਾਜ ਤੇ ਸੱਭਿਅਤਾ ਦੀ ਨਿੱਘਰ ਉਸਾਰੀ ਲਈ ਲਾਜਮੀ ਤੱਤ ਹੈ।

ਲੰਬਾ ਸਮਾਂ ਨਕਸਲਬਾੜੀ ਵਿਚਾਰਧਾਰਾ ਨਾਲ ਜੁੜਿਆ ਰਿਹਾ ਚੰਦਨ ਇਸ ਲਹਿਰ ਦਾ ਸਰਗਰਮ ਝੰਡਾਬਰਦਾਰ ਰਿਹਾ ਹੈ। ਜੀਵਨਪਤ੍ਰੀ ਦਾ ਜਿਆਦਾ ਸਰੋਕਾਰ ਇਸ ਲਹਿਰ ਤੇ ਇਸ ਨਾਲ ਜੁੜੇ ਬਹੁਤ ਸਾਰੇ ਸਿਖਰਲੇ ਹਾਕਿਮ ਸਿੰਘ ਸਮਾਓਂ, ਬਾਬਾ ਬੂਝਾ ਸਿੰਘ, ਦਰਸ਼ਨ ਖਟਕੜ, ਗੰਧਰਵ ਸੇਨ, ਹਰਭਜਨ ਹਲਵਾਰਵੀ ਵਰਗੇ ਪਾਤਰਾਂ ਨਾਲ ਹੈ। ਪ੍ਰੀਤਲੜੀ ਨਾਲ ਵੀ ਹੈ। ਇਨਕਲਾਬ ਨਾਲ ਹੈ। ਤੇ ਇਸ ਵਿਚ ਉਹ ਆਪਣੇ ਪਰਿਵਾਰ ਬਾਰੇ ਲਿਖਦਾ ਹੈ, ਆਪਣੀ 'ਜਲਾਵਤਨੀ' ਬਾਰੇ ਦੱਸਦਾ ਹੈ। ਪਾਸ਼, ਵਰਿਆਮ ਸੰਧੂ, ਸੁਰਜੀਤ ਹਾਂਸ ਤੇ ਕੁਝ ਹੋਰ ਨਾਮੀ ਸਖਸ਼ੀਅਤ ਨਾਲ ਦੋਸਤੀ ਦਾ ਖਾਸਾ ਜਿਕਰ ਹੈ। ਪਾਸ਼ ਦੇ ਕਤਲ ਉਪਰੰਤ ਉਸ ਅੰਦਰ ਪਈ ਖੋਹ ਬਾਰੇ ਵੀ ਇਸ ਕਿਤਾਬ 'ਚ ਇਕ ਅਧਿਆਏ ਹੈ।

ਮੇਰੀ ਨਜ਼ਰ 'ਚ ਇਹ ਉਸਦਾ ਆਪਣੇ ਅਤੇ ਲਹਿਰ ਬਾਰੇ ਇਕਬਾਲੀਆ ਬਿਆਨ ਹੈ। ਇਹ ਮੁਕੰਮਲ ਬਿਆਨ ਹੈ ਜਾਂ ਅਧੂਰਾ, ਨਿਰੋਲ ਜਾਂ ਮਿਲਾਵਟੀ; ਇਸਦਾ ਫੈਸਲਾ ਪਾਠਕ, ਬੁਧੀਜੀਵੀ, ਆਲੋਚਕ, ਚਿੰਤਕ ਤੇ ਲਹਿਰ ਨਾਲ ਕਿਸੇ ਸਮੇਂ ਜਿਸਮਾਨੀ ਜਾਂ ਰੂਹਾਨੀ ਤੌਰ 'ਤੇ ਜੁੜੇ ਰਹੇ ਲੋਕ ਕਰਨਗੇ। ਆਪਣੇ ਬਾਰੇ, ਘਟਨਾਵਾਂ ਤੇ ਪਾਤਰਾਂ ਬਾਰੇ ਲਿਖਦਾ ਚੰਦਨ ਸੁਹਿਰਦ, ਇਮਾਨਦਾਰ ਤੇ ਬੇਬਾਕ ਲੱਗਦਾ ਹੈ। ਲਹਿਰਾਂ ਦਾ ਲੇਖਾ-ਜੋਖਾ ਹੁੰਦਾ ਆਇਆ ਹੈ। ਪੰਜਾਬ ਦੀ ਕਮਿਉਨਿਸਟ ਲਹਿਰ, ਜੋ ਬਹੁਭਾਂਤੀ ਤੇ ਬਹੁਪਰਤੀ ਸੀ, ਦਾ ਹੁਣ ਕੀ ਹੋ ਰਿਹਾ ਹੈ। ਇਸ 'ਚ ਸਰਗਰਮ ਰਹੇ ਲੋਕਾਂ ਨੇ ਪਿਛਲੇ ਸਮੇਂ ਚ ਕੁਝ ਕਿਤਾਬਾਂ ਲਿਖੀਆਂ ਨੇ। ਚੰਦਨ ਦੀ ਕਿਤਾਬ ਉਨ੍ਹਾਂ ਵਿਚੋਂ ਇੱਕ ਹੈ। ਚੰਦਨ ਕਿਸੇ ਗੱਲ ਨੂੰ ਆਪਣੀ ਕਿਤਾਬ 'ਚ ਖਿੱਚਦਾ ਜਾਂ ਕਹੋ ਲੰਮਕਾਉਂਦਾ ਨਹੀਂ। ਇਹ ਉਸਦੀ ਖੂਬਸੂਰਤੀ ਹੈ, ਇਹ ਉਸਦੀ ਵਾਰਤਕ ਨੂੰ ਖੇੜਾ ਬਖ਼ਸ਼ਦੀ ਹੈ। ਉਸਦਾ ਗੱਲ ਕਹਿਣ ਦਾ ਅੰਦਾਜ਼ ਜ਼ਹੀਨ ਹੈ। ਇਸ ਵਿਚ ਕੋਈ ਸ਼ੱਕ ਹੀ ਨਹੀਂ।

ਕਿਤਾਬ ਚ ਸ਼ਾਮਿਲ ਸਵਰਾਜਬੀਰ (ਲੇਖਕ, ਬੁਧੀਜੀਵੀ ਤੇ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ) ਨਾਲ ਮੁਲਾਕਾਤ ਵਿਚ ਚੰਦਨ ਕਹਿੰਦਾ ਹੈ, 'ਨਕਸਲਵਾਦ ਤਾਂ ਲੈਨਿਨ ਦੇ ਕਹਿਣ ਵਾਂਙ ਬਚਪਨੇ ਦਾ ਰੋਗ ਸੀ। ਮਾਰਕਸ ਨੇ ਮੁਲਕਾਂ, ਕੌਮ ਦੇ ਵੱਡੇ ਹਾਦਸਿਆਂ ਨੂੰ ਇਤਿਹਾਸਿਕ ਅਟੱਲਤਾ ਆਖਿਆ ਸੀ। ਉਹ ਸ਼ਬਦ ਨਿਜੀ ਜੀਵਨ 'ਤੇ ਵੀ ਲਾਗੂ ਕੀਤੇ ਜਾ ਸਕਦੇ ਨੇ। ਮੇਰੇ ਘਰ ਗ਼ਦਰ, ਕਿਰਤੀ ਲਹਿਰ ਦੀਆਂ ਨਿਤ ਹੁੰਦੀਆਂ ਗੱਲਾਂ, ਭਗਤ ਸਿੰਘ ਤੇ ਵੀਅਤਨਾਮ-ਗੁਰਦਵਾਰੇ ਸ਼ਹੀਦਾਂ ਦਾ ਧਿਆਨ ਧਰ ਕੇ ਕੀਤੀਆਂ ਅਰਦਾਸਾਂ ਨੇ ਤਾਂ ਰੰਗ ਲਿਆਉਣਾ ਈ ਸੀ। ਅਸਾਂ ਵੀ ਇਨਕਲਾਬ ਦੀ ਗੱਡੀ ਨੱਸ ਕੇ ਫੜ੍ਹ ਲਈ। ਪਤਾ ਨਾ ਸੀ ਕੇ ਇੰਜਣ ਦਾ ਡਰੈਵਰ ਤੇ ਗਾਰਡ ਮਨੋਰੋਗੀ ਹੈ। ਕਲਮ ਮੇਰਾ ਹਥਿਆਰ ਸੀ...।

ਮੈਂ ਪਰਚੇ ਕੱਢੇ; ਕਿਤਾਬਾਂ ਛਾਪੀਆਂ। ਕਵਿਤਾਵਾਂ ਲਿਖੀਆਂ; ਬਾਹਰ ਵੀ, ਜੇਲ ਜਾ ਕੇ ਵੀ। ਪਰ ਆਪ ਕਦੇ ਚੱਕ-ਲੈ, ਚੱਕ-ਲੈ ਵਾਲੀ ਕਵਿਤਾ ਨਹੀਂ ਲਿਖੀ। ਮੇਰੇ ਬੰਬ ਵਾਲੇ ਝੋਲੇ 'ਚ ਲਾਲ ਸਿੰਘ ਦਿਲ ਦੀ ਕਵਿਤਾ ਵੀ ਪਈ ਹੁੰਦੀ ਸੀ। ਮੈਨੂੰ ਲੰਦਨ ਰਹਿੰਦੇ ਨੂੰ ਚਾਲੀ ਸਾਲ ਹੋ ਜਾਣੇ ਹਨ...ਪ੍ਰਦੇਸ ਰੋਗ ਹੈ। ਇਹਦੀ ਇਕੱਲ ਬੜੀ ਘਾਤਕ ਹੈ। ਲੰਦਨ ਚ ਰਹਿੰਦਾ ਮਾਰਕਸ ਆਪ ਪ੍ਰਦੇਸੀ ਸੀ। ਪਰ ਉਸਨੇ ਇਸ ਵਿਜੋਗ (ਏਲੀਏਨੇਸ਼ਨ) ਦੀ ਗੱਲ ਨਹੀਂ ਕੀਤੀ।'

**ਅੱਜ ਦੀ ਪੰਜਾਬੀ ਕਵਿਤਾ ਕਿਹੋ ਜਿਹੀ ਲੱਗਦੀ ਐ?**


ਚੰਦਨ ਦਾ ਜਵਾਬ ਹੈ: ਕੂੜਾ ਛਪੀ ਜਾਂਦੈ। ਹਾਂਸ (ਸੁਰਜੀਤ) ਨੇ ਸ਼ਬਦ ਘੜਿਆ: ਸ਼ਬਦਰੋਗ। ਇਸ ਕੂੜੇ ਬਾਰੇ ਸਿਹਰੇ ਸਿਖਿਆ ਵਾਂਙ ਹਰ ਕਿਸੇ ਦੇ ਫਿੱਟ ਆਉਂਦੇ ਇਹੋ ਜਿਹੇ ਸ਼ਬਦ ਪੜ੍ਹਨ ਵਾਲੇ ਹੁੰਦੇ ਨੇ: ਅਖੇ ਇਹ ਕਵਿਤਾ ਸਿਮਰਤੀ ਦੀ ਪੁਨਰ ਸਿਰਜਣਾ ਕਰਦੀ ਹੈ; ਇਹ ਵਰਲਡ ਪੱਧਰ 'ਤੇ ਵਰਤ ਰਹੇ ਵਰਤਾਰੇ ਦਾ ਪਰਛਾਵਾਂ ਹੈ; ਇਹ ਸਥਾਪਤ ਯਾਨਰ ਤੋੜਦੀ ਹੈ; ਮਾਨਵੀ ਅਵਚੇਤਨ, ਅਹਿਸਾਸਾਂ ਤੇ ਸਰੋਕਾਰਾਂ ਦੇ ਪੈਰਾਡਾਈਮ ਦਾ ਮਲਟੀਪਲ ਮੈਟਾਫ਼ਰੀ ਪਾਠ ਸਿਰਜਦੀ ਹੈ। ਉਹ ਅਗੇ ਕਹਿੰਦਾ ਹੈ: ਮਾਂ-ਬੋਲੀ ਨਾਲ ਐਸਾ ਜਬਰ-ਜਨਾਹ ਸਾਡੀਆਂ ਅੱਖਾਂ ਸਾਹਮਣੇ ਹੋਈ ਜਾਂਦਾ ਤੇ ਕੋਈ ਕੁਸਕਦਾ ਨਹੀਂ। ਅਜੋਕੀ ਕਵਿਤਾ 'ਚੋਂ ਪੰਜਾਬੀ ਦਾ ਮੁਹਾਵਰਾ ਅਲੋਪ ਹੋ ਚੁਕਾ ਹੈ। ਇਹ ਹਿੰਦੀ ਕਵਿਤਾ ਦੀ ਨਕਲ ਹੈ। ਹਿੰਦੀ ਵਾਲੇ ਅਗਾਂਹ ਪੂਰਬੀ ਯੂਰਪ ਦੀ ਨਕਲ ਮਾਰੀ ਜਾਂਦੇ ਨੇ। ਪਰ ਜਸਵੰਤ ਦੀਦ, ਅੰਬਰੀਸ਼ ਤੇ ਸੁਖਪਾਲ ਦੀਆਂ ਕੁਝ ਕਵਿਤਾਵਾਂ ਵਿਚ ਜਾਨ ਹੈ। ਬਾਕੀ ਸੁਖ ਲੇਖਾ।

ਚੰਦਨ ਨੇ ਰਾਣੀ-ਤੱਤ ਪੜ੍ਹੀ ਹੈ ਜਾਂ ਨਹੀ, ਮੈਨੂੰ ਨਹੀਂ ਪਤਾ। ਜੇ ਨਹੀਂ ਪੜ੍ਹੀ ਤਾਂ ਨੂੰ ਜਰੂਰ ਪੜ੍ਹਨੀ ਚਾਹੀਦੀ ਹੈ ਤੇ ਉਸ 'ਤੇ ਉਸ ਵੱਲੋਂ ਟਿਪਣੀ ਕਰਨੀ ਬਣਦੀ ਹੈ। ਪੰਜਾਬ ਨੇ ਇਸ ਕਿਤਾਬ ਨੂੰ ਵੱਡਾ ਹੁੰਗਾਰਾ ਦਿੱਤਾ ਹੈ। ਇਸੇ ਤਰ੍ਹਾਂ ਉਸਨੂੰ ਜਸਬੀਰ ਮੰਡ ਦੀਆਂ ਤਿੰਨ ਕਿਤਾਬਾਂ- 'ਬੋਲ ਮਰਦਾਨਿਆਂ', 'ਚੁਰਾਸੀ ਲੱਖ ਯਾਦਾਂ' ਤੇ 'ਆਖਰੀ ਬਾਬੇ'- 'ਤੇ ਆਪਣੇ ਵਿਚਾਰ ਰੱਖਣੇ ਚਾਹੀਦੇ ਨੇ। ਇਨ੍ਹਾਂ ਕਿਤਾਬਾਂ ਨੇ 'ਬੌਧਿਕ' ਵਰਗ ਦੀ ਸਿਮਰਤੀ ਨੂੰ ਹਲੂਣਿਆ ਹੈ।

ਕਾਮਰੇਡਾਂ, ਜਿਨ੍ਹਾਂ ਵਿਚ ਚੰਦਨ ਵੀ ਸ਼ਾਮਿਲ ਹੈ, ਨੇ ਇਹ ਗੱਲ ਕਬੂਲ ਕਰਨੀ ਸ਼ੁਰੂ ਕਰ ਦਿਤੀ ਹੈ ਕਿ ਭਾਰਤ ਵਰਗੇ ਦੇਸ਼ ਵਿਚ ਧਰਮ ਦੇ ਖਿਲਾਫ ਪੇਚਾ ਪਾ ਲੈਣਾ ਸੱਭ ਤੋਂ ਵੱਡੀ ਮੂਰਖਤਾ ਤੇ ਵਿਚਾਰਧਾਰਕ ਬਚਪਨਾ ਸੀ। ਇਹ ਉਹ ਦੇਸ਼ ਹੈ, ਜਿਥੇ ਪਿਆਕੜ ਵੀ ਆਪਣੇ ਗਿਲਾਸ 'ਚੋਂ ਉਂਗਲ ਨਾਲ ਪਹਿਲਾਂ ਸ਼ਰਾਬ ਦੀ ਬੂੰਦ ਧਰਤੀ ਨੂੰ ਭੇਟ ਕਰ ਕੇ ਹੀ ਗਿਲਾਸ ਮੂੰਹ ਨੂੰ ਲਾਉਂਦੇ ਨੇ। ਇਹ ਉਨ੍ਹਾਂ ਦੇ ਧਾਰਮਿਕ ਵਿਸ਼ਵਾਸ 'ਚੋਂ ਉਪਜਿਆ ਵਰਤਾਰਾ ਹੈ। ਗੁਰਪ੍ਰੀਤ ਘੁੱਗੀ ਦਾ ਲਿਖਿਆ ਤੇ ਜਸਬੀਰ ਜੱਸੀ ਦਾ ਗਾਇਆ ਗੀਤ ਹੁਣੇ ਹੀ ਮਾਰਕੀਟ ਵਿਚ ਆਇਆ। ਇਹ ਗੀਤ ਪੰਜਾਬ ਦੀ ਧਾਰਮਕ ਅਟੱਲਤਾ ਤੇ ਅਡੋਲਤਾ ਨੂੰ ਬੜੇ ਖੂਬਸੂਰਤ ਢੰਗ ਨਾਲ ਰੂਪਮਾਨ ਕਰਦਾ ਹੈ। ਇਸ ਦੇ ਬੋਲ ਹਨ: 'ਜਿੱਥੇ ਜਪੁਜੀ ਦੇ ਜਾਪੁ ਨਾਲ ਚੜ੍ਹਦੇ ਸਵੇਰੇ,

ਮਿਟੀ ਨਾਨਕ ਦੇ ਪੈਰਾਂ ਵਾਲੀ ਖੁਸ਼ਬੋ ਬਖੇਰੇ,
ਰੰਗ ਰਹਿਰਾਸ ਵਾਲਾ ਚੜ੍ਹ ਜਾਂਦਾ ਸ਼ਾਮ 'ਤੇ,
ਪੰਜਾਬ ਵਸਦਾ ਹੈ ਗੁਰਾਂ ਦੇ ਨਾਮ 'ਤੇ।'

ਪੰਜਾਬ ਦਾ ਸੱਚ ਵੀ ਇਹੀ ਹੈ। ਪੰਜਾਬ 'ਚ ਸਵੇਰੇ ਚਾਰ ਵਜੇ ਹਰ ਪਿੰਡ ਤੇ ਸ਼ਹਿਰ ਦੇ ਗੁਰਦਵਾਰੇ ਵਿਚ ਜੁਪਜੀ ਸਾਹਿਬ ਦਾ ਪਾਠ ਸ਼ੁਰੂ ਹੋ ਜਾਂਦਾ ਹੈ। ਹਰ ਕੰਮ ਸ਼ੁਰੂ ਕਰਨ 'ਤੋਂ ਪਹਿਲਾਂ ਗੁਰੂ ਦਾ ਨਾਮ ਲੈਣਾ ਸਾਡੀ ਸਿਮਰਤੀ ਦਾ ਮੂਲ ਹੈ। ਅਜਿਹੇ ਸੂਬੇ ਵਿਚ ਧਰਮ ਦੇ ਖਿਲਾਫ ਖੜਾ ਹੋਣਾ ਵਿਚਾਰਧਾਰਕ ਖ਼ੁਦਕੁਸ਼ੀ ਨਹੀਂ ਸੀ ਤਾਂ ਹੋਰ ਕੀ ਸੀ। ਪਿਛਲੀ ਸਦੀ ਦੇ ਸੱਤਰਵੇਂ ਦਹਾਕੇ ਦੇ ਸ਼ੁਰੂ 'ਚ ਪੰਜਾਬ ਨੂੰ ਲਾਲ ਰੰਗ ਚੜ ਗਿਆ ਸੀ। ਇਹ ਲਾਲ ਰੰਗ ਕਿਹੜੇ ਵੇਲੇ ਤੇ ਕਿਉਂ ਕੇਸਰੀ ਹੋ ਗਿਆ ਇਹ ਕਾਮਰੇਡਾਂ ਨੂੰ ਸਮਝ ਹੀ ਨਹੀਂ ਆਇਆ। ਅਸੀਂਵੇ ਦਹਾਕੇ ਦੇ ਸ਼ੁਰੂ 'ਚ ਹੀ ਪੰਜਾਬ 'ਚੋਂ ਕੇਸਰੀ ਭਾ ਮਾਰਨ ਲੱਗ ਪਈ ਸੀ ਤੇ ਲਾਲ ਫਰੇਰੇ ਦਾ ਰੰਗ ਤੇਜੀ ਨਾਲ ਫਿਟਣਾ ਸ਼ੁਰੂ ਹੋ ਗਿਆ ਸੀ। ਪੰਜਾਬ ਨੂੰ ਰੰਗ ਚੜ੍ਹਦੇ- ਉਤਰਦੇ ਰਹੇ ਨੇ, ਰਹਿਣੇ ਨੇ ਪਰ ਇਸ 'ਚੋਂ ਧਰਮ ਕਦੇ ਵੀ ਮਨਫ਼ੀ ਨਹੀਂ ਹੋਣਾ। ਕਿਉਂਕਿ ਇਸ ਧਰਮ ਵਿਚ ਨਾਮ, ਕਿਰਤ ਤੇ ਵੰਡ ਛਕਣ ਨੂੰ ਵਡਿਆਇਆ ਗਿਆ




ਤੇ ਭਾਈ ਲਾਲੋ ਇਸਦੀ ਰੂਹ 'ਚ ਉਤਰਿਆ ਹੋਇਆ ਹੈ।

ਚੰਦਨ ਆਪਣੀ ਕਿਤਾਬ 'ਚ ਲਿਖਦਾ ਹੈ ਕਿ 'ਧਰਮ ਅਫੀਮ ਹੈ' ਵਾਲੀ ਮਾਰਕਸ ਦੀ ਇਕੋ ਸਤਰ ਬਿਨਾ ਸਮਝੇ ਰਗੜ-ਰਗੜ ਕੇ ਕਮਿਊਨਿਸਟਾਂ ਨੇ ਮੁਲਕ ਵਿਚ ਰੱਬ ਤੇ ਧਰਮ ਨਾਲ ਵੈਰ ਸਹੇੜ ਲਿਆ। (ਦਰਬਾਰ ਸਾਹਿਬ ਦੇ ਸਰੋਵਰ ਨੂੰ ਪੂਰ ਕੇ ਝੋਨਾ ਲਾਉਣ ਵਾਲੀ ਗੱਲ ਅੰਮ੍ਰਿਤਸਰ ਵਿਚ ਤਰਨ ਤਾਰਨ ਦੇ ਕਿਸੇ ਪੰਜਾਬੀ ਕਮਿਊਨਿਸਟ ਬੁਲਾਰੇ ਨੇ ਹੀ ਕੀਤੀ ਸੀ) ਦੁਨੀਆ ਵਿਚ ਔਖਤੀ ਸਮਾਜਵਾਦ ਦੇ ਢਹਿ-ਢੇਰੀ ਹੋਣ ਦਾ ਵੱਡਾ ਕਰਨ ਧਰਮ ਨਾਲ ਲਾਇਆ ਵਾਧੂ ਆਢਾ ਸੀ। ਸਤਾਲਿਨਸ਼ਾਹੀ ਵੇਲੇ ਰੂਸ ਵਿਚ ਸੈਂਕੜੇ ਗਿਰਜੇ ਢਾਹੇ ਗਏ ਸਨ। ਹੁਣ ਮਾਓਵਾਦੀ ਤਿੱਬਤ ਵਿਚ ਛੇ ਹਜ਼ਾਰ ਤੋਂ ਵੱਧ ਬੋਧੀ ਮੰਦਿਰ ਢਾਹ ਚੁਕੇ ਹਨ।

ਸਵਰਾਜਬੀਰ ਨਾਲ ਕੀਤੀ ਮੁਲਾਕਾਤ ਵਿਚ ਇਕ ਹੋਰ ਸਵਾਲ ਦਾ ਜਬਾਬ ਦਿੰਦੇ ਹੋਏ ਚੰਦਨ ਕਹਿੰਦਾ ਹੈ: 'ਸਾਰਾ ਕਾਮਰੇਡੀ ਸਾਹਿਤ ਇਸ ਗਲੋਂ ਅਵੇਸਲਾ ਰਿਹਾ ਕਿ ਪੰਜਾਬੀਅਤ ਦੇ ਤਿੰਨ ਮੁਖ ਸੋਮੇ ਹਨ: ਲੋਕਬਾਣੀ, ਸੂਫੀਬਾਣੀ ਤੇ ਗੁਰਬਾਣੀ। ਸੇਖੋਂ (ਸੰਤ ਸਿੰਘ) ਲੋਕਬਾਣੀ ਨੂੰ ਨਿਮਨ ਸਾਹਿਤ ਕਹਿੰਦਾ ਸੀ। ਜਨਾਬ ਪਾਸ਼ ਗੁਰਬਾਣੀ ਨੂੰ 'ਸੂਡੋ ਰਹੱਸਵਾਦ' ਆਂਹਦੇ ਸਨ ਤੇ ਸੂਫੀਬਾਣੀ ਮੁਸਲਮਾਨਾਂ ਦੀ ਲਿਖੀ ਹੋਣ ਕਰਕੇ ਅਸਾਂ ਕਿਤੇ ਪਾਸੇ ਰਖੀ ਛੱਡੀ ਸੀ। ਚੰਦਨ ਦਾ ਮੰਨਣਾ ਹੈ ਕਿ 'ਅਨੰਤ ਬ੍ਰਹਿਮੰਡ ਗੁਰਬਾਣੀ ਦਾ ਜੁਗਰਾਫ਼ੀਆ ਹੈ...। ਇਸ ਵਿਚੋਂ ਜੀਆਘਾਤੀ, ਪੰਜਾਬਘਾਤੀ, ਪੰਥਘਾਤੀ, ਆਤਮਘਾਤੀ ਖਾਲਿਸਤਾਨ ਨਹੀਂ ਨਿਕਲਦਾ।' ਉਹ ਕਹਿੰਦਾ ਹੈ 'ਗੁਰਬਾਣੀ ਨਾਲ ਮੇਰਾ ਰਿਸ਼ਤਾ ਜਗਿਆਸੂ ਵਾਲਾ ਹੈ। ਮੈਂ ਨਿਤਨੇਮੀ ਨਹੀਂ। ਬਚਪਨ ਵਿਚ ਕੀਤਾ ਪਾਠ ਮਨ ਵਿਚ ਵਸਿਆ ਹੋਇਆ ਹੈ। ਰਚਨਹਾਰਿਆਂ ਨਾਲ ਉਡਾਰੀਆਂ ਲਾਉਣ ਦਾ ਆਪਣਾ ਆਨੰਦ ਹੈ। ਗੁਰਬਾਣੀ ਦੇ ਹਵਾਲੇ ਲੱਭਣੇ ਕੰਪਿਊਟਰ ਨੇ ਬੜੇ ਸੌਖੇ ਕਰ ਦਿਤੇ ਨੇ। ਭਾਈ ਕਾਨ੍ਹ ਸਿੰਘ ਦਾ ਵੀ ਬੜਾ ਆਸਰਾ ਹੈ।'

ਨਕਸਲਬਾੜੀ ਲਹਿਰ ਬਾਰੇ ਚੰਦਨ ਲਿਖਦਾ ਹੈ ਕਿ 'ਪੰਜਾਬ ਵਿਚ ਨਕਸਲਬਾੜੀ ਲਹਿਰ ਚਾਰ-ਪੰਜ ਸਾਲ ਆਤਿਸ਼ਬਾਜੀ ਵਾਂਙ ਚਲੀ ਤੇ ਫਿਰ ਠੁਸ ਹੋ ਗਈ। ਮੇਰੇ ਕੋਈ ਇਕ ਸੌ ਸਾਥੀ ਸਰਕਾਰ ਨੇ ਫੜ੍ਹ-ਫੜ੍ਹ ਕੇ ਕਤਲ ਕਰ ਦਿਤੇ; ਏਨੇ-ਕੁ ਹੀ ਸਰਕਾਰੀ ਧਿਰ ਦੇ ਨਕਸਲੀਆਂ ਨੇ ਮਾਰੇ ਸਨ। ਸਾਨੂੰ ਅਜਾਂਈ ਦਿਤੀ ਕੁਰਬਾਨੀ ਦਾ ਉਦੋਂ ਹੀ ਗਿਆਨ ਹੋ ਗਿਆ ਸੀ। ਅਸੀਂ ਇਹਨੂੰ ਖੱਬੇ ਪੱਖੀ ਮਾਅਰਕੇਬਾਜੀ ਵੈਗਰਾ ਦੇ ਕਿਤਾਬੀ ਸਿਧਾਂਤਾਂ 'ਤੇ ਪਰਖ ਕੇ ਸੱਚੇ ਹੋ ਲੈਂਦੇ ਸੀ। ਪਰ ਦੋ ਦਹਾਕਿਆਂ ਬਾਅਦ ਇਹ ਜੋ ਸਮਾਜਵਾਦ ਸਫ਼ੀਨਾ ਹੀ ਡੁੱਬ ਗਿਆ ਹੈ, ਇਸਨੂੰ ਕਿਤਾਬਾਂ ਕੀ ਤਾਰ ਸਕਣਗੀਆਂ?'

ਨਕਸਲਬਾੜੀ ਲਹਿਰ ਬਾਰੇ ਚੰਦਨ ਇਕ ਹੋਰ ਵਿਅੰਗਮਈ ਪਰ ਅਰਥ ਭਰਭੂਰ ਟਿਪਣੀ ਕਰਦਾ ਹੈ: 'ਪੰਜਾਬੀ ਲਿਖਾਰੀ ਢਾਡੀਆਂ ਵਾਂਙੂ ਸੂਰਮਿਆਂ ਦੀ ਸ਼ਹੀਦੀ, ਹਕੂਮਤੀ ਜ਼ੁਲਮ ਦੀਆਂ ਵਾਰਾਂ ਗਾ ਕੇ ਪਾਠਕ ਨੂੰ ਪੈਂਦੀ ਸਟੇ ਜਜ਼ਬਾਤੀ ਕਰ ਲੈਂਦੇ ਨੇ। ਕੋਈ ਇਹ ਸਵਾਲ ਨਹੀਂ ਪੁੱਛਦਾ ਕਿ ਬੰਗਾਲੋਂ ਪੰਜਾਬ

'ਚ ਧੂਹ ਕੇ ਲਿਆਂਦੀ ਨਕਸਲੀ ਲਹਿਰ ਦਾ ਮਕਸਦ ਕੀ ਸੀ? ਪੰਜਾਬ 'ਚ ਕਿਹੜੀ ਜਾਗੀਰਦਾਰੀ ਸੀ, ਜਿਹਨੂੰ ਇਹ ਮਾਰਨ ਤੁਰੇ ਸੀ। ਪੰਜਾਬ 'ਚ ਦਮ ਤਾਂ ਕਮਿਊਨਿਸਟ ਲਹਿਰ ਸਨਅਤੀ ਮਜਦੂਰਾਂ ਦਾ ਭਰਦੀ ਰਹੀ ਹੈ, ਪਰ ਇਹਦਾ ਸਾਰਾ ਦਾਰੋ-ਮਦਾਰ ਖਾਂਦੇ-ਪੀਂਦੇ ਜੱਟ ਹੀ ਰਹੇ। ਮੈਨੂੰ ਇਹ ਸਵਾਲ ਦਾ ਜਵਾਬ ਅਜੇ ਤਕ ਕਿਤਿਓਂ ਨਹੀਂ ਮਿਲਿਆ ਕਿ ਪੰਜਾਬ ਦਾ ਜੱਟ ਕਮਿਊਨਿਸਟਾਂ ਦੇ ਪਿੱਛੇ ਕਿਉਂ ਲੱਗਿਆ? ਕਮਿਊਨਿਜ਼ਮ ਤਾਂ ਉਹ ਨਿਜ਼ਾਮ ਹੈ, ਜਿਹਨੇ ਜੱਟ ਕੋਲੋਂ ਜਮੀਨ ਖੋਹਣੀ ਹੈ ਤੇ ਉਹਦਾ ਰੱਬ ਵੀ।'

ਉਹ ਅਗੇ ਕਹਿੰਦਾ ਹੈ: ਲੋਕਾਂ ਦਾ ਨਾਂ ਲੈ ਕੇ ਚਲਾਈ ਇਹ ਲਹਿਰ ਨਾ ਮਾਰਕਸੀ ਸੀ ਤੇ ਨਾ ਲੈਨਿਨੀ। ਇਹ ਰੂਸ ਦੀ 19ਵੀਂ ਸਦੀ ਦੇ ਅਖੀਰ 'ਚ ਚਲੀ ਦਹਿਸ਼ਤਗਰਦ ਨਰੋਦਿਨਕ ਲਹਿਰ ਦਾ ਚਰਬਾ ਸੀ। ਇਸ ਲਹਿਰ ਦੇ ਡੰਗਿਆਂ ਹੋਇਆਂ ਨੇ ਸਾਹਿਤ-ਪਿਤਾਮਾ ਗੁਰਬਖਸ਼ ਸਿੰਘ ਤੇ ਨਵੇਂ ਪੰਜਾਬ ਦੇ ਉਸਰਈਏ ਮਹਿੰਦਰ ਸਿੰਘ ਰੰਧਾਵਾ ਨੂੰ ਕਤਲ ਕਰਨ ਦਾ ਸੋਚਿਆ ਸੀ। ਇਨ੍ਹਾਂ ਦੀਆਂ ਨਜਰਾਂ 'ਚ ਪ੍ਰੀਤ ਲੜੀ 'ਸੋਵੀਅਤ ਸਮਾਜਿਕ-ਸਾਮਰਾਜ ਦਾ ਧੂਤੂ ਤੇ ਰੰਧਾਵਾ ਅਮਰੀਕੀ ਏਜੇਂਟ ਸੀ। ਰੰਧਾਵਾ, ਜੋ ਬਾਅਦ ਵਿਚ 'ਦੀ ਟ੍ਰਿਬਿਊਨ ਟ੍ਰਸੱਟ' ਦਾ ਚੇਅਰਮੈਨ ਬਣਿਆ, ਨੂੰ ਨਕਸਲੀਆਂ 'ਤੋਂ ਬਚਾਉਣ 'ਚ ਹਰਭਜਨ ਹਲਵਾਰਵੀ ਨੇ ਅਹਿਮ ਭੂਮਿਕਾ ਨਿਭਾਈ। ਹਲਵਾਰਵੀ ਬਾਅਦ ਚ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਬਣਿਆ।

ਆਪਣੇ ਨਕਸਲਬਾੜੀ ਲਹਿਰ 'ਚ ਸ਼ਾਮਿਲ ਹੋਣ ਬਾਰੇ ਚੰਦਨ ਲਿਖਦਾ ਹੈ: '1968 ਦਾ ਸਾਲ ਸੀ। ਵੀਅਤਨਾਮ ਦੀ ਜੰਗ ਸਿਖਰ 'ਤੇ ਸੀ। ਦੁਨੀਆ ਭਰ ਦੀ ਕਮਿਊਨਿਸਟ ਲਹਿਰ ਅਨੋਖੇ ਆਸ਼ਾਵਾਦ ਨਾਲ ਭਰੀ ਪਈ ਸੀ। ਬੰਗਾਲ ਵਿਚ ਨਕਸਲਬਾੜੀ ਲਹਿਰ ਚਲ ਪਈ ਸੀ। ਪੰਜਾਬੀ ਨੌਜਵਾਨ ਉਤਾਵਲੇ ਸਨ ਕਿ ਪੰਜਾਬ 'ਚ ਐਸਾ ਕੁਝ ਕਿਉਂ ਨਹੀਂ ਹੋ ਰਿਹਾ? ਉਨ੍ਹਾਂ ਨੇ ਇਹ ਲਹਿਰ ਧੂਹ ਕੇ ਪੰਜਾਬ ਵਿਚ ਲੈ ਆਂਦੀ। ਮੈਂ ਸਿਆਸੀ ਨਹੀਂ; ਸਾਹਤਿਕ ਜੀਵ ਹਾਂ। ਮੈਂ ਸਾਹਿਤ ਵਿਚ ਕੋਈ ਮਾਅਰਕਾ ਮਾਰਨ ਲਈ ਉਤਾਵਲਾ ਸੀ ਤੇ ਇਸ ਲਈ ਨਕਸਲੀਆਂ ਦੀ ਪਾਰਟੀ 'ਚ ਰਲਣਾ ਜਰੂਰੀ ਸੀ। ਚਾਰੂ ਮਜੂਮਦਾਰ ਨੇ ਇਨਕਲਾਬ ਦਾ ਸੰਨ 1975 ਦਾ ਸਾਹਾ ਬੰਨ੍ਹ ਦਿੱਤਾ ਸੀ।'

ਚੰਦਨ ਦਾ ਭਾਵ ਹੈ ਕਿ ਉਸਨੇ (ਚਾਰੂ) ਐਲਾਨ ਕਰ ਦਿੱਤਾ ਸੀ ਕਿ ਦੇਸ਼ ਵਿਚ 1975 'ਚ ਇਨਕਲਾਬ ਆ ਜਾਵੇਗਾ। ਖੈਰ ਇਨਕਲਾਬ ਤਾਂ ਕੀ ਆਉਣਾ ਸੀ। ਇਨਕਲਾਬ ਦੀ ਪ੍ਰਾਪਤੀ ਲਈ ਲੜ ਰਹੀ ਕਮਿਊਨਿਸਟ ਲਹਿਰ ਹੀ ਖੱਖੜੀਆਂ-ਕਰੇਲੇ ਹੋ ਗਈ। ਏਨੇ ਧੜੇ ਬਣ ਗਏ ਕਿ ਗਿਣਤੀ ਕਰਨੀ ਮੁਸ਼ਕਲ ਹੋ ਗਈ। ਕੁਝ ਰੂਸ ਦੀ ਝੋਲੀ 'ਚ ਤੇ ਕੁਝ ਚੀਨ ਦੀ ਵਿਚ ਪੈ ਗਏ। ਕੁਝ ਸਾਲਾਂ ਬਾਅਦ ਭਾਣਾ ਇਹ ਵਾਪਰਿਆ ਕਿ ਰੂਸ ਵਰਗੇ ਦੇਸ਼, ਜਿਸ ਨੇ ਸੰਸਾਰ 'ਚ ਇਨਕ਼ਲਾਬ ਦੀ ਮੋੜੀ ਗੱਡੀ ਸੀ, ਵਿਚ ਵੀ ਲੈਨਿਨ ਵਰਗੇ ਇਨਕਲਾਬੀਆਂ ਦੇ ਬੁਤਾਂ ਨੂੰ ਬੜੀ ਬੇਰਹਿਮੀ ਨਾਲ ਬੇਅਦਬ ਕੀਤਾ ਗਿਆ ਸੀ। ਅਖੌਤੀ ਸਮਾਜਵਾਦ 'ਤੋਂ ਤੰਗ ਆਏ ਜਨ ਸਮੂਹਾਂ ਨੇ ਉਨ੍ਹਾਂ ਦਾ ਨਾਮੋਂ-ਨਿਸ਼ਾਨ ਮਿਟਾ ਦਿੱਤਾ ਸੀ। ਮਾਰਕਸੀ ਤੇ ਇਨਕਲਾਬੀ ਸਾਹਿਤ ਨਾਲ ਭਰੀਆਂ ਲਾਇਬ੍ਰੇਰੀਆਂ ਨੂੰ ਅੱਗਾਂ ਲਗਾ ਦਿਤੀਆਂ ਸਨ। ਚੀਨ, ਜੋ ਭਾਰਤ ਵਿਚ ਨਕਸਲਬਾੜੀ ਲਹਿਰ ਦਾ ਪ੍ਰੇਰਨਾ ਸਰੋਤ ਰਿਹਾ ਸੀ, ਨੇ ਪੂੰਜੀਵਾਦੀ ਆਰਥਿਕਤਾ ਦਾ ਰਾਹ ਫੜ੍ਹ ਲਿਆ। ਜਿੱਡਾ ਵੱਡਾ ਤੂਫ਼ਾਨ ਇਕ ਸਦੀ ਪਹਿਲਾਂ ਇਨਕਲਾਬ ਦੇ ਹੱਕ 'ਚ ਆਇਆ ਸੀ ਤੇ ਜਿਸਨੇ ਦੁਨੀਆ ਭਰ ਦੇ ਮਜਦੂਰਾਂ, ਕਾਮਿਆਂ ਤੇ ਮਿਹਨਤਕਸ਼ਾਂ ਅੰਦਰ ਗੌਰਵਮਈ ਜੀਵਨ ਜਿਊਣ ਦੀ ਉਮੀਦ ਨੂੰ ਜਾਗ੍ਰਿਤ ਕੀਤਾ ਸੀ, ਉਸਤੋਂ ਵੱਡਾ ਤੂਫ਼ਾਨ ਇਸਦੇ ਖਿਲਾਫ ਸਮਾਜਵਾਦੀ ਦੇਸ਼ਾ ਵਿਚ ਪਿਛਲੀ ਸਦੀ ਦੇ ਨੱਬੇਵਿਆਂ 'ਚ ਆਇਆ ਤੇ ਇਸ ਵਿਵਸਥਾ ਨੂੰ ਤਹਿਸ-ਨਹਿਸ ਕਰ ਗਿਆ। ਵਿਵਸਥਾ ਭਾਵੇਂ ਖ਼ਤਮ ਹੋ ਗਈ ਪਰ ਸਮਾਜਵਾਦੀ ਵਿਚਾਰਧਾਰਾ ਅਜੇ ਜਿਉਂਦੀ ਹੈ। ਇਸਦੇ ਖੈਰ-ਖੁਆਹ ਅਜੇ ਵੀ ਹਨ ਪਰ ਕਲਿਆਣਕਾਰੀ ਰਾਜ ਦੇ ਭੇਸ 'ਚ ਪਸਰਿਆ ਨਵਪੂੰਜੀਵਾਦ ਇਸਦੇ ਪੈਰ ਨਹੀਂ ਲੱਗਣ ਦਿੰਦਾ।

ਕਿਤਾਬ 'ਚ ਚੰਦਨ ਲਿਖਦਾ ਹੈ: ਮੈਨੂੰ ਤੇ ਪਾਸ਼ ਨੂੰ ਘਰੋਂ ਪੁੱਟਣ ਲਈ ਕਿਸੇ ਹਿਟਮੈਨ ਲੀਡਰ ਨੇ ਨਕੋਦਰ ਵਿਚ ਨਹੱਕਾ ਕਤਲ ਕਰ ਦਿੱਤਾ। ਪਾਸ਼ ਘਰੋਂ ਫੜਿਆ ਗਿਆ ਤੇ ਮੈਂ ਬਚ ਨਿਕਲਿਆ। ਪਾਸ਼ 'ਤੇ ਕਤਲ ਪੈ ਗਿਆ ਤੇ ਮੇਰੇ ਤੇ ਗੈਰ ਕਾਨੂੰਨੀ ਸਾਹਿਤ ਛਾਪਣ ਦੀ ਦਫ਼ਾ ਦੇ ਵਾਰੰਟ ਨਿਕਲ ਗਏ ਅਤੇ ਮਗਰੋਂ ਇਸ਼ਤਿਹਾਰੀ ਮੁਲਜ਼ਮ (ਪੀ.ਓ.) ਵਾਲਾ ਇਨਾਮ ਵੀ ਰੱਖਿਆ ਗਿਆ। ਰੂਪੋਸ਼ ਹੋਏ ਚੰਦਨ ਦੇ ਠਹਿਰਨ ਦਾ ਇੰਤਜਾਮ ਪ੍ਰੇਮ ਪ੍ਰਕਾਸ਼ ਖੰਨਵੀ ਨੇ ਜਲੰਧਰ ਆਪਣੇ ਮਕਾਨ 'ਚ ਕਰ ਦਿਤਾ ਸੀ। ਉਥੇ ਰਹਿ ਕੇ ਚੰਦਨ ਦਸਤਾਵੇਜ (ਨਕਸਲਬਾੜੀ ਲਹਿਰ ਨਾਲ ਸੰਬੰਧਿਤ ਮੈਗਜ਼ੀਨ) ਕੱਢਦਾ ਸੀ। ਖੰਨਵੀ ਸੁਰਜੀਤ ਹਾਂਸ ਵੱਲੋਂ ਭੇਜੇ ਪੈਸਿਆਂ ਨਾਲ 'ਲਕੀਰ' ਪਰਚਾ ਕੱਢਣ ਲਗ ਪਿਆ। ਚੰਦਨ ਨੇ ਲਾਲ ਸਿੰਘ ਦਿਲ ਦੀ ਕਿਤਾਬ ਸਤਲੁਜ ਦੇ ਹਵਾ ਛਪਾਉਣ ਲਈ ਚਾਰ ਸੌ ਰੁਪਏ ਦਾ ਇੰਤਜ਼ਾਮ ਕਰਕੇ ਦਿੱਤਾ।

ਚੰਦਨ ਅੰਮ੍ਰਿਤਸਰ ਉਸ ਸਮੇਂ ਫੜਿਆ ਗਿਆ ਜਦੋਂ ਉਹ ਉੱਚ ਦੁਲੰਮੜੇ ਕਥਾਕਾਰ ਵਰਿਆਮ ਸੰਧੂ ਦੀ ਪਹਿਲੀ ਕਿਤਾਬ 'ਲੋਹੇ ਦੇ ਹੱਥ' ਦਾ ਪਰੂਫ ਪੜ੍ਹ ਕੇ ਨਾਟਕਕਾਰ ਗੁਰਸ਼ਰਨ ਸਿੰਘ ਨੂੰ ਫੜ੍ਹਾਉਣ ਗਿਆ ਸੀ। ਉਸ 'ਤੇ ਤਸ਼ੱਦਦ ਹੋਇਆ। ਦੋ ਸਾਲ ਅੰਮ੍ਰਿਤਸਰ ਜੇਲ੍ਹ ਦੀ ਚੱਕੀ 'ਚ ਬੰਦ ਰਿਹਾ। ਉਸਦੀਆਂ ਬੇੜੀਆਂ ਜੇਲ੍ਹ ਵਿਚ ਡੇਢ ਸਾਲ ਬਾਅਦ ਖੋਲੀਆਂ ਗਈਆਂ। ਜਦੋਂ ਉਹਦੀਆਂ ਬੇੜੀਆਂ ਖੋਲ੍ਹੀਆਂ ਜਾ ਰਹੀਆਂ ਸਨ। ਉਨ੍ਹਾਂ ਪਲਾਂ ਦਾ ਕਿਤਾਬ 'ਚ ਚੰਦਨ ਵਲੋਂ ਕੀਤਾ ਜ਼ਿਕਰ ਆਲੇ-ਦੁਵਾਲੇ ਰੂਹਾਨੀ ਖੁਸ਼ਬੋਈ ਬਖੇਰ ਦਿੰਦਾ ਹੈ। ਲੱਗਦੈ, ਜੇਲ੍ਹ ਦੇ ਆਪਣੇ ਅਤੀ ਦਰਦੀਲੇ ਅਨੁਭਵ ਕਰਕੇ ਉਸਨੇ ਗੋਰਕੀ ਦੀ ਕਾਲ ਕੋਠੜੀ ਦੇਖਣ ਤੋਂ ਬਾਅਦ ਲਿਖਿਆ: ਜੇਲ੍ਹਖਾਨੇ ਧਰਤੀ ਦੇ ਸੀਨੇ 'ਤੇ ਰਿਸ਼ਦੇ ਘਾਓ ਹਨ। ਇਹ ਦੁਨੀਆਂ ਦੀ ਸਭ 'ਤੋਂ ਅਨ੍ਹੇਰੀ ਥਾਂ ਹੈ। ਏਕਾਂਤ ਕੈਦ 'ਤੋਂ ਮਾੜੀ ਹੋਰ ਕੋਈ ਸਜ਼ਾ ਨਹੀਂ ਹੁੰਦੀ। ਇਹ ਸਰੀਰ 'ਤੇ ਨਹੀਂ, ਮਨ 'ਤੇ ਵੀ ਮਾਰ ਕਰਦੀ ਹੈ...ਏਕਾਂਤ ਕੈਦ ਬੰਦੇ ਨੂੰ ਸਹਿਕਣ ਜੋਗਾ ਹੀ ਛੱਡਦੀ ਹੈ। ਏਨਾ ਜ਼ਬਰ ਤਾਂ ਜਾਨਵਰ ਵੀ ਆਪਣੀ ਨਸਲ 'ਤੇ ਨਹੀਂ ਕਰਦੇ। ਆਪਣੀ ਜੇਲ੍ਹ ਯਾਤਰਾ ਬਾਰੇ ਚੰਦਨ ਕਿਤਾਬ 'ਚ ਇਕ ਪੂਰਾ ਅਧਿਆਏ 'ਕੰਧਾਂ' ਸ਼ਾਮਿਲ ਕੀਤਾ ਹੈ। ਕਿਤਾਬ 'ਚ ਜੇਲ੍ਹ ਵਿਚੋਂ ਰਿਹਾਈ ਦਾ ਜ਼ਿਕਰ ਬਹੁਤ ਹੀ ਕਰੁਣਾਮਈ ਹੈ। ਉਸਨੂੰ ਕੋਈ ਲੈਣ ਨਹੀਂ ਆਇਆ। ਉਹ ਲਿਖਦਾ ਹੈ: 'ਮੇਰੀ ਰਿਹਾਈ 13 ਅਗਸਤ 1973 ਵਾਲੇ ਦਿਨ ਹੋਈ ਸੀ। ਬਾਹਰ ਆ ਕੇ ਐਂ ਲੱਗਿਆ, ਜਿਦਾਂ ਪਾਣੀ 'ਤੇ ਤੁਰਿਆ ਜਾਂਦਾਂ। ਮਈ 1980 ਜਰਮਨੀ ਆਉਣ ਤੱਕ ਸਤ ਸਾਲ ਔਖੇ ਨਿਕਲੇ ਸੀ।

ਕਿਤਾਬ 'ਚ ਕਈ ਹੋਰ ਅਹਿਮ ਖੁਲਾਸੇ ਵੀ ਹਨ। ਇਸ ਵਿਚ ਇਕ ਵੀ ਲਾਈਨ ਬੇਮਤਲਬੀ ਨਹੀਂ। ਇਸ ਕਿਤਾਬ ਦਾ ਸੰਬੰਧ ਅਜੋਕੇ ਪੰਜਾਬ ਦੇ ਇਤਿਹਾਸ ਦੇ ਇਕ ਅਹਿਮ ਪੜ੍ਹਾਅ ਨਾਲ ਹੈ। ਇਹ ਇਕ ਤਰ੍ਹਾਂ ਨਾਲ ਇਕਬਾਲੀਆ ਬਿਆਨ ਦੇ ਨਾਲ ਨਾਲ ਇਤਿਹਾਸਕ ਦਸਤਾਵੇਜ ਵੀ ਹੈ।

# ਸਿੱਖ ਇਤਿਹਾਸ ਵਿਚ ਸ੍ਰੀ ਅਕਾਲ ਤਖਤ ਸਾਹਿਬ: ਮਿਥ ਅਤੇ ਹਕੀਕਤ

ਇਤਿਹਾਸਕ ਹਵਾਲਿਆਂ ਤੋਂ ਜਾਣਕਾਰੀ ਮਿਲਦੀ ਹੈ ਕਿ ਜਿਸ ਪਵਿੱਤਰ ਸਥਾਨ ਨੂੰ ਅਜੋਕੇ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਕਿਹਾ ਜਾਂਦਾ ਹੈ, ਇਸ ਦੇ ਮੁੱਢਲੇ ਸਰੂਪ ਨੂੰ 'ਅਕਾਲ ਬੁੰਗਾ' ਸੰਗਿਆ ਦਿੱਤੀ ਗਈ ਸੀ। ਇਸ ਦੀ ਸਥਾਪਨਾ ਬਾਰੇ ਗਿਆਨੀ ਗਿਆਨ ਸਿੰਘ ਅਤੇ ਕੁਝ ਹੋਰ ਲੇਖਕਾਂ ਦਾ ਮਤ ਹੈ ਕਿ ਜਿਸ ਵੇਲੇ ਗੁਰੂ ਅਰਜਨ ਦੇਵ ਜੀ ਅੰਮ੍ਰਿਤ ਸਰੋਵਰ ਦੀ ਖੁਦਾਈ ਕਰਵਾ ਰਹੇ ਸਨ ਤਾਂ ਬਾਲ ਹਰਿਗੋਬਿੰਦ ਜੀ ਉਨ੍ਹਾਂ ਦੇ ਨਾਲ ਆਉਂਦੇ ਅਤੇ ਸ੍ਰੀ ਹਰਿਮੰਦਰ ਨੂੰ ਜਾਣ ਵਾਲੇ ਪੁਲ ਤੋਂ ਹਟਵੇਂ ਚਬੂਤਰੇ ਉੱਤੇ ਖੇਡਦੇ। 'ਸੰਮਤ 1656 ਬਿਕਰਮੀ ਵਿਚ ਗੁਰੂ ਅਰਜਨ ਦੇਵ ਜੀ ਨੇ

**ਗੁਰਦੇਵ ਸਿੰਘ ਸਿੱਧੂ**
**ਫੋਨ: 94170-49417**

ਇਸ ਥੜ੍ਹੇ ਨਾਲ ਆਪਣੇ ਸਾਹਿਬਜ਼ਾਦੇ ਦੀ ਮੁਹੱਬਤ ਵੇਖ ਕੇ ਇਸ ਨੂੰ ਪੱਕਾ ਬਣਵਾ ਦਿੱਤਾ। ਸੰਮਤ 1663 ਬਿਕਰਮੀ ਵਿਚ ਜਦੋਂ ਗੁਰੂ ਅਰਜਨ ਦੇਵ ਜੀ ਜੋਤੀ ਜੋਤ ਸਮਾ ਗਏ ਅਰ ਛੇਵੇਂ ਗੁਰੂ ਸਾਹਿਬ ਜੀ ਨੂੰ ਗੁਰਿਆਈ ਦੀ ਗੱਦੀ 'ਤੇ ਬਿਠਾਉਣ ਦਾ ਵਕਤ ਆਇਆ ਤਾਂ ਇਸੇ ਚਬੂਤਰੇ 'ਤੇ ਦਸਤਾਰਬੰਦੀ ਦੀ ਰਸਮ ਪੂਰੀ ਕਰਨ ਲਈ ਤਿਆਰੀ ਕੀਤੀ।' (ਤਵਾਰੀਖ਼ ਸ੍ਰੀ ਅੰਮ੍ਰਿਤਸਰ, ਪੰਨਾ 71-72)

ਭਾਈ ਕਾਨ੍ਹ ਸਿੰਘ ਨਾਭਾ ਦਾ ਮਤ ਇਸ ਤੋਂ ਭਿੰਨ ਹੈ। ਕਰਤਾ ਮਹਾਨ ਕੋਸ਼ ਨੇ ਲਿਖਿਆ ਹੈ, 'ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਮਤ 1665 ਵਿਚ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸਾਹਮਣੇ ਇੱਕ ਉੱਚਾ ਰਾਜ ਸਿੰਘਾਸਨ (ਸ਼ਾਹੀ ਤਖਤ) ਤਿਆਰ ਕਰਵਾ ਕੇ ਇਸ ਦਾ ਨਾਂ ਅਕਾਲ ਬੁੰਗਾ ਰੱਖਿਆ।' ਪਰ ਭਾਈ ਕਾਨ੍ਹ ਸਿੰਘ ਨਾਭਾ ਦੇ ਆਪਣੇ ਸ਼ਬਦਾਂ ਵਿਚ ਬੁੰਗੇ ਦੀ ਪਰਿਭਾਸ਼ਾ 'ਸਿੱਖ ਸ਼ਬਦਾਵਲੀ ਵਿਚ ਇਹ ਨਾਉਂ ਕੇਵਲ ਉਨ੍ਹਾਂ ਹੀ ਇਮਾਰਤਾਂ ਨੂੰ ਦਿੱਤਾ ਗਿਆ ਜੋ ਰਿਹਾਇਸ਼ ਦੇ ਮਨੋਰਥ ਲਈ ਉਸਾਰੀਆਂ ਗਈਆਂ' ਦੀ ਲੋਅ ਵਿਚ ਵੇਖਿਆਂ ਰਿਹਾਇਸ਼ੀ ਮਨੋਰਥ ਲਈ ਨਾ ਉਸਾਰਿਆ ਗਿਆ ਹੋਣ ਕਾਰਨ ਸਥਾਪਨਾ ਦੇ ਦਿਨ ਇਸ ਨੂੰ ਬੁੰਗਾ ਕਿਹਾ ਜਾਣਾ ਸਹੀ ਪ੍ਰਤੀਤ ਨਹੀਂ ਹੁੰਦਾ।

ਇਹ ਪ੍ਰਮਾਣਿਤ ਹੈ ਕਿ ਗੁਰੂ ਅਰਜਨ ਦੇਵ ਜੀ ਵੱਲੋਂ ਆਦਿ ਬੀੜ ਦੀ ਰਚਨਾ ਕੀਤੇ ਜਾਣ ਤੋਂ ਲੈ ਕੇ 1635 ਵਿਚ ਗੁਰੂ ਹਰਿਗੋਬਿੰਦ ਜੀ ਵੱਲੋਂ ਅੰਮ੍ਰਿਤਸਰ ਨੂੰ ਛੱਡ ਕੇ ਕੀਰਤਪੁਰ ਸਾਹਿਬ ਵਿਚ ਟਿਕਾਣਾ ਕਰਨ ਲਈ ਜਾਣ ਦੇ ਸਮੇਂ ਤੱਕ ਆਦਿ ਬੀੜ ਦਾ ਸੁਖਾਸਨ ਗੁਰੂ ਸਾਹਿਬਾਨ ਦੇ ਨਿਵਾਸ 'ਗੁਰੂ ਕੇ ਮਹਿਲ' ਵਿਚ ਹੁੰਦਾ ਰਿਹਾ। ਲਗਭਗ ਸਾਢੇ ਛੇ ਦਹਾਕੇ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਪ੍ਰਿਥੀ ਚੰਦ ਦੇ ਵੰਸ਼ਜਾਂ ਕੋਲ ਰਹਿਣ ਦੌਰਾਨ ਇੱਥੋਂ ਦੇ ਵਿਗੜੇ ਪ੍ਰਬੰਧ ਬਾਰੇ ਸ਼ਹਿਰ ਦੇ ਵਾਸੀਆਂ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਕੋਲ ਫ਼ਿਕਰਮੰਦੀ ਜ਼ਾਹਿਰ ਕਰਨ ਦੇ ਫਲਸਰੂਪ ਦਸਮ ਪਾਤਸ਼ਾਹ ਨੇ 1699 ਵਿਚ ਭਾਈ ਮਨੀ ਸਿੰਘ ਨੂੰ ਇੱਥੇ ਭੇਜਿਆ ਤਾਂ ਸੰਭਾਵਨਾ ਹੈ, ਭਾਈ ਮਨੀ ਸਿੰਘ ਨੇ ਆਦਿ ਬੀੜ ਦੇ ਸੁਖਾਸਨ ਵਾਸਤੇ ਇਤਿਹਾਸਕ ਚਬੂਤਰੇ ਦੇ ਨਾਲ ਲੱਗਵੀਂ ਜੋ ਇਮਾਰਤ ਬਣਾਈ, ਉਸ ਨੂੰ ਅਕਾਲ ਬੁੰਗਾ ਕਿਹਾ ਗਿਆ। ਇਸ ਇਮਾਰਤ ਦੇ ਇੱਕ ਹਿੱਸੇ ਵਿਚ ਹੀ ਭਾਈ ਮਨੀ ਸਿੰਘ ਦੀ ਰਿਹਾਇਸ਼ ਹੋਵੇਗੀ। ਭਾਈ ਮਨੀ ਸਿੰਘ ਪਹਾੜੀ ਰਾਜਿਆਂ ਅਤੇ ਮੁਗ਼ਲ ਸੈਨਾ ਵੱਲੋਂ 1704 ਵਿਚ ਸ੍ਰੀ ਆਨੰਦਪੁਰ ਸਾਹਿਬ ਨੂੰ ਘੇਰਾ ਪਾਏ ਜਾਣ ਬਾਰੇ ਪਤਾ ਲੱਗਣ ਉੱਤੇ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਇੱਕ ਉਦਾਸੀ ਸਾਧੂ ਗੋਪਾਲ ਦਾਸ ਉਰਫ਼ ਗੋਦੜ ਮੱਲ ਨੂੰ ਸੌਂਪ ਕੇ ਆਨੰਦਪੁਰ ਚਲੇ ਗਏ।

ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦੱਖਣ ਤੋਂ ਭੇਜੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਧਰਤੀ ਉੱਤੇ ਪੁੱਜਣ ਸਾਰ ਸਿੱਖਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ ਅਤੇ ਉਸ ਦੀਆਂ ਜਿੱਤਾਂ ਦੀ ਲੜੀ ਸ਼ੁਰੂ ਹੋ ਗਈ ਪਰ ਛੇਤੀ ਹੀ ਕਈ ਕਾਰਨਾਂ ਕਰਕੇ ਉਸ ਦਾ ਵਿਰੋਧ ਹੋਣ ਲੱਗਾ। ਇਹ ਹੀ ਕਾਰਨ ਸੀ ਕਿ ਜਦ ਉਹ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਇਆ ਤਾਂ ਕੁਝ ਸਿੱਖ ਸਰਦਾਰਾਂ ਨੇ ਉਸ ਦਾ ਵਿਰੋਧ ਕੀਤਾ। 1769 ਵਿਚ ਲਿਖੀ ਪੁਸਤਕ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਦਾ ਕਰਤਾ ਕੇਸਰ ਸਿੰਘ ਛਿੱਬਰ, ਜੋ ਆਪਣੇ ਪਿਤਾ (ਭਾਈ ਮਨੀ ਸਿੰਘ 1721 ਵਿਚ ਮੁੜ ਅੰਮ੍ਰਿਤਸਰ ਆਉਣ ਸਮੇਂ ਉਸ ਦੇ ਪਿਤਾ ਨੂੰ ਆਪਣੇ ਨਾਲ ਲਿਆਏ ਸਨ) ਦੇ ਨਾਲ ਕਈ ਸਾਲ ਇੱਥੇ ਰਿਹਾ, ਵੱਲੋਂ ਇਸ ਘਟਨਾ ਦਾ ਜ਼ਿਕਰ ਕਰਦਿਆਂ 'ਝੰਡੇ ਬੁੰਗੇ ਬੰਦਈਏ, ਅਕਾਲ ਬੁੰਗੇ ਅਕਾਲ ਪੁਰਖੀਏ' ਅਤੇ 'ਮੇਲਿ'' ਪਿਛੇ ਅਕਾਲ ਬੁੰਗੇ ਉਪਰ ਲਗੇ ਰਹਿਣ' ਲਿਖੇ ਜਾਣ ਤੋਂ ਇਸ ਸਥਾਨ ਦੇ ਨਾਉਂ ਦੀ ਜਾਣਕਾਰੀ ਮਿਲਦੀ ਹੈ।

ਰਤਨ ਸਿੰਘ ਭੰਗੂ ਲਿਖਤ ਕਾਵਿ-ਗ੍ਰੰਥ 'ਪ੍ਰਾਚੀਨ ਪੰਥ ਪ੍ਰਕਾਸ਼' (ਰਚਨਾ 1841) ਵਿਚ ਅਹਿਮਦ ਸ਼ਾਹ ਅਬਦਾਲੀ ਦਾ ਮੁਕਾਬਲਾ ਕਰਨ ਵਾਸਤੇ ਇਸ ਸਥਾਨ ਦੇ ਵਸਨੀਕ ਭਾਈ ਗੁਰਬਖ਼ਸ਼ ਸਿੰਘ ਦੀ ਚੜ੍ਹਤ ਦੱਸਦਿਆਂ ਲਿਖੀ ਪੰਕਤੀ 'ਅਕਾਲ ਬੁੰਗੇ ਚੜ੍ਹ ਤਖਤ ਬਹਾਯੋ' ਤੋਂ ਵੀ ਇਸ ਨਾਂ ਦੀ ਪੁਸ਼ਟੀ ਹੁੰਦੀ ਹੈ ਪਰ ਉਸ ਦੇ ਸਮਕਾਲੀ ਕਵੀ ਗੁਰਮੁਖ ਸਿੰਘ ਨੇ 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਵਿਚ 'ਅਕਾਲ ਤਖਤ ਬਹੁ ਪੂਜ ਚੜਾਇ' ਲਿਖ ਕੇ ਇਸ ਦੇ ਬਦਲਵੇਂ ਨਾਂ ਦੀ ਜਾਣਕਾਰੀ ਦਿੱਤੀ ਹੈ। ਗਿਆਨੀ ਗਿਆਨ ਸਿੰਘ ਵੱਲੋਂ 1874 ਵਿਚ ਲਿਖੇ 'ਪੰਥ ਪ੍ਰਕਾਸ਼' ਵਿਚ ਇਸ ਸਥਾਨ ਦਾ ਜ਼ਿਕਰ ਇੱਕ ਥਾਂ 'ਫਿਰ ਅਕਾਲ ਬੁੰਗੇ ਲਗੇ ਦੋਇ ਵਕਤ ਦੀਵਾਨ' ਅਤੇ ਦੂਜੀ ਥਾਂ 'ਬੁੰਗੇ ਤਖਤ ਅਕਾਲ ਅਗਾਰੀ ਦੇਵਨ ਜਯੋਂ ਛਬ ਛਾਵੈ' ਲਿਖ ਕੇ ਕੀਤਾ ਹੈ ਜਿਸ ਤੋਂ ਇਹ ਦੋਵੇਂ ਨਾਂ ਪ੍ਰਚੱਲਿਤ ਹੋਣ ਦੀ ਪੁਸ਼ਟੀ ਹੁੰਦੀ ਹੈ ਪਰ ਬਾਬਾ ਸੁਮੇਰ ਸਿੰਘ ਭੱਲਾ ਨੇ 1881 ਵਿਚ ਰਚਿਤ ਗ੍ਰੰਥ 'ਗੁਰ ਪਦ ਪ੍ਰੇਮ ਪ੍ਰਕਾਸ਼' ਵਿਚ 'ਅਕਾਲ ਤਖਤ' ਸੰਗਿਆ ਵਰਤੀ ਹੈ।

ਭਾਵੇਂ ਅਕਾਲ ਬੁੰਗੇ ਵਾਸਤੇ ਸਿੱਖ ਸ਼ਰਧਾਲੂਆਂ ਨੇ ਨਵਾਂ ਨਾਉਂ ਵਰਤਣਾ ਸ਼ੁਰੂ ਕਰ ਦਿੱਤਾ ਪਰ ਅੰਗਰੇਜ਼ੀ ਹਕੂਮਤ ਦੇ ਸਮੇਂ ਪੰਜਾਬ ਸਰਕਾਰ ਅਤੇ ਬਰਤਾਨਵੀ ਹਿੰਦੋਸਤਾਨ ਦੀ ਸਰਕਾਰ ਵਿਚ ਨਿਰੰਤਰ ਹੋਏ ਪੱਤਰ ਵਿਹਾਰ ਵਿਚ ਇਸ ਨੂੰ 'ਅਕਾਲ ਬੁੰਗਾ' ਹੀ ਲਿਖਿਆ ਮਿਲਦਾ ਹੈ।

ਪੁਰਾਤਨ ਇਤਿਹਾਸਕ ਪੁਸਤਕਾਂ ਵਿਚੋਂ ਇਸ ਸਥਾਨ ਦੇ ਮੁਖੀ ਰਹੇ ਵਿਅਕਤੀਆਂ ਬਾਰੇ ਵੀ ਜਾਣਕਾਰੀ ਮਿਲਦੀ ਹੈ। ਇਹ ਹੈਰਾਨੀ ਦੀ ਗੱਲ ਹੈ ਕਿ ਪਹਿਲਾ ਅਜਿਹਾ ਮੁਖੀ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੇ ਥਾਪਿਆ। ਉਸ ਨੇ ਸਿੱਖਾਂ ਵਿਚ ਦੁਫੇੜ ਪਾ ਕੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਕਤੀ ਨੂੰ ਕਮਜ਼ੋਰ ਕਰਨ ਵਾਸਤੇ 30 ਦਸੰਬਰ 1711 ਨੂੰ ਫਰਮਾਨ ਜਾਰੀ ਕਰਕੇ ਚੱਕ ਗੁਰੂ ਦੀ ਜਾਗੀਰ, ਜਿਸ ਵਿਚ ਅੰਮ੍ਰਿਤਸਰ ਦੇ ਨਾਲ 12 ਪਿੰਡ ਸ਼ਾਮਲ ਸਨ, ਮਾਤਾ ਸੁੰਦਰੀ ਦੇ ਪਾਲਕ ਪੁੱਤਰ ਅਜੀਤ ਸਿੰਘ ਦੇ ਨਾਂ ਲਗਾ ਦਿੱਤੀ। ਅਜੀਤ ਸਿੰਘ ਦੀ ਮੌਤ ਪਿੱਛੋਂ ਮੁਗ਼ਲ ਬਾਦਸ਼ਾਹ ਫਰੁਖਸੀਅਰ ਨੇ



ਇਸ ਇਲਾਕੇ ਦੀ ਸੌਂਪਣਾ 'ਅਕਾਲ ਪੁਰਖੀਆਂ' ਵਿਚੋਂ ਬਾਵਾ ਕਾਨ੍ਹ ਸਿੰਘ ਤ੍ਰੇਹਨ ਨੂੰ ਕੀਤੀ, ਜੋ ਗੁਰੂ ਗੋਬਿੰਦ ਸਿੰਘ ਜੀ ਨਾਲ ਦੱਖਣ ਜਾਣ ਵਾਲੇ ਜਥੇ ਵਿਚ ਸ਼ਾਮਲ ਸੀ ਅਤੇ ਦਸਮੇਸ਼ ਪਿਤਾ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਣ ਸਮੇਂ ਬਾਬਾ ਜੀ ਨਾਲ ਭੇਜੇ ਪੰਜ ਸਿੱਖਾਂ ਵਿਚੋਂ ਹੋਣ ਦੇ ਬਾਵਜੂਦ ਉਸ ਦਾ ਵਿਰੋਧ ਕਰਨ ਵਾਲਿਆਂ ਵਿਚ ਮੋਹਰੀ ਸੀ। ਭਾਵੇਂ ਕਿਸੇ ਲਿਖਤੀ ਗ੍ਰੰਥ ਵਿਚ ਅਕਾਲ ਬੁੰਗੇ ਵਿਚ 'ਜਥੇਦਾਰ' ਪਦ ਹੋਣ ਬਾਰੇ ਜਾਣਕਾਰੀ ਨਹੀਂ ਮਿਲਦੀ ਪਰ ਮੌਖਿਕ ਪਰੰਪਰਾ ਬਾਵਾ ਕਾਨ੍ਹ ਸਿੰਘ ਨੂੰ ਪਹਿਲਾ ਜਥੇਦਾਰ ਮੰਨਦੀ ਹੈ। ਬਾਵਾ ਕਾਨ੍ਹ ਸਿੰਘ ਪਿੱਛੋਂ ਇਸ ਸਮੂਹ ਦੀ ਅਗਵਾਈ ਪਹਿਲਾਂ ਭਾਈ ਦਰਬਾਰਾ ਸਿੰਘ ਦੀਵਾਨ (ਦੇਹਾਂਤ 1734 ਈ.) ਅਤੇ ਫਿਰ ਨਵਾਬ ਕਪੂਰ ਸਿੰਘ (ਦੇਹਾਂਤ 1753 ਈ.) ਨੇ ਕੀਤੀ। ਸ੍ਰੀ ਦਰਬਾਰ ਸਾਹਿਬ ਪਰਿਸਰ ਵਿਚ ਰਹਿਣ ਵਾਲੇ ਸਿੱਖਾਂ ਦੀ ਗਿਣਤੀ ਵਧ ਜਾਣ ਕਾਰਨ ਨਵਾਬ ਕਪੂਰ ਸਿੰਘ ਦੇ ਸਮੇਂ ਜਥੇਬੰਦੀ ਦੇ ਦੋ ਹਿੱਸੇ- ਬੁੱਢਾ ਦਲ ਅਤੇ ਤਰੁਣਾ ਦਲ- ਬਣਾਏ ਗਏ ਅਤੇ ਇੱਥੋਂ ਦੀ ਸੁਰੱਖਿਆ ਬੁੱਢਾ ਦਲ ਨੂੰ ਸੌਂਪੀ ਗਈ। ਨਤੀਜੇ ਵਜੋਂ ਬੁੱਢਾ ਦਲ ਦੇ ਚੋਣਵੇਂ ਨੁਮਾਇੰਦੇ ਪੱਕੇ ਤੌਰ ਉੱਤੇ ਅਕਾਲ ਬੁੰਗੇ ਵਿਚ ਰਹਿਣ ਲੱਗੇ। ਅਹਿਮਦ ਸ਼ਾਹ ਅਬਦਾਲੀ ਵੱਲੋਂ ਢਾਹੇ ਸ੍ਰੀ ਦਰਬਾਰ ਸਾਹਿਬ ਦੀ ਸ. ਜੱਸਾ ਸਿੰਘ ਆਹਲੂਵਾਲੀਆ ਦੀ ਦੇਖ-ਰੇਖ ਹੇਠ ਪੁਨਰ-ਉਸਾਰੀ ਹੋਣ ਸਮੇਂ ਅਕਾਲ ਬੁੰਗੇ ਦੀ ਇੱਕ ਮੰਜ਼ਿਲੀ ਇਮਾਰਤ ਬਣੀ। (ਬਾਕੀ ਚਾਰ ਮੰਜ਼ਿਲਾਂ ਮਹਾਰਾਜਾ ਰਣਜੀਤ ਸਿੰਘ ਨੇ ਤਿਆਰ ਕਰਵਾਈਆਂ।) ਉਸ ਨੇ ਅਕਾਲ ਬੁੰਗੇ ਅਤੇ ਸ੍ਰੀ ਦਰਬਾਰ ਸਾਹਿਬ ਦੋਵਾਂ ਥਾਵਾਂ ਉੱਤੇ ਪਾਠ-ਪੂਜਾ ਨੂੰ ਗੁਰਮਤਿ ਵਿਧੀ-ਵਿਧਾਨ ਅਨੁਸਾਰ ਯਕੀਨੀ ਬਣਾਇਆ। ਸ. ਜੱਸਾ ਸਿੰਘ ਆਹਲੂਵਾਲੀਆ ਦੇ 1783 ਵਿਚ ਅਕਾਲ ਚਲਾਣੇ ਪਿੱਛੋਂ ਪ੍ਰਬੰਧਕੀ ਅਤੇ ਵਿਹਾਰਕ ਦੋਵੇਂ ਜ਼ਿੰਮੇਵਾਰੀਆਂ ਅਕਾਲ ਬੁੰਗੇ ਵਿਚ ਨਿਵਾਸ ਕਰਨ ਵਾਲੇ ਬੁੱਢਾ ਦਲ ਦੇ ਮੁਖੀ ਦੇ ਮੋਢਿਆਂ ਉੱਤੇ ਪੈ ਗਈਆਂ ਪਰ ਨਿਹੰਗ ਨੈਣਾ ਸਿੰਘ ਤੋਂ ਪਹਿਲਾਂ ਇਹ ਜ਼ਿੰਮੇਵਾਰੀ ਕਿਸ ਕਿਸ ਨੇ ਨਿਭਾਈ, ਇਸ ਬਾਰੇ ਸਪੱਸ਼ਟ ਜਾਣਕਾਰੀ ਨਹੀਂ ਮਿਲੀ। ਨਿਹੰਗ ਨੈਣਾ ਸਿੰਘ ਦੇ ਸੁਰਗਵਾਸ ਹੋਣ ਪਿੱਛੋਂ ਉਸ ਦੇ ਪੈਰੋਕਾਰ ਅਕਾਲੀ ਫੂਲਾ ਸਿੰਘ ਨੇ ਇਹ ਪਦ ਸੰਭਾਲਿਆ। ਇੱਕ ਪ੍ਰਤਿਬੱਧ ਗੁਰਸਿੱਖ ਹੋਣ ਕਾਰਨ ਉਹ ਗੁਰੂ ਸਾਹਿਬਾਨ ਦੁਆਰਾ ਸਥਾਪਤ ਰਹਿਤ ਮਰਿਆਦਾ ਉੱਤੇ ਸਖ਼ਤੀ ਨਾਲ ਪਹਿਰਾ ਦਿੰਦਾ ਸੀ। ਜਦੋਂ ਮਹਾਰਾਜਾ ਰਣਜੀਤ ਸਿੰਘ ਮੁਸਲਮਾਨ ਨਾਚੀ ਮੋਰਾਂ ਨੂੰ ਰਾਣੀ ਬਣਾਉਣ ਪਿੱਛੋਂ ਸ੍ਰੀ ਦਰਬਾਰ ਸਾਹਿਬ ਆਇਆ ਤਾਂ ਅਕਾਲੀ ਫੂਲਾ ਸਿੰਘ ਨੇ ਅਕਾਲ ਬੁੰਗੇ ਤੋਂ ਉਸ ਨੂੰ ਕੁਰਹਿਤੀਆ ਸਿੱਖ ਐਲਾਨ ਕੇ ਕੋੜੇ ਮਾਰਨ ਦੀ ਤਨਖ਼ਾਹ ਲਾਈ। ਬੇਸ਼ੱਕ, ਮਹਾਰਾਜੇ ਦੀ ਨਿਮਰਤਾ ਅਤੇ ਹਾਜ਼ਰ ਸੰਗਤ ਦੀ ਭਾਵਨਾ ਦੀ ਕਦਰ ਕਰਦਿਆਂ ਇਸ 'ਸਜ਼ਾ' ਨੂੰ ਅਮਲ ਵਿਚ ਨਾ ਲਿਆਂਦਾ ਗਿਆ ਪਰ ਇਸ ਘਟਨਾ 'ਤੋਂ ਮਹਾਰਾਜੇ ਨੇ ਆਪਣੇ ਸਵੈਮਾਣ ਨੂੰ ਠੇਸ ਪੁੱਜੀ ਮਹਿਸੂਸ ਕੀਤੀ। ਰਾਜ-ਮਦ ਵਿਚ ਮੱਤਾ ਵਿਅਕਤੀ ਕਿਵੇਂ ਸਹਿਣ ਕਰ ਸਕਦਾ ਹੈ ਕਿ ਕੋਈ ਹੋਰ, ਉਹ ਭਾਵੇਂ ਧਾਰਮਿਕ ਖੇਤਰ ਵਿਚ ਸਿਰਮੌਰ ਹੋਵੇ, ਉਸ ਵੱਲ ਉਂਗਲ ਕਰੇ। ਉਹ ਅਕਾਲੀ ਫੂਲਾ ਸਿੰਘ ਨੂੰ ਨੀਵਾਂ ਵਿਖਾਉਣ ਦੇ ਅਵਸਰ ਢੂੰਡਣ ਲੱਗਾ। ਸੋ ਇੱਕ ਮੌਕੇ ਜਦ ਅਕਾਲੀ ਫੂਲਾ ਸਿੰਘ ਅੰਮ੍ਰਿਤਸਰ ਤੋਂ ਬਾਹਰ ਸੀ, ਮਹਾਰਾਜਾ ਰਣਜੀਤ ਸਿੰਘ ਨੇ ਹਜ਼ੂਰ ਸਾਹਿਬ ਤੋਂ ਅਕਾਲੀ ਗੁਰਮੁਖ ਸਿੰਘ ਦੀ ਅਗਵਾਈ ਵਿਚ ਆਏ ਨਿਹੰਗ ਜਥੇ ਨੂੰ ਅਕਾਲ ਬੁੰਗੇ ਵਿਚ ਟਿਕਾ ਦਿੱਤਾ। ਸ੍ਰੀ ਦਰਬਾਰ ਸਾਹਿਬ ਵੱਲੋਂ ਅਕਾਲ ਬੁੰਗੇ ਦੇ ਵਾਸੀ ਨਿਹੰਗਾਂ ਨੂੰ ਮਿਲਦੇ ਬੱਝਵੇਂ ਵਿਧਾਨ ਵਿਚੋਂ ਕੁਝ ਹਿੱਸਾ ਵੀ ਗੁਰਮੁਖ ਸਿੰਘ ਨੂੰ ਦੇਣ ਦਾ ਹੁਕਮ ਦਿੱਤਾ। ਅੰਮ੍ਰਿਤਸਰ ਵਾਪਸ ਆ ਕੇ ਅਕਾਲੀ ਫੂਲਾ ਸਿੰਘ ਨੂੰ ਇਸ ਘਟਨਾਕ੍ਰਮ ਦਾ ਪਤਾ ਲੱਗਾ ਤਾਂ ਉਸ ਨੇ ਸ੍ਰੀ ਦਰਬਾਰ ਸਾਹਿਬ ਤੋਂ ਮਿਲਦੇ ਬੰਧਾਨ ਦੀ ਰਾਸ਼ੀ ਪ੍ਰਾਪਤ ਕਰਨ ਉੱਤੇ ਜ਼ੋਰ ਪਾਇਆ। ਗੱਲ ਮਹਾਰਾਜਾ ਰਣਜੀਤ ਸਿੰਘ ਕੋਲ ਅੱਪੜੀ। 1814 ਦੀ ਲੋਹੜੀ-ਮਾਘੀ ਦੇ ਦਿਨੀਂ ਜਦ ਮਹਾਰਾਜਾ ਰਣਜੀਤ ਸਿੰਘ ਅੰਮ੍ਰਿਤਸਰ ਵਿਚ ਸੀ, ਉਸ ਨੇ 15 ਜਨਵਰੀ 1814 ਦੇ ਦਿਨ ਦੋਵਾਂ ਧਿਰਾਂ ਨੂੰ ਗੋਬਿੰਦਗੜ੍ਹ ਕਿਲੇ ਵਿਚ ਬੁਲਾਇਆ ਅਤੇ ਅਕਾਲੀ ਫੂਲਾ ਸਿੰਘ ਨੂੰ ਹੁਕਮ ਦਿੱਤਾ ਕਿ ਦੂਜੇ ਨਿਹੰਗ ਜਥੇ ਲਈ ਨਿਰਧਾਰਿਤ ਰਾਸ਼ੀ ਵਿਚੋਂ ਹਿੱਸਾ ਲੈਣ ਵਾਸਤੇ ਉਨ੍ਹਾਂ ਨੂੰ ਤੰਗ ਨਾ ਕਰੇ। ਨਾਲ ਹੀ ਤਾੜਨਾ ਕੀਤੀ ਕਿ ਜੇਕਰ ਮੁੜ ਸ਼ਿਕਾਇਤ ਮਿਲੀ ਤਾਂ ਉਨ੍ਹਾਂ ਨੂੰ ਅੰਮ੍ਰਿਤਸਰ ਵਿਚੋਂ ਕੱਢ ਦਿੱਤਾ ਜਾਵੇਗਾ। ਇਸ ਪਿੱਛੋਂ ਦਿਨੋਂ-ਦਿਨ ਨਿਹੰਗ ਗੁਰਮੁਖ ਸਿੰਘ ਦਾ ਜ਼ੋਰ ਵਧਦਾ ਗਿਆ। ਆਖ਼ਰ ਅਕਾਲੀ ਫੂਲਾ ਸਿੰਘ ਨੂੰ ਆਪਣਾ ਵੱਖਰਾ ਟਿਕਾਣਾ ਬਣਾਉਣਾ ਪਿਆ ਜਿਸ ਨਾਲ ਅਕਾਲ ਬੁੰਗੇ ਅਥਵਾ ਅਕਾਲ ਤਖਤ ਉੱਤੋਂ ਬੁੱਢਾ ਦਲ ਦਾ ਗਲਬਾ ਖ਼ਤਮ ਹੋ ਗਿਆ। ਜਦ ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਦੇਖ-ਰੇਖ ਗਿਆਨੀ ਸੰਤ ਸਿੰਘ ਨੂੰ ਸੌਂਪ ਦਿੱਤੀ ਤਾਂ ਨਿਹੰਗ ਗੁਰਮੁਖ ਸਿੰਘ ਦੀ ਜ਼ਿੰਮੇਵਾਰੀ ਕੇਵਲ ਇਸ ਅਸਥਾਨ ਉੱਤੇ ਪਾਠ-ਪੂਜਾ ਦਾ ਨਿੱਤ-ਕ੍ਰਮ ਅਤੇ ਅੰਮ੍ਰਿਤ ਛਕਾਉਣ ਦੀ ਰਸਮ ਵਿਧੀ-ਪੂਰਬਕ ਜਾਰੀ ਰੱਖਣ ਤੱਕ ਸੀਮਿਤ ਹੋ ਗਈ।

ਇਸ ਪਾਵਨ ਅਸਥਾਨ ਦਾ 'ਜਥੇਦਾਰ' ਪਦ ਨਾ ਹੋਣ ਦੀ ਪੁਸ਼ਟੀ ਇਸ ਤੱਥ ਤੋਂ ਵੀ ਹੁੰਦੀ ਹੈ ਕਿ 18 ਮਾਰਚ 1887 ਈਸਵੀ ਨੂੰ 'ਤਖਤ ਅਕਾਲ ਬੁੰਗਾ ਸਾਹਿਬ' ਤੋਂ ਗੁਰਮੁਖ ਸਿੰਘ ਨੂੰ ਪੰਥ ਵਿਚੋਂ ਛੇਕਣ ਦਾ ਹੁਕਮਨਾਮਾ ਕਿਸੇ ਜਥੇਦਾਰ ਦੇ ਨਾਂ ਹੇਠ ਨਹੀਂ, ਸ੍ਰੀ ਦਰਬਾਰ ਸਾਹਿਬ ਪਰਿਸਰ ਵਿਚ ਸਥਿਤ ਵਿਭਿੰਨ ਗੁਰਦੁਆਰਿਆਂ ਦੇ ਪੁਜਾਰੀਆਂ, ਗ੍ਰੰਥੀਆਂ ਅਤੇ ਹੋਰ ਸੇਵਾਦਾਰਾਂ ਵੱਲੋਂ ਜਾਰੀ ਕੀਤਾ ਗਿਆ ਸੀ ਜਿਨ੍ਹਾਂ ਦਾ ਵੇਰਵਾ ਹੁਕਮਨਾਮੇ ਦੇ ਪਹਿਲੇ ਵਾਕ ਵਿਚ ਇਉਂ ਦਰਜ ਸੀ, 'ਹਮ ਜੁਮਲੇ ਸਿਆਣ ਪੁਜਾਰੀਅਨ ਤਖਤ ਸ੍ਰੀ ਅਕਾਲ ਬੁੰਗਾ ਜੀ ਸਾਹਿਬ ਵ ਸ੍ਰੀ ਦਰਬਾਰ ਸਾਹਿਬ ਵ ਬਾਬਾ ਅਟੱਲ ਰਾਇ ਸਾਹਿਬ ਜੀ ਵ ਝੰਡਾ ਬੁੰਗਾ ਸਾਹਿਬ ਵ ਬੁੰਗਾ ਸਾਹਿਬ ਜੀ ਨੇ ਮੁਲਾਹਜ਼ੇ ਕਾਰਰਵਾਈ ਗੁਰਮੁਖ ਸਿੰਘ ਸਕਤ੍ਰਿ ਕਾ ਕੀਆ।' ਵੀਹਵੀਂ ਸਦੀ ਦੇ ਆਰੰਭ ਤੋਂ ਹੀ ਗੁਰਮੁਖੀ ਅਖ਼ਬਾਰਾਂ ਅਤੇ ਸਿੱਖਾਂ ਦੀਆਂ ਇਕੱਤਰਤਾਵਾਂ ਵਿਚ ਦਰਬਾਰ ਸਾਹਿਬ ਪਰਿਸਰ ਵਿਚ ਕੀਤੀਆਂ ਜਾਣ ਵਾਲੀਆਂ ਬ੍ਰਾਹਮਣੀ ਰੀਤਾਂ ਨੂੰ ਹਟਾਉਣ ਬਾਰੇ ਉਠਾਈ ਜਾ ਰਹੀ ਮੰਗ ਤੋਂ ਸਿੱਖ ਸੰਗਤ ਨੂੰ ਦੂਰ ਰੱਖਣ ਦੇ ਉਪਾਅ ਵਜੋਂ 1904 ਵਿਚ ਸਨਾਤਨੀ ਸਿੱਖਾਂ ਵੱਲੋਂ ਜ਼ੋਰ ਪਾਉਣ ਉੱਤੇ ਜੋ ਹੁਕਮਨਾਮਾ ਕਿ 'ਸ੍ਰੀ ਹਰਿਮੰਦਰ ਸਾਹਿਬ ਵਿਚ ਕੇਵਲ ਉਨ੍ਹਾਂ ਲੋਕਾਂ ਨੂੰ ਹੀ ਸਿਰੋਪਾ ਦਿੱਤਾ ਜਾਵੇਗਾ ਜੋ ਆਪਣੇ ਮ੍ਰਿਤਕਾਂ ਦੀਆਂ ਰਸਮਾਂ ਸਨਾਤਨ ਧਰਮ ਅਨੁਸਾਰ ਕਰਨਗੇ' ਵੀ ਪਿਛਲੇ ਹੁਕਮਨਾਮੇ ਵਾਂਗ ਗ੍ਰੰਥੀਆਂ ਅਤੇ ਪੁਜਾਰੀਆਂ ਨੇ ਰਲ ਕੇ ਜਾਰੀ ਕੀਤਾ।

ਨਿਹੰਗ ਗੁਰਮੁਖ ਸਿੰਘ ਦੀ ਇਸ ਅਸਥਾਨ ਦੇ ਮੁਖੀ ਵਜੋਂ ਨਿਯੁਕਤੀ ਹੋਣ ਪਿੱਛੋਂ ਇਹ ਪਦ ਵੀ ਸ੍ਰੀ ਹਰਿਮੰਦਰ ਸਾਹਿਬ ਦੇ ਪੁਜਾਰੀਆਂ, ਗ੍ਰੰਥੀਆਂ ਅਤੇ ਹੋਰ ਸੇਵਾਦਾਰਾਂ ਦੇ ਪਦਾਂ ਵਾਂਗ ਪਿਤਾ-ਪੁਰਖੀ ਬਣ ਗਿਆ। 1920 ਵਿਚ ਨਿਹੰਗ ਗੁਰਮੁਖ ਸਿੰਘ ਦਾ ਪੋਤਾ ਨਿਹੰਗ ਤੇਜਾ ਸਿੰਘ ਮੁਖੀ ਦੀ ਜ਼ਿੰਮੇਵਾਰੀ ਨਿਭਾ ਰਿਹਾ ਸੀ। 12 ਅਕਤੂਬਰ ਦੇ ਦਿਨ ਖ਼ਾਲਸਾ ਬਰਾਦਰੀ ਦੇ ਜਥੇ ਦੇ ਆਉਣ ਬਾਰੇ ਜਾਣ ਕੇ ਜਦ ਇਸ ਅਸਥਾਨ ਦੇ ਸਭ ਸੇਵਕ ਡਿਊਟੀ ਛੱਡ ਕੇ ਭੱਜ ਗਏ ਸਨ ਤਾਂ ਸੰਗਤ ਵਿਚੋਂ ਜਥੇਦਾਰ ਕਰਤਾਰ ਸਿੰਘ ਝੱਬਰ ਦੇ ਕਹਿਣ ਉੱਤੇ ਜਥੇਦਾਰ ਤੇਜਾ ਸਿੰਘ ਭੁੱਚਰ ਨੂੰ ਇਸ ਅਸਥਾਨ ਦੀ ਸੇਵਾ ਸੌਂਪ ਕੇ ਉਸ ਨੂੰ 'ਜਥੇਦਾਰ' ਕਿਹਾ ਗਿਆ ਤਾਂ ਇਸ ਦਿਨ ਤੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦਾ ਪਦ ਹੋਂਦ ਵਿਚ ਆਇਆ।

# ਰੱਬੀ ਦਾਤਾਂ ਦਾ ਸ਼ੁਕਰਾਨਾ

ਮਹਾਨ ਲਿਖਾਰੀ ਸ. ਨਰਿੰਦਰ ਸਿੰਘ ਕਪੂਰ ਦੀ ਲਿਖੀ ਇੱਕ ਪੰਗਤੀ ਮੈਨੂੰ ਕਦੀ ਨਹੀਂ ਭੁੱਲਦੀ ਕਿ, 'ਅਗਰ ਤਾਰੇ ਸਾਲ ਵਿਚ ਸਿਰਫ ਇੱਕ ਵਾਰ ਨਿਕਲਦੇ ਤੇ ਓਹ ਦਿਨ ਤਿਉਹਾਰ ਵਰਗਾ ਹੁੰਦਾ।' ਕਿੰਨਾ ਵਜ਼ਨ ਹੈ ਇਸ ਕਥਨ ਵਿਚ। ਸੋਚ ਕੇ ਦੇਖੋ, ਫਿਰ ਤੇ ਸਾਰਾ ਸਾਲ ਅਸੀਂ ਓਸ ਦਿਨ ਦਾ ਇੰਤਜ਼ਾਰ ਕਰਦੇ। ਥਾਂ-ਥਾਂ ਤੇ ਇਕੱਠ ਹੁੰਦੇ, ਮੇਲੇ ਲੱਗਦੇ

**ਹਰਨਿੰਦਰ ਜੀਤ ਕੌਰ**

ਕੁਦਰਤ ਦੀ ਇਸ ਬੇਸ਼ਕੀਮਤੀ ਘਟਨਾ ਨੂੰ ਦੇਖਣ ਵਾਸਤੇ। ਜਿੰਦਾਂ ਹੀ ਸ਼ਾਮ ਢਲਦੀ ਅਸੀਂ ਸਾਰੇ ਆਪਣੇ ਕੈਮਰਿਆਂ ਸਮੇਤ ਖੁੱਲੀਆਂ ਥਾਵਾਂ ਤੇ ਪਹੁੰਚ ਜਾਂਦੇ। ਜਿਸ ਤਰ੍ਹਾਂ ਹੀ ਪਹਿਲਾ ਤਾਰਾ ਨਿਕਲਦਾ , ਢੋਲ ਵੱਜਣ ਲੱਗ ਜਾਂਦੇ, ਭੰਗੜੇ ਪੈਣ ਲੱਗ ਜਾਂਦੇ, ਕੁਲ ਜਹਾਨ ਨੱਚਣ ਲੱਗ ਜਾਂਦਾ। ਹੌਲੀ-ਹੌਲੀ ਅਸਮਾਨ ਤਾਰਿਆਂ ਨਾਲ ਭਰ ਜਾਂਦਾ ਅਤੇ ਨਾਲ ਹੀ ਹਰ ਸ਼ਖ਼ਸ ਖੁਸ਼ੀ ਤੇ ਖੁਮਾਰੀ ਨਾਲ।

ਕਹਿਣ ਦਾ ਮਤਲਬ ਕੁਦਰਤ ਦੀਆਂ ਬੇਅੰਤ ਦਾਤਾਂ ਜਿਹੜੀਆਂ ਸਾਨੂੰ ਸਹਿਜੇ ਹੀ ਉਪਲਬਧ ਹਨ ਅਸੀਂ ਉਨ੍ਹਾਂ ਨੂੰ ਮਾਣਦੇ ਨਹੀਂ।

ਠੀਕ ਇਸੇ ਤਰ੍ਹਾਂ ਮਾਲਿਕ ਨੇ ਬੜਾ ਕੀਮਤੀ ਮਨੁੱਖੀ ਸਰੀਰ ਦਿੱਤਾ ਹੈ, ਜਿਹੜਾ ਬੇਅੰਤ ਦਾਤਾਂ ਨਾਲ ਭਰਿਆ ਹੈ ਪਰ ਕਿਉਂਕਿ ਇਹ ਸਹਿਜੇ ਹੀ ਮਿਲਿਆ ਹੈ ਅਸੀਂ ਇਸ ਦੀ ਕੀਮਤ ਤੋਂ ਅਣਜਾਣ ਹਾਂ। ਪੰਜ ਗਿਆਨ ਇੰਦ੍ਰੀਆਂ ਦੀ ਹੀ ਗੱਲ ਕਰ ਲਵੋ- ਅੱਖਾਂ, ਨੱਕ, ਕੰਨ, ਜੀਭ, ਚਮੜੀ ਯਾਨੀ ਕਿ ਦੇਖਣਾ, ਸੁੰਘਣਾ, ਸੁਣਨਾ, ਸਵਾਦ ਅਤੇ ਸਪਰਸ਼। ਇਹ ਇੰਦ੍ਰੀਆਂ ਬੜੀਆਂ ਅਨਮੋਲ ਹਨ। ਐਡਾ ਵੱਡਾ ਖਜ਼ਾਨਾ ਲਈ ਫਿਰਦੀ ਹਾਂ ਇਸਦਾ ਪਤਾ ਓਦੋਂ ਹੀ ਲੱਗਾ ਜਦੋਂ ਇਨ੍ਹਾਂ ਵਿਚੋਂ ਦੋ ਖੁੱਸ ਗਈਆਂ।

ਮੇਰੀ ਬ੍ਰੇਨ ਸਰਜਰੀ ਹੋਈ। ਡਾਕਟਰ ਸਾਹਿਬ ਨੇ ਸਰਜਰੀ ਤੋਂ ਪਹਿਲਾਂ ਬਹੁਤ ਕੁਝ ਦੱਸਿਆ ਜੋ ਸਰਜਰੀ ਦੌਰਾਨ ਵਾਪਰ ਸਕਦਾ ਸੀ। ਜਿਸ ਵਿਚ ਇੱਕ ਇਹ ਵੀ ਸੀ ਕਿ ਮੇਰੀ ਸੁੰਘਣ ਸ਼ਕਤੀ ਜਾ ਸਕਦੀ ਹੈ। ਮੈਂ ਆਪਣੇ-ਆਪ ਨੂੰ ਪਰਮਾਤਮਾ ਦੇ ਸਪੁਰਦ ਕਰ ਦਿੱਤਾ ਅਤੇ ਸਾਢੇ ਅੱਠ ਘੰਟਿਆਂ ਦੀ ਡਾਕਟਰਾਂ ਦੀ ਤਪੱਸਿਆ ਕਾਮਯਾਬ ਹੋਈ। ਦੋ ਦਿਨ ਬਾਅਦ ਹੋਸ਼ ਆਈ ਤਾਂ ਡਾਕਟਰ ਸਾਹਿਬ ਨੇ ਦੱਸਿਆ, 'ਤੁਹਾਡੀ ਸੁੰਘਣ ਸ਼ਕਤੀ ਨਹੀਂ ਰਹੀ।' ਮੈਂ ਖੁਸ਼ੀ ਵਿਚ ਖੀਵੀ ਹੁੰਦੀ ਹੋਈ ਨੇ ਪਰਮਾਤਮਾ ਦਾ ਅਤੇ ਡਾਕਟਰ ਸਾਹਿਬ ਦਾ ਧੰਨਵਾਦ ਕਰ ਕੇ ਕਿਹਾ, 'ਡਾਕਟਰ ਸਾਹਿਬ ਮੈਂ ਤਾਂ ਹੈਗੀ ਹਾਂ। ਬਾਕੀ ਸਾਰਾ ਕੁਝ ਬੱਚ ਗਿਆ ਹੈ। ਸ਼ੁਕਰ ਹੈ ਦਾਤੇ ਦਾ।'

ਅੱਜ ਵੀ ਇਹ ਗੱਲ ਪਰਮਾਤਮਾ ਦਾ ਸ਼ੁਕਰਾਨਾ ਕਰਦੀ ਹੋਈ ਤੁਹਾਡੇ ਨਾਲ ਸਾਂਝੀ ਕਰ ਰਹੀ ਹਾਂ, 'ਸ਼ੁਕਰ ਦਾਤਿਆ ਤੁਸੀਂ ਮਿਨੂੰ ਦੂਜਾ ਜਨਮ ਦਿੱਤਾ ਅਤੇ ਤੁਹਾਡੀ ਬਣਾਈ ਦੁਨੀਆਂ ਖੁਸ਼ਬੂਆਂ ਨਾ ਹੋਣ ਤੇ ਵੀ ਮੈਨੂੰ ਸੋਹਣੀ ਤੇ ਪਿਆਰੀ ਲੱਗਦੀ ਹੈ।'

ਇੱਥੇ ਇੱਕ ਗੱਲ ਇਹ ਵੀ ਦੱਸ ਦਵਾਂ ਕਿ ਸਵਾਦ ਵੀ ਸੁੰਘਣ ਸ਼ਕਤੀ ਨਾਲ ਹੀ ਆਉਂਦਾ ਹੈ, ਜੇ ਸੁੰਘਣ ਸ਼ਕਤੀ ਨਹੀਂ ਤੇ ਸਵਾਦ ਵੀ ਨਹੀਂ।

ਹੁਣ ਕਪੂਰ ਸਾਹਿਬ ਦੀ ਗੱਲ ਨੂੰ ਹੋਰ ਵੀ ਅਰਥ ਮਿਲ ਜਾਂਦੇ ਹਨ। ਓ ਦਿਨ ਸੱਚਮੁੱਚ ਕਿਸੇ ਮੇਲੇ, ਕਿਸੇ ਤਿਓਹਾਰ ਵਰਗਾ ਹੋਵੇਗਾ ਜਿਸ ਦਿਨ ਮੇਰੀ ਸੁੰਘਣ ਸ਼ਕਤੀ ਤੇ ਸਵਾਦ ਪਰਤੇਗਾ। ਮੈਂ ਆਪਣੇ ਪਿਆਰੇ ਫੁੱਲ ਗੁਲਾਬ ਦੀ ਮਹਿਕ ਮਹਿਸੂਸ ਕਰਾਂਗੀ, ਹਰੇ ਧਨੀਏ ਦੀ ਟੁੱਭਣ ਵਾਲੀ ਖੁਸ਼ਬੂ ਦਾ ਸਵਾਦ ਲਵਾਂਗੀ, ਪਿਆਜ਼ ਅਤੇ ਲਸਣ ਦੀ ਤਿੱਖੀ ਤੇ ਸਵਾਦਲੀ ਮਹਿਕ ਰੂਹ ਤੱਕ ਭਰਾਂਗੀ। ਦਾਲਾਂ ਅਤੇ ਸਬਜ਼ੀਆਂ ਨੂੰ ਲੱਗਦਾ ਤੜਕਾ ਰੂਹ ਨੂੰ ਸ਼ਰਸਾਰ ਕਰੇਗਾ, ਫੁੱਲਦਾ ਹੋਇਆ ਫੁਲਕਾ ਹਾਕਾਂ ਮਾਰ ਬੁਲਾਵੇਗਾ, ਰੜਦਾ ਪਰੌਂਠਾ ਮੂੰਹ ਵਿਚ ਪਾਣੀ ਲਿਆਵੇਗਾ, ਗੁੜ ਦੀ ਮਿਠਾਸ ਹੀ ਨਹੀਂ ਮਹਿਕ ਵੀ ਸਾਹਾਂ ਵਿਚ ਰਲੇਗੀ, ਹਰ ਖੁਸ਼ਬੂ ਕਿਸੇ ਚੀਜ਼ ਦੀ ਹੋਂਦ ਦੱਸੇਗੀ, ਵਾਹ!

ਲੀਕ ਹੁੰਦੇ ਸਿਲੰਡਰ ਦਾ ਮੈਨੂੰ ਵੀ ਪਤਾ ਲੱਗੇਗਾ, ਹੋਰਨਾਂ ਵਾਂਗ ਆਉਂਦੀ ਹੋਈ ਬੋ ਮਹਿਸੂਸ ਕਰ ਕੇ ਮੈਂ ਵੀ ਨੱਕ ਢੱਕ ਲਵਾਂਗੀ। ਅਜੇ ਤਾਂ ਬੜੇ ਜੋਖਿਮ ਭਰੇ ਤੇ ਹਾਸੋ-ਹੀਣੇ ਕਿੱਸੇ ਵਾਪਰਦੇ ਨੇ।

ਸਬਜ਼ੀ ਜਾਂ ਦਾਲ ਸੜਦੀ ਤੇ ਨਹੀਂ/ਖਰਾਬ ਤੇ ਨਹੀਂ ਹੋ ਗਈ ਇਹ ਵੀ ਪਤਾ ਲੱਗੇਗਾ। ਵੰਨ-ਸੁਵੰਨੀਆਂ ਚੀਜ਼ਾਂ ਨੂੰ ਸੁੰਘ ਕੇ ਪਛਾਣ ਲਵਾਂਗੀ।

ਇਹ ਤੇ ਮੈਂ ਸਿਰਫ ਇੱਕ ਅੱਧੀ ਗਿਆਨ ਇੰਦ੍ਰੀ ਦੀ ਗੱਲ ਕੀਤੀ ਹੈ। ਸੋਚੀਏ ਜ਼ਰਾ ਮਾਲਿਕ ਜੀ ਨੇ ਇਹ ਸਰੀਰ ਰੂਪੀ ਕਿੰਨਾ ਵੱਡਾ ਖਜ਼ਾਨਾ ਦਿੱਤਾ ਹੈ।

ਜੋ ਵੀ ਹੈ, ਮੈਂ ਇਸ ਦੂਜੇ ਜਨਮ ਵਿਚ ਬਹੁਤ ਖੁਸ਼ ਹਾਂ। ਫ਼ੇਰ ਵੀ ਮੈਨੂੰ ਇੰਤਜ਼ਾਰ ਹੈ, ਤਿਓਹਾਰ ਵਰਗੇ ਉਸ ਦਿਨ ਦਾ ਜਿਸ ਦਿਨ ਮੇਰੀਆਂ ਸਾਰੀਆਂ ਗਿਆਨ ਇੰਦ੍ਰੀਆਂ ਮੇਰੇ ਅਧੂਰੇ ਗਿਆਨ ਨੂੰ ਪੂਰਾ ਕਰਨਗੀਆਂ ਅਤੇ ਜ਼ਿੰਦਗੀ ਗੁਲਜ਼ਾਰ ਹੋ ਜਾਵੇਗੀ।

ਦੁਆਵਾਂ ਕਰਿਓ ਜੀ, ਅਰਦਾਸਾਂ ਜੋੜਦੀਆਂ ਕਰਿਓ ਜੀ। ਬੇਅੰਤ ਬਖਸ਼ਿਸ਼ਾਂ ਨੇ ਦੁਆਵਾਂ ਵਿਚ।

# ਵਿਸਾਖੀ: ਨਮੋ ਸੂਰਜ ਸੂਰਜੇ



ਵਿਸਾਖੀ ਦਾ ਉਤਸਵ ਭਾਰਤੀ ਸੱਭਿਆਚਾਰ ਦਾ ਬੜਾ ਹੀ ਗੌਰਵਮਈ ਵਿਰਸਾ ਹੈ। ਭਾਰਤੀ ਅਵਚੇਤਨ ਮਨ ਵਿਚ ਵਿਸਾਖੀ ਦੀ ਅਮਿਟ ਛਾਪ ਲੱਗੀ ਹੋਈ ਹੈ। ਇਸ ਕਰਕੇ, ਸਮਾਂ ਕਿੰਨਾ ਵੀ ਬਦਲ ਜਾਵੇ, ਵਿਸਾਖੀ ਦੀ ਅਹਿਮੀਅਤ ਹਮੇਸ਼ਾ ਬਰਕਰਾਰ ਰਹੇਗੀ। ਪਰ ਅਗਿਆਨਤਾ ਵਸ ਇਸਦੇ ਸੱਭਿਆਚਾਰਕ, ਮਿਥਿਹਾਸਕ ਤੇ ਇਤਿਹਾਸਕ ਪੱਖਾਂ ਬਾਰੇ ਕਈ ਭਰਾਂਤੀਆਂ ਪੈਦਾ ਹੋ ਰਹੀਆਂ ਹਨ, ਜਿਨ੍ਹਾਂ ਨੂੰ ਸਮਝਣਾ ਵਿਸਾਖੀ ਦੇ ਗੌਰਵ ਨੂੰ ਸਮਝਣਾ ਹੈ।

ਬਹੁਤੇ ਲੋਕਾਂ ਨੂੰ ਵਿਸਾਖੀ ਦੇ ਪ੍ਰਾਕਰਮੀ ਪਿਛੋਕੜ ਦਾ ਪਤਾ ਨਹੀਂ ਹੈ। ਨਾਸਮਝੀ ਜਾਂ ਅਣਗਹਿਲੀ ਵਸ ਅਸੀਂ ਇਸ ਉਤਸਵ ਦੀ ਅਸੀਮ ਮਹਿਮਾਂ ਨੂੰ ਕਣਕ, ਢੋਲ ਅਤੇ ਭੰਗੜੇ ਤਕ ਸੀਮਤ ਕਰ ਲਿਆ ਹੈ। ਜਦਕਿ ਇਹ ਉਤਸਵ, ਕੇਵਲ ਉਦਰਪੂਰਨਾ ਤੋਂ ਕਿਤੇ ਵੱਧ, ਸਾਡੀ ਸਮੂਹਿਕ ਸਮਾਜਿਕ, ਬੌਧਿਕ ਅਤੇ ਸੱਭਿਆਚਾਰਕ ਪ੍ਰਗਤੀ ਦਾ ਲਖਾਇਕ ਹੈ। ਉਦਰਪੂਰਨਾ ਨਾਲ ਵਿਸਾਖੀ ਦਾ ਸਬੰਧ ਸਿਰਫ ਏਨਾ ਹੀ



**ਅਵਤਾਰ ਸਿੰਘ (ਪ੍ਰੋ.)**
**ਫੋਨ: +91-94175-18384**

ਹੈ ਕਿ ਇਸ ਦਿਨ ਫਸਲਾਂ ਪੱਕਣ ਨੇੜੇ ਢੁਕੀਆਂ ਹੁੰਦੀਆਂ ਹਨ। ਪੱਕ ਰਹੀਆਂ ਫਸਲਾਂ ਦੇਖ ਕੇ ਲੋਕ-ਮਨ ਦੇ ਅੰਦਰ ਇਕ ਚਾਅ ਪੈਦਾ ਹੁੰਦਾ ਹੈ। ਇਹ ਵੀ ਇਕ ਕਾਰਣ ਹੈ ਕਿ ਲੋਕਾਂ ਨੂੰ ਆਪਮੁਹਾਰੇ ਵਿਸਾਖੀ ਦਾ ਚਾਅ ਚੜ੍ਹ ਜਾਂਦਾ ਹੈ। ਉਹ ਆਪਣੇ ਆਸ ਪਾਸ, ਖਾਸ ਥਾਵਾਂ 'ਤੇ, ਇਕੱਠੇ ਹੋ ਕੇ ਇਸ ਉਤਸਵ ਨੂੰ ਮੇਲੇ ਦੀ ਤਰਾਂ ਮਨਾਉਂਦੇ ਹਨ। ਗਿੱਧੇ ਭੰਗੜੇ ਪਾਏ ਜਾਂਦੇ ਹਨ, ਵੰਨਸੁਵੰਨੇ ਖਾਣੇ ਖਾਣ ਦੇ ਇਲਾਵਾ ਹੋਰ ਕਈ ਤਰਾਂ ਦੇ ਜਸ਼ਨ ਮਨਾਏ ਜਾਂਦੇ ਬਨ। ਮੇਲਾ ਮੇਲ ਜੋਲ ਨਾਲ ਹੀ ਹੁੰਦਾ ਹੈ। ਕਹਿੰਦੇ ਹਨ ਮੇਲਾ ਮੇਲੀਆਂ ਦਾ ਯਾਰਾਂ ਬੇਲੀਆਂ ਦਾ। ਮੇਲੇ ਹਮੇਸ਼ਾ ਹਮ ਉਮਰ ਸਾਥ ਵਿਚ ਹੀ ਚੰਗੇ ਲਗਦੇ ਹਨ। ਇਸ ਕਰਕੇ ਨਵ ਵਿਆਹੇ ਨੌਜਵਾਨ, ਆਪਣੇ ਜੀਵਨ ਸਾਥੀ ਨੂੰ ਵਿਸਾਖੀ ਦੇ ਮੇਲੇ 'ਤੇ ਆਪਣੇ ਨਾਲ ਲਿਜਾਣ ਲਈ ਇਸਤਰਾਂ ਪ੍ਰੇਰਦੇ ਹਨ।

ਨੀਝ ਨਾਲ ਘੋਖ ਪੜਤਾਲ ਕੀਤੀ ਜਾਵੇ ਤਾਂ ਵਿਸਾਖੀ ਦੇ ਉਤਸਵ ਦਾ ਸਿੱਧਾ ਸਬੰਧ ਸੂਰਜ ਨਾਲ ਹੈ। ਅਸਲ ਵਿਚ ਇਹ ਸੂਰਜ ਦਾ ਹੀ ਉਤਸਵ ਹੈ। ਇਸ ਲਈ ਵਿਸਾਖੀ ਦੇ ਉਤਸਵ ਦਾ ਮਹੱਤਵ ਜਾਣਨ ਲਈ ਸੂਰਜ ਦੇ ਤਾਪ ਅਤੇ ਪ੍ਰਕਾਸ਼ ਦੇ ਬੌਧਿਕ ਅਤੇ ਸੱਭਿਆਚਾਰਕ ਮਹੱਤਵ ਦਾ ਪਤਾ ਹੋਣਾ ਜ਼ਰੂਰੀ ਹੈ। ਇਸਤਰਾਂ ਅਸੀਂ ਵਿਸਾਖੀ ਦੇ ਸੱਭਿਆਚਾਰ ਨੂੰ ਸਮਝ ਸਕਦੇ ਹਾਂ।

ਸਾਡੇ ਪੂਰਵਜਾਂ ਨੂੰ ਕਦੀ ਅਹਿਸਾਸ ਹੋਇਆ ਹੋਵੇਗਾ ਕਿ ਸਾਡੇ ਜੀਵਨ ਲਈ ਤਾਪ ਹੀ ਸਭ ਤੋਂ ਜ਼ਰੂਰੀ ਹੈ। ਇਸਤੋਂ ਬਿਨਾ ਜੀਵਨ ਸੰਭਵ ਹੀ ਨਹੀਂ। ਏਨੇ ਮਹੱਤਵਪੂਰਨ ਤਾਪ ਦਾ ਸੋਮਾਂ ਸਿਰਫ ਸੂਰਜ ਹੈ। ਜੇ ਸੂਰਜ ਨਾ ਹੁੰਦਾ ਤਾਂ ਜੀਵਨ ਨਾ ਹੁੰਦਾ। ਤਾਪ ਦੇ ਨਾਲ ਜੀਵਨ ਲਈ ਪ੍ਰਕਾਸ਼ ਦੀ ਜ਼ਰੂਰਤ ਹੁੰਦੀ ਹੈ ਤੇ ਸੂਰਜ ਤੋਂ ਤਾਪ ਦੇ ਨਾਲ ਪ੍ਰਕਾਸ਼ ਵੀ ਮਿਲਦਾ ਹੈ। ਇਸ ਲਈ ਭਾਰਤੀ ਪਰੰਪਰਾ ਵਿਚ ਸੂਰਜ ਨੂੰ ਜੀਵਨ ਦੇ ਸੋਮੇ ਦੇ ਨਾਲ ਗਿਆਨ ਦਾ ਸੋਮਾਂ ਵੀ ਮੰਨਿਆ ਗਿਆ ਹੈ। ਏਨੀ ਮਹੱਤਤਾ ਕਾਰਣ ਭਾਰਤ ਵਰਸ਼ ਵਿਚ ਸੂਰਜ ਰੱਬ ਦਾ ਪ੍ਰਤੀਕ ਬਣ ਗਿਆ। ਰਿਗਵੇਦ ਵਿਚ ਸੂਰਜ ਨੂੰ ਦੇਵਤਿਆਂ ਦੀ ਅੱਖ ਕਿਹਾ ਗਿਆ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਜਾਪੁ' ਬਾਣੀ ਵਿਚ, ਅਕਾਲ ਪੁਰਖ ਨੂੰ, ਸੂਰਜਾਂ ਦਾ ਸੂਰਜ ਕਹਿ ਕੇ ਨਮਨ ਕੀਤਾ — ਨਮੋ ਸੂਰਜ ਸੂਰਜੇ।

ਸੂਰਜ ਪ੍ਰਸਤੀ ਦਾ ਵਿਚਾਰ ਏਨਾ ਪੁਰਾਣਾ ਤੇ ਪ੍ਰਭਾਵਸ਼ਾਲੀ ਹੈ ਕਿ ਪਾਕਪਟਨ ਵਿਖੇ ਬਾਬਾ ਫਰੀਦ ਦੇ ਮਕਬਰੇ ਦੇ ਦੋ ਦਰਵਾਜ਼ੇ ਰੱਖੇ ਗਏ ਹਨ। ਇੱਕ ਦਰਵਾਜ਼ਾ ਚੜ੍ਹਦੇ ਸੂਰਜ ਪੂਰਬ ਵੱਲ੍ਹ ਖੁਲ੍ਹਦਾ ਹੈ, ਜਿਸਨੂੰ ਨੂਰੀ ਦਰਵਾਜ਼ਾ ਕਿਹਾ ਜਾਂਦਾ ਹੈ। ਨੂਰ ਸੂਰਜ ਦੀ ਰੌਸ਼ਨੀ ਨੂੰ ਕਹਿੰਦੇ ਹਨ, ਜੋ ਰੱਬੀ ਪ੍ਰਕਾਸ਼ ਦੀ ਸੂਚਕ ਹੁੰਦੀ ਹੈ। ਮਕਬਰੇ ਦਾ ਦੂਜਾ ਦਰਵਾਜ਼ਾ ਉੱਤਰ ਵੱਲ੍ਹ ਖੁਲ੍ਹਦਾ ਹੈ, ਜਿਸਨੂੰ ਬਹਿਸ਼ਤੀ ਦਰਵਾਜ਼ਾ ਕਿਹਾ ਜਾਂਦਾ ਹੈ। ਜ਼ਾਹਿਰ ਹੈ ਕਿ ਸੂਰਜ ਦੀ ਭਾਰਤੀ ਅਹਿਮੀਅਤ ਬਾਬਾ ਫਰੀਦ ਰਾਹੀਂ ਇਸਲਾਮ ਤਕ ਵੀ ਫੈਲ ਗਈ ਹੋਵੇਗੀ। ਜਿਸ ਕਰਕੇ ਮੁਗਲ ਹਾਕਮ ਅਕਬਰ ਦੇ ਮਨ ਉਤੇ ਵੀ ਇਸਦਾ ਅਮਿਟ ਅਸਰ ਪਿਆ ਹੋਵੇਗਾ। ਇਸਲਾਮੀ ਸ਼ਰਾ ਅਨੁਸਾਰ ਜਦ ਮਿਰਤਕ ਨੂੰ ਦਫ਼ਨਾਇਆ ਜਾਂਦਾ ਹੈ ਤਾਂ ਉਸਦਾ ਸਿਰ ਉਤਰ ਵੱਲ, ਪੈਰ ਦੱਖਣ ਵੱਲ ਤੇ ਮੂੰਹ ਪੱਛਮ, ਅਰਥਾਤ ਮੱਕੇ ਵੱਲ ਰੱਖਿਆ ਜਾਂਦਾ ਹੈ। ਪਰ ਅਕਬਰ ਦੇ ਕਹਿਣ ਮੁਤਾਬਕ ਜਦ ਉਸਦੀ ਦੇਹ ਨੂੰ ਆਗਰੇ ਵਿਚ ਦਫ਼ਨਾਇਆ ਗਿਆ ਤਾਂ ਉਸਦਾ ਸਿਰ ਸੂਰਜ ਅਤੇ ਪੂਰਬ ਵੱਲ ਰਖਿਆ ਗਿਆ। ਸਪਸ਼ਟ ਹੈ ਕਿ ਅਕਬਰ ਦੇ ਮਨ ਨੇ ਇਹ ਸਵੀਕਾਰ ਕਰ ਲਿਆ ਸੀ ਕਿ ਸੂਰਜ ਅਦਿਖ ਅਤੇ ਇਲਾਹੀ ਸੱਤਾ ਦਾ ਪਰਮ ਪ੍ਰਤੀਕ ਹੈ।

ਸਾਡੇ ਵਿਦਵਾਨ ਪੂਰਵਜਾਂ ਨੇ ਸੂਰਜ ਦੀਆਂ ਬਾਰਾਂ ਰਾਸ਼ੀਆਂ ਤੇ ਚੰਦਰਮਾਂ ਦੇ ਸਤਾਈ ਜਾਂ ਅਠਾਈ ਨਛੱਤਰਾਂ ਦੀ ਕਲਪਣਾ ਕੀਤੀ। ਉਨ੍ਹਾਂ ਦੇ ਮਨ ਵਿਚ ਸੂਰਜ ਤੋਂ ਸਾਲ ਦਾ ਤੇ ਚੰਦਰਮਾਂ ਤੋਂ ਮਹੀਨੇ ਦਾ ਵਿਚਾਰ ਪੈਦਾ ਹੋਇਆ। ਇਸੇ ਲਈ ਸਾਲ ਦਾ ਅਰਥ ਸੂਰਜ ਹੈ ਤੇ ਮਾਹ ਜਾਂ ਮਹੀਨੇ ਦਾ ਅਰਥ ਚੰਦਰਮਾ। ਜਿਸਤਰਾਂ ਸੂਰਜ ਦੀਆਂ ਬਾਰਾਂ ਰਾਸ਼ੀਆਂ ਦੇ ਨਾਂ ਹਨ, ਇਸੇ ਤਰਾਂ ਚੰਦਰਮਾ ਦੇ ਅਠਾਈ ਨਕਸ਼ਤਰਾਂ ਦੇ ਵੀ ਨਾਂ ਹਨ। ਸੂਰਜ ਦੀ ਜਿਸ ਰਾਸ਼ੀ ਦੌਰਾਨ ਆਉਣ ਵਾਲੀ ਪੂਰਨਮਾਸ਼ੀ ਨੂੰ ਚੰਦਰਮਾ ਜਿਸ ਨਕਸ਼ਤਰ ਵਿਚ ਹੁੰਦਾ ਹੈ, ਉਹੀ ਉਸ ਮਹੀਨੇ ਦਾ ਨਾਂ ਹੁੰਦਾ ਹੈ।

ਸਾਡੇ ਦੇਸੀ ਮਹੀਨਿਆਂ ਵਿਚ ਇਕ ਮਹੀਨਾ ਵੈਸਾਖ ਦਾ ਹੈ। ਇਸਦਾ ਮਤਲਬ ਇਸ ਮਹੀਨੇ ਵਿਚ ਆਉਣ ਵਾਲੀ ਪੂਰਨਮਾਸ਼ੀ ਨੂੰ ਚੰਦਰਮਾ ਵੈਸ਼ਾਖ ਨਕਸ਼ਤਰ ਵਿਚ ਹੁੰਦਾ ਹੈ। ਇਕ ਨਕਸ਼ਤਰ ਦੀ ਸ਼ਕਲ ਮਧਾਣੀ ਜਿਹੀ ਹੈ, ਇਸ ਲਈ ਹੀ ਇਸ ਨਕਸ਼ਤਰ ਦਾ ਨਾਂ ਵੈਸ਼ਾਖ ਪੈ ਗਿਆ ਤੇ ਵੈਸ਼ਾਖ ਮਧਾਣੀ ਨੂੰ ਕਹਿੰਦੇ ਹਨ। ਜਿਸ ਦਿਨ ਸੂਰਜ ਵਿਸ਼ਾਖ ਪੂਰਨਮਾਸ਼ੀ ਵਾਲੇ ਮਹੀਨੇ ਵਿਚ ਪ੍ਰਵੇਸ਼ ਕਰਦਾ ਹੈ ਤਾਂ ਇਸ ਦਿਨ ਨੂੰ ਵਿਸਾਖੀ ਦੇ ਪੂਰਬ ਵਜੋਂ ਮਨਾਇਆ ਜਾਂਦਾ ਹੈ।

ਹੋਰ ਸਵਾਲ ਪੈਦਾ ਹੁੰਦਾ ਕਿ ਸੂਰਜ ਦੀਆਂ ਬਾਰਾਂ ਰਾਸ਼ੀਆਂ ਹਨ ਤੇ ਹਰ ਮਹੀਨੇ ਸੂਰਜ ਆਪਣੀ ਰਾਸ਼ੀ ਬਦਲਦਾ ਹੈ ਤੇ ਇਕ ਰਾਸ਼ੀ ਵਿਚੋਂ ਨਿਕਲਕੇ ਅਗਲੀ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ। ਸੂਰਜ ਦੀ ਇਸ ਤਬਦੀਲੀ ਨੂੰ ਸੰਸਕ੍ਰਿਤ ਵਿਚ ਸੰਕ੍ਰਾਂਤੀ ਕਹਿੰਦੇ ਹਨ। ਸਾਡੇ ਸੱਭਿਆਚਾਰ ਵਿਚ ਸੰਕ੍ਰਾਂਤੀ ਸ਼ਬਦ ਵਿਗੜ ਕੇ ਸੰਗਰਾਂਦ ਹੋ ਗਿਆ। ਵੈਸੇ ਤਾਂ ਹਰ ਸੰਗਰਾਦ ਹੀ ਮਹੱਤਵਪੂਰਨ ਹੁੰਦੀ ਹੈ। ਪਰ ਵੈਸਾਖੀ ਵਾਲੀ ਸੰਗਰਾਂਦ ਵਧੇਰੇ ਮਹੱਤਵਪੂਰਨ ਮੰਨੀ ਜਾਂਦੀ ਹੈ।

ਭਾਰਤੀ ਖਗੋਲ ਸ਼ਾਸਤਰ ਅਨੁਸਾਰ ਬ੍ਰਹਿਮੰਡ ਵਿਚ ਗਤੀਸ਼ੀਲ ਗ੍ਰਿਹਾਂ ਦੀ ਉੱਚ ਅਤੇ ਨਿਮਨਗਤੀ ਅਨੁਮਾਨੀ ਗਈ ਹੈ। ਉੱਚ ਸ਼ਬਦ ਕਿਸੇ ਗ੍ਰਿਹ ਦੇ ਸਫਰ ਦੀ ਸ਼ਿਖਰਲੀ ਸਥਿਤੀ ਨੂੰ ਦਰਸਾਉਂਦਾ ਹੈ। ਇਹ ਸੂਰਜ ਦੀ ਅਜਿਹੀ ਸਥਿਤੀ ਹੈ, ਜਿੱਥੇ ਧਰਤੀ ਦੇ ਘੁੰਮਣ ਕਾਰਨ, ਸੂਰਜ ਆਪਣੇ ਸ਼ਿਖਰਲੇ ਸਥਾਨ 'ਤੇ ਪਹੁੰਚਦਾ ਹੈ। ਭਾਰਤੀ ਮਨ ਮੰਨਦਾ ਹੈ ਕਿ ਜਦ ਕੋਈ ਵੀ ਗ੍ਰਹਿ ਆਪਣੀ ਉਚਗਤੀ ਜਾਂ ਸਥਿਤੀ ਵਿਚ ਹੁੰਦਾ ਹੈ ਤਾਂ ਉਹ ਬੜਾ ਹੀ ਮੰਗਲਮਈ ਹੁੰਦਾ ਹੈ।

ਵਿਸਾਖੀ ਜਾਂ ਇਕ ਵੈਸਾਖ ਦੀ ਸੰਗਰਾਂਦ ਵਾਲੇ ਦਿਨ ਸੂਰਜ ਮੇਸ਼ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ। ਇਸ ਲਈ, ਉਹ, ਇਸ ਦਿਨ, ਆਪਣੀ ਉੱਚ ਸਥਿਤੀ ਵਿਚ ਹੁੰਦਾ ਹੈ। ਇਸ ਕਰਕੇ ਹੀ ਵੈਸਾਖੀ ਦਾ ਦਿਨ ਭਾਰਤੀ ਮਨ ਅਤੇ ਸੱਭਿਆਚਾਰ ਵਿਚ ਮੇਲੇ ਵਜੋਂ ਮਕਬੂਲ ਹੋ ਗਿਆ ਹੈ। ਇਸ ਉੱਚ ਦੀ ਸਥਿਤੀ ਵਿਚ, ਸੂਰਜ ਦਾ ਤਾਪ ਅਤੇ ਪ੍ਰਕਾਸ਼, ਵਨਸਪਤੀ ਲਈ ਵੀ ਲਾਹੇਵੰਦ ਹੁੰਦਾ ਹੈ ਤੇ ਜੀਵ ਜੰਤੂਆਂ ਲਈ ਵੀ ਮੰਗਲਮਈ ਤੇ ਕਲਿਆਣਕਾਰੀ ਮੰਨਿਆ ਜਾਂਦਾ ਹੈ।

ਵੈਸਾਖੀ ਵਾਲੇ ਦਿਨ, ਸੂਰਜ ਦੀ ਉੱਚ ਸਥਿਤੀ ਕਾਰਣ, ਪ੍ਰਕਿਰਤੀ ਆਪਣੀ ਗੂੜ੍ਹੀ ਨੀਂਦ ਵਿਚੋਂ ਜਾਗ ਪੈਂਦੀ ਹੈ। ਕੁਦਰਤ ਪੱਤਝੜ ਨੂੰ ਅਲਵਿਦਾ ਆਖ ਦਿੰਦੀ ਹੈ ਤੇ ਬਹਾਰ ਨੂੰ ਸੈਨਤਾਂ ਮਾਰ ਮਾਰ ਸੱਦੇ ਦਿੰਦੀ ਹੈ। ਇਸ ਦਿਨ ਅਨਾਜ ਪੱਕਣ ਲਗਦਾ ਹੈ ਤੇ ਫੁੱਲ ਫਲਾਂ ਵਿਚ ਬਦਲਣ ਲਗਦੇ ਹਨ। ਸਾਰਾ ਮੌਸਮ ਤੇ ਵਾਤਾਵਰਣ ਏਨਾ ਸੁਹਾਵਣਾ, ਲੁਭਾਵਣਾ ਤੇ ਰਮਣੀਕ ਹੋ ਜਾਂਦਾ ਹੈ ਕਿ ਪੱਤਝੜ ਦੀਆਂ ਤੇਜ ਹਵਾਵਾਂ ਦੇ ਝੰਬੇ ਹੋਏ ਉਦਾਸ ਪੰਛੀ ਮੁੜ ਚਹਿਚਹਾਉਣ ਲਗਦੇ ਹਨ। ਜਿਵੇਂ ਪ੍ਰਕਿਰਤੀ ਨੱਚਣ ਲਗ ਪਈ ਹੋਵੇ। ਅੰਬਾਂ ਦੇ ਬੂਟਿਆਂ ਦਾ ਬੂਰ ਦੇਖ ਕੇ ਕੋਇਲਾਂ ਵੀ ਕਲੋਲਾਂ ਲਈ ਕਮਰਕੱਸੇ ਕਰਨ ਲਗਦੀਆਂ ਹਨ। ਸਾਰੀ ਪ੍ਰਕਿਰਤੀ ਪਿਆਰ ਦੇ ਪ੍ਰਤੀਕ ਵਿਚ ਪਲਟ ਜਾਂਦੀ ਹੈ। ਹਰ ਪਾਸੇ ਮਿਲਾਪ ਦੀਆਂ ਕਨਸੋਆਂ ਸੁਣਦੀਆਂ ਹਨ। ਦੂਰ ਦੁਰਾਡੇ ਕਮਾਈਆਂ ਕਰਨ ਗਏ ਪਤੀਆਂ ਦੀਆਂ ਪਤਨੀਆਂ ਮਿਲਾਪ ਲਈ ਤੜਪ ਉਠਦੀਆਂ ਹਨ।

ਵਿਸਾਖੀ ਦੇ ਰੂਪ ਵਿਚ ਸੂਰਜ ਪ੍ਰਸਤੀ ਦੇ ਪਰਮ ਵਿਚਾਰ ਨੇ ਸਾਡੇ ਸੱਭਿਆਚਾਰ, ਮਿਥਿਹਾਸ ਅਤੇ ਇਤਿਹਾਸ ਨੂੰ ਪ੍ਰਭਾਵਤ ਕੀਤਾ ਹੈ। ਭਾਗਵਤ ਪੁਰਾਣ ਵਿਚ ਕਥਾ ਹੈ ਕਿ ਇਕ ਵੇਲੇ ਦੇਵ ਅਤੇ ਅਦੇਵ ਪ੍ਰਕਿਰਤੀ ਦੀ ਅਨੇਕਤਾ ਤੇ ਆਪਣੀ ਅਮਰਤਾ ਤੋਂ ਹੀ ਉਕਤਾ ਗਏ। ਉਹ ਕਿਸੇ ਨਵੀਂ ਰਚਨਾ ਬਾਰੇ ਸੋਚਣ ਲੱਗੇ। ਖਿਆਲ ਆਇਆ ਕਿ ਰਲ ਮਿਲ ਕੇ ਸਮੁੰਦਰ ਰਿੜਕਿਆ ਜਾਵੇ। ਕਥਾ ਵਿਚ ਦੱਸਿਆ ਗਿਆ ਕਿ ਸਮੁੰਦਰ ਮੰਥਨ ਦੌਰਾਨ ਚੌਦਾਂ ਰਤਨ ਪ੍ਰਾਪਤ ਹੋਏ, ਜਿਨ੍ਹਾਂ ਵਿਚੋਂ ਚੌਧਵਾਂ ਰਤਨ ਅੰਮ੍ਰਿਤ ਸੀ। ਪਹਿਲੇ ਤੇਰਾਂ ਰਤਨਾ ਦੀ ਵੰਡ ਨੂੰ ਲੈ ਕੇ ਉਨ੍ਹਾਂ ਵਿਚ ਸਹਿਮਤੀ ਬਣਦੀ ਗਈ। ਪਰ ਅੰਮ੍ਰਿਤ ਨੂੰ ਲੈ ਕੇ ਦੇਵ ਅਤੇ ਅਦੇਵ ਲੋਕਾਂ ਵਿਚ ਕੂਟਨੀਤੀ ਚੱਲੀ ਤੇ ਘਮਸਾਨ ਮਚ ਗਿਆ। ਕੋਈ ਪੀ ਗਿਆ ਕੋਈ ਰਹਿ ਗਿਆ। ਇਹ ਕਥਾ ਦੱਸਦੀ ਹੈ ਕਿ ਸਾਡੇ ਲੋਕ-ਮਨ ਵਿਚ ਅੰਮ੍ਰਿਤ ਦੀ ਕਿੰਨੀ ਮਹੱਤਤਾ ਹੈ।

ਸਾਡੇ ਭਾਰਤੀ ਲੋਕ-ਮਨ ਵਿਚ ਗੰਗਾ ਜਲ, ਅੰਮ੍ਰਿਤ ਦਾ ਹੀ ਦੂਜਾ ਨਾਂ ਹੈ। ਮਿੱਥ ਅਨੁਸਾਰ ਜਦ ਭਾਗੀਰਥ ਨੇ ਆਪਣੇ ਪਿਤਰਾਂ ਦੀ ਮੁਕਤੀ ਲਈ ਗੰਗਾ ਨੂੰ ਸੁਰਗ ਲੋਕ ਵਿਚੋਂ ਮਾਤ ਲੋਕ ਵਿਚ ਉਤਾਰਨਾ ਚਾਹਿਆ ਤਾਂ ਉਸਨੇ ਸੱਤ ਧੂਣੇ ਬਾਲ ਕੇ ਸੱਤ ਹਜਾਰ ਸਾਲ ਸਖਤ ਤਪ ਕੀਤਾ। ਜਿਸ ਕਰਕੇ ਬ੍ਰਹਮਾ ਜੀ ਨੇ ਗੰਗਾ ਨੂੰ ਧਰਤੀ 'ਤੇ ਉਤਾਰ ਦਿਤਾ। ਜਿਸ ਦਿਨ ਗੰਗਾ ਧਰਤੀ 'ਤੇ ਉਤਰੀ ਉਸ ਦਿਨ ਵਿਸਾਖੀ ਦਾ ਪੁਰਬ ਸੀ।

ਸਾਡੇ ਦੇਸ਼ ਦੇ ਇਤਿਹਾਸ ਵਿਚ ਗੌਤਮ ਬੁੱਧ ਅਜਿਹੇ ਮਹਾ ਪੁਰਸ਼ ਹੋਏ, ਜਿਨ੍ਹਾਂ ਨੂੰ ਜੀਵਨ ਨਿਰਾ ਦੁਖਾਂ ਦਾ ਘਰ ਮਹਿਸੂਸ ਹੁੰਦਾ ਸੀ। ਇਸ ਕਰਕੇ ਉਨ੍ਹਾਂ ਨੇ ਲੋਕਾਈ ਦੇ ਦੁਖ ਨਿਵਾਰਣ ਲਈ ਰਾਜ ਪਾਟ ਦਾ ਤਿਆਗ ਕਰ ਦਿਤਾ ਤੇ ਗਿਆਨ ਪ੍ਰਾਪਤੀ ਲਈ ਸਨਿਆਸ ਲੈ ਲਿਆ। ਘੁੰਮਦੇ ਫਿਰਦੇ ਅਖੀਰ ਥੱਕ ਹਾਰ ਕੇ ਇਕ ਥਾਂ ਸਮਾਧੀ ਲਗਾ ਕੇ ਬੈਠ ਗਏ ਤੇ ਉਹ ਗੰਭੀਰ ਚਿੰਤਨ ਦੀ ਮੁਦਰਾ ਵਿਚ ਉਤਰ ਗਏ। ਜਿਸ ਦਿਨ ਉਨ੍ਹਾਂ ਨੂੰ ਦੁਖ ਦੇ ਕਾਰਣ ਦੀ ਸਮਝ ਪਈ ਤੇ ਦੁਖ ਨਿਵਾਰਣ ਲਈ ਗਿਆਨ ਦਾ ਪ੍ਰਕਾਸ਼ ਹੋਇਆ, ਉਸ ਦਿਨ ਵੀ ਵਿਸਾਖੀ ਦਾ ਪੁਰਬ ਹੀ ਸੀ।

ਗੀਤਾ ਵਿਚ ਸ੍ਰੀ ਕ੍ਰਿਸ਼ਨ ਜੀ ਨੇ ਬਚਨ ਕੀਤਾ ਕਿ ਜਦ ਵੀ ਧਰਮ ਵਿੱਚ ਗਿਰਾਵਟ ਆਉਂਦੀ ਹੈ ਤਾਂ ਮੈਂ ਆਪਣੀ ਸਿਰਜਣਾ ਕਰ ਲੈਂਦਾ ਹਾਂ। ਪੰਦਰਵੀ ਸਦੀ ਵਿਚ ਸਾਡੇ ਦੇਸ਼ ਦੀ ਸਮਾਜਿਕ ਹਾਲਤ ਬਦ ਤੋਂ ਬਦਤਰ ਹੋ ਚੁੱਕੀ ਸੀ। ਸਮਾਜ ਵਰਣ ਆਸ਼ਰਮ ਵਿਚ ਗ੍ਰਸਿਆ ਹੋਇਆ ਸੀ। ਊਚ ਨੀਚ ਨੇ ਲੋਕਾਂ ਦਾ ਜੀਣਾ ਮੁਸ਼ਕਲ ਕਰ ਦਿਤਾ ਸੀ। ਸਾਡੇ ਮੁਲਕ ਦੇ ਲੋਕ ਆਪਸੀ ਫੁੱਟ ਦੇ ਏਨੇ ਸ਼ਿਕਾਰ ਹੋ ਚੁਕੇ ਸਨ ਕਿ ਇਨ੍ਹਾਂ ਵਿਚ ਕੋਈ ਸਾਂਝੀਵਾਲਤਾ ਦਾ ਨਾਂ ਸੁਣਨ ਲਈ ਤਿਆਰ ਨਹੀਂ ਸੀ।

ਅਜਿਹੇ ਹਾਲਾਤ ਦਾ ਲਾਹਾ ਲੈਂਦੇ ਹੋਏ ਜਰਵਾਣੇ ਧਾੜਵੀ ਬਾਬਰ ਨੇ ਹਿੰਦੁਸਤਣ 'ਤੇ ਧਾਵਾ ਬੋਲ ਦਿਤਾ। ਕਈ ਪੜਾਵਾਂ ਵਿਚ ਤੇ ਕਈ ਥਾਵਾਂ 'ਤੇ ਘਮਸਾਣ ਮਚੀ, ਜੰਗ ਲੱਗੀ ਤੇ ਕਤਲੋਗਾਰਤ ਹੋਈ। ਅਖੀਰ ਬਾਬਰ ਨੇ ਮੁਗ਼ਲ ਹਕੂਮਤ ਦੇ ਪਹਿਲੇ ਮੁਖੀ ਵਜੋਂ ਦੇਸ਼ ਦੀ ਵਾਗਡੋਰ ਸੰਭਾਲ ਲਈ। ਸਾਡੇ ਮੁਲਕ ਦੇ ਲੋਕ-ਮਨ ਵਿਚ ਮੁਰਦੇਹਾਣੀ ਛਾ ਗਈ।

ਐਨ੍ਹ ਇਸੇ ਵੇਲੇ ਗੁਰੂ ਨਾਨਕ ਦਾ ਆਗਮਨ ਹੋਇਆ। ਉਨ੍ਹਾਂ ਨੇ ਮਨੁਖਤਾ ਵਿਚ ਵੰਡੀਆਂ ਪਾਉਣ ਵਾਲੀ ਵਰਣ ਵਿਵਸਥਾ ਰੱਦ ਕਰ ਦਿਤੀ। ਸਮਾਜ ਵਿਚ ਰੋਟੀ ਬੇਟੀ ਦੀ ਸਾਂਝ ਵਿਚ ਰੁਕਾਵਟ ਬਣਨ ਵਾਲੀ ਜਾਤੀ ਪ੍ਰਥਾ ਨੂੰ ਮੂਲੋਂ ਹੀ ਨਕਾਰ ਦਿਤਾ ਤੇ ਸਾਂਝੀਵਾਲਤਾ ਦਾ ਬਿਗਲ ਵਜਾ ਦਿਤਾ। ਹਰ ਜਾਤੀ ਅਤੇ ਵਰਣ ਦੇ ਅਮੀਰ ਗਰੀਬ ਸਭ ਇਕ ਥਾਂ ਬਹਿ ਕੇ ਲੰਗਰ ਛਕਣ ਲੱਗੇ। ਅਜਿਹੇ ਮਹਾਂਪੁਰਖ ਗੁਰਦੇਵ ਦੀ ਆਮਦ ਨੂੰ ਗੁਰਮਤਿ ਗਿਆਨ ਦੇ ਗਿਆਤਾ ਭਾਈ ਗੁਰਦਾਸ ਜੀ ਨੇ ਇਸਤਰਾਂ ਬਿਆਨ ਕੀਤਾ ਕਿ "ਜਿਉਂ ਕਰ ਸੂਰਜ ਨਿਕਲਿਆ...ਹੋਵੈ ਕੀਰਤਨੁ ਸਦਾ ਵਿਸੋਆ"। ਜਿਵੇਂ ਅੰਧਕਾਰ ਵਿਚ ਸੂਰਜ ਨਿਕਲ ਆਇਆ ਹੋਵੇ ਤੇ ਹਰ ਘਰ ਵਿਚ ਵਿਸਾਖੀ ਦਾ ਉਤਸਵ ਮਨਾਇਆ ਜਾ ਰਿਹਾ ਹੋਵੇ।

ਵਿਸਾਖੀ ਨੂੰ ਦੇਸੀ ਬੋਲੀ ਵਿਚ ਵਸੋਆ ਵੀ ਕਹਿੰਦੇ ਹਨ। ਗੁਰੂ ਨਾਨਕ ਦੇ ਅਗਮਨ ਨਾਲ ਦੇਸ ਵਿਚ ਅਜਿਹਾ ਮਹੌਲ ਬਣ ਗਿਆ ਜਿਵੇਂ ਵਿਸਾਖੀ ਹੋਵੇ ਤੇ ਜਿਵੇਂ ਅਸੀਂ ਵਨਸਪਤੀ ਦੀ ਤਰਾਂ, ਗਹਿਰੀ ਨੀਂਦ ਵਿਚੋਂ, ਜਾਗ ਪਏ ਹੋਈਏ। ਇਹ ਵੀ ਸੱਚ ਹੈ ਕਿ ਇਹ ਵਿਸਾਖੀ ਪੂਰੇ ਭਾਰਤ ਵਰਸ਼ ਦਾ ਉਤਸਵ ਹੈ। ਵੱਖੋ ਵੱਖ ਇਲਾਕੇ ਦੇ ਹਿਸਾਬ ਨਾਲ ਇਸਦਾ ਨਾਂ ਵੱਖਰਾ ਹੋ ਸਕਦਾ ਹੈ। ਪਰ ਇਸ ਉਤਸਵ ਦੀ ਆਤਮਾਂ ਸਾਂਝੀ ਹੈ।

ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਨੇ ਆਪਣੇ ਅਨਿੰਨ ਸਿਖ ਭਾਈ ਪਾਰੋ ਪਰਮਹੰਸ ਦੇ ਕਹਿਣ 'ਤੇ ਵਿਸਾਖੀ ਦੇ ਮੇਲੇ ਦਾ ਪ੍ਰਚਲਣ ਕੀਤਾ। ਦੂਰੋਂ ਦੂਰੋਂ ਸੰਗਤ ਆਉਣ ਲੱਗੀ। ਗੁਰੂ ਨਾਨਕ ਪਾਤਸ਼ਾਹ ਦੇ ਪਰਮ ਮਨੋਰਥ ਸਾਂਝੀਵਾਲਾ ਤੇ ਸਰਬੱਤ ਦੇ ਭਲੇ ਨੂੰ ਬੂਰ ਪੈਣ ਲੱਗਾ ਤੇ ਸਾਡਾ ਸਮਾਜ ਸਦੀਆਂ ਦੀ ਨੀਂਦ ਵਿਚੋਂ ਬਾਹਰ ਆਉਣ ਲੱਗਾ।

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਸਾਂਝੇ ਤੌਰ ਪਰ ਸਾਰੀ ਮਨੁਖਤਾ ਦੇ ਭਲੇ ਲਈ ਤੇ ਵਿਸ਼ੇਸ਼ ਤੌਰ ਪਰ ਆਪਣੇ ਮੁਲਕ ਦੇ ਕਲਿਆਣ ਲਈ ਇਕ ਵਚਨਬੱਧ ਸੰਗਠਨ ਤਿਆਰ ਕੀਤਾ, ਜਿਸਨੂੰ ਉਨ੍ਹਾਂ ਨੇ 'ਖਾਲਸਾ ਪੰਥ' ਦਾ ਨਾਂ ਦਿਤਾ। ਇਸ ਮਹਾਨ ਸਾਜਨਾ ਲਈ ਵਿਸਾਖੀ ਦਾ ਪਵਿਤਰ ਪੁਰਬ ਚੁਣਿਆ ਗਿਆ।

ਇਸ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਹਜ਼ਾਰਾਂ ਦੇ ਇਕੱਠ ਵਿਚ ਪਾਤਸ਼ਾਹ ਨੇ ਪੂਰੇ ਮੁਲਕ ਵਿਚੋਂ ਪੰਜ ਸਿਖਾਂ ਦੀ ਚੋਣ ਕੀਤੀ ਤੇ ਉਨ੍ਹਾਂ ਨੂੰ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦਾ ਆਦੇਸ਼ ਦਿਤਾ। ਵਰਣ ਅਤੇ ਜਾਤੀਵਾਦ ਦੇ ਡੰਗੇ ਹੋਏ ਤੇ ਵੰਡੇ ਹੋਏ ਸਮਾਜ ਵਿੱਚ ਇਕਸੁਰਤਾ ਪੈਦਾ ਕਰਨ ਲਈ, ਲੰਗਰ ਦੀ ਪਰੰਪਰਾ ਰਾਹੀਂ ਪੈਦਾ ਹੋਈ ਰੋਟੀ ਦੀ ਸਾਂਝ ਨੂੰ, ਬੇਟੀ ਦੀ ਸਾਂਝ ਤਕ ਲੈਜਾਣ ਦਾ ਟੀਚਾ ਰੱਖਿਆ। ਇਥੇ ਹੀ ਬਸ ਨਹੀਂ, ਵਹਿਸ਼ੀ ਜਰਵਾਣਿਆਂ ਦੇ ਨਿਤ ਹੋਣ ਵਾਲੇ ਹਮਲਿਆਂ ਤੋਂ ਮੁਲਕ ਨੂੰ ਸੁਰਖਰੂ ਕਰਨ ਹਿਤ, ਇਖਲਾਕ ਵਿਚ ਪਰਿਪੱਕ ਰਹਿੰਦੇ ਹੋਏ, ਸ਼ਾਸਤਰ ਅਤੇ ਸ਼ਸਤਰਧਾਰੀ ਹੋਣ ਦਾ ਸੰਦੇਸ਼ ਦਿਤਾ। ਇਸ ਵਿਸਾਖੀ ਦੇ ਪੁਰਬ 'ਤੇ ਉਚੇ ਇਲਮ ਅਤੇ ਸੱਚੇ ਅਮਲ ਨੇ ਪੂਰੇ ਮੁਲਕ ਵਿਚ ਪੁਨਰ ਜਾਗਰਤੀ ਦੀ ਲਹਿਰ ਛੇੜ ਦਿਤੀ। ਲੋਕ ਆਪਣੇ ਹੱਕ ਸੱਚ ਲਈ ਤਿਆਰ ਬਰ ਤਿਆਰ ਹੋ ਗਏ।

ਜਿਵੇਂ ਜਿਵੇਂ ਇਹ ਲਹਿਰ ਜੋਰ ਫੜਦੀ ਗਈ, ਹਕੂਮਤ ਦੀ ਚੈਨ ਉੜਦੀ ਗਈ। ਹਕੂਮਤ ਨੇ ਇਸ ਲਹਿਰ ਨੂੰ ਖਤਮ ਕਰਨ ਲਈ ਯੋਜਨਾਵਾਂ ਬਣਾਉਣੀਆਂ ਅਰੰਭ ਦਿਤੀਆਂ। ਸੂਬਾ ਸਰਹੰਦ ਤੇ ਸੂਬਾ ਲਹੌਰ ਹਰਕਤ ਵਿਚ ਆ ਗਏ। ਥਾਂ ਥਾਂ ਜੰਗ ਹੋਣ ਲੱਗੀ। ਗੁਰੂ ਕੇ ਸਿਖ ਗੱਜਣ ਲੱਗੇ 'ਤੇ ਵੈਰੀ ਭੱਜਣ ਲਗੇ। ਔਰੰਗਜ਼ੇਬ ਦੀ ਮੌਤ ਤੋਂ ਬਾਦ ਮੁਗਲ ਹਕੂਮਤ ਕਮਜ਼ੋਰ ਪੈ ਗਈ।

ਫਿਰ ਇਰਾਨੀ ਆਜੜੀ ਨਾਦਰਸ਼ਾਹ ਉਠਿਆ ਤੇ ਉਸਨੇ ਸਾਡੇ ਮੁਲਕ ਨੂੰ ਲੁੱਟ ਅਤੇ ਯਲਗਾਰ ਦਾ ਨਿਸ਼ਾਨਾ ਬਣਾਇਆ। ਉਹ ਮਰਿਆ ਤਾਂ ਉਸਦਾ ਅਹਿਲਕਾਰ ਅਹਿਮਦਸ਼ਾਹ ਅਬਦਾਲੀ ਉਠਿਆ ਤੇ ਉਸਨੇ ਸਾਡੇ ਮੁਲਕ 'ਤੇ ਫਿਰ ਹਮਲੇ ਸ਼ੁਰੂ ਕਰ ਦਿਤੇ। ਆਪਣੇ ਮੁਲਕ ਦੀ ਇਜ਼ਤ ਆਬਰੂ ਦੀ ਰੱਖਿਆ ਲਈ, ਗੁਰੂ ਗੋਬਿੰਦ ਸਿੰਘ ਦੇ ਸਾਜੇ ਨਿਵਾਜੇ ਪੰਥ ਨੇ, ਆਪਣਾ ਤਾਣ ਲਗਾ ਦਿਤਾ। ਅਬਦਾਲੀ ਨੂੰ ਆਪਣੀ ਸ਼ਕਤੀ ਖੀਣ ਹੋ ਰਹੀ ਨਜ਼ਰ ਆਈ ਤਾਂ ਉਸਨੇ ਵੱਡੇ ਹਮਲੇ ਨਾਲ ਮਲੇਰਕੋਟਲੇ ਦੇ ਨੇੜੇ ਕੁੱਪਰਹੀੜੇ ਵਿਖੇ, ਜਾਂਬਾਜ ਪੰਥਕ ਜਜ਼ਬੇ ਅਧੀਨ ਲੜਨ ਵਾਲੇ ਲੋਕਾਂ ਦਾ ਲੱਕ ਤੋੜ ਸੁਟਿਆ। ਫਿਰ ਉਸਨੇ ਬਚੇ ਖੁਚੇ ਲੋਕਾਂ ਨੂੰ ਮਾਨਸਿਕ ਤੌਰ ਪਰ ਬੇਇਜ਼ਤ ਅਤੇ ਸਾਹ ਸਤ ਹੀਣ ਕਰਨ ਲਈ, ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਵਿਤਰ ਇਮਾਰਤ ਨੂੰ ਤੋਪਾਂ ਨਾਲ ਉੜਾ ਦਿਤਾ। ਆਪਣੇ ਇਸ ਕਹਿਰ ਅਤੇ ਕਰੂਰ ਮਨਸੂਬੇ ਲਈ ਉਸਨੇ ਵਿਸਾਖੀ ਦੇ ਹੀ ਪਵਿਤਰ ਪੁਰਬ ਨੂੰ ਚੁਣਿਆ। ਪਰ ਪੰਥਕ ਜਜ਼ਬੇ ਦੀ ਕਰਾਮਾਤ ਦੇਖੋ ਕਿ ਉਸੇ ਸਾਲ ਪੰਡਤ ਦੇਸਰਾਜ ਜੀ ਨੇ, ਆਪਣਾ ਘਰ-ਘਾਟ ਵੇਚ ਕੇ, ਮੁੜ ਉਨ੍ਹਾਂ ਹੀ ਨੀਹਾਂ ਉਤੇ, ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਨਿਰਮਾਣ ਕਰਵਾ ਦਿਤਾ। ਪੰਡਤ ਦੇਸਰਾਜ ਜੀ ਦੀ ਸੇਵਾ ਅਤੇ ਸਿਦਕ ਸਦਕਾ, ਗੁਰੂ ਦੇ ਬਖਸ਼ੇ ਪੰਥਕ ਜਜ਼ਬੇ ਨੂੰ ਆਂਚ ਨਾ ਆਈ ਤੇ ਉਹ ਮੁੜ ਉਸੇ ਜੋਸ਼ ਵਿਚ ਤਿਆਰ ਬਰ ਤਿਆਰ ਹੋ ਗਿਆ।

ਫਿਰ ਇਨ੍ਹਾਂ ਜਰਵਾਣੇ ਲੋਕਾਂ ਦੇ ਹਮਲਿਆਂ ਦਾ ਮੂੰਹ ਭੰਨਣ ਲਈ ਹੀਲੇ ਹੋਣ ਲੱਗੇ। ਇਨ੍ਹਾਂ ਹੀਲਿਆਂ ਵਿਚੋਂ ਇਕ ਹੀਲਾ ਮਹਾਰਾਜੇ ਰਣਜੀਤ ਸਿੰਘ ਨੇ ਕੀਤਾ। ਉਸਨੇ ਖਿੰਡੀ ਪੁੰਡੀ ਪੰਥਕ ਤਾਕਤ ਨੂੰ ਇਕੱਤਰ ਕੀਤਾ ਤੇ ਸੋਲਾਂ ਸੌ ਨੜ੍ਹਿਨਵੇਂ ਦੀ ਵੈਸਾਖੀ ਦੇ ਇਕ ਸੌ ਦੋ ਸਾਲ ਬਾਦ, ਵਿਸਾਖੀ ਦੇ ਪਵਿਤਰ ਪੂਰਬ ਉਤੇ ਹੀ, ਰਾਜ ਸਿੰਘਾਸਣ 'ਤੇ ਬਿਰਾਜਮਾਨ ਹੋ ਕੇ, ਹਮਲਿਆਂ ਦਾ ਮੂੰਹਤੋੜ ਜਵਾਬ ਦੇਣ ਦਾ ਅਹਿਦ ਲਿਆ।

ਕੁਦਰਤ ਦੀ ਖੇਡ ਦੇਖੋ ਕਿ ਬੇਸ਼ਕ ਮਹਾਰਾਜਾ ਰਣਜੀਤ ਸਿੰਘ ਨੇ ਪੱਛਮ ਵਲੋਂ ਹੋਣ ਵਾਲੇ ਅਫਗਾਨੀ ਹਮਲਿਆਂ ਦਾ ਸਦੀਵੀ ਬੰਦੋਬਸਤ ਕਰ ਦਿਤਾ। ਪਰ ਪੂਰਬ ਦੀ ਚੋਰ ਮੋਰੀ ਰਾਹੀਂ ਦੇਸ਼ ਵਿਚ ਗੋਰੇ ਆਣ ਵੜੇ। ਇਧਰੋਂ ਅਜਾਦ ਹੋਏ ਤਾਂ ਉਧਰੋਂ ਗੁਲਾਮੀ ਦਾ ਨਵਾਂ ਰਾਹ ਖੁੱਲ ਗਿਆ। ਰਣਜੀਤ ਸਿੰਘ ਚਲ ਵਸਿਆ ਤਾਂ ਦੇਸ਼ ਗੋਰਿਆਂ ਦੇ ਅਧੀਨ ਹੋ ਗਿਆ।

ਫਿਰ ਤੱਦੀ ਦਾ ਨਵਾਂ ਦੌਰ ਸ਼ੁਰੂ ਹੋ ਗਿਆ। ਸਾਡੇ ਮੁਲਕ ਦੇ ਜੰਮਿਆਂ ਨੂੰ ਮੁੜ ਮੁਹਿੰਮਾਂ ਦਾ ਸਾਹਮਣਾ ਕਰਨਾ ਪਿਆ। ਅੱਜ ਕਿਤੇ ਕੱਲ ਕਿਤੇ। ਜਲਸੇ ਹੋਣ ਲੱਗੇ। ਦੇਸ਼ ਨੂੰ ਅਜਾਦ ਕਰਾਉਣ ਲਈ ਸੋਚਾਂ ਸੋਚੀਆਂ ਜਾਣ ਲੱਗੀਆਂ ਤੇ ਤਰਕੀਬਾਂ ਬਣਨ ਲੱਗੀਆਂ। ਕਿਸੇ ਅਜਿਹੀ ਸਕੀਮ ਵਿਚ ਲੋਕ ਜਲ੍ਹਿਆਂ ਵਾਲੇ ਬਾਗ ਵਿਚ ਇਕੱਤਰ ਹੋਏ। ਪਰ ਅੰਗਰੇਜ਼ ਹਕੂਮਤ ਨੂੰ ਇਹ ਮਨਜ਼ੂਰ ਨਹੀਂ ਸੀ। ਕਰਨਲ ਡਾਇਰ ਨੇ ਖਿਝ ਕੇ ਜਲ੍ਹਿਆਂ ਵਾਲੇ ਬਾਗ ਦੇ ਇਕੱਠ ਉਤੇ ਹਮਲਾ ਕਰ ਦਿਤਾ ਤੇ ਅਣਗਿਣਤ ਲੋਕਾਂ ਨੂੰ ਗੋਲੀਆਂ ਨਾਲ ਮਾਰ ਮੁਕਾਇਆ। ਗੋਰੀ ਹਕੂਮਤ ਨੇ ਆਪਣੇ ਇਸ ਮਨਹੂਸ ਮਨਸੂਬੇ ਲਈ ਵਿਸਾਖੀ ਦੇ ਪਵਿਤਰ ਪੁਰਬ ਨੂੰ ਹੀ ਚੁਣਿਆ।

ਅਸਲ ਵਿਚ ਉਹ ਸਾਡੇ ਮੁਲਕ ਦੀ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਵਾਲੀ ਮੁਹਿੰਮ ਦਾ ਲੱਕ ਤੋੜਨਾ ਚਾਹੁੰਦੇ ਸਨ ਤੇ ਉਹ ਸਮਝਦੇ ਸਨ ਕਿ ਸਾਡੇ ਮੁਲਕ ਦੀ ਅਸਲ ਤਾਕਤ ਵਿਸਾਖੀ ਦੇ ਪਵਿਤਰ ਪੁਰਬ ਵਿਚ ਹੀ ਸਮਾਈ ਹੋਈ ਹੈ। ਇਹੀ ਕਾਰਣ ਹੈ ਕਿ ਅਸੀਂ ਆਪਣੀ ਏਕਤਾ ਤੇ ਇਕੱਤਰਤਾ ਲਈ ਹਮੇਸ਼ਾ ਵਿਸਾਖੀ ਦਾ ਪੁਰਬ ਹੀ ਚੁਣਦੇ ਹਾਂ ਤੇ ਸਾਡੇ ਦੁਸ਼ਮਣ ਵੀ ਸਾਡੀ ਏਕਤਾ ਦੇ ਜਜ਼ਬੇ ਨੂੰ ਤਹਿਸ ਨਹਿਸ ਕਰਨ ਲਈ ਵਿਸਾਖੀ ਦਾ ਦਿਨ ਹੀ ਚੁਣਦੇ ਹਨ।

ਵਿਸਾਖੀ ਦਾ ਪਾਵਨ ਦਿਹਾੜਾ ਸਾਨੂੰ ਹਮੇਸ਼ਾ ਜਗਾਉਂਦਾ ਤੇ ਯਾਦ ਕਰਾਉਂਦਾ ਹੈ ਕਿ ਅਸੀਂ ਸੱਚ ਨਾਲ ਜੁੜ ਕੇ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਲਈ ਜੀਣਾ ਹੈ ਤੇ ਇਸੇ ਲਈ ਮਰਨਾ ਹੈ। ਸ਼ਾਲਾ ਵਿਸਾਖੀ ਦੇ ਪੁਰਬ ਇਸੇ ਤਰਾਂ ਆਉਂਦੇ ਰਹਿਣ ਤੇ ਮੇਲੇ ਲਗਦੇ ਰਹਿਣ। ਅਸੀਂ ਹਮੇਸ਼ਾ ਜਗਦੇ ਜਾਗਦੇ ਤੇ ਵਸਦੇ ਰਸਦੇ ਰਹੀਏ। ਜਦ ਤਕ ਸੂਰਜ ਚੜ੍ਹਦਾ ਰਹੇਗਾ, ਵਿਸਾਖੀ ਦੇ ਮੇਲੇ ਲਗਦੇ ਰਹਿਣਗੇ। ਅਖੀਰ ਵਿਚ ਵਿਸਾਖੀ ਦੇ ਇਸ ਪਵਿਤਰ ਦਿਹਾੜੇ ਦੀ ਸਭ ਨੂੰ ਮੁਬਾਰਕ ਹੋਵੇ!

# ਦਰਸ਼ਨ ਘਾਰੂ ਦੀ ਵਿਲੱਖਣਤਾ



ਚਰਚਿਤ ਅਦਾਕਾਰ ਦਰਸ਼ਨ ਘਾਰੂ ਦੀ ਵਿਲੱਖਣ ਖੂਬਸੂਰਤ ਅਦਾਕਾਰੀ ਦਰਸ਼ਕਾਂ ਦੇ ਸਿਰ ਚੜ੍ਹ ਬੋਲਦੀ ਹੈ। ਪੰਜਾਬੀ ਫਿਲਮ ਇੰਡਸਟ੍ਰੀਜ ਵਿਚ ਬਹੁਤ ਸਾਰੀਆ ਅਜਿਹੀਆਂ ਮਾਣਮੱਤੀਆਂ ਸਖਸ਼ੀਅਤਾਂ ਅਜਿਹੀਆਂ ਹਨ, ਜਿੰਨਾ ਦੀ ਦਿਨ ਰਾਤ ਦੀ ਮਿਹਨਤ ਤੇ ਅਦਾਕਾਰੀ ਸਿਨੇਮਾ ਪ੍ਰੇਮੀਆਂ ਦੇ ਸਿਰ ਚੜ੍ਹ ਬੋਲਦੀ ਹੈ। ਮੈ

ਸ਼ਿਵਨਾਥ ਦਰਦੀ
ਫ਼ਰੀਦਕੋਟ

ਅਜਿਹੀ ਹੀ ਇਕ ਸਖਸ਼ੀਅਤ ਨੂੰ ਤੁਹਾਡੇ ਸਨਮੁੱਖ ਕਰਨ ਜਾ ਰਿਹਾ ਹਾਂ , ਜਿਨਾਂ ਦੀ ਬੇਮਿਸਾਲ ਅਦਾਕਾਰੀ ਬਾਲੀਵੁੱਡ, ਪਾਲੀਵੁੱਡ ਤੇ ਟਾਲੀਵੁੱਡ ਵਿਚ ਆਪਣਾ ਵੱਖਰਾ ਅਧਾਰ ਪੇਸ਼ ਕਰਦੀ ਹੈ। ਉਸ ਚਰਚਿਤ ਸਖਸ਼ੀਅਤ ਦਾ ਨਾਮ ਹੈ 'ਦਰਸ਼ਨ ਘਾਰੂ', ਉਸ ਦਾ ਜਨਮ ਸਰਦਾਰ ਗੁਰਨਾਮ ਸਿੰਘ ਦੇ ਘਰ ਮਾਤਾ ਨਿਹਾਲ ਕੌਰ ਦੇ ਕੁੱਖੋ ਪਿੰਡ ਬੋਹਾ ਜ਼ਿਲ੍ਹਾ ਮਾਨਸਾ ਵਿਚ ਹੋਇਆਂ। ਪਰ ਅੱਜ ਕੱਲ੍ਹ ਉਸ ਦਾ ਆਸ਼ੀਆਨਾ ਮੋਹਾਲੀ ਸੰਨੀ ਇਨਕਲੇਵ ਵਿੱਚ ਹੈ।

ਜੇਕਰ ਉਸ ਦੇ ਪੰਜਾਬੀ ਟੀ.ਵੀ ਸੀਰੀਅਲ ਦੀ ਗੱਲ ਕਰੀਏ ਤਾਂ ਉਸ ਦੇ 'ਐਮ.ਐਚ.ਵਨ' , ਜਲੰਧਰ ਦੂਰਦਰਸ਼ਨ, ਪੰਜਾਬ ਚੈਨਲ ਤੇ ਲਿਸ਼ਕਾਰਾ ਚੈਨਲ ਆਦਿ ਦਰਸ਼ਕਾਂ ਦਾ ਮਨੋਰੰਜਨ ਕਰਦੇ ਰਹੇ। ਓਨਾਂ ਮੌਜੂਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਨਾਲ "ਜੁਗਨੂੰ ਹਾਜਿਰ ਹੈ", ਕਾਟੋ ਫੁੱਲਾਂ ਤੇ, ਦਾ ਗ੍ਰੇਟ ਕਮੇਡੀ ਸੋਅ, ਕੇਹਰ ਸਿੰਘ ਦੀ ਮੌਤ, ਕਰੇਜੀ ਥਾਣਾਂ, ਸਿਰਨਾਵਾਂ ਤੇ ਸੰਦਲੀ ਪੈੜਾਂ ਆਦਿ ਹਨ।



ਉਸ ਦੀਆਂ ਵੈੱਬਸੀਰੀਜ਼ ਟੂੰਮਾਂ, ਤੇਜਾ ਨਗੋਰੀ, ਪਰਛਾਵੇ ਤੇ ਅਣਖ ਚੈਨਲਾਂ ਦੀ ਸਾਨ ਬਣੇ।

ਇਸ ਤੋ ਇਲਾਵਾ ਲਘੂ ਫਿਲਮ 'ਝਨਾਅ ਦਾ ਪਾਣੀ', ਮਾਮੇ ਹੀਰ ਦੇ 2" ਉਸ ਦੀ ਆਪਣੀ ਹੱਥ ਲਿਖਤ ਹੈ, ਹਮਰੇ ਸਰਦਾਰ ਜੀ, ਕੈਰਮ ਬੋਰਡ, ਟੇਪ ਰਿਕਾਰਡਰ, ਵੈੱਬਸੀਰੀਜ਼ ਦੀਵੇ ਵਾਂਗ ਬਲਦੀ ਅੱਖ, ਤੀਵੀਆਂ,ਸੱਕ ਤੇ ਸੂਈ, ਬੰਤਾਂ ਵੈਲੀ ਤੇ ਕੋਹਲੀ ਤੇ ਕਿਰਾਏਦਾਰ ਵੈੱਬਸੀਰੀਜ਼ ਦੇ 10 ਕਿਸ਼ਤਾਂ 'ਦਰਸ਼ਨ ਘਾਰੂ ਜੀ' ਖੁਦ ਲਿਖੀਆਂ ਸਨ ਅਤੇ ਵੈੱਬਸੀਰੀਜ਼ 'ਇਕ ਰਮਾਇਣ ਹੋਰ', ਰੂਮ ਨੰਬਰ 302, 'ਉਜੜੇ ਖੂਹਾਂ ਦਾ ਪਾਣੀ' ਆਦਿ ਬਾਕਮਾਲ ਦੀ ਅਦਾਕਾਰੀ ਕਰ ਵਾਹ ਵਾਹ ਖੱਟੀ।

ਏਸੇ ਤਰ੍ਹਾਂ ਹੀ ਪੜਾਅ ਦਰ ਪੜਾਅ ਉਹ ਪੰਜਾਬੀ ਫੀਚਰ ਫ਼ਿਲਮਾਂ ਵੱਲ ਵਧੇ ਅਤੇ ਕਈ ਦਿਗਜ ਅਦਾਕਾਰ ਨਾਲ ਕੰਮ ਕੀਤਾ। ਪੰਜਾਬੀ ਫੀਚਰ ਫ਼ਿਲਮ "ਮਿੰਦੋ ਤਹਿਸੀਲਦਾਰਨੀ, ਟੈਲੀਵਿਜ਼ਨ, ਸਾਊ ਮੁੰਡੇ, ਯੋਧਾ, ਡਾਕੂਆਂ ਦਾ ਮੁੰਡਾ 2, ਬਸੰਤ ਕੌਰ, ਗੋਲਗੱਪੇ, ਉੱਲੂ ਦੇ ਪੱਠੇ" ਤੇ ਟੇਪ ਰਿਕਾਰਡਰ ਤੋ ਇਲਾਵਾ ਹਿੰਦੀ ਸੀਰੀਅਲ 'ਕਰਾਇਮ ਪੈਟਰੋਲ', ਸਾਵਧਾਨ ਇੰਡੀਆ ਤੇ ਉਮੀਓ ਕਾ ਡੇਰਾ' ਰਾਹੀ ਦਰਸ਼ਕਾਂ ਤੇ ਚੰਗੇ ਅਦਾਕਾਰ ਵਜੋ ਅਮਿੱਟ ਛਾਪ ਛੱਡੀ। ਉਸ ਨੇ ਗੱਲਬਾਤ ਦੌਰਾਨ ਦੱਸਿਆਂ ਕਿ ਓਹ ਚਾਇਨਾ ਵਿਚ ਵੀ ਚਾਰ ਫਿਲਮਾਂ ਕੀਤੀਆਂ ਤੇ ਬਹੁਤ ਜਲਦ ਉਸ ਦੀਆਂ ਦੋ ਫੀਚਰ ਫ਼ਿਲਮਾਂ ਅਤੇ ਇਕ ਕਰਾਇਮ ਵੈੱਬਸੀਰੀਜ਼ ਬਣਨ ਜਾ ਰਹੀ ਹੈ। ਚਰਚਿਤ ਅਦਾਕਾਰ ਦਰਸ਼ਨ ਘਾਰੂ ਜੀ ਦਾ ਬੇਟਾ "ਸਾਹਿਲਵੀਰ" ਕੈਰਮ ਬੋਰਡ ਲਘੂ ਫ਼ਿਲਮ ਵਿਚ ਬਾਲ ਅਦਾਕਾਰ ਵਜੋ ਪਾਲੀਵੁੱਡ ਵਿੱਚ ਇੰਟਰੀ ਕਰ ਚੁੱਕੇ ਹਨ।

## ਕਲਾ ਪਰਿਕਰਮਾ

# ਸੁਰ ਸਮਰਾਟ ਸਹਿਗਲ

ਜਲੰਧਰ ਦੇ ਚੰਗੇ ਸਰਦੇ-ਪੁੱਜਦੇ ਖਾਨਦਾਨੀ ਪਰਿਵਾਰ ਵਿਚ ਕੇ. ਐਲ. ਸਹਿਗਲ ਦਾ ਜਨਮ 11 ਅਪ੍ਰੈਲ, 1916 ਨੂੰ ਹੋਇਆ, ਜਿਨ੍ਹਾਂ ਦਾ ਪੂਰਾ ਨਾਂਅ ਕੁੰਦਨ ਲਾਲ ਸਹਿਗਲ ਸੀ। ਬਚਪਨ ਤੋਂ ਹੀ ਉਸ ਨੂੰ ਸੰਗੀਤ ਦਾ ਸ਼ੋਕ ਸੀ ਅਤੇ ਰਾਮਲੀਲ੍ਹਾ ਵਿਚ ਉਹ ਕੋਈ ਨਾ ਕੋਈ ਰੋਲ ਵੀ ਅਦਾ ਕਰਿਆ ਕਰਦਾ ਸੀ, ਕਿਉਂਕਿ ਉਸ ਅੰਦਰ ਅਦਾਕਾਰੀ ਦਾ ਕੀੜਾ ਵੀ ਕੁਰਬਲ-ਕੁਰਬਲ ਕਰਦਾ ਰਹਿੰਦਾ ਸੀ। ਸੋਹਣਾ-ਸੁਨੱਖਾ ਮੁੱਛ ਫੁੱਟ ਗੱਭਰੂ ਹੋਣ ਕਰਕੇ ਉਸ ਨੇ ਸੀਤਾ ਦਾ ਕਿਰਦਾਰ ਵੀ ਨਿਭਾਇਆ। ਉਸ ਦੀ ਪੜ੍ਹਾਈ-ਲਿਖਾਈ ਜਲੰਧਰ ਤੋਂ ਇਲਾਵਾ ਜੰਮੂ ਵਿਚ ਵੀ ਹੋਈ ਪਰ ਉਸ ਨੂੰ ਪੜ੍ਹਨ ਦਾ ਕੋਈ ਖਾਸ ਸ਼ੌਕ ਨਹੀਂ ਸੀ । ਉਹ ਤਾਂ ਬੰਬੇ (ਹੁਣ ਮੁੰਬਈ) ਪੁੱਜ ਕੇ ਫ਼ਿਲਮਾਂ ਵਿਚ ਹੀਰੋ ਬਣਨ ਦਾ ਸੁਪਨਾ ਮਨ ਵਿਚ ਪਾਲ ਬੈਠਾ ਸੀ। ਸੰਗੀਤ ਦਾ ਜਨੂੰਨ ਹੋਣ ਕਰਕੇ ਉਸ ਮੁੰਬਈ ਦਾ ਰਸਤਾ ਫੜਿਆ । ਰੁਜ਼ਗਾਰ ਵਜੋਂ ਉਸ ਨੇ ਟਾਈਪ ਰਾਈਟਰਾਂ ਦੇ ਸੇਲਜ਼ਮੈਨ ਵਜੋਂ ਵੀ ਕੰਮ ਕੀਤਾ ਤੇ ਰੇਲਵੇ ਦਾ ਮੁਲਾਜ਼ਮ ਵੀ ਰਿਹਾ, ਪ੍ਰੰਤੂ ਉਸ ਦਾ ਅਜਿਹੇ ਕੰਮਾਂ ਵਿਚ ਦਿਲ ਲੱਗਦਾ ਹੀ ਨਹੀ ਸੀ, ਹਰ ਵੇਲੇ ਇਕ ਤੜਫ ਜਿਹੀ ਰਹਿੰਦੀ, ਇੱਕ ਬੇਚੈਨੀ ਜਿਹੀ ਉਸ ਨੂੰ ਘੇਰੀ ਰੱਖਦੀ। ਸੰਗੀਤ ਕਲਾ ਦੇ ਮਾਹਰਾਂ ਨੇ ਉਸ ਦੇ ਟੇਲੈਂਟ ਦੀ ਪਛਾਣ ਕੀਤੀ ਅਤੇ ਉਸ ਨੂੰ ਫ਼ਿਲਮਾਂ ਵਿਚ ਬਤੌਰ ਨਾਇਕ ਵੀ ਮੌਕੇ ਮਿਲਣ ਲੱਗੇ ਤੇ ਪਿੱਠਵਰਤੀ ਗਾਇਕੀ ਲਈ ਵੀ ਉਸ ਦੀ ਆਵਾਜ਼ ਦੀ ਵਰਤੋਂ ਹੋਣ ਲੱਗੀ। 1933 ਵਿਚ ਬਣੀ ਫ਼ਿਲਮ 'ਯਹੂਦੀ ਲੜਕੀ' ਤੇ 1934 ਵਿਚ ਆਈ 'ਚੰਡੀਦਾਸ' (ਬਾਂਬੇ ਟਾਕੀਜ਼) ਨੇ ਉਸ ਦੀ ਕਲਾ ਨੂੰ ਖੂਬ ਨਿਖਾਰਿਆ-ਸੰਵਾਰਿਆ। 1935 ਵਿਚ ਉਸ ਦੀ ਸ਼ਾਦੀ ਵੀ ਹੋ ਗਈ, ਪਤਨੀ ਦਾ ਨਾਂਅ ਸੀ-ਆਸ਼ਾ ਰਾਧੀ। ਇਸ ਉਪਰੰਤ ਉਸ ਦੀਆਂ ਦੋ ਹੋਰ ਫ਼ਿਲਮਾਂ ਰਿਲੀਜ਼ ਹੋਈਆਂ, 'ਦੁਲਾਰੀ' ਤੇ 'ਬੀਵੀ...'। ਪਰ 1935 ਵਿਚ ਸ਼ਰਤ ਚੰਦਰ ਦੇ ਨਾਵਲ 'ਤੇ ਬਣੀ ਫ਼ਿਲਮ ਦੇਵਦਾਸ ਨੇ ਉਸ ਨੂੰ ਵਿਸ਼ੇਸ਼ ਪਛਾਣ ਦਿੱਤੀ। ਇਸ ਫ਼ਿਲਮ ਦਾ ਗੀਤ ਸੰਗੀਤ ਵੀ ਮਕਬੂਲ ਹੋਇਆ ਤੇ ਸਹਿਗਲ ਦੀ ਦੇਵਦਾਸ-ਨੁਮਾ ਅਦਾਕਾਰੀ ਦੀ ਵੀ ਖੂਬ ਪ੍ਰਸੰਸਾ ਹੋਈ। ਗ਼ਜ਼ਲ ਵਿਚ ਸਹਿਗਲ ਨੂੰ ਖਾਸ ਮੁਹਾਰਤ ਹਾਸਲ ਸੀ। ਉਂਜ ਤਾਂ ਪੂਰੇ ਭਾਰਤ ਵਿਚ ਹੀ ਉਸ ਦੀ ਚੜ੍ਹਤ ਸੀ ਪਰ ਉਸ ਦੇ ਗੀਤਾਂ ਵਿਚ ਬੰਗਲਾ

ਸੁਖਮਿੰਦਰ ਸਿੰਘ ਸੇਖੋਂ

ਸ਼ੈਲੀ ਦਾ ਪ੍ਰਭਾਵ ਹੋਣ ਕਰਕੇ ਅਤੇ ਕੁਝ ਗੀਤ ਅਤੇ ਬੰਗਲਾ ਫ਼ਿਲਮਾਂ ਕਰਨ ਕਰਕੇ ਉਸ ਦਾ ਕਲਕੱਤਾ ਵਾਸੀਆਂ ਤੇ ਪੂਰੇ ਬੰਗਾਲੀਆਂ ਵਿਚ ਚੰਗਾ ਖਾਸਾ ਮਾਣ-ਸਤਿਕਾਰ ਸੀ। ਹਿੰਦੀ ' ਤੋਂ ਇਲਾਵਾ ਉਸ ਆਪਣੀ ਮਾਂ-ਬੋਲੀ ਪੰਜਾਬੀ ਵਿਚ ਵੀ ਗਾਇਆ ਅਤੇ ਹੋਰਨਾ ਭਾਸ਼ਾਵਾਂ ਤੋਂ ਵੀ ਉਹ ਦੂਰ ਨਾ ' ਰਿਹਾ। ਇਥੇ ਉਸ ਦੀ ਇੱਕ ਫ਼ਿਲਮ 'ਸ਼ਾਹਜਹਾਂ' (1940) ਦਾ ਵਿਸ਼ੇਸ ਤੌਰ 'ਤੇ ਜ਼ਿਕਰ ਕਰਨਾ ਬਣਦਾ ਹੈ, ਜਿਸ ਵਿਚ ਉਸ ਦੀ ਭੂਮਿਕਾ ਨੂੰ ਵੀ ਦਰਸ਼ਕਾਂ ਵਲੋਂ ਸਰਾਹਿਆ ਗਿਆ ਤੇ ਇਸ ਫ਼ਿਲਮ ਦਾ ਗੀਤ-ਸੰਗੀਤ ਵੀ ਬਹੁਤ ਮਸ਼ਹੂਰ ਹੋਇਆ। ਲਗਾਨ (1941), ਦੁਸ਼ਮਣ, ਪਰਵਾਨਾ (1947) ਵੀ ਉਸ ਦੀਆਂ ਮਹੱਤਵਪੂਰਨ ਫ਼ਿਲਮਾਂ ਹਨ, ਜਿਨ੍ਹਾਂ ਸਰੋਤਿਆਂ ਦੀ ਨਬਜ਼ ਨੂੰ ਪਕੜਿਆ, ਲੇਕਿਨ 'ਮਿਰਜ਼ਾ ਗਾਲਿਬ' ਵੀ ਕਿਸੇ ਪੱਖੋਂ ਘੱਟ ਨਹੀਂ ਰਹੀ। ਉਸ ਦੀਆਂ ਤਿੰਨ ਹੋਰ ਫ਼ਿਲਮਾਂ ਦੀ ਚਰਚਾ ਵੀ ਜ਼ਰੂਰੀ ਹੈ-'ਮਾਈ ਸਿਸਟਰ', 'ਸਟਰੀਟ ਸਿੰਗਰ' ਤੇ 'ਤਾਨਸੇਨ' (1943)। ਕਲਾਸੀਕਲ ਗੀਤ-ਸੰਗੀਤ ਦੇ ਮਾਸਟਰ ਸਹਿਗਲ ਦੇ ਲਗਪਗ ਸਾਰੇ ਹੀ ਗੀਤਾਂ ਨੇ ਲੋਕਪ੍ਰਿਯਤਾ ਹਾਸਿਲ ਕੀਤੀ। ਇਨ੍ਹਾਂ ਗੀਤਾਂ ਨੂੰ ਤਾਂ ਪੁਰਾਣੇ ਸਰੋਤੇ ਹੀ ਨਹੀਂ ਅੱਜ ਦੇ ਕੁਝ ਬਾਰੀਕਬੀਨ ਸੰਗੀਤ ਪ੍ਰੇਮੀ ਵੀ ਉਸ ਦੇ ਗੀਤਾਂ ਨੂੰ ਸੁਣਦੇ, ਮਾਣਦੇ ਹਨ, ਭਾਵ 'ਚਾਂਦਨੀ ਰਾਤ ਔਰ ਤਾਰੇ ਖਿਲ੍ਹੇ ਹੈਂ', 'ਦੋ ਨੈਣਾ ਮਤਵਾਲੇ', 'ਐ ਕਾਤਿਬ-ਏ-ਤਕਦੀਰ ਮੁਝੇ ਇਤਨਾ ਬਤਾ ਦੇ', 'ਮੈਂ ਕਯਾ ਜਾਨੂੰ ਕਯਾ ਜਾਦੂ ਹੈ', 'ਇਕ ਬੰਗਲਾ ਬਨੇ ਨਿਆਰਾ', 'ਸੌ ਜਾ ਰਾਜਕੁਮਾਰੀ', 'ਤੜਫ ਬੀਤੇ ਦਿਨ ਰੈਣ, 'ਟੂਟ ਗਏ', 'ਸਭ ਸਪਨੇ ਮੇਰੇ ਟੂਟ ਗਏ', 'ਦੀਆ ਜਲਾਓ ਜਗਮਗ', 'ਐ ਦਿਲੇ ਬੇਕਰਾਰ ਝੂਮ', 'ਜੋ ਬੀਤ ਚੁਕੀ ਸੋ ਬੀਤ ਚੁਕੀ', 'ਗ਼ਮ ਦੀਏ ਮੁਸਤਕਬਿਲ ਐਸਾ ਨਾਜ਼ੁਕ ਹੈ ਦਿਲ', 'ਹਾਏ ਹਾਏ ਯੇ ਜ਼ਾਲਿਮ ਜ਼ਮਾਨਾ', 'ਜਬ ਦਿਲ ਹੀ ਟੂਟ ਗਯਾ, ਤੋ ਹਮ ਜੀ ਕੇ ਕਯਾ ਕਰੇਂਗੇ'।



ਕੁੰਦਨ ਲਾਲ ਸਹਿਗਲ ਨੇ ਕੁੱਲ 142 ਗੀਤ ਗਾਏ, ਜਿਨ੍ਹਾਂ ਵਿਚੋਂ 28 ਹਿੰਦੀ ਫ਼ਿਲਮਾਂ ਲਈ ਅਤੇ 7 ਬੰਗਾਲੀ ਫ਼ਿਲਮਾਂ ਲਈ । 43 ਕੁ ਗ਼ੈਰ- ਫ਼ਿਲਮੀ ਗੀਤਾਂ ਨਾਲ ਵੀ ਉਸ ਸੰਗੀਤ ਪ੍ਰੇਮੀਆਂ ਵਿਚ ਆਪਣੀ ਭੱਲ ਬਣਾਈ ਰੱਖੀ। ਉਸ ਨੂੰ ਮਹਾਂ ਕਵੀ ਰਵਿੰਦਰ ਨਾਥ ਟੈਗੋਰ ਦੇ ਗੀਤਾਂ ਤੇ ਮੀਰਾ ਬਾਈ ਦੇ ਭਜਨਾਂ ਨਾਲ ਖਾਸ ਲਗਾਓ ਸੀ। ਲਤਾ ਮੰਗਸ਼ੇਕਰ ਤੋਂ ਇਲਾਵਾ ਮੁਕੇਸ਼ ਤੇ ਮੁਹੰਮਦ ਰਫੀ ਵੀ ਉਸ ਦੇ ਗੀਤਾਂ ਦੇ ਦੀਵਾਨੇ ਸਨ। ਮੁਕੇਸ਼ ਤੇ ਰਫੀ ਦੇ ਮੁਢਲੇ ਕੁਝ ਇਕ ਗੀਤਾਂ ਵਿਚੋਂ ਉਸਦੀ ਸ਼ੈਲੀ ਤੇ ਆਵਾਜ਼ ਦੇ ਦਰਸ਼ਨ ਸਹਿਜੇ ਹੀ ਹੋ ਜਾਂਦੇ ਹਨ 'ਯਹਾਂ ਬਦਲਾ ਬੇਵਫਾਈ ਕੇ ਸਿਵਾ ਕਯਾ ਹੈ' (ਰਫੀ) ਅਤੇ 'ਦਿਲ ਜਲਤਾ ਹੈ ਤੋ ਜਲਨੇ ਦੇ (ਮੁਕੇਸ਼)। ਫ਼ਿਲਮੀ ਗੀਤ ਸੰਗੀਤ ਦੇ ਮੁਢਲੇ ਦੌਰ ਨੂੰ ਸਹਿਗਲ ਕਰਕੇ ਹੀ ਜਾਣਿਆ ਜਾਂਦਾ ਹੈ । ਜੇਕਰ ਇਸ ਨੂੰ ਗੀਤ-ਸੰਗੀਤ ਦਾ ਸੁਨਹਿਰੀ ਯੁੱਗ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀ ਹੋਵੇਗੀ। ਸ਼ਰਾਬ ਦਾ ਰਸੀਆ ਹੋਣ ਕਰਕੇ ਕੇ. ਐਲ. ਸਹਿਗਲ ਨਾਲ ਜ਼ਿੰਦਗੀ ਨੇ ਵਫ਼ਾ ਨਾ ਕੀਤੀ ਤੇ ਉਹ ਮਹਿਜ਼ 42 ਕੁ ਵਰ੍ਹਿਆਂ ਦੀ ਉਮਰ ਵਿਚ ਹੀ 18 ਜਨਵਰੀ, 1947 ਨੂੰ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਹੀ ਇਸ ਸੰਸਾਰ ਤੋਂ ਕੂਚ ਕਰ ਗਿਆ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 26 ਅਪਰੈਲ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-687



*ਰੁੱਤ ਫਿਰੀ ਕੂੰਜਾਂ ਦੀਆਂ ਡਾਰਾਂ, ਕਰ ਗਈਆਂ ਪਰਵਾਸ।
ਸੁੰਨੇ ਸੁੰਨੇ ਸਾਗਰ ਤੱਟ ਦਿਸਦੇ, ਕੌਣ ਬੰਨ੍ਹਾਏ ਧਰਵਾਸ।
ਰੱਬ ਆਸਰੇ ਬੱਚੇ ਪਿੱਛੇ ਛੱਡ ਕੇ, ਮਨ ਮੁੜਨ ਦੀ ਆਸ।
ਪਰ ਨਦੀ ਨਾਮ ਸੰਯੋਗੀ ਮੇਲੇ, ਚਿੱਤ ਚਰਨ ਭਰਵਾਸ।
ਐਸੀ ਪਰਵਾਜ਼ ਭਰਦੇ ਪ੍ਰਦੇਸੀ, ਰਹਿੰਦੇ ਵਤਨ ਉਦਾਸ।*

## ਕੈਪਸ਼ਨ ਮੁਕਾਬਲਾ-685



ਬੇਬੇ ਸਾਡੀ ਮੁਟਿਆਰਾਂ ਵਰਗੀ
ਲੈਪ-ਟਾਪ ਵਿਚ ਐਸੀ ਖੁੱਭੀ
ਜਵਾਨੀ ਦੇ ਇਹ ਮੂੰਹ 'ਤੇ ਜੜਗੀ।
ਉਮਰਾਂ ਦੇ ਵਿਚ ਕੀ ਹੈ ਰੱਖਿਆ
ਨਵੀਂ ਉਮਰ ਲਈ ਵੱਡਾ ਚੈਲੰਜ
ਏਸ ਉਮਰ ਵਿਚ ਕਰਗੀ।
***-ਕੇਵਲ ਸਿੰਘ***
***ਕਲਾਹੜ (ਲੁਧਿਆਣਾ)***

---

ਵੇਖੋ ਆਇਆ ਨਵਾਂ ਜ਼ਮਾਨਾ,
ਕੀ ਚੱਜ ਕੁਚੱਜ ਸਿਖਾਏ।
ਚਰਖੀਂ ਤੰਦਾਂ ਸਨ ਜੋ ਪਾਉਂਦੇ,
ਉਨ੍ਹਾਂ ਹੱਥ ਮੋਬਾਈਲ ਫੜਾਏ।
ਚੱਕੀ ਪੀਹਣੀ ਉੱਖਲੀ ਮੂਲ੍ਹੇ,
ਸਭ ਭੁੱਲ ਗਏ ਹੋਏ ਪਰਾਏ।
ਇਕ ਹੱਥ ਖੂੰਡੀ, ਦੂਜੇ ਮੋਬਾਈਲ;
ਐਨਕ ਡਿੱਗ ਡਿੱਗ ਜਾਏ।

ਫੇਸਬੁੱਕ ਬਸ ਐਕਸ ਦਾ ਚਸਕਾ,
ਹੋਰ ਕੰਮ ਨਾ ਕੋਈ ਆਏ।
ਪੜ੍ਹਨਾ ਗੁੜ੍ਹਨਾ ਭੁੱਲਿਆ ਸਾਰਾ,
ਗੂਗਲ ਹੀ ਕੰਮ ਚਲਾਏ।
ਲੋੜ ਨਾ ਰਹੀ ਪਹਾੜੇ ਰੱਟਣੇ,
ਹਿਸਾਬ ਈ ਮੋਬਾਈਲ ਪੜ੍ਹਾਏ।
ਏ ਆਈ ਦਾ ਨਵਾਂ ਪੁਆੜਾ,
'ਨਾਕਾਮ' ਸੁਣ ਸੁਣ ਘਬਰਾਏ।
***- ਗੁਰਬਖਸ਼ ਸਿੰਘ 'ਨਾਕਾਮ'***
***+1 864 318 5500***

---

ਸਿੱਖਣ ਦੀ ਕੋਈ ਉਮਰ ਨਹੀਂ ਹੁੰਦੀ
ਬੰਦਾ ਸਾਰੀ ਉਮਰ ਸਿੱਖਦਾ ਜਾਵੇ।
ਬਜ਼ੁਰਗ ਮਾਤਾ ਲੈਪਟਾਪ ਚਲਾ ਰਹੀ
ਮੋਬਾਈਲ 'ਤੇ ਵੀ ਨਜ਼ਰ ਦੌੜਾਵੇ।
ਪਿੱਠ ਭੂਮੀ ਵਿਚ ਬੱਚਾ ਫੋਟੋ ਖਿੱਚ ਕੇ
ਆਪਣੇ ਮਾਪਿਆਂ ਨੂੰ ਦਿਖਾਵੇ।
ਹਾਸਾ ਮਜ਼ਾਕ ਵੀ ਚਲਦਾ ਰਹਿੰਦਾ
ਸਿੱਖਣ ਦੇ ਨਾਲ ਨਾਲ ਮਨੋਰੰਜਨ ਕਰਾਵੇ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਮਨ ਜੀਤੈ ਜਗ ਜੀਤ
ਕਰਨ ਦੀ ਲਾਲਸਾ ਜੇ ਹੋਵੇ
ਅਸੰਭਵ ਨਹੀਂ ਕੋਈ ਚੀਜ਼
ਤੰਦਰੁਸਤੀ, ਆਸ਼ਾਵਾਦੀ ਸੋਚ
ਬੁੱਢੇ ਨਹੀਂ ਹੁੰਦੀ ਦੇਣ
ਸਭ ਕੁਝ ਡਿਜੀਟਲ ਹੋ ਗਿਆ
ਦੇਖ ਬੁੱਢੀ ਦਾਦੀ ਨੂੰ
ਪੋਤੇ ਵੀ ਗਏ ਸ਼ਰਮਾ
ਹੈਰਾਨ ਕਿ ਕਿੰਜ ਚਲਾ ਰਹੀ ਲੈਪਟੋਪ
ਯਾਦਾਂ 'ਚ ਰੱਖਣ ਲਈ
ਬੱਚਿਆਂ ਖਿੱਚ ਲਈ ਤਸਵੀਰ।
***-ਦਰਸ਼ਨ ਪਾਲ ਦੋਸਾਂਝ***

# ਮੁੱਖ ਮੰਤਰੀ ਦੀ ਕੁਰਸੀ ਇੱਕ: ਛੇ ਕਾਂਗਰਸੀ ਲਟਾਪੀਂਘ

ਪੰਜਾਬ ਦੇ ਕਾਂਗਰਸੀ ਨੇਤਾ ਹਰਿਆਣਾ ਦੇ ਕਾਂਗਰਸੀ ਨੇਤਾਵਾਂ ਦੀਆਂ ਗ਼ਲਤੀਆਂ ਤੋਂ ਵੀ ਸਬਕ ਸਿੱਖਣ ਲਈ ਤਿਆਰ ਨਹੀਂ ਹਨ। 2024 ਵਿਚ ਹੋਈਆਂ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਮੁੱਖ ਮੰਤਰੀ ਦੀ ਕੁਰਸੀ ਪਿੱਛੇ ਲੜਦਿਆਂ ਕਾਂਗਰਸੀ ਨੇਤਾਵਾਂ ਨੇ ਜਿੱਤੀ ਹੋਈ ਬਾਜ਼ੀ ਗੁਆ ਲਈ ਸੀ। ਉਸ ਸਮੇਂ ਹਰਿਆਣਾ ਵਿਚ ਕਾਂਗਰਸ ਦੀ ਸਰਕਾਰ ਬਣਨ ਦੀ ਪੂਰੀ ਸੰਭਾਵਨਾ ਸੀ। ਇਸ ਸਮੇਂ ਵੀ ਪੰਜਾਬ ਦੇ ਲੋਕ 2027 ਵਿਚ ਫਿਰ ਬਦਲਾਓ ਲਿਆਉਣ ਬਾਰੇ ਸੋਚ ਰਹੇ ਹਨ, ਕਿਉਂਕਿ ਆਮ ਆਦਮੀ ਪਾਰਟੀ ਨੇ ਗਰੰਟੀਆਂ ਜ਼ਿਆਦਾ ਕਰ ਲਈਆਂ ਸਨ, ਜਿਨ੍ਹਾਂ ਨੂੰ ਪੰਜਾਬ ਦੀ ਡਾਵਾਂਡੋਲ ਆਰਥਿਕ ਹਾਲਤ ਕਰਕੇ ਪੂਰਾ ਕਰਨਾ ਅਸੰਭਵ ਲੱਗਦਾ ਹੈ। ਪੰਜਾਬ ਵਿਚ



**ਉਜਾਗਰ ਸਿੰਘ**
**ਫੋਨ: 94178 13072**

ਵਿਧਾਨ ਸਭਾ ਦੀਆਂ ਚੋਣਾਂ ਵਿਚ ਅਜੇ ਲਗਪਗ ਦੋ ਸਾਲ ਬਾਕੀ ਹਨ, ਪ੍ਰੰਤੂ ਪੰਜਾਬ ਦੇ ਕਾਂਗਰਸੀ ਨੇਤਾ ਮੁੱਖ ਮੰਤਰੀ ਦੀ ਕੁਰਸੀ ਲਈ ਪਹਿਲਾਂ ਹੀ ਲਟਾਪੀਂਘ ਹੋਏ ਪਏ ਹਨ। ਕਾਂਗਰਸੀ ਨੇਤਾ ਬਿਨਾ ਪਾਣੀ 'ਤੋਂ ਹੀ ਮੋਜੇ ਖੋਲ੍ਹੀ ਫਿਰਦੇ ਹਨ। ਮੁੱਖ ਮੰਤਰੀ ਦੀ ਕੁਰਸੀ ਅਜੇ ਖਾਲ੍ਹੀ ਵੀ ਨਹੀਂ, ਛੇ ਕਾਂਗਰਸੀ ਨੇਤਾ ਪਹਿਲਾਂ ਹੀ ਮੁੱਖ ਮੰਤਰੀ ਦੀ ਕੁਰਸੀ ਦੀਆਂ ਲੱਤਾਂ ਖਿੱਚਣ ਲੱਗੇ ਪਏ ਹਨ। ਮੈਨੂੰ ਲੱਗਦਾ ਹੈ ਕਿ ਕਿਤੇ ਕੁਰਸੀ ਦੀਆਂ ਟੰਗਾਂ ਆਪੇ ਹੀ ਨਾ ਤੋੜ ਦੇਣ। ਇਹ ਉਨ੍ਹਾਂ ਨੂੰ ਵੀ ਪਤਾ ਹੈ ਕਿ ਇਸ ਤਰ੍ਹਾਂ ਪਾਰਟੀ ਲਈ ਲਾਹੇਵੰਦ ਨਹੀਂ ਪ੍ਰੰਤੂ ਕਾਂਗਰਸੀ ਆਪਣੀਆਂ ਆਦਤਾਂ ਤੋਂ ਬਾਜ਼ ਨਹੀਂ ਆ ਰਹੇ। ਇਨ੍ਹਾਂ ਛੇ ਕਾਂਗਰਸੀਆਂ ਦੇ ਨਾਮ ਦੱਸਣ ਦੀ ਕੋਈ ਲੋੜ ਨਹੀ, ਕਿਉਂਕਿ ਪੰਜਾਬੀ ਪੜ੍ਹੇ ਲਿਖੇ ਸੂਝਵਾਨ ਹਨ, ਹਰ ਰੋਜ਼ ਅਖ਼ਬਾਰਾਂ ਪੜ੍ਹਦਿਆਂ ਕਾਂਗਰਸੀਆਂ ਦੇ ਕਾਟੋ-ਕਲੇਸ਼ ਤੋਂ ਵਾਕਫ਼ ਹਨ, ਕਿਵੇਂ ਉਹ ਇਕ ਦੂਜੇ ਨੂੰ ਠਿੱਬੀ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਕਾਂਗਰਸੀ ਨੇਤਾਵੋ, ਕਿਤੇ ਇੰਜ ਹੀ ਨਾ ਹੋਵੇ, ਜਿਵੇਂ ਬਿਲੀਆਂ ਦੀ ਲੜਾਈ ਵਿਚ ਰੋਟੀ ਵੰਡਾਉਣ ਸਮੇਂ ਬਾਜ਼ੀ ਬਾਂਦਰੀ ਮਾਰ ਗਈ ਸੀ। ਪੰਜਾਬ ਦੀਆਂ ਚੋਣਾਂ ਵਿਚ ਕੋਈ ਹੋਰ ਤੀਜੀ ਧਿਰ ਕੁਰਸੀ ਖੋਹ ਲਵੇ, ਵਿਰੋਧੀ ਨੂੰ ਕਮਜ਼ੋਰ ਨਹੀਂ ਸਮਝਣਾ ਚਾਹੀਦਾ। ਕਾਂਗਰਸੀ ਨੇਤਾ ਅਕਾਲੀ ਧੜਿਆਂ ਦੀ ਲੜਾਈ ਕਰਕੇ ਸਮਝਦੇ ਹਨ ਕਿ ਉਨ੍ਹਾਂ ਦੇ ਪੱਲੇ ਕੁਝ ਨਹੀਂ ਪ੍ਰੰਤੂ ਇਤਿਹਾਸ ਗਵਾਹ ਹੈ ਕਿ ਭਾਵੇਂ ਕਿਤਨੇ ਹੀ ਅਕਾਲੀ ਦਲ ਦੇ ਧੜੇ ਚੋਣ ਲੜਨ ਪ੍ਰੰਤੂ ਪੰਜਾਬੀਆਂ ਨੇ ਹਮੇਸ਼ਾ ਅਕਾਲੀ ਦਲ ਦੇ ਇੱਕੋ ਧੜੇ ਦਾ ਸਾਥ ਦਿੱਤਾ ਹੈ, ਇਹ ਵੀ ਜ਼ਰੂਰੀ ਨਹੀਂ ਉਸ ਧੜੇ ਨੂੰ ਸਿਆਸੀ ਤਾਕਤ ਦੇਣ, ਕਿਸੇ ਹੋਰ ਨਵੇਂ ਧੜੇ ਨੂੰ ਹੀ ਸਿਆਸੀ ਤਾਕਤ ਦੇ ਦੇਣ, ਜਿਵੇਂ 1985 ਵਿਚ ਸੁਰਜੀਤ ਸਿੰਘ ਬਰਨਾਲਾ ਪ੍ਰਕਾਸ਼ ਸਿੰਘ ਬਾਦਲ ਨੂੰ ਠਿੱਬੀ ਲਾ ਗਿਆ ਸੀ। ਇੱਕ ਵਾਰ ਮਾਨ ਅਕਾਲੀ ਦਲ ਨੂੰ ਨੌਂ ਲੋਕ ਸਭਾ ਦੀਆਂ ਸੀਟਾਂ ਜਿਤਾ ਦਿੱਤੀਆਂ ਸਨ। ਪਿਛਲੀਆਂ ਮਈ 2024 ਦੀਆਂ ਲੋਕ ਸਭਾ ਚੋਣਾਂ ਵਿਚ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਨੂੰ ਜਿਤਾ ਕੇ ਵੋਟਰਾਂ ਨੇ ਪੰਜਾਬੀਆਂ ਨੂੰ ਹੈਰਾਨ ਕਰ ਦਿੱਤਾ ਸੀ। ਆਮ ਆਦਮੀ ਪਾਰਟੀ 2022 ਦੀਆਂ ਵਿਧਾਨ ਸਭਾ ਵਿਚ ਜਿੱਤਾ ਕੇ ਸਥਾਪਤ ਪਾਰਟੀਆਂ ਗੁੱਠੇ ਲਾ ਦਿੱਤਾ ਸੀ। ਸਿਆਸਤਦਾਨਾ ਨੂੰ ਗੁਮਾਨ ਨਹੀਂ ਕਰਨਾ ਚਾਹੀਦਾ ਅਤੇ ਕਿਸੇ ਭੁਲੇਖੇ ਵਿਚ ਵੀ ਨਹੀਂ ਰਹਿਣਾ ਚਾਹੀਦਾ, ਕੋਈ ਵੀ ਚਮਤਕਾਰ ਹੋ ਸਕਦਾ ਹੈ। ਬਦਲਾਓ ਲਿਆਉਣਾ ਤੇ ਨਵੇਂ ਪੈਂਤੜੇ ਮਾਰਨੇ ਪੰਜਾਬੀਆਂ ਦੇ ਸੁਭਾਅ ਵਿਚ ਹੈ।

ਭਾਰਤੀ ਜਨਤਾ ਪਾਰਟੀ ਵੀ ਪੰਜਾਬ ਵਿਚ ਖੰਭ ਖਿਲਾਰ ਰਹੀ ਹੈ, ਜਿਹੜੀ ਹੁਣ ਤੱਕ ਸ਼ਹਿਰਾਂ ਦੀਆਂ 23 ਵਿਧਾਨ ਸਭਾ ਸੀਟਾਂ ਤੱਕ ਸੀਮਤ ਸੀ, ਹੁਣ ਉਹ ਪਿੰਡਾਂ ਵਿਚ ਆਪਣੀਆਂ ਯੂਨਿਟਾਂ ਬਣਾ ਕੇ ਆਪਣੇ ਪੈਰ ਪਸਾਰ ਚੁੱਕੀ ਹੈ। ਇੱਥੋਂ ਤੱਕ ਕਈ ਜ਼ਿਲ੍ਹਿਆਂ ਦੇ ਪ੍ਰਧਾਨ ਜੱਟ ਸਿੱਖ ਬਣਾ ਕੇ ਦਿਹਾਤੀ ਵੋਟਾਂ ਨੂੰ ਖੋਰਾ ਲਾ ਰਹੀ ਹੈ। ਪੰਜਾਬ ਦੇ ਇੱਕ ਨੌਜਵਾਨ ਰਵਨੀਤ ਸਿੰਘ ਬਿੱਟੂ ਨੂੰ ਲੋਕ ਸਭਾ ਦੀ ਚੋਣ ਹਾਰਨ ਤੋਂ ਬਾਅਦ ਕੇਂਦਰ ਵਿਚ ਮੰਤਰੀ ਬਣਾ ਕੇ ਰਾਜਸਥਾਨ ਤੋਂ ਰਾਜ ਸਭਾ ਦਾ ਮੈਂਬਰ ਬਣਾ ਲਿਆ। 2024 ਦੀਆਂ ਲੋਕ ਸਭਾ ਦੀਆਂ ਚੋਣਾਂ ਵਿਚ ਤਿੰਨ ਲੋਕ ਸਭਾ ਸੀਟਾਂ ਲੁਧਿਆਣਾ, ਗੁਰਦਾਸਪੁਰ ਅਤੇ ਜਲੰਧਰ ਵਿਚ ਦੂਜੇ ਨੰਬਰ ਰਹੀ, ਛੇ ਸੀਟਾਂ ਅੰਮ੍ਰਿਤਸਰ, ਆਨੰਦਪੁਰ ਸਾਹਿਬ, ਫ਼ਤਿਹਗੜ੍ਹ ਸਾਹਿਬ, ਫ਼ੀਰੋਜ਼ਪੁਰ, ਹੁਸ਼ਿਆਰਪੁਰ ਅਤੇ ਪਟਿਆਲਾ ਵਿਚ ਤੀਜੇ ਨੰਬਰ 'ਤੇ ਰਹੀ। ਅੰਮ੍ਰਿਤਸਰ, ਗੁਰਦਾਸਪੁਰ



ਅਤੇ ਹੁਸ਼ਿਆਰਪੁਰ ਵਿਚੋਂ ਵੋਟ ਸ਼ੇਅਰ ਵੱਧ ਗਿਆ। ਬਠਿੰਡਾ ਉਮੀਦਵਾਰ ਚੌਥੇ ਨੰਬਰ 'ਤੇ ਰਿਹਾ। ਭਾਰਤੀ ਜਨਤਾ ਪਾਰਟੀ ਦੀ ਵੋਟ ਪ੍ਰਤੀਸ਼ਤ 18.56 ਫ਼ੀਸਦੀ ਰਹੀ ਜੋ ਪੰਜਾਬ ਦੀ ਸਭ ਤੋਂ ਪੁਰਾਣੀ ਰੀਜਨਲ ਪਾਰਟੀ ਸ਼੍ਰੋਮਣੀ ਅਕਾਲੀ ਦਲ ਤੋਂ ਵੱਧ ਹੈ। ਹਾਲਾਂ ਕਿ ਉਨ੍ਹਾਂ 1996 ਤੋਂ ਬਾਅਦ ਪਹਿਲੀ ਵਾਰ ਇਕੱਲਿਆਂ ਚੋਣ ਲੜੀ ਸੀ। 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੇ 46 ਉਮੀਦਵਾਰਾਂ ਨੇ 20-20 ਹਜ਼ਾਰ ਵੋਟਾਂ ਲਈਆਂ ਹਨ। ਇਸ ਲਈ ਭਾਰਤੀ ਜਨਤਾ ਪਾਰਟੀ ਬਾਰੇ ਕਾਂਗਰਸ ਨੂੰ ਅਵੇਸਲਾ ਨਹੀਂ ਹੋਣਾ ਚਾਹੀਦਾ, ਉਹ ਵੀ ਦਾਅ ਮਾਰ ਸਕਦੇ ਹਨ। ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ ਦੀ ਉਪ ਚੋਣ ਕਿਸੇ ਮੌਕੇ ਵੀ ਹੋ ਸਕਦੀ ਹੈ। ਇਹ ਚੋਣ ਆਮ ਆਦਮੀ, ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਲਈ ਵਕਾਰ ਬਣੀ ਹੋਈ ਹੈ। ਭਾਰਤੀ ਜਨਤਾ ਪਾਰਟੀ ਤੋਂ ਬਿਨਾ ਆਮ ਆਦਮੀ ਪਾਰਟੀ ਅਤੇ ਕਾਂਗਰਸ ਨੇ ਉਮੀਦਵਾਰਾਂ ਦਾ ਐਲਾਨ ਵੀ ਕਰ ਦਿੱਤਾ ਹੈ। ਕਾਂਗਰਸ ਦਾ ਉਮੀਦਵਾਰ ਪੰਜਾਬ ਪ੍ਰਦੇਸ਼ ਕਾਂਗਰਸ ਦਾ ਐਕਟਿੰਗ ਪ੍ਰਧਾਨ ਅਤੇ ਸਾਬਕਾ ਮੰਤਰੀ ਭਾਰਤ ਭੂਸ਼ਨ ਆਸ਼ੂ ਹੈ, ਜਿਹੜਾ ਸਥਾਨਕ ਪ੍ਰਭਾਵਸ਼ਾਲੀ ਨੇਤਾ ਹੈ, ਪ੍ਰੰਤੂ ਉਸਦੇ ਉਮੀਦਵਾਰ ਬਣਦਿਆਂ ਹੀ ਆਪਸੀ ਫੁੱਟ ਦੀਆਂ ਖ਼ਬਰਾਂ ਅਖ਼ਬਾਰਾਂ ਦਾ ਸ਼ਿੰਗਾਰ ਬਣ ਗਈਆਂ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਤੇ ਭਰਤ ਭੂਸ਼ਨ ਆਸ਼ੂ ਦੇ ਆਪਸੀ ਮਤਭੇਦਾਂ ਦੀਆਂ ਖ਼ਬਰਾਂ ਲੋਕ ਸਭਾ ਚੋਣਾਂ ਮੌਕੇ ਵੀ ਪੜ੍ਹਨ ਨੂੰ ਮਿਲਦੀਆਂ ਰਹੀਆਂ ਹਨ। ਭਾਰਤ ਭੂਸ਼ਨ ਆਸ਼ੂ ਨੂੰ ਕੇਂਦਰੀ ਕਾਂਗਰਸ ਦੇ ਵੱਡੇ ਨੇਤਾ ਦਾ ਅਸ਼ੀਰਵਾਦ ਪ੍ਰਾਪਤ ਹੈ। ਕਾਂਗਰਸ ਪਾਰਟੀ ਪ੍ਰਧਾਨ ਦੇ ਨਾਲ ਐਕਟਿੰਗ ਪ੍ਰਧਾਨ ਬਣਾ ਕੇ ਦੋ ਸਿਆਸੀ ਧੁਰੇ ਬਣਾ ਦਿੱਤੇ ਹਨ। ਪ੍ਰਧਾਨ ਅਤੇ ਐਕਟਿੰਗ ਪ੍ਰਧਾਨ ਦਾ ਹਮੇਸ਼ਾ ਹੀ ਸੇਹ ਦਾ ਤੱਕਲਾ ਗੱਡਿਆ ਰਹਿੰਦਾ ਹੈ। ਕੈਪਟਨ ਅਮਰਿੰਦਰ ਸਿੰਘ ਦੇ ਮੌਕੇ ਵੀ ਨਵਜੋਤ ਸਿੰਘ ਸਿੱਧੂ ਨੂੰ ਬਰਾਬਰ ਦੀ ਧਿਰ ਬਣਾ ਕੇ ਧੜੇਬੰਦੀ ਸਰਬ ਹਿੰਦ ਕਾਂਗਰਸ ਕਮੇਟੀ ਨੇ ਆਪ ਪੈਦਾ ਕੀਤੀ ਸੀ, ਜਿਸ ਕਰਕੇ ਪਾਰਟੀ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਸੀ। ਲੁਧਿਆਣਾ ਪੱਛਮੀ ਦਾ ਅਜੇ ਚੋਣ ਦੰਗਲ ਸ਼ੁਰੂ ਨਹੀਂ ਹੋਇਆ, ਪਾਰਟੀ ਦੀ ਫੁੱਟ ਦੀਆਂ ਖ਼ਬਰਾਂ ਫਿਰ ਅਖ਼ਬਾਰਾਂ ਵਿਚ ਲਗਾਤਾਰ ਆ ਰਹੀਆਂ ਹਨ। ਜਦੋਂ ਪ੍ਰਧਾਨ ਤੇ ਐਕਟਿੰਗ ਪ੍ਰਧਾਨ ਦੀ ਫੁੱਟ ਦੀਆਂ ਖ਼ਬਰਾਂ ਲੱਗੀਆਂ ਤਾਂ ਇਸਦੇ ਨਾਲ ਹੀ ਜਲੰਧਰ ਤੋਂ ਲੋਕ ਸਭਾ ਦੇ ਮੈਂਬਰ ਅਤੇ ਸਾਬਕਾ ਮੁੱਖ ਮੰਤਰੀ ਤੁਰੰਤ ਲੁਧਿਆਣਾ ਪਹੁੰਚ ਕੇ ਐਕਟਿੰਗ ਪ੍ਰਧਾਨ ਤੇ ਕਾਂਗਰਸ ਦੇ ਉਮੀਦਵਾਰ ਭਰਤ ਭੂਸ਼ਨ ਆਸ਼ੂ ਲਈ ਲੁਧਿਆਣਾ ਬੈਠ ਕੇ ਚੋਣ ਲੜਾਉਣ ਦਾ ਐਲਾਨ ਕਰਦੇ ਹਨ। ਇਨ੍ਹਾਂ ਖ਼ਬਰਾਂ ਦਾ ਅਰਥ ਲੋਕ ਸਮਝਦੇ ਹਨ। ਦੂਜੇ ਪਾਸੇ ਕਪੂਰਥਲਾ ਜ਼ਿਲ੍ਹੇ ਦੀ ਸਿਆਸਤ ਦਾ ਦੰਗਲ ਆਪਸੀ ਧੜੇਬੰਦੀ ਕਰਕੇ ਸ਼ੁਰੂ ਹੋ ਚੁੱਕਾ ਹੈ। ਇੱਕੋ ਦਿਨ ਇੱਕੋ ਹਲਕੇ ਵਿਚ ਦੋ ਜਲਸੇ ਹੁੰਦੇ ਹਨ। ਇੱਕ ਜਲਸੇ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ, ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਮੁੱਖੀ ਅਤੇ ਗੁਰਦਾਸਪੁਰ ਤੋਂ ਲੋਕ ਸਭਾ ਦੇ ਮੈਂਬਰ ਸੰਬੋਧਨ ਕਰਦੇ ਹਨ, ਜਿਹੜਾ ਕਾਂਗਰਸ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੇ ਹਾਰੇ ਹੋਏ ਉਮੀਦਵਾਰ ਨੇ ਆਯੋਜਤ ਕੀਤਾ ਸੀ। ਦੂਜਾ ਜਲਸਾ ਕਪੂਰਥਲੇ ਤੋਂ ਕਾਂਗਰਸੀ ਵਿਧਾਨਕਾਰ ਤੇ ਸਾਬਕਾ ਮੰਤਰੀ ਦੇ ਸਪੁੱਤਰ ਆਜ਼ਾਦ ਵਿਧਾਨਕਾਰ ਨੇ ਕੀਤਾ ਹੈ। ਭੁਲੱਥ ਤੋਂ ਵਿਧਾਨਕਾਰ ਤੇ ਕਪੂਰਥਲੇ ਹਲਕੇ ਦੇ ਵਿਧਾਨਕਾਰ ਦਾ ਛੱਤੀ ਦਾ ਅੰਕੜਾ ਪੰਜਾਬੀਆਂ ਨੂੰ ਪਤਾ ਹੀ ਹੈ। ਗੁਰਦਾਸਪੁਰ ਵਿਚ ਕਾਂਗਰਸ ਦੇ ਤਿੰਨ ਧੜੇ ਹਨ। ਇਸੇ ਤਰ੍ਹਾਂ ਰੋਪੜ, ਪਟਿਆਲਾ, ਫਰੀਦਕੋਟ ਦੀ ਪਾਟੋ-ਧਾੜ ਜੱਗ ਜ਼ਾਹਰ ਹੈ। ਜਦੋਂ ਕਿ ਕਾਂਗਰਸੀਆਂ ਨੂੰ ਸੋਚ-ਸਮਝ ਕੇ ਸਹਿਜੇ-ਸਹਿਜੇ ਕਦਮ ਚੁੱਕਣੇ ਚਾਹੀਦੇ ਹਨ ਪ੍ਰੰਤੂ ਉਹ ਤਾਂ ਇੱਕ ਦੂਜੇ ਨੂੰ ਅਸਿੱਧੇ ਢੰਗ ਨਾਲ ਦੱਬਕੇ ਮਾਰ ਰਹੇ ਹਨ। ਅਜਿਹੇ ਹਾਲਾਤ ਵਿਚ ਕਾਂਗਰਸ ਦਾ ਭਵਿਖ ਖ਼ਤਰੇ ਵਿਚ ਲੱਗਦਾ ਹੈ। ਜੇਕਰ ਕੇਂਦਰੀ ਕਾਂਗਰਸ ਨੇ ਨੇਤਾਵਾਂ ਦੀ ਧੜੇਬੰਦੀ ਖ਼ਤਮ ਕਰਨ ਲਈ ਕੋਈ ਸਾਰਥਕ ਕਦਮ ਨਾ ਚੁੱਕਿਆ ਤਾਂ ਕਾਂਗਰਸ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ।

ਪੰਜਾਬ ਦੇ ਕਾਂਗਰਸੀ ਨੇਤਾਵਾਂ ਦੀ ਲੜਾਈ ਦੇ ਜ਼ਿੰਮੇਵਾਰ ਸਰਬ ਭਾਰਤੀ ਕਾਂਗਰਸ ਹੈ ਕਿਉਂਕਿ ਉਹ ਇਨ੍ਹਾਂ ਦੀ ਧੜੇਬੰਦੀ ਖ਼ਤਮ ਕਰਨ ਦੀ ਕੋਸ਼ਿਸ਼ ਨਹੀਂ ਕਰ ਰਹੀ। ਉਨ੍ਹਾਂ ਦੇ ਕੇਂਦਰੀ ਨੇਤਾ ਇਨ੍ਹਾਂ ਧੜਿਆਂ ਦੀ ਪ੍ਰਸ਼ਤ ਪਨਾਹੀ ਕਰ ਰਹੇ ਹਨ ਤਾਂ ਜੋ ਇਹ ਨੇਤਾ ਉਨ੍ਹਾਂ ਦੀ ਖਿਦਮਤ ਵਿਚ ਹਾਜ਼ਰੀ ਭਰਦੇ ਰਹਿਣ। ਕਾਂਗਰਸ ਦਾ ਮਾੜਾ ਹਾਲ ਵੀ ਕੇਂਦਰੀ ਕਾਂਗਰਸ ਦੇ ਨੇਤਾਵਾਂ ਦੀਆਂ ਗ਼ਲਤੀਆਂ ਦਾ ਨਤੀਜਾ ਹੈ। ਪੰਜਾਬ ਦੇ ਲੋਕ ਕਾਂਗਰਸ ਦਾ ਸਾਥ ਦੇਣਾ ਚਾਹੁੰਦੇ ਹਨ। ਉਧਰ ਕਾਂਗਰਸ ਹਾਈ ਕਮਾਂਡ ਗਹਿਰੀ ਨੀਂਦ ਵਿਚ ਸੁੱਤੀ ਪਈ ਹੈ। ਇਉਂ ਵੀ ਕਿਹਾ ਜਾ ਸਕਦਾ ਹੈ ਕਿ ਹਾਈ ਕਮਾਂਡ ਕਾਂਗਰਸੀਆਂ ਦੀ ਜ਼ੋਰ ਅਜ਼ਮਾਈ ਨੂੰ ਵੇਖ ਰਹੀ ਹੈ। ਕਾਂਗਰਸ ਹਾਈ ਕਮਾਂਡ ਪੰਜਾਬ ਦੇ ਕਾਂਗਰਸੀਆਂ ਦੀ ਧੜੇਬੰਦੀ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ, ਕਿਤੇ ਇਹ ਨਾ ਹੋਵੇ ਕਿ ਦੇਰੀ ਕਰਨ ਨਾਲ ਬਾਜ਼ੀ ਹੀ ਉਨ੍ਹਾਂ ਦੇ ਹੱਥੋਂ ਨਾ ਨਿਕਲ ਜਾਵੇ। ਕਾਂਗਰਸ ਹਾਈ ਕਮਾਂਡ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਉਹ ਸਰਕਾਰੀ ਦਫ਼ਤਰਾਂ ਦੀ ਤਰ੍ਹਾਂ ਕੰਮ ਕਰਦੀ ਹੈ। ਭਾਵ ਫਾਈਲ ਬਹੁਤ ਧੀਮੀ ਸਪੀਡ ਨਾਲ ਚਲਦੀ ਹੈ। ਪੰਜਾਬ ਦੇ ਕਾਂਗਰਸੀ ਇਸ ਕਰਕੇ ਇੱਕ-ਦੂਜੇ ਨੂੰ ਦੁਤੰਗੇ ਮਾਰ ਰਹੇ ਹਨ ਕਿਉਂਕਿ ਕਾਂਗਰਸ ਕਮਜ਼ੋਰ ਹੋ ਚੁੱਕੀ ਹੈ, ਛੇਤੀ ਕੀਤਿਆਂ ਸਖ਼ਤ ਕਦਮ ਚੁੱਕਣ ਦੀ ਸਮਰੱਥਾ ਵਿਚ ਨਹੀਂ ਹੈ। ਇਸ ਕਰਕੇ ਉਹ ਆਪੋ-ਆਪਣੇ ਘੋੜੇ ਦੁੜਾਉਂਦੇ ਫਿਰਦੇ ਹਨ।

# ਕੋਹ ਕੋਹ ਕੂਕ ਸੁਣੇ..!

**ਵਿਅੰਗ**

**ਚਰਨਜੀਤ ਭੁੱਲਰ**

ਚੇਤਨ ਸਿੰਘ ਜੌੜਾਮਾਜਰਾ, ਨਾਮ ਹੀ ਕਾਫ਼ੀ ਨਹੀਂ, ਡੀਲ-ਡੌਲ ਵੀ ਕਾਫ਼ੀ ਹੈ। ਭਲਿਓ! ਜੌੜਾਮਾਜਰਾ ਨਹੀਂ, ਹੁਣ ਚੌੜਾਮਾਜਰਾ ਕਹੋ। 'ਦਾਸ' ਨੇ ਜਦੋਂ 'ਤੋਂ ਸਮਾਣੇ ਆਲੇ ਅਧਿਆਪਕਾਂ ਦਾ 'ਆਦਰ-ਮਾਣ' ਕੀਤੈ, ਚੰਗੀ ਭੱਲ ਖੱਟ ਗਏ ਨੇ। ਅਜਿਹਾ ਸੁਭਾਗ ਟਾਵਿਆਂ ਨੂੰ ਮਿਲਦੈ। ਨਿੱਕੇ ਹੁੰਦਿਆਂ ਅਧਿਆਪਕਾਂ ਨੇ ਕਿਤੇ ਕੰਨ ਪੁੱਟੇ ਹੁੰਦੇ ਤਾਂ ਜੌੜਾਮਾਜਰਾ ਇੰਜ ਨਾ ਕਰਦੇ। ਮਾਰ ਕੇ 'ਸਿੱਖਿਆ ਕ੍ਰਾਂਤੀ' ਦੇ ਘੋੜੇ ਨੂੰ ਅੱਡੀ, ਪੁੱਜ ਗਏ 'ਸਕੂਲ ਆਫ਼ ਐਮੀਨੈਂਸ'। ਪਹਿਲੋਂ ਸਕੂਲ 'ਚ ਚਰਨ ਕਮਲ ਪਾਏ, ਰਿਬਨ ਵੀ ਕਰ ਕਮਲਾਂ ਨਾਲ ਕੱਟਿਆ, ਸਟੇਜ 'ਤੋਂ ਫਿਰ ਮੁੱਖ ਕਮਲ 'ਚੋਂ ਜੋ ਫ਼ਰਮਾਏ, ਤੁਸੀਂ ਜਾਣੀ-ਜਾਣ ਹੋ।

ਅਮਿਤਾਭ ਬਚਨ 'ਸਰਕਾਰ' ਫ਼ਿਲਮ 'ਚ ਆਖਦੈ, 'ਜੋ ਮੁਝ ਕੋ ਸਹੀ ਲਗਤਾ ਹੈ, ਵੋ ਮੈਂ ਕਰਤਾ ਹੂੰ।' ਜੌੜਾਮਾਜਰਾ ਜੀ! ਲੱਲੀ-ਛੱਲੀ ਦੀ ਪ੍ਰਵਾਹ ਨਹੀਓਂ ਕਰਨੀ। ਜਦ ਚੇਤਨ ਸਿਓਂ ਨੇ ਸਮਾਣੇ ਆਲੇ ਸਕੂਲ 'ਚ ਤਿੰਨ ਮੇਲ ਦੇ ਪ੍ਰਸ਼ਾਦ ਦੇ ਗੱਫੇ ਵਰਤਾਏ ਤਾਂ ਅਧਿਆਪਕਾਂ ਦੇ ਹੱਥ ਸੜ ਗਏ, ਬੱਚਿਆਂ ਨੇ ਤਾਂ ਹੱਸਣਾ ਹੀ ਸੀ। ਮਾਹੌਲ ਏਨਾ ਤੱਤਾ ਸੀ, ਜੇ ਕੋਈ ਸਟੇਜ ਤੋਂ ਨਾਅਰਾ ਵੀ ਮਾਰ ਦਿੰਦਾ, 'ਦੇਸ਼ ਦਾ ਨੇਤਾ ਕੈਸਾ ਹੋ', ਬੱਚਿਆਂ ਨੇ ਦੂਣੀ ਦੇ ਪਹਾੜੇ ਵਾਂਗੂ ਗੱਜਣਾ ਸੀ, 'ਜੌੜਾਮਾਜਰਾ ਜੈਸਾ ਹੋ।' ਚੇਤਨਵੀਰ ਦਾ ਜਜ਼ਬਾ ਵੀ ਉਬਲਦੇ ਦੁੱਧ ਵਰਗੈ।

'ਕਾਬਾ ਕਿਸ ਮੂੰਹ ਸੇ ਜਾਓਗੇ ਗ਼ਾਲਿਬ, ਸ਼ਰਮ ਤੁਮਕੋ ਮਗਰ ਆਤੀ ਨਹੀਂ।' ਮੂੰਹਾਂ ਨੂੰ ਮੁਲਾਹਜ਼ੇ, ਸਿਰਾਂ ਨੂੰ ਸਲਾਮਾਂ। ਜਿਵੇਂ ਜੌੜਾਮਾਜਰਾ ਦੇ ਮੁਖਾਰਬਿੰਦ 'ਚੋਂ ਫੁੱਲ ਕਿਰੇ, ਗਾਰਡ ਆਫ਼ ਆਨਰ ਤਾਂ ਦੇਣਾ ਹੀ ਬਣਦੈ। ਚੁੱਪ ਸਿੰਘ ਬੜਬੋਲਾ ਆਖਦੈ ਕਿ ਨੇਕ ਕੰਮ ਲਈ ਦੇਰੀ ਕਾਹਦੀ, ਆਉਂਦੇ 'ਅਧਿਆਪਕ ਦਿਵਸ' 'ਤੇ ਲੱਦ ਦਿਓ ਫੁੱਲਾਂ ਨਾਲ ਪਿਆਰੇ ਚੇਤਨ ਨੂੰ। ਭਲਾ ਉਸ ਵਿਧਾਇਕੀ ਨੂੰ ਕੀ ਚੱਟਣੈ, ਜਿਹੜੀ ਖਰੀ ਹੀ ਨਾ ਕੀਤੀ। ਨਛੱਤਰ ਸੱਤਾ ਗਾਉਂਦਾ ਮਰ ਗਿਆ, 'ਮੰਦੜੇ ਬੋਲ ਨਾ ਬੋਲ ਵੇ ਸੱਜਣਾ..।' ਹਲਦੀ ਘਾਟੀ ਦੀ ਲੜਾਈ 'ਚ ਮਹਾਰਾਣਾ ਪ੍ਰਤਾਪ ਦਾ ਘੋੜਾ 'ਚੇਤਕ' ਅੰਨ੍ਹੇਵਾਹ ਦੌੜਿਆ ਸੀ। ਪੰਜਾਬ ਦਾ ਚੇਤਨ ਉਹਤੋਂ ਵੀ ਵੱਧ ਤੇਜ਼ੀ ਨਾਲ ਦੌੜਿਆ, ਜਦੋਂ ਗੰਦੇ ਗੱਦਿਆਂ ਦੀ ਸੂਹ ਮਿਲੀ, ਜਾ ਪੁੱਜਿਆ ਫ਼ਰੀਦਕੋਟ ਦੇ ਹਸਪਤਾਲ।

ਜਨਾਬ ਨੇ ਜਾਂਦਿਆਂ ਹੀ ਰੀੜ੍ਹ ਦੀ ਹੱਡੀ ਦੇ ਮਸ਼ਹੂਰ ਡਾ. ਰਾਜ ਬਹਾਦਰ ਨੂੰ ਭਰੀ ਪੰਚਾਇਤ 'ਚ ਗੰਦੇ ਗੱਦੇ 'ਤੇ ਲੰਮਾ ਪਾ ਲਿਆ। ਜਿਨ੍ਹਾਂ ਵੀ.ਸੀ. ਨੂੰ ਲਮਲੇਟ ਕਰ ਲਿਆ, ਉਨ੍ਹਾਂ ਅੱਗੇ ਸਮਾਣੇ ਆਲੇ ਟੀਚਰ ਕਿਹੜੇ ਬਾਗ਼ ਦੀ ਮੂਲੀ ਨੇ। ਜਿਨ੍ਹਾਂ ਨੇ ਸਕੂਲ ਪੜ੍ਹਦੇ ਫ਼ੀਸ ਮੁਆਫ਼ੀ ਦੀ ਅਰਜ਼ੀ ਲਿਖੀ ਹੁੰਦੀ ਐ, ਉਨ੍ਹਾਂ ਨੂੰ ਜ਼ਿੰਦਗੀ 'ਚ ਮੁਆਫ਼ੀ ਮੰਗਣ ਦੀ ਨੌਬਤ ਨਹੀਂ ਆਉਂਦੀ। ਖ਼ੈਰ, ਜੌੜਾਮਾਜਰਾ ਦੀ ਪਿੱਠ ਪਈ ਸੁਣਦੀ ਐ, ਵੱਡਾ ਦਿਲ ਰੱਖਦੇ ਨੇ, ਅੱਖ ਦੇ ਫੋਰੇ ਮੁਆਫ਼ੀਵੀਰ ਬਣ ਗਏ। ਕੇਰਾਂ ਬਿੱਲ ਕਲਿੰਟਨ ਆਪਣੇ ਦਫ਼ਤਰ ਦੀ ਕੱਚੀ ਮੁਲਾਜ਼ਮ ਮੋਨਿਕਾ ਲੇਵਿੰਸਕੀ ਨੂੰ ਛੇੜ ਬੈਠਾ। ਕਲਿੰਟਨ ਨੇ ਜਨਤਕ ਮੁਆਫ਼ੀ ਮੰਗ ਕੇ ਖਹਿੜਾ ਛੁਡਵਾਇਆ।

ਭਲਾ ਦੱਸੋ! ਅਮਰੀਕਾ ਦਾ ਥਾਣੇਦਾਰ ਕਲਿੰਟਨ ਮੁਆਫ਼ੀ ਮੰਗ ਸਕਦੈ, ਫਿਰ ਜੌੜਾਮਾਜਰਾ ਕਲਿੰਟਨ ਤੋਂ ਵੱਡਾ ਤਾਂ ਨਾ ਹੋਇਆ। ਸ਼ਮਸ਼ੇਰ ਲਹਿਰੀ ਵੀ ਇਹੋ ਹਾਮੀ ਭਰ ਰਿਹੈ, 'ਕਿਸੇ ਤੋਂ ਮੁਆਫ਼ੀ ਮੰਗ ਲਈਏ, ਕਿਸੇ ਨੂੰ ਮੁਆਫ਼ ਕਰੀਏ।' ਅੱਜ ਕੱਲ੍ਹ ਜੌੜਾਮਾਜਰਾ ਕੌਕਿਆਂ ਆਲੇ ਮੋਦਨ ਨਾਲੋਂ ਵੱਧ ਮਸ਼ਹੂਰ ਹੋਇਆ ਪਿਐ। ਸਕੂਲੇ ਪੜ੍ਹਦਿਆਂ ਜ਼ਰੂਰ ਕਿਤਾਬਾਂ ਨਾਲ ਅਣਬਣ ਰਹੀ ਹੋਊ। ਅਧਿਆਪਕਾਂ ਨੇ ਐਂ ਰੌਲਾ ਪਾਇਆ ਜਿਵੇਂ ਸਮਾਣੇ ਦੀ ਸੀਮਾ 'ਤੇ ਪ੍ਰਮਾਣੂ ਬੰਬ ਡਿੱਗ ਪਿਆ ਹੋਵੇ। ਅਧਿਆਪਕ ਜਗਤ ਕੈੜ ਅੱਖ ਨਾਲ ਝਾਕਣ ਲੱਗ ਪਿਆ। ਚਾਚਾ ਚੰਡੀਗੜ੍ਹੀਆ ਆਖਦਾ ਹੁੰਦਾ ਸੀ, 'ਘੁਰ-ਘੁਰ ਕੇ ਦੇਖਦੇ ਹੋ, ਮੈਂ ਕੋਈ ਗੱਦੀਓ ਲੱਥਾ ਵਜ਼ੀਰ ਤਾਂ ਨਹੀਂ।'

'ਨੱਥਾ ਸਿੰਘ ਐਂਡ ਪ੍ਰੇਮ ਸਿੰਘ, ਵਨ ਐਂਡ ਦੀ ਸੇਮ ਥਿੰਗ।' ਜੌੜਾਮਾਜਰਾ ਨੇ ਜ਼ਰੂਰ ਕਿਤੇ



ਕਾਂਗਰਸੀ ਨੇਤਾ ਭਾਰਤ ਭੂਸ਼ਨ ਆਸ਼ੂ ਦਾ ਜੂਠਾ ਖਾ ਲਿਆ ਹੋਊ। ਜਦੋਂ ਆਸ਼ੂ ਜੀ ਪਟਿਆਲੇ ਆਲੇ ਰਾਜੇ ਦੀ ਸਰਕਾਰ 'ਚ ਮੰਤਰੀ ਸਨ, ਉਦੋਂ ਮਹਿਲਾ ਡੀ.ਈ.ਓ. ਆਸ਼ੂ ਦੇ ਸਮਾਗਮਾਂ 'ਚ ਲੇਟ ਆਉਣ ਦੀ ਗੁਸਤਾਖ਼ੀ ਕਰ ਬੈਠੀ। ਆਸ਼ੂ ਨੇ ਭਰੇ ਮੇਲੇ 'ਚ ਬੀਬੀ ਦਾ 'ਇੱਜ਼ਤ-ਮਾਣ' ਕਰ'ਤਾ ਸੀ। ਗੁਣਾਂ ਦੀ ਗੁਥਲੀ, ਮੇਰੀ ਮੁਰਾਦ ਆਸ਼ੂ ਲੁਧਿਆਣਵੀ 'ਤੋਂ ਹੈ, ਜਿਹੜੇ ਹੁਣ ਕਹਿੰਦੇ ਫਿਰਦੇ ਨੇ, 'ਮੈਂ ਤਾਂ ਬੋਲਦਾ ਹੀ ਬਹੁਤ ਘੱਟ ਹਾਂ।' ਭਾਰਤੀ ਸਿਆਸਤ 'ਚ ਨੇਤਾ ਝੂਠ ਬੋਲਣ 'ਚ ਭੋਰਾ ਕੰਜੂਸੀ ਨਹੀਂ ਕਰਦੇ। ਰਾਜ ਕੁਮਾਰ ਦਾ ਡਾਇਲਾਗ ਤਾਂ ਸੁਣਿਆ ਹੋਊ, 'ਹਮ ਕੋ ਮਿਟਾ ਸਕੇ, ਜ਼ਮਾਨੇ ਮੇਂ ਦਮ ਨਹੀਂ।'

ਅਮਲੋਹ ਆਲੇ ਸਾਧੂ ਸਿੰਘ ਧਰਮਸੋਤ ਦਾ ਜ਼ੁਬਾਨ ਰਸ ਵੀ ਨਾਭੇ ਦੀ ਗਲੀ ਗਲੀ 'ਚ ਚੋਇਆ ਸੀ। ਮੰਤਰੀ ਹੁੰਦਿਆਂ ਇੱਕ ਮਹਿਲਾ ਪ੍ਰਿੰਸੀਪਲ ਨੂੰ ਪੈ ਨਿਕਲੇ ਸਨ। ਪ੍ਰਿੰਸੀਪਲ ਬੀਬੀ ਨੂੰ ਧਰਮਸੋਤ ਦੀ ਸਾਧੂਗਿਰੀ 'ਚੋਂ ਅਰਜਨ ਵੈਲੀ ਦਾ ਝਉਲਾ ਪਿਆ। ਸਿਆਣੇ ਆਖਦੇ ਨੇ, ਬਈ! ਬੱਚੇ ਨੂੰ ਬੋਲਣ ਸਿੱਖਣ ਲਈ ਦੋ ਸਾਲ ਲੱਗਦੇ ਨੇ, ਜ਼ੁਬਾਨ ਸੰਭਾਲਣੀ ਸਿੱਖਣ ਲਈ ਸੱਠ ਸਾਲ ਲੱਗ ਜਾਂਦੇ ਨੇ। ਇਨ੍ਹਾਂ ਖ਼ਾਮੋਸ਼ ਰੂਹਾਂ ਨੂੰ ਦੇਖ ਇਹੋ ਦਿਮਾਗ਼ 'ਚ ਘੁੰਮਦੈ, 'ਦੁਨੀਆ ਬਨਾਣੇ ਵਾਲੇ, ਕਿਆ ਤੇਰੇ ਮਨ ਮੇਂ ਸਮਾਈ..।' ਕਈ ਵਾਰੀ ਜ਼ੁਬਾਨ ਵਾਂਗੂ ਗੱਲ ਵੀ ਕਿਧਰੇ ਹੋਰ ਪਾਸੇ ਹੀ ਤਿਲਕ ਜਾਂਦੀ ਹੈ।

'ਦੁਨੀਆ ਬਣਾਉਣ ਵਾਲਿਆ ਤੇਰੇ ਸੰਦਾਂ ਦਾ ਭੇਤ ਨਾ ਆਇਆ।' ਬੰਦੇ ਨੂੰ ਸਮਝਣਾ ਸੌਖਾ, ਰੱਬ ਨੂੰ ਔਖੈ। ਪ੍ਰੋ. ਮੋਹਨ ਸਿੰਘ ਲਿਖਦੇ ਨੇ, 'ਰੱਬ ਇੱਕ ਗੁੰਝਲਦਾਰ ਬੁਝਾਰਤ, ਰੱਬ ਇੱਕ ਗੋਰਖ-ਧੰਦਾ..।' ਅਸੀਂ ਪੁੱਛਦੇ ਪਏ ਹਾਂ ਕਿ ਏ ਮਾਜਰਾ ਕਿਆ ਹੈ। ਰੱਬ ਕੋਲ ਏਨੇ ਦੇਵਤੇ ਨਹੀਂ ਹੋਣੇ ਜਿੰਨੇ ਅਸਾਂ ਦੇ ਕੋਲ ਮਾਜਰੇ ਨੇ। ਜੀਹਤੋਂ ਟੀਚਰ ਥਰ-ਥਰ ਕੰਬਣ, ਓਹ ਜੌੜਾਮਾਜਰਾ ਅਖਵਾਉਂਦੈ, ਜਿਹਨੂੰ ਦੇਖ ਹਿੰਦੀ ਨੂੰ ਛਿੜੇ ਕਾਂਬਾ ਉਹ ਚੰਦੂਮਾਜਰਾ, ਰੰਗੀਨ ਤਬੀਅਤ ਆਲਾ ਪਠਾਨਮਾਜਰਾ ਤੇ ਜੀਹਦੇ ਘਰ ਅੱਗੇ ਗੱਜੇ ਈ.ਡੀ., ਉਹ ਗੱਜਣਮਾਜਰਾ ਅਖਵਾਉਂਦੈ...ਇਹ ਸਾਰੇ ਮਾਜਰੇ ਇੱਕ ਸ਼ੀਸ਼ਾ ਹਨ ਜਿਨ੍ਹਾਂ 'ਚੋਂ ਪੰਜਾਬ ਦਾ ਮਾਜਰਾ (ਹਾਲ) ਸੌਖੇ ਹੀ ਜਾਣ ਸਕਦੇ ਹਾਂ।

ਪੰਜਾਬ ਕਿੰਨਾ ਭਾਗਾਂ ਵਾਲੈ, ਜਿਹਨੂੰ ਥੋਕ 'ਚ ਕ੍ਰਾਂਤੀਵੀਰ ਮਿਲੇ ਨੇ। ਮਾਜਰਾ ਆਪੇ ਨੌਂ ਬਰ ਨੌਂ ਹੋਜੂ। ਕੋਈ ਵੀ ਮੰਗਲ ਪਾਂਡੇ ਤੋਂ ਘੱਟ ਨਹੀਂ ਸਮਝਦਾ। ਨਹੀਂ ਯਕੀਨ ਤਾਂ ਟਰੇਲਰ ਦੇਖ ਲਓ। ਔਹ ਦੇਖੋ! 'ਸਿੱਖਿਆ ਕ੍ਰਾਂਤੀ' ਸਕੂਲਾਂ 'ਚ ਧੁੱਸ ਦੇ ਕੇ ਵੜੀ ਹੈ। ਸਿੱਖਿਆ ਕ੍ਰਾਂਤੀ ਦਾ ਲਾੜਾ ਹਰਜੋਤ ਸਿੰਘ ਬੈਂਸ ਬਣਿਐ। ਪਖਾਨੇ ਲੋਕ ਅਰਪਣ ਕਾਹਦੇ ਕੀਤੇ, ਲਾਭ ਸਿੰਘ ਉਗੋਕੇ ਸਰਬਾਲਾ ਬਣਦਾ ਫਿਰਿਆ ਗਿਆ। 'ਕਾਹਲੀ ਦੀ ਘਾਣੀ, ਅੱਧਾ ਤੇਲ ਅੱਧਾ ਪਾਣੀ।'

ਪੁਰਾਣੀ ਫ਼ਿਲਮ ਕ੍ਰਾਂਤੀ 'ਚ ਹੇਮਾ ਮਾਲਿਨੀ ਨੇ ਸੁਰ ਲਾ ਪੁੱਛਿਐ, 'ਦਿਲ ਵਾਲੇ-ਦਿਲ ਵਾਲੇ ਤੇਰਾ ਸਪਨਾ ਕਿਆ ਹੈ, ਜੁਆਬ ਮਿਲਦੈ, 'ਕ੍ਰਾਂਤੀ-ਕ੍ਰਾਂਤੀ'। ਸਿਹਤ ਮਹਿਕਮਾ ਜੌੜਾਮਾਜਰਾ 'ਤੋਂ ਸਰਕਾਰ ਵਾਪਸ ਨਾ ਲੈਂਦੀ ਤਾਂ ਅੱਜ ਸਿਹਤ ਕ੍ਰਾਂਤੀ ਨੇ ਵੀ ਪੰਜਾਬ ਦੇ ਘਰ ਘਰ ਜਾ ਕੰਜਕਾਂ ਖਾ ਆਉਣੀਆਂ ਸਨ। ਵਿਰੋਧੀ ਆਗੂ ਲੱਖ ਪਏ ਸੰਘ ਪਾੜਨ। 'ਕ੍ਰਾਂਤੀ' ਕਿਲੋਮੀਟਰ ਸਕੀਮ ਆਲੀਆਂ ਬੱਸਾਂ ਵਾਂਗੂ ਰੁਕਣੀ ਨਹੀਂ ਚਾਹੀਦੀ। ਜਿਵੇਂ ਸੂਟਾਂ ਵਾਲੀ ਦੁਕਾਨ 'ਚ ਭਾਰਤੀ ਨਾਰੀ ਖੜਦੀ ਹੈ, ਉਵੇਂ ਉਦਘਾਟਨੀ ਪੱਥਰਾਂ ਨੂੰ ਦੇਖ ਵਿਧਾਇਕਾਂ ਦਾ ਅੰਦਰਲਾ ਬਾਘੀਆਂ ਪਾਉਂਦੈ। 'ਦੋ ਗਿੱਠਾਂ ਦੀ ਵੰਝਲੀ, ਕੋਹ ਕੋਹ ਕੂਕ ਸੁਣੇ'। ਓਹ ਦਿਨ ਵੀ ਯਾਦ ਕਰੋ, ਜਦੋਂ ਅਕਾਲੀਆਂ ਦੇ ਰਾਜ 'ਚ ਪਖਾਨਿਆਂ 'ਤੇ 'ਰਾਜ ਨਹੀਂ ਸੇਵਾ' ਵਾਲੀਆਂ ਤਸਵੀਰਾਂ ਲੱਗੀਆਂ ਸਨ।

ਬੈਂਸ ਸਾਹਬ! ਅੱਗੇ ਵਧੋ, ਹਮ ਤੁਮਾਰੇ ਸਾਥ ਹੈ। ਜਿਵੇਂ ਕਿਊਬਾ ਦੀ ਕ੍ਰਾਂਤੀ ਦਾ ਸਿਹਰਾ ਚੀ-ਗਵੇਰਾ ਸਿਰ ਸਜਿਆ, ਰੂਸ ਦੀ ਕ੍ਰਾਂਤੀ ਦਾ ਤਾਜ ਲੈਨਿਨ ਸਿਰ ਟਿਕਿਆ, ਫਰਾਂਸ ਦੀ ਕ੍ਰਾਂਤੀ ਦਾ ਰਾਹ ਦਸੇਰਾ ਨੈਪੋਲੀਅਨ ਬਣਿਆ, ਉਵੇਂ ਜਦੋਂ ਸਦੀਆਂ ਬਾਅਦ ਕਦੇ ਕੋਈ ਪੰਜਾਬ ਦਾ ਇਤਿਹਾਸ ਫੋਲੇਗਾ ਤਾਂ ਹਰਜੋਤ ਸਿੰਘ ਬੈਂਸ ਦਾ ਨਾਮ ਸਿੱਖਿਆ ਕ੍ਰਾਂਤੀ ਦੇ ਨਾਇਕ ਵਜੋਂ ਅੰਕਿਤ ਹੋਵੇਗਾ। ਅਗਲੀਆਂ ਪੀੜ੍ਹੀਆਂ ਵੀ ਯਾਦ ਰੱਖਣਗੀਆਂ ਕਿਵੇਂ ਸਾਡੇ ਪੁਰਖਿਆਂ ਨੇ ਜਾਨ ਤਲੀ 'ਤੇ ਧਰ ਅਜੂਬਿਆਂ ਵਰਗੇ ਪਖਾਨੇ ਬਣਾਏ। ਸਦੀਆਂ ਬਾਅਦ ਜਦੋਂ ਕਦੇ ਖੰਡਰਾਤ ਹੋਏ ਪੰਜਾਬ ਦੀ ਖ਼ੁਦਾਈ ਹੋਈ ਤਾਂ ਸਿੰਧ ਘਾਟੀ ਦੀ ਸਭਿਅਤਾ ਵਾਂਗੂ ਉਦਘਾਟਨੀ ਪੱਥਰਾਂ ਦੇ ਟੁਕੜੇ ਲੱਭਿਆ ਕਰਨਗੇ।

ਅਖੀਰ 'ਚ ਇੱਕ ਲਤੀਫ਼ਾ। ਸਕੂਲ ਦੀ ਕਲਾਸ 'ਚ ਮਾਸਟਰ ਜੀ ਪੁੱਛਣ ਲੱਗੇ, ਬੱਚਿਓ! ਰਾਜਾ ਰਾਮ ਮੋਹਨ ਰਾਏ ਕੌਣ ਸਨ? ਬੱਚੇ ਇੱਕੋ ਸੁਰ 'ਚ ਬੋਲੇ, ਮਾਸਟਰ ਜੀ! ਚਾਰੇ ਹੀ ਪੱਕੇ ਦੋਸਤ ਸਨ। ਲਤੀਫ਼ਾ ਸੁਣ ਇੰਜ ਲੱਗਦੈ ਕਿ ਜਿਵੇਂ ਇਹੋ ਬੱਚੇ ਵੱਡੇ ਹੋ ਕੇ 'ਕ੍ਰਾਂਤੀਵੀਰ' ਬਣ ਗਏ।

# ਵਕ਼ਫ਼ ਦੀ ਵਾਕਫ਼ੀਅਤ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353



ਮੋਟੇ ਤੌਰ 'ਤੇ ਇਸਲਾਮ ਦੇ ਅੰਤਰਗਤ ਪੁੰਨ ਕੀਤੀਆਂ ਸੰਪਤੀਆਂ ਨੂੰ ਵਕ਼ਫ਼ ਕਿਹਾ ਜਾਂਦਾ ਹੈ। ਵਕ਼ਫ਼ ਸੰਸਥਾ ਦਾ ਇਤਿਹਾਸਕ ਤੌਰ 'ਤੇ ਇਸਲਾਮ ਵਿਚ ਮਹੱਤਵਪੂਨ ਸਥਾਨ ਹੈ। ਇਸ ਦੇ ਅਸੂਲ ਮੁਹੰਮਦ ਵੇਲੇ ਦੀਆਂ ਰਸਮਾਂ ਅਤੇ ਹਦੀਸ ਦੀਆਂ ਹਦਾਇਤਾਂ ਤੋਂ ਸ਼ੁਰੂ ਹੋਏ ਦੱਸੇ ਜਾਂਦੇ ਹਨ। ਮੁਹੰਮਦ ਸਾਹਿਬ ਨੇ ਮਦੀਨਾ ਵਿਚ ਖਜੂਰਾਂ ਦਾ ਇੱਕ ਝੁੰਡ ਗਰੀਬਾਂ ਨੂੰ ਅਰਪਿਤ ਕੀਤਾ ਸੀ। ਸਮੇਂ ਨਾਲ ਇਸਲਾਮ ਪ੍ਰਭਾਵਤ ਮੁਲਕਾਂ ਵਿਚ ਲੋੜਵੰਦਾਂ, ਧਾਰਮਕ ਸੇਵਾਵਾਂ ਅਤੇ ਹੋਰ ਸਮਾਜਕ ਕਾਰਜਾਂ ਲਈ ਵਕ਼ਫ਼ ਇੱਕ ਅਹਿਮ ਅਦਾਰਾ ਬਣਦਾ ਗਿਆ। ਨੌਵੀਂ ਸਦੀ ਵਿਚ ਉਮਰ ਇਬਨ ਅਲ-ਖੱਤਾਬ ਨੇ ਖ਼ੈਬਾਰ ਵਿਚ ਸਦੀਵੀ ਚੱਲਣ ਵਾਲਾ ਵਕ਼ਫ਼ ਸਥਾਪਤ ਕੀਤਾ ਜਿਸ ਤੋਂ ਪ੍ਰਾਪਤ ਆਮਦਨ ਨੂੰ ਖਰਾਇਤੀ ਕਾਰਜਾਂ ਲਈ ਵਰਤੇ ਜਾਣ ਦਾ ਮਨਸ਼ਾ ਸੀ। ਉਸਮਾਨੀ ਦੌਰ ਵਿਚ ਵਕ਼ਫ਼ ਵਿਕਾਸ ਕਰਦਾ ਇਸਲਾਮੀ ਸਮਾਜ ਦਾ ਇੱਕ ਸਥਾਈ ਅੰਗ ਬਣ ਗਿਆ। ਭਾਰਤ ਵਿਚ ਸੁਲਤਾਨੀ ਹਕੂਮਤਾਂ ਸਮੇਂ ਇਸ ਨੇ ਪੈਰ ਜਮਾ ਲਏ। ਆਜ਼ਾਦੀ ਪਿੱਛੋਂ ਸਮੇਂ ਸਮੇਂ ਵਕ਼ਫ਼ ਨੂੰ ਨਿਯੰਤ੍ਰਿਤ ਕਰਨ ਲਈ ਕਾਨੂੰਨ ਬਣਾ ਕੇ ਰਾਜਾਂ ਵਿਚ ਬੋਰਡ ਸਥਾਪਤ ਕੀਤੇ ਗਏ। ਹਾਲ ਹੀ ਵਿਚ ਸਰਕਾਰ ਨੇ ਵਕ਼ਫ਼ ਵਿਚ ਕਥਿਤ ਭ੍ਰਿਸ਼ਟ ਅਤੇ ਅਨਿਯਮਤਾਈਆਂ ਨੂੰ ਕੰਟਰੋਲ ਕਰਨ ਦੇ ਬਹਾਨੇ ਵਕ਼ਫ਼ ਸੋਧ ਕਾਨੂੰਨ ਬਣਾ ਦਿੱਤਾ ਹੈ। ਵਿਰੋਧੀ ਧਿਰਾਂ ਨੇ ਸੰਸਦ ਵਿਚ ਪੇਸ਼ ਇਸ ਬਿੱਲ ਦੀ ਇਸ ਗੱਲੋਂ ਜ਼ਬਰਦਸਤ ਨੁਕਤਾਚੀਨੀ ਕੀਤੀ ਕਿ ਇਹ ਸੰਵਿਧਾਨ ਦੀਆਂ ਧਾਰਮਕ ਆਜ਼ਾਦੀਆਂ ਨੂੰ ਯਕੀਨੀ ਬਣਾਉਂਦੀਆਂ ਧਾਰਾਵਾਂ ਦੇ ਖਿਲਾਫ਼ ਹੈ, ਕਿਉਂਕਿ ਇਹ ਵਕ਼ਫ਼ ਦੀ ਖੁਦਮੁਖਤਾਰੀ ਨੂੰ ਘਟਾਉਂਦਾ ਹੈ। ਬਣੇ ਕਾਨੂੰਨ ਅਨੁਸਾਰ ਬੋਰਡ ਦੇ ਮੈਂਬਰ ਮਨੋਨੀਤ ਹੋਣਗੇ ਅਤੇ ਗੈਰ-ਮੁਸਲਮਾਨ ਵੀ ਇਸ ਦੇ ਮੈਂਬਰ ਬਣ ਸਕਦੇ ਹਨ। ਘੱਟੋ-ਘੱਟ ਪੰਜ ਸਾਲ ਪਹਿਲਾਂ ਬਣਿਆ ਮੁਸਲਮਾਨ ਹੀ ਵਕਫ਼ ਦੇਣ ਦਾ ਹੱਕਦਾਰ ਹੋ ਸਕਦਾ ਹੈ। ਕਿਸੇ ਝਗੜੇ ਨੂੰ ਨਿਪਟਾਉਣ ਦੇ ਸਾਰੇ ਹੱਕ ਕੁਲੈਕਟਰ ਨੂੰ ਹੀ ਦੇ ਦਿੱਤੇ ਹਨ।

ਸੋਧਾਂ ਕਾਰਨ ਇਤਿਹਾਸਕ ਵਕ਼ਫ਼ ਸੰਪਤੀਆਂ ਤੇ ਨਾਜਾਇਜ਼ ਕਬਜ਼ਿਆਂ ਦਾ ਰੁਝਾਨ ਵਧ ਜਾਵੇਗਾ। ਆਲੋਚਕਾਂ ਅਨੁਸਾਰ ਇਨ੍ਹਾਂ ਸੋਧਾਂ ਪਿਛੋਂ ਮੁਕੱਦਮੇਬਾਜ਼ੀ ਵਧ ਜਾਵੇਗੀ, ਵਕ਼ਫ਼ ਸੰਪਤੀਆਂ ਦਾ ਕੁਪ੍ਰਬੰਧਨ ਹੋਣ ਲੱਗੇਗਾ ਅਤੇ ਮੁਸਲਮਾਨ ਸਮੁਦਾਇ ਦਾ ਇਨ੍ਹਾਂ ਉਤੇ ਕੰਟਰੋਲ ਘਟ ਜਾਵੇਗਾ। ਹੋਰ ਧਰਮਾਂ, ਜਿਵੇਂ ਹਿੰਦੂ ਸਿੱਖ ਆਦਿ ਵਿਚ ਲੋਕ ਆਪਣੇ ਇਸ਼ਟ ਨੂੰ ਖੂਬ ਚੜ੍ਹਾਵਾ ਚੜ੍ਹਾਉਂਦੇ ਹਨ ਇਸ ਲਈ ਇਨ੍ਹਾਂ ਕੋਲ ਬੇਹੱਦ ਮਾਇਆ ਇਕੱਠੀ ਹੋ ਜਾਂਦੀ ਹੈ ਜਿਸ 'ਤੇ ਕੋਈ ਕੰਟਰੋਲ ਨਹੀਂ। ਪਰ ਮੁਸਲਮਾਨਾਂ ਵਿਚ ਇਹ ਪ੍ਰਥਾ ਨਹੀਂ ਹੈ ਇਸ ਲਈ ਉਹ ਵਕ਼ਫ਼ 'ਤੇ ਨਿਰਭਰ ਰਹਿੰਦੇ ਹਨ। ਇਸ ਤਰ੍ਹਾਂ ਇਹ ਅਦਾਰਾ ਇਸਲਾਮ ਦੀ ਅਸਮਤ ਨਾਲ ਜੁੜਿਆ ਹੋਇਆ ਹੈ। ਅਸਲ ਵਿਚ ਇਹ ਕਾਨੂੰਨਾਂ ਹੋਰ ਮੁਸਲਮਾਨ ਵਿਰੋਧੀ ਕਾਨੂੰਨਾਂ ਤੇ ਕਦਮਾਂ ਦੀ ਲੜੀ ਵਿਚ ਦੇਖਿਆ ਗਿਆ ਹੈ ਜਿਨ੍ਹਾਂ ਦਾ ਮਕਸਦ ਸੱਤਾ ਧਿਰ ਵਲੋਂ ਧਾਰਮਕ ਧਰੁਵੀਕਰਣ ਕਰਕੇ ਚੋਣਾਂ ਵਿਚ ਲਾਭ ਲੈਣਾ ਹੈ।

ਚਲੋ ਵਕਫ਼ ਸ਼ਬਦ ਨਾਲ ਕੁਝ ਵਾਕਫ਼ੀਅਤ ਪਾਈਏ। ਇਹ ਜਮਾਂਦਰੂ ਤੌਰ 'ਤੇ ਅਰਬੀ ਭਾਸ਼ਾ ਦਾ ਲਫ਼ਜ਼ ਹੈ ਜੋ ਫਾਰਸੀ ਰਾਹੀਂ ਸਾਡੀਆਂ ਜ਼ਬਾਨਾਂ ਵਿਚ ਆਇਆ। ਇਹ ਲਫ਼ਜ਼ ਅਰਬੀ ਦੇ ਤਿੰਨ ਅੱਖਰੀ ਮੂਲ 'ਵਾ-ਕ਼ਾਫ਼-ਫੇ' ਤੋਂ ਵਿਉਤਪਤ ਹੋਇਆ ਹੈ ਜਿਸ ਵਿਚ ਖੜੇ ਹੋਣ, ਰੋਕਣ, ਥੰਮਣ, ਅਟਕਣ, ਠਹਿਰਨ ਦੇ ਭਾਵ ਹਨ। ਨਾਂਵ ਦੇ ਤੌਰ 'ਤੇ ਵਕ਼ਫ਼ ਸ਼ਬਦ ਵਿਚ ਮੁੱਖ ਤੌਰ 'ਤੇ ਖੜੇ ਹੋਣ ਦਾ ਭਾਵ ਹੈ। ਅਰਬੀ ਭਾਸ਼ਾ ਵਿਚ ਇਸ ਦੇ ਅਰਥਾਂ ਦਾ ਇਸ ਪ੍ਰਕਾਰ ਵਿਸਥਾਰ ਹੋਇਆ: ਖੜਨ, ਰੋਕਣ; ਉਡੀਕਣ, ਇੰਤਜ਼ਾਰ; ਵਿਰਾਮ; ਉਤਾਵਲਾ ਹੋਣ, ਤਤਪਰ ਹੋਣ; ਸਮਝਣ; ਦਾਨ ਦੀ ਵਸੀਅਤ, ਧਰਮਾਰਥ ਦਾਨ ਅਤੇ ਦਾਨ ਕੀਤੀ ਸੰਪਤੀ; ਸ਼ਾਂਤੀ, ਦ੍ਰਿੜਤਾ; ਸਥਿਰਤਾ। ਤਰਕ ਨਾਲ ਇਨ੍ਹਾਂ ਸਾਰੇ ਅਰਥਾਂ ਨੂੰ ਆਪਸ ਵਿਚ ਜੋੜਿਆ ਜਾ ਸਕਦਾ ਹੈ। ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਇਸ ਸ਼ਬਦ ਵਿਚ ਮੁਖ ਭਾਵ ਖੜਾ ਹੋਣ ਦਾ ਹੈ। ਖੜਾ ਹੋਣ ਦਾ ਮਤਲਬ ਰੁਕਣਾ ਵੀ ਹੈ। ਜਦੋਂ ਅਸੀਂ ਕਹਿੰਦੇ ਹਾਂ 'ਖੜ ਜਾ ਜ਼ਰਾ' ਤਾਂ ਸਾਡਾ ਆਸ਼ਾ ਕਿਸੇ ਚੱਲ ਰਹੇ ਕੰਮ ਜਾਂ ਗੱਲਬਾਤ ਨੂੰ ਥੋੜੇ ਸਮੇਂ ਲਈ ਰੋਕਣ 'ਤੋਂ ਹੁੰਦਾ ਹੈ, ਰੋਕਣ ਤੋਂ ਉਡੀਕਣ ਦਾ ਭਾਵ ਵੀ ਸਹਿਜੇ ਹੀ ਉਜਾਗਰ ਹੁੰਦਾ ਹੈ। ਆਪੇ ਨੂੰ ਕਿਸੇ ਹੋਰ ਵਹਿਣ ਤੋਂ ਰੋਕ ਕੇ ਕਿਸੇ ਖਾਸ ਮੁੱਦੇ ਵੱਲ ਧਿਆਨ ਕੇਂਦ੍ਰਿਤ ਕਰਨ ਅਰਥਾਤ ਉਤਾਵਲਾ ਜਾਂ ਤਤਪਰ ਹੋਣ ਦਾ ਭਾਵ ਵੀ ਏਥੋਂ ਹੀ ਉਭਰਦਾ ਹੈ। ਸਰੀਰਕ ਤੌਰ 'ਤੇ ਖੜੇ ਹੋਣ ਤੋਂ ਸਮਝਣ, ਜਾਨਣ ਦੇ ਭਾਵ ਦਾ ਵਿਕਸਿਤ ਹੋਣਾ ਇੱਕ ਸੰਕਲਪਾਤਮਕ ਉਛਾਲਾ ਹੀ ਕਿਹਾ ਜਾ ਸਕਦਾ ਹੈ। ਇਨਸਾਨ ਨੂੰ ਸਮਝ ਉਸ ਵੇਲੇ ਆਉਂਦੀ ਹੈ ਜਦੋਂ ਉਹ ਮਾਨਸਿਕ ਤੇ ਬੌਧਿਕ ਤੌਰ 'ਤੇ ਰੁਕਦਾ ਹੈ, ਠਹਿਰਾਉ ਦੀ ਸਥਿਤੀ ਵਿਚ ਹੁੰਦਾ ਹੈ, ਕਾਸੇ ਤੇ ਗ਼ੌਰ ਜਾਂ ਵਿਚਾਰ ਕਰਦਾ ਹੈ ਤੇ ਫਿਰ ਜਾਨਣ ਲਗਦਾ ਹੈ। ਅੰਗਰੇਜ਼ੀ ਕਵੀ ਵਿਲੀਅਮ ਹੈਨਰੀ ਡੇਵੀਜ਼ ਦੀ ਤੁਕ ਹੈ,

What is this life if full of care,
We have no time to stand and stare

ਭਾਵ ਜ਼ਿੰਦਗੀ ਨੂੰ ਸਮਝਣ ਲਈ ਖੜਨਾ/ਰੁਕਣਾ ਜ਼ਰੂਰੀ ਹੈ। ਸਬੱਬ ਹੈ ਕਿ ਸਮਝਣ ਦੇ ਅਰਥਾਂ ਵਾਲੇ ਅੰਗਰੇਜ਼ੀ ਸ਼ਬਦ Understand ਵਿਚ ਖੜੇ ਹੋਣ ਦੇ ਅਰਥਾਂ ਵਾਲਾ stand ਝਲਕਦਾ ਹੈ। ਅੰਡਰਸਟੈਂਡ ਦਾ ਸ਼ਾਬਦਿਕ ਅਰਥ ਬਣਦਾ ਹੈ (ਕਾਸੇ ਦੇ) ਵਿਚਕਾਰ ਜਾਂ ਅਧੀਨ ਖੜਨਾ ਮਤਲਬ ਕਿਸੇ ਮਸਲੇ ਆਦਿ ਨੂੰ ਆਪਣੀ ਪਕੜ ਵਿਚ ਲੈ ਲੈਣਾ, ਸੋ ਸਮਝ ਲੈਣਾ। ਜੋ ਚੀਜ਼ ਖੜੋਤ ਵਿਚ ਹੈ ਉਹ ਸ਼ਾਂਤ ਵੀ ਹੈ ਜਿਵੇਂ ਚਲਦੇ ਪਾਣੀਆਂ ਦੇ ਟਾਕਰੇ 'ਤੇ ਖੜਾ ਪਾਣੀ ਸ਼ਾਂਤ ਹੁੰਦਾ ਹੈ। ਏਥੋਂ ਹੀ ਅੱਗੇ ਦ੍ਰਿੜ, ਸਥਿਰ, ਡਟੇ ਹੋਣ ਅਰਥਾਤ ਆਪਣੇ ਸਟੈਂਡ 'ਤੇ ਖੜੇ ਹੋਣ ਦੇ ਭਾਵ ਵਿਕਸਿਤ ਹੁੰਦੇ ਹਨ। ਖੜੇ ਹੋਣ ਦੀ ਸਥਿਤੀ ਵਿਚ ਵਿਰਾਮ ਹੁੰਦਾ ਹੈ। ਕੁਰਾਨ ਨੂੰ ਸਪੱਸ਼ਟਤਾ ਨਾਲ ਸਮਝਣ ਲਈ ਇਸ ਦੇ ਪਾਠ ਉਪਰ ਕਈ ਤਰ੍ਹਾਂ ਦੇ ਵਿਰਾਮ ਦੇਣ 'ਤੇ ਜ਼ੋਰ ਦਿੱਤਾ ਜਾਂਦਾ ਹੈ ਜਿਸ ਨੂੰ ਵਕ਼ਫ਼ ਕਿਹਾ ਜਾਂਦਾ ਹੈ, ਕੁਝ ਕੁਝ ਰਹਾਉ ਦੀ ਤਰ੍ਹਾਂ। ਵਕ਼ਫ ਦੇਣ ਵਾਲੇ ਨੂੰ ਵਕ਼ਿਫ਼ ਕਿਹਾ ਜਾਂਦਾ ਹੈ। ਅਰਬੀ ਵਿਚ ਵਕ਼ਫ਼ ਦਾ ਬਹੁਵਚਨ ਔਕੂਫ਼ ਹੈ ਅਰਥਾਤ ਦਾਨ ਕੀਤਾ ਸਭ ਕੁਝ। ਵਕਫ਼ਨਾਮਾ ਉਹ ਦਸਤਾਵੇਜ਼ ਹੁੰਦੀ ਹੈ ਜਿਸ ਵਿਚ ਅਰਪਿਤ ਕੀਤੇ ਜਾਣ ਵਾਲੇ ਔਕਾਫ਼ ਦਰਜ ਕਰਾਏ ਜਾਂਦੇ ਹਨ।

ਭਾਰਤੀ ਭਾਸ਼ਾਵਾਂ ਵਿਚ ਵਕ਼ਫ਼ ਸ਼ਬਦ ਸਿਰਫ਼ ਧਰਮਾਰਥ ਜਾਇਦਾਦਾਂ ਦੇ ਪ੍ਰਸੰਗ ਵਿਚ ਹੀ ਜਾਣਿਆ ਜਾਂਦਾ ਹੈ। ਇਸਲਾਮ ਵਿਚ ਧਰਮ ਹਿੱਤ ਦਾਨ ਕੀਤੀ ਜਾਂਦੀ ਜ਼ਮੀਨ, ਜਾਇਦਾਦ, ਧੰਨ ਆਦਿ ਸਦੀਵੀ ਤੌਰ 'ਤੇ ਅਰਪਿਤ ਕੀਤੇ ਗਏ ਸਮਝੇ ਜਾਂਦੇ ਹਨ, ਯਾਨੀ ਇਹ ਨਾ ਹੁਣ ਤੇ ਨਾ ਹੀ ਭਵਿੱਖ ਵਿਚ ਵਾਪਿਸ ਲਏ ਜਾ ਸਕਦੇ ਹਨ, ਇਹ ਅਜ਼ਲੀ ਹਨ। ਵਕ਼ਫ਼ ਸ਼ਬਦ ਦਾ ਇਹ ਅਰਥ ਇਸ ਗੱਲ ਤੋਂ ਵਿਕਸਿਤ ਹੁੰਦਾ ਹੈ ਕਿ ਵਕ਼ਿਫ ਨੇ ਆਪਣੀ ਸੰਪਤੀ ਆਪਣੇ ਨਿੱਜੀ ਮੁਫ਼ਾਦ 'ਤੋਂ ਰੋਕ ਕੇ ਖ਼ੁਦਾਈ ਜਾਂ ਖਰਾਇਤੀ ਮੰਤਵ ਹਿਤ ਹਮੇਸ਼ਾ ਲਈ ਭੇਟ ਕਰ ਦਿੱਤੀ ਹੈ। ਪਾਕਿਸਤਾਨ ਦੇ ਇਤਿਹਾਸਕ ਗੁਰਦਵਾਰੇ ਪਾਕਿਸਤਾਨ ਔਕੂਫ਼ ਬੋਰਡ ਦੇ ਅਧੀਨ ਹਨ। ਔਕੂਫ਼ ਸੰਪਤੀਆ ਅੱਗੇ ਵੇਚੀਆਂ ਨਹੀਂ ਜਾ ਸਕਦੀਆਂ, ਹੋਰ ਕਿਸੇ ਦੇ ਨਾਂ ਚੜ੍ਹਾਈਆਂ ਨਹੀਂ ਜਾ ਸਕਦੀਆਂ ਅਤੇ ਨਾ ਹੀ ਕਿਸੇ ਹੋਰ ਮਕਸਦ ਲਈ ਵਰਤੀਆਂ ਜਾ ਸਕਦੀਆਂ ਹਨ। ਇਹ ਖਰਾਇਤੀ ਮੰਤਵਾਂ ਜਿਵੇਂ ਹਸਪਤਾਲ, ਮਸਜਿਦ, ਕਬਰਿਸਤਾਨ, ਮੁਸਾਫਰਖਾਨਾ, ਚੌਂਤਰੇ, ਦਰਗਾਹਾਂ, ਤਕੀਏ, ਮਦਰਸੇ ਉਸਾਰਨ, ਉਨ੍ਹਾਂ ਦੀ ਦੇਖ ਰੇਖ ਕਰਨ ਜਾਂ ਹੋਰ ਲੋਕ ਭਲਾਈ ਦੇ ਕੰਮਾਂ ਲਈ ਵਰਤੀਆਂ ਜਾਂਦੀਆਂ ਹਨ। ਦਰਅਸਲ ਔਕੂਫ ਦਾ ਇਹ ਅਬਦਲ ਖਾਸਾ ਇਸ ਲਈ ਹੈ, ਕਿਉਂਕਿ ਇਹ ਅੱਲਾ ਨੂੰ ਭੇਟ ਕੀਤੀਆਂ ਗਈਆਂ ਹਨ, ਅੱਲਾ ਨਮਿੱਤ ਕੀਤੀ ਚੀਜ਼ ਵਾਪਿਸ ਥੋੜੀ ਲਈ ਜਾ ਸਕਦੀ ਹੈ। ਇਸਲਾਮ ਦਾ ਇਹ ਸੰਕਲਪ ਹੋਰ ਧਰਮਾਂ ਨਾਲੋਂ ਕੁਝ ਵੱਖਰਾ ਹੈ। ਧਿਆਨ ਰਹੇ ਨਿਆਂ-ਸ਼ਾਸਤਰ ਅਨੁਸਾਰ ਕੋਈ ਵੀ ਦੈਵ ਸ਼ਕਤੀ (ਅੱਲਾ, ਪਰਮਾਤਮਾ, ਦੇਵਤਾ ਆਦਿ) ਮਨੁੱਖ ਦੀ ਤਰ੍ਹਾਂ ਨਿਆਂ ਦੇ ਨਜ਼ਰੀਏ ਤੋਂ ਪੁਰਖ ਹਨ ਅਰਥਾਤ ਕਿਸੇ ਮੰਦਰ, ਮਸਜਿਦ, ਮੂਰਤੀ ਬਾਰੇ ਜੇ ਕੋਈ ਕਾਨੂੰਨੀ ਝਗੜਾ ਹੁੰਦਾ ਹੈ ਤਾਂ ਉਨ੍ਹਾਂ ਦੀ ਅਭਿਵਿਅਕਤੀ ਕਰਦੀ ਦੈਵ ਸ਼ਕਤੀ ਨੂੰ ਆਪਣਾ ਕੇਸ ਲੜਨ ਦਾ ਅਧਿਕਾਰ ਹੈ, ਭਾਵੇਂ ਕਿ ਉਨ੍ਹਾਂ ਵਲੋਂ ਕੇਸ ਲੜਦਾ ਕੋਈ ਵਕੀਲ ਹੀ ਹੈ। ਬਾਬਰੀ ਮਸਜਿਦ ਕੇਸ ਵਿਚ ਰਾਮ ਲੱਲਾ ਇੱਕ ਕਾਨੂੰਨੀ ਧਿਰ ਸੀ। ਵਕ਼ਫ਼ ਦੇ ਟਰੱਸਟੀ ਨੂੰ ਮੁਤਵੱਲੀ ਕਿਹਾ ਜਾਂਦਾ ਹੈ।

ਵਕ਼ਫ਼ ਮੂਲ ਤੋਂ ਅਰਬੀ ਵਿਚ ਹੋਰ ਕਈ ਸ਼ਬਦ ਬਣੇ ਹਨ ਪਰ ਅਸੀਂ ਏਥੇ ਪੰਜਾਬੀ ਵਿਚ ਜਾਣੇ ਜਾਂਦੇ, ਵਰਤੇ ਜਾਂਦੇ ਸ਼ਬਦਾਂ ਦਾ ਹੀ ਜ਼ਿਕਰ ਕਰਾਂਗੇ। ਪਹਿਲਾਂ 'ਵਕਫ਼ਾ' ਸ਼ਬਦ ਲੈਂਦੇ ਹਾਂ ਜਿਸ ਦਾ ਅਰਥ ਹੈ ਸਮੇਂ ਤੇ ਸਥਾਨ ਦਾ ਫਰਕ, ਵਿੱਥ, ਮੁਹਲਤ, ਪਾੜ। ਇਸ ਸ਼ਬਦ ਵਿਚ ਵੀ ਸਮੇਂ ਤੇ ਸਥਾਨ ਵਿਚਕਾਰ ਖੜੋਤ, ਠਹਿਰਾਅ ਜਾਂ ਰੋਕ ਦਾ ਭਾਵ ਹੀ ਕੰਮ ਕਰ ਰਿਹਾ ਹੈ। ਹਰਿਭਜਨ ਸਿੰਘ ਦੀ ਕਵਿਤਾ ਵਿਚ ਇਸ ਸ਼ਬਦ ਦੇ ਦਰਸ਼ਨ ਕਰੋ,

ਦਰਵਾਜ਼ੇ ਦੀ ਇਹ ਦਸਤਕ ਤਾਂ
ਅੱਖ ਵਾਲੀ ਹੈ
ਸਮਝ ਰਹੀ ਹੈ ਘਰ ਨੰਗਾ ਹੈ
ਦਰਵਾਜ਼ਾ ਖੁੱਲ੍ਹਣ ਤੋਂ ਪਹਿਲਾਂ
ਇਕ ਵਕਫ਼ਾ ਹੈ ਕੱਜਣ ਜੇਡਾ
ਠਕ ਠਕ ਤੋਂ ਪਹਿਲਾਂ
ਏਥੇ ਸਭ ਅੰਨ੍ਹੀ ਚੁਪ ਸੀ
ਕਿਸੇ ਨੰਗ ਨੂੰ ਕੱਜਣ ਸੰਦੀ
ਲੋੜ ਨਹੀਂ ਸੀ

'ਵਕਫ਼ਾ ਦੇਣਾ' ਦਾ ਮਤਲਬ ਚਲੰਤ ਕਾਰਵਾਈ ਕੁਝ ਸਮੇਂ ਲਈ ਰੋਕ ਕੇ ਕਿਸੇ ਨੂੰ ਕਿਸੇ ਕੰਮ ਲਈ ਹੋਰ ਸਮਾਂ ਦੇਣਾ ਅਰਥਾਤ ਸਥਗਿਤ ਕਰਨਾ, ਮਨਸੂਖ ਕਰਨਾ ਹੁੰਦਾ ਹੈ।

ਵਕ਼ਫ਼ ਤੋਂ ਵਕਫੀ ਵਿਸ਼ੇਸ਼ਣ ਹੈ, ਜਿਸ ਦਾ ਅਰਥ ਹੈ ਥੋੜ ਚਿਰਾ, ਵਕਤੀ, ਅਸਥਾਈ। ਸਭ ਤੋਂ ਵੱਧ ਜਾਣਿਆ ਜਾਂਦਾ ਸ਼ਬਦ ਹੈ ਜਾਣਕਾਰੀ ਦੇ ਹੀ ਅਰਥਾਂ ਵਾਲਾ ਵਾਕਫ਼ੀਅਤ ਜਿਸ ਦਾ ਸੰਖੇਪ ਵਾਕਫ਼ੀ ਹੈ। ਜਾਣਕਾਰ ਲਈ ਵਾਕ਼ਿਫ਼ ਜਾਂ ਵਾਕਿਫ਼ਕਾਰ ਸ਼ਬਦ ਹੈ। ਵਾਕ਼ਿਫ਼ ਦਾ ਅਰਬੀ ਫਾਰਸੀ ਵਿਚ ਲਫ਼ਜ਼ੀ ਮਾਅਨਾ ਤਾਂ ਖੜਾ, ਖੜੋਤਾ, ਰੁਕਿਆ ਹੈ ਪਰ ਪੰਜਾਬੀ ਵਿਚ ਇਸ ਤੋਂ ਵਿਕਸਿਤ ਹੋਇਆ ਜਾਣਕਾਰ, ਜਾਣੂ ਵਾਲਾ ਅਰਥ ਹੀ ਚਲਦਾ ਹੈ। ਕਾਦਰ ਯਾਰ ਦੀ ਸੋਹਣੀ ਮਾਹੀਵਾਲ ਵਿਚ ਵਾਕਿਫ਼ ਸ਼ਬਦ ਆਇਆ ਹੈ,

ਮਾਂ ਸੋਹਣੀ ਨੂੰ ਆਖਿਆ ਗੱਲ ਨਹੀ ਏਹ ਕੂੜ।
ਏਹ ਨੇਕ ਨਾ ਕਾਮਾਂ ਜਾਪਦਾ ਕਰੋ ਘਰਾਂ ਤੇ ਦੂਰ।
ਪਰ ਇਕ ਸਹੇਲੀ ਖ਼ਾਸ ਸੀ ਸੋਹਣੀ ਦੇ ਹਮਸਾਇ।
ਵਾਕਿਫ਼ ਥੀ ਹਰ ਭੇਦ ਦੀ ਅਕਲ ਸੁਘੜ ਦਾਨਾਇ।
ਕੁਲ ਹਕੀਕਤ ਓਸਦੀ ਸਮਝ ਲਈ ਦਿਲ ਪਾਇ।

ਅਰਬੀ ਸ਼ਬਦ-ਰਚਨਾ ਅਨੁਸਾਰ ਵਕ਼ਫ਼ ਤੋਂ ਇੱਕ ਸ਼ਬਦ ਬਣਦਾ ਹੈ 'ਵਕੂਫ਼' ਸਮਝ, ਅਕਲ। ਭਾਵੇਂ ਇਹ ਸ਼ਬਦ ਆਮ ਨਹੀਂ ਵਰਤਿਆ ਜਾਂਦਾ ਪਰ ਸੂਫੀ ਤੇ ਕਿੱਸਾ ਕਵਿਤਾ ਵਿਚ ਮਿਲ ਜਾਂਦਾ ਹੈ। ਅਰਬੀ ਫਾਰਸੀ ਮਲਫੂਫ਼ ਵਾਰਿਸ ਸ਼ਾਹ ਦੀ ਹੀਰ ਵਿਚ ਹੈ ਦੇਖੋ,

ਮਰਦ ਸਾਦ ਹਨ ਚਿਹਰੇ ਨੇਕੀਆਂ ਦੇ, ਸੂਰਤ ਰੰਨ ਦੀ ਮੀਮ ਮੌਕੂਫ਼ ਹੈ ਨੀ।

ਮਰਦ ਆਲਮ ਫਾਜ਼ਲ ਅੱਜ਼ਲ ਕਾਬਲ, ਕਿਸੇ ਰੰਨ ਨੂੰ ਕੌਣ ਵਕੂਫ਼ ਹੈ ਨੀ।

ਹਾਂ, ਅਰਬੀ ਵਕੂਫ਼ ਦੇ ਅੱਗੇ ਫਾਰਸੀ ਨਾਂਹਵਾਚਕ ਅਗੇਤਰ 'ਬੇ' ਲਾ ਕੇ ਬੁਧੂ, ਬੇਅਕਲ ਦੇ ਅਰਥਾਂ ਵਾਲਾ 'ਬੇਵਕੂਫ਼' ਸ਼ਬਦ ਸਾਡੀਆਂ ਭਾਸ਼ਾਵਾਂ ਵਿਚ ਖੂਬ ਚਲਦਾ ਹੈ ਭਾਵੇਂ ਕਵਿਤਾ ਵਿਚ ਘਟ ਹੀ ਫਿਟ ਹੁੰਦਾ ਹੈ। ਬੇਵਕੂਫ਼ਾਂ ਦੇ ਸਿਰਾਂ 'ਤੇ ਕਿਹੜੇ ਸਿੰਗ ਹੁੰਦੇ ਹਨ। ਅਰਬੀ ਵਿਚ 'ਮ' ਅਗੇਤਰ ਲਾ ਕੇ ਹੋਰ ਸ਼ਬਦ ਬਣ ਜਾਂਦੇ ਹਨ। ਇਸ ਤਰ੍ਹਾਂ ਬਣੇ ਇੱਕ ਸ਼ਬਦ ਮੌਕਿਫ਼ ਦਾ ਅਰਥ ਹੈ ਦ੍ਰਿਸ਼ਟੀਕੋਣ, ਨਜ਼ਰੀਆ; ਪਾਰਕਿੰਗ ਲੌਟ, ਅੱਡਾ ਯਾਨੀ ਜਿਥੇ ਕੋਈ ਚੀਜ਼ ਠਹਿਰਾਈ ਜਾਵੇ। ਮੌਕੂਫ਼ ਦਾ ਇਸਲਾਮੀ ਪ੍ਰਸੰਗ ਵਿਚ ਮਤਲਬ ਹੈ-ਖੁਦਾ ਦੇ ਨਾਮ 'ਤੇ ਦਿੱਤਾ, ਜਾਣੀਂ ਵਕਫ਼ ਕੀਤਾ ਗਿਆ ਪਰ ਇਸ ਦੇ ਆਮ ਅਰਥ ਹਨ, ਕੰਮ 'ਤੋਂ ਰੋਕਿਆ ਗਿਆ, ਹਟਾਇਆ ਗਿਆ, ਬਰਖਾਸਤ, ਬਰਤਰਫ਼। ਕਰੀਮ ਬਖ਼ਸ਼ ਨੇ ਇਹ ਸ਼ਬਦ ਵਰਤਿਆ ਹੈ,

ਸੰਨ ਖ਼ੁਸ਼ਖ਼ਬਰੀ ਰਈਅਤ ਆਈ, ਲੱਗੀਆਂ ਹੋਣ ਤਾਜ਼ੀਮਾਂ।

ਦੁਸ਼ਮਣ ਹੋਏ ਮੌਕੂਫ਼ ਜਹਾਨੋਂ, ਵਾਹ ਗ਼ਫ਼ੂਰ ਰਹੀਮਾਂ।

ਵਕ਼ਫ਼ ਲਈ ਅਰਬੀ ਵਿਚ ਹੀ ਇੱਕ ਹੋਰ ਸ਼ਬਦ ਹਬਸ ਵੀ ਚਲਦਾ ਹੈ ਜਿਸ ਦਾ ਮੁਢਲਾ ਅਰਥ ਵੀ ਰੋਕਣਾ ਹੈ ਤੇ ਵਿਸਤ੍ਰਿਤ ਅਰਥ ਧਰਮਾਰਥ ਦਾਨ ਕੀਤੀਆਂ ਜ਼ਮੀਨ ਜਾਇਦਾਦਾਂ ਪਰ ਹਬਸ ਵਾਲੀਆਂ ਜਾਇਦਾਦਾਂ ਦਾਨ ਕਰਨ ਵਾਲੇ ਕੋਲ ਇਹ ਹੱਕ ਹੁੰਦਾ ਹੈ ਕਿ ਉਹ ਫਿਰ ਕਦੇ ਇਨ੍ਹਾਂ ਨੂੰ ਹੋਰ ਤਰਾਂ ਵੇਚ ਵਰਤ ਲਵੇ।

# ਵਕ਼ਫ ਸੋਧ ਕਾਨੂੰਨ ਅਤੇ ਘੱਟ-ਗਿਣਤੀਆਂ

ਵਕ਼ਫ ਸੋਧ ਬਿੱਲ ਪਾਸ ਹੋ ਗਿਆ ਹੈ, ਰਾਸ਼ਟਰਪਤੀ ਨੇ ਇਸ ਨੂੰ ਮਨਜ਼ੂਰੀ ਵੀ ਦੇ ਦਿੱਤੀ ਹੈ। ਪਾਸ ਹੋਇਆ ਇਹ ਬਿੱਲ ਕਾਨੂੰਨ ਬਣ ਚੁੱਕਾ ਹੈ। ਇਸ ਨੂੰ ਲਾਗੂ ਕਰਨ ਦੇ ਹੁਕਮ ਵੀ ਜਾਰੀ ਹੋ ਚੁੱਕੇ ਹਨ। ਪਰ ਇਸ ਦੇ ਵਿਰੁੱਧ ਆਵਾਜ਼ ਉਠਾਉਣੀ ਬੰਦ ਨਹੀਂ ਹੋਈ।



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਪੱਛਮੀ ਬੰਗਾਲ ਵਿਚ ਵਿਰੋਧ ਪ੍ਰਦਰਸ਼ਨ ਅਤੇ ਅੱਗ ਲੱਗਣ ਦੀਆਂ ਘਟਨਾਵਾਂ ਵਾਪਰੀਆਂ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਇਸ ਕਾਨੂੰਨ ਨੂੰ ਪੱਛਮੀ ਬੰਗਾਲ ਵਿਚ ਲਾਗੂ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। ਇਸ ਤਰ੍ਹਾਂ ਇੱਕ ਸਿਆਸੀ ਟਕਰਾਅ ਦਾ ਮੁੱਢ ਰੱਖਿਆ ਗਿਆ ਹੈ।

ਕਾਂਗਰਸੀ ਨੇਤਾ ਅਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਦਾਅਵਾ ਕੀਤਾ ਕਿ ਸੰਸਦ ਵੱਲੋਂ ਪਾਸ ਵਕ਼ਫ ਸੋਧ ਕਾਨੂੰਨ ਧਾਰਮਿਕ ਆਜ਼ਾਦੀ 'ਤੇ ਹਮਲਾ ਹੈ ਅਤੇ ਸੰਵਿਧਾਨ ਵਿਰੋਧੀ ਕਦਮ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਆਉਣ ਵਾਲੇ ਸਮੇਂ 'ਚ ਦੂਸਰੇ ਘੱਟ ਗਿਣਤੀ ਭਾਈਚਾਰਿਆਂ ਨੂੰ ਵੀ ਨਿਸ਼ਾਨਾ ਬਣਾਇਆ ਜਾਵੇਗਾ।

ਵਕ਼ਫ ਸੋਧ ਐਕਟ ਦੇ ਵਿਰੁੱਧ ਸੁਪਰੀਮ ਕੋਰਟ ਵਿਚ ਵੀ ਪਟੀਸ਼ਨਾਂ ਦਾਇਰ ਕਰ ਦਿੱਤੀਆਂ ਗਈਆਂ ਹਨ। ਵਕ਼ਫ ਦੇ ਵਿਰੁੱਧ ਜਿਸ ਤਰ੍ਹਾਂ ਨਾਲ ਸਿਆਸੀ ਅਤੇ ਸਮਾਜਿਕ ਟਕਰਾਅ ਹੁੰਦਾ ਵਿਖਾਈ ਦੇ ਰਿਹਾ ਹੈ, ਉਹ ਲੋਕਤੰਤਰ ਦੀ ਸਿਹਤ ਲਈ ਠੀਕ ਨਹੀਂ ਹੈ।

ਸੰਸਦ ਵਿਚ ਵਕ਼ਫ ਸੋਧ ਬਿੱਲ ਪਾਸ ਕਰਨ ਤੋਂ ਪਹਿਲਾਂ ਜੇਕਰ ਆਮ ਸਹਿਮਤੀ ਬਣਾਈ ਜਾਂਦੀ ਤਾਂ ਚੰਗਾ ਹੁੰਦਾ। ਨਾ ਹੀ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਹੁੰਦੀਆਂ, ਅਤੇ ਨਾ ਹੀ ਜੰਮੂ-ਕਸ਼ਮੀਰ ਅਤੇ ਮਨੀਪੁਰ 'ਚ ਲੋਕ ਸੜਕਾਂ 'ਤੇ ਉਤਰਦੇ। ਮੁਰਸ਼ਦਾਬਾਦ ਜ਼ਿਲੇ 'ਚ ਪਥਰਾਅ ਅਤੇ ਅੱਥਰੂ ਗੈਸ ਛੱਡੇ ਜਾਣ ਦੀਆਂ ਤਸਵੀਰਾਂ ਡਰਾਉਂਦੀਆਂ ਹਨ। ਜੰਮੂ-ਕਸ਼ਮੀਰ ਵਿਧਾਨ ਸਭਾ 'ਚ ਸੱਤਾਧਾਰੀ ਤੇ ਵਿਰੋਧੀ ਧਿਰਾਂ ਇਸ ਮਸਲੇ 'ਤੇ ਇੱਕ-ਦੂਜੇ ਦੇ ਵਿਰੋਧ 'ਚ ਆ ਗਈਆਂ ਅਤੇ ਵਿਧਾਨ ਸਭਾ 'ਚ ਝਗੜਾ ਇੰਨਾ ਵਧ ਗਿਆ ਕਿ ਨੌਬਤ ਹੱਥੋਪਾਈ ਤੱਕ ਪੁੱਜ ਗਈ।

ਵਿਰੋਧੀ ਧਿਰ ਲਗਾਤਾਰ ਇਸ ਮਾਮਲੇ 'ਤੇ ਦੋਸ਼ ਲਗਾ ਰਹੀ ਹੈ ਕਿ ਵਕ਼ਫ ਸੋਧ ਬਿੱਲ ਉਤੇ ਉਨ੍ਹਾਂ ਵੱਲੋਂ ਉਠਾਏ ਗਏ ਨੁਕਤਿਆਂ ਨੂੰ ਧਿਆਨ 'ਚ ਨਹੀਂ ਲਿਆਂਦਾ ਗਿਆ। ਹਾਲਾਂਕਿ ਸਰਕਾਰ ਵੱਲੋਂ ਇਸ ਸਬੰਧੀ ਸੰਯੁਕਤ ਸੰਸਦੀ ਕਮੇਟੀ ਦਾ ਗਠਨ ਕੀਤਾ ਗਿਆ, ਪਰ ਮੀਟਿੰਗ 'ਚ ਕਿਉਂਕਿ ਬਹੁਸੰਮਤੀ ਸਰਕਾਰੀ ਪੱਖ ਦੀ ਸੀ, ਵਿਰੋਧੀ ਧਿਰ ਵੱਲੋਂ ਉਠਾਏ ਗਏ ਨੁਕਤੇ ਨੁਕਰੇ ਲਾ ਦਿੱਤੇ ਗਏ।




ਦੋਨਾਂ ਸਦਨਾਂ ਵਿਚ ਵਿਚਾਰ ਚਰਚਾ ਦੌਰਾਨ ਵੀ ਜੇਕਰ ਸਾਰੇ ਪਹਿਲੂਆਂ ਨੂੰ ਵਿਚਾਰ ਲਿਆ ਜਾਂਦਾ ਤਾਂ ਸ਼ਾਇਦ ਵਿਵਾਦ ਨਾ ਹੁੰਦਾ, ਪਰ ਜਦੋਂ ਕੋਈ ਵੀ ਕਾਨੂੰਨ, ਭਾਵੇਂ ਉਹ ਆਮ ਜਨਤਾ ਦੇ ਹਿੱਤਾਂ ਵਾਲਾ ਵੀ ਕਿਉਂ ਨਾ ਹੋਵੇ, ਜੇਕਰ ਸਿਆਸੀ ਹਾਰ-ਜਿੱਤ ਨੂੰ ਧਿਆਨ 'ਚ ਰੱਖ ਕੇ ਬਣਾਇਆ ਜਾਂਦਾ ਹੈ ਤਾਂ ਇਹੋ ਜਿਹੇ ਵਿਵਾਦ ਉਠਣੇ ਲਾਜ਼ਮੀ ਹਨ।

ਦੋਸ਼ ਲਗਾਏ ਜਾ ਰਹੇ ਹਨ ਕਿ ਵਕ਼ਫ ਸੋਧ ਐਕਟ, ਮੁਸਲਮਾਨਾਂ ਪ੍ਰਤੀ ਦੁਰਭਾਵਨਾ ਨਾਲ ਪਾਸ ਕੀਤਾ ਗਿਆ ਹੈ। ਇਹ ਵੀ ਦੋਸ਼ ਹੈ ਕਿ ਵਕ਼ਫ (ਸੋਧ) ਐਕਟ 2025 ਦੇ ਤਹਿਤ ਮੂਲ ਕਾਨੂੰਨ 'ਚ ਕੋਈ ਸੁਧਾਰ ਨਹੀਂ ਕੀਤਾ ਗਿਆ, ਸਗੋਂ ਮੌਜੂਦਾ ਕਾਨੂੰਨ 'ਤੇ ਕਟਾਰ ਚਲਾ ਕੇ ਉਸਦੀ ਪਛਾਣ ਮਿਟਾਉਣ ਦਾ ਯਤਨ ਹੋਇਆ ਹੈ।

ਪਿਛਲੇ ਇਕ ਦਹਾਕੇ ਤੋਂ ਜੇਕਰ ਵੇਖਿਆ ਜਾਵੇ ਤਾਂ ਕਿਹਾ ਜਾ ਰਿਹਾ ਹੈ ਕਿ ਭਾਰਤ ਵਿਚ ਸਾਰੇ ਧਰਮ ਬਰਾਬਰ ਨਹੀਂ ਰਹੇ। ਹਾਲਾਂਕਿ ਇਕ ਬਹੁ-ਧਾਰਮਿਕ ਲੋਕਤੰਤਰ ਦੇਸ਼ ਵਿਚ ਪਹਿਲਾ ਸਿਧਾਂਤ ਹੀ ਇਹ ਹੈ ਕਿ ਸਾਰੇ ਧਰਮ ਬਰਾਬਰ ਹਨ। ਧਾਰਮਿਕ ਸੰਸਥਾਵਾਂ ਦਾ ਪ੍ਰਬੰਧਨ ਧਾਰਮਿਕ ਸੰਸਥਾਵਾਂ ਦੇ ਹੱਥ ਹੋਣਾ ਚਾਹੀਦਾ ਹੈ।

ਭਾਰਤ ਵਿਚ ਬਹੁਗਿਣਤੀ ਲੋਕ ਹਿੰਦੂ ਹਨ, ਇਹ ਸਿਧਾਂਤ ਹਿੰਦੂ ਧਾਰਮਿਕ ਥਾਵਾਂ ਅਤੇ ਸੰਸਥਾਵਾਂ 'ਤੇ ਵੀ ਲਾਗੂ ਹੋਏਗਾ। ਘੱਟ ਗਿਣਤੀਆਂ 'ਤੇ ਵੀ ਇਹ ਸਿਧਾਂਤ, ਸੰਵਿਧਾਨ ਅਨੁਸਾਰ ਲਾਗੂ ਹੈ। ਸੰਵਿਧਾਨ ਦੀ ਧਾਰਾ 26 ਅਨੁਸਾਰ ਧਾਰਮਿਕ ਮਸਲਿਆਂ ਦਾ ਪ੍ਰਬੰਧਨ ਕਰਨ ਦੀ ਆਜ਼ਾਦੀ ਉਸੇ ਧਰਮ ਦੇ ਲੋਕਾਂ ਨੂੰ ਹੈ। ਚੱਲ ਅਤੇ ਅਚੱਲ ਜਾਇਦਾਦ ਦਾ

(ਬਾਕੀ ਅਗਲੇ ਸਫੇ 'ਤੇ)

# ਧਰਮ ਨਿਰਪੱਖਤਾ ਦੀ ਖ਼ੂਬਸੂਰਤ ਮਿਸਾਲ ਹੈ 'ਬਾਲੀਵੁੱਡ'

ਇਹ ਸੱਚ ਹੈ ਕਿ ਭਾਰਤ ਦੁਨੀਆਂ ਦਾ ਇਕਲੌਤਾ ਅਜਿਹਾ ਦੇਸ਼ ਹੈ, ਜਿਸਦਾ ਕੋਈ ਐਲਾਨਿਆ ਹੋਇਆ ਕੌਮੀ ਧਰਮ ਨਹੀਂ। ਇਥੇ ਹਿੰਦੂ, ਸਿੱਖ, ਮੁਸਲਿਮ, ਈਸਾਈ, ਪਾਰਸੀ, ਬੋਧੀ, ਜੈਨੀ ਅਤੇ ਕਈ ਹੋਰ ਧਰਮਾਂ ਤੇ ਫ਼ਿਰਕਿਆਂ ਦੇ ਲੋਕ ਆਪਸ ਵਿਚ ਪ੍ਰੇਮ-ਪਿਆਰ ਨਾਲ ਵੱਸਦੇ ਹਨ ਤੇ ਇਕ ਦੂਜੇ ਦੇ ਦਿਨ-ਤਿਉਹਾਰ ਮਿਲ-ਜੁਲ ਕੇ ਮਨਾਉਂਦੇ ਹਨ ਤੇ ਹਰੇਕ ਦੁੱਖ-ਸੁੱਖ ਵਿਚ ਇਕ ਦੂਜੇ ਦਾ ਸਾਥ ਦਿੰਦੇ ਹਨ। ਇਥੇ ਸਿਆਸਤਦਾਨ ਆਪਣੀ ਘਟੀਆ ਸਿਆਸੀ ਰੋਟੀਆਂ ਸੇਕਣ ਲਈ ਧਰਮ ਦੇ ਨਾਂ 'ਤੇ ਨਫ਼ਰਤ ਦਾ ਜ਼ਹਿਰ ਫ਼ੈਲਾਉਣ ਦਾ ਯਤਨ ਕਰਦੇ ਹਨ ਪਰ ਸਿਆਣੇ ਲੋਕ ਉਸ ਜ਼ਹਿਰ ਨੂੰ ਆਪਣੇ ਤਨ ਅਤੇ

**ਪਰਮਜੀਤ ਸਿੰਘ ਨਿੱਕੇ ਘੁੰਮਣ**
**ਫੋਨ: 97816-46008**

ਮਨ ਦੇ ਅੰਦਰ ਵੜ੍ਹਨ ਨਹੀਂ ਦਿੰਦੇ ਹਨ ਤੇ ਦੂਜੇ ਧਰਮਾਂ ਜਾਂ ਫ਼ਿਰਕਿਆਂ ਦੇ ਲੋਕਾਂ ਨਾਲ ਨਫ਼ਰਤ ਜਾਂ ਈਰਖਾ ਕਰਨ ਦੀ ਥਾਂ ਮੁਹੱਬਤਾਂ ਭਰਿਆ ਰਿਸ਼ਤਾ ਰਖਦੇ ਹਨ। ਇਸ ਸਬੰਧ ਵਿਚ ਜੇਕਰ ਬਾਲੀਵੁਡ ਦੀ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਬਾਲੀਵੁਡ ਉਹ ਕਰਮ ਖੇਤਰ ਹੈ ਜਿਥੇ ਧਰਮਾਂ ਜਾਂ ਜ਼ਾਤਾਂ ਦੀਆਂ ਵਲਗਣਾਂ ਨਹੀਂ ਵੇਖੀਆਂ ਜਾਂਦੀਆਂ ਹਨ ਤੇ ਸਭ ਫ਼ਨਕਾਰ ਇਕ ਮਨ-ਇਕ ਚਿੱਤ ਹੋ ਕੇ ਆਪਣੇ ਕਿਰਦਾਰ ਅਦਾ ਕਰਦੇ ਹਨ ਤੇ ਕਈ ਵਾਰ ਤਾਂ ਧਰਮਾਂ-ਮਜ਼ਹਬਾਂ ਤੋਂ ਉਪਰ ਉਠ ਕੇ ਜੀਵਨ ਭਰ ਸਾਥ ਨਿਭਾਉਣ ਵਾਲੇ ਰਿਸ਼ਤੇ ਵੀ ਕਾਇਮ ਕਰ ਲੈਂਦੇ ਹਨ।

ਇਹ ਸੱਚ ਹੈ ਕਿ ਕਿਸੇ ਵੀ ਕਲਾ ਨਾਲ ਜੁੜੇ ਕਿਸੇ ਕਲਾਕਾਰ ਦਾ ਕੋਈ ਧਰਮ ਨਹੀਂ ਹੁੰਦਾ ਤੇ ਉਸਦੀ ਕਲਾ ਹੀ ਉਸਦਾ 'ਅਸਲੀ ਧਰਮ' ਹੁੰਦੀ ਹੈ ਜੋ ਉਸਨੂੰ ਦੁਨੀਆਂ ਵਿਚ ਪ੍ਰਸਿੱਧੀ ਤੇ ਪ੍ਰੇਮ ਦਿਵਾਉਂਦੀ ਹੈ। ਧਰਮ ਦੇ ਨਾਂ 'ਤੇ ਦੁਕਾਨਦਾਰੀ ਤੇ ਠੇਕੇਦਾਰੀ ਕਰਨ ਵਾਲੇ ਲੋਕਾਂ ਦੇ ਮੂੰਹ ਬੰਦ ਕਰਨ ਲਈ ਧਰਮ ਨਿਰਪੱਖਤਾ ਦੀ ਇਸ ਤੋਂ ਵੱਡੀ ਮਿਸਾਲ ਹੋਰ ਕੀ ਹੋ ਸਕਦੀ ਹੈ ਕਿ ਭਾਰਤ ਦੇ ਟੀ.ਵੀ.ਜਗਤ ਦੇ ਸੰਨ 1988 ਵਿਚ ਪ੍ਰਸਾਰਿਤ ਹੋਏ ਸਭ ਤੋਂ ਪ੍ਰਸਿੱਧ ਟੀ.ਵੀ.ਲੜੀਵਾਰ 'ਮਹਾਂਭਾਰਤ' ਦੀ ਪਟਕਥਾ ਅਤੇ ਸੰਵਾਦ ਇਕ ਮੁਸਲਿਮ ਵਿਦਵਾਨ ਡਾ.ਰਾਹੀ ਮਾਸੂਮ ਰਜ਼ਾ ਨੇ ਰਚੇ ਸਨ ਤੇ ਇਸੇ ਲੜੀਵਾਰ ਵਿਚ 'ਅਰਜੁਨ' ਜਿਹੇ ਮਹੱਤਵਪੂਰਨ ਕਿਰਦਾਰ ਨੂੰ ਅਦਾ ਕਰਨ ਵਾਲਾ ਅਦਾਕਾਰ ਵੀ ਇਕ ਮੁਸਲਮਾਨ ਸੀ ਜਿਸਦਾ ਨਾਂ 'ਫ਼ਿਰੋਜ਼ ਖ਼ਾਨ' ਸੀ। ਇਸੇ ਤਰ੍ਹਾਂ ਸੰਨ 2013 ਵਿਚ ਦੁਬਾਰਾ ਬਣੇ ਟੀ.ਵੀ.ਲੜੀਵਾਰ 'ਮਹਾਂਭਾਰਤ' ਵਿਚ 'ਅਰਜੁਨ' ਦੀ ਭੂਮਿਕਾ ਵੀ ਇਕ ਮੁਸਲਿਮ ਅਦਾਕਾਰ ਸ਼ਹੀਰ ਸ਼ੇਖ਼ ਨੇ ਅਦਾ ਕੀਤੀ ਸੀ। ਬਾਲੀਵੁੱਡ ਅਦਾਕਾਰਾ ਵਹੀਦਾ ਰਹਿਮਾਨ ਨੇ ਫ਼ਿਲਮ 'ਨੀਲ ਕਮਲ' ਅਦਾਕਾਰਾ ਮਹਿਜ਼ਬੀਂ ਉਰਫ਼ 'ਮੀਨਾ ਕੁਮਾਰੀ' ਨੇ ਫ਼ਿਲਮ 'ਬੈਜੂ ਬਾਵਰਾ' ਅਤੇ ਅਦਾਕਾਰਾ ਮੁਮਤਾਜ਼ ਜਹਾਂ ਬੇਗ਼ਮ ਉਰਫ਼ 'ਮਧੂਬਾਲਾ' ਨੇ ਫ਼ਿਲਮ 'ਚਲਤੀ ਕਾ ਨਾਮ ਗਾੜੀ' ਸਣੇ ਕਈ ਹੋਰ ਫ਼ਿਲਮਾਂ ਵਿਚ ਮੱਥੇ 'ਤੇ ਬਿੰਦੀ ਤੇ ਮਾਂਗ 'ਚ ਸਿੰਧੂਰ ਲਗਾ ਕੇ, ਮੰਦਿਰਾਂ ਵਿਚ ਭਗਵਾਨ ਦੀਆਂ ਮੂਰਤੀਆਂ ਸਾਹਮਣੇ ਭਜਨ ਵੀ ਗਾਏ ਸਨ ਤੇ ਮੱਥੇ ਵੀ ਟੇਕੇ ਸਨ ਜਦੋਂ ਕਿ ਮੁਸਲਿਮ ਧਰਮ ਵਿਚ ਉਕਤ ਕਰਮਕਾਂਡ ਕਰਨ ਦੀ ਸਖ਼ਤ ਮਨਾਹੀ ਹੈ। ਇਸੇ ਤਰ੍ਹਾਂ ਅਦਾਕਾਰ ਸਲਮਾਨ ਖ਼ਾਨ ਨੇ 'ਬਜਰੰਗੀ ਭਾਈਜਾਨ', ਸ਼ਾਹਰੁਖ਼ ਖ਼ਾਨ ਨੇ 'ਕਰਨ-ਅਰਜੁਨ' ਅਤੇ ਆਮਿਰ ਖ਼ਾਨ ਨੇ 'ਪੀ.ਕੇ.' ਸਮੇਤ ਕਈ ਹੋਰ ਫ਼ਿਲਮਾਂ ਵਿਚ ਕੱਟੜ ਹਿੰਦੂ ਕਿਰਦਾਰ ਬਾਖ਼ੂਬੀ ਅਦਾ ਕੀਤੇ ਹਨ। ਅਦਾਕਾਰ ਨਾਨਾ ਪਾਟੇਕਰ ਵਲੋਂ ਵੱਖ-ਵੱਖ ਫ਼ਿਲਮਾਂ ਵਿਚ ਨਿਭਾਏ ਗਏ ਮੁਸਲਮਾਨ ਪਾਤਰਾਂ ਦੇ ਰੋਲ ਤਾਂ ਦਰਸ਼ਕਾਂ ਨੇ ਬੇਹੱਦ ਪਸੰਦ ਕੀਤੇ ਸਨ। ਅਦਾਕਾਰ ਬਲਰਾਜ ਸਾਹਨੀ ਵਲੋਂ ਫ਼ਿਲਮ 'ਕਾਬੁਲੀਵਾਲਾ' ਵਿਚ ਨਿਭਾਇਆ ਗਿਆ 'ਰਹਿਮਤ' ਨਾਮਕ ਮੁਸਲਿਮ ਕਿਰਦਾਰ ਅੱਜ ਵੀ ਲੋਕਾਂ ਦੇ ਚੇਤਿਆਂ ਵਿਚ ਵੱਸਿਆ ਹੋਇਆ ਹੈ। ਬਾਲੀਵੁੱਡ ਵਿਚ ਖਲਨਾਇਕ ਦੀ ਭੂਮਿਕਾ ਲਈ ਪਾਤਰ ਚਿਤਰਣ ਕਰਨ ਵਾਲੇ ਲੇਖਕਾਂ ਨੇ ਵੀ ਸਦਾ ਧਰਮ ਨਿਰਪੱਖਤਾ ਹੀ ਵਿਖਾਈ ਹੈ। ਹਰੇਕ ਫ਼ਿਲਮ ਲੇਖਕ ਨੇ ਕੇਵਲ ਕਿਸੇ ਇਕ ਧਰਮ ਨੂੰ ਨਿਸ਼ਾਨਾ ਬਣਾਏ ਬਿਨਾਂ ਹਰੇਕ ਧਰਮ ਨਾਲ ਜੁੜੇ ਚੰਗੇ ਤੇ ਮਾੜੇ ਕਿਰਦਾਰਾਂ ਨੂੰ ਆਪਣੀਆਂ ਫ਼ਿਲਮਾਂ ਵਿਚ ਪੇਸ਼ ਕੀਤਾ ਹੈ। ਬਾਲੀਵੁੱਡ ਵਿਚ 1950 ਤੋਂ 1970 ਦੇ ਦਹਾਕਿਆਂ ਵਿਚ ਖਲਨਾਇਕ ਦੇ ਕਿਰਦਾਰ ਜ਼ਿਆਦਾਤਰ ਹਿੰਦੂ ਹੀ ਰੱਖੇ ਗਏ ਸਨ ਤੇ ਇਹ ਕਿਰਦਾਰ ਕੇ.ਐਨ.ਸਿੰਘ, ਮਦਨ ਪੁਰੀ, ਪ੍ਰੇਮ ਚੋਪੜਾ, ਜੀਵਨ, ਕਨੱ੍ਹਈਆ ਲਾਲ, ਸੱਜਣ, ਕਮਲ ਕਪੂਰ, ਪ੍ਰਾਣ, ਸ਼ੈੱਟੀ, ਸੀ.ਐਸ.ਦੂਬੇ, ਪ੍ਰੇਮ ਨਾਥ ਅਤੇ ਡੀ.ਕੇ.ਸਪਰੂ ਆਦਿ ਫ਼ਨਕਾਰਾਂ ਵਲੋਂ ਨਿਭਾਏ ਗਏ ਸਨ ਫਿਰ 1970 ਤੋਂ 1990 ਤਕ ਜ਼ਿਆਦਾਤਰ ਖਲਨਾਇਕ ਈਸਾਈ ਬਣਾ ਕੇ ਪੇਸ਼ ਕਰਨੇ ਸ਼ੁਰੂ ਕਰ ਦਿੱਤੇ ਗਏ ਤੇ ਇਹ 'ਰਾਬਰਟ, ਮਾਈਕਲ, ਡਾ.ਡੈਂਕ ਅਤੇ ਚਾਰਲੀ' ਜਿਹੇ ਕਿਰਦਾਰ ਅਦਾਕਾਰ ਅਜੀਤ, ਪ੍ਰਾਣ, ਡੈਨੀ, ਸੁਜੀਤ ਕੁਮਾਰ, ਬਾਬ ਕ੍ਰਿਸਟੋ, ਟਾਮ ਅਲਟਰ, ਰੰਜੀਤ, ਅਨਵਰ ਹੁਸੈਨ, ਰਹਿਮਾਨ, ਉਤਪਲ ਦੱਤ, ਅਸਿਤ ਸੇਨ, ਕੁਲਭੂਸ਼ਨ ਖਰਬੰਦਾ ਅਤੇ ਸਦਾਸ਼ਿਵ ਰਾਓ ਅਮਰਾਪੁਰਕਰ ਆਦਿ ਜਿਹੇ ਵੱਡੇ ਅਦਾਕਾਰਾਂ ਦੇ ਹਿੱਸੇ ਆਏ ਸਨ। ਸੰਨ 1990 ਤੋਂ ਬਾਅਦ ਫ਼ਿਲਮਕਾਰਾਂ ਤੇ ਫ਼ਿਲਮ ਲੇਖਕਾਂ ਨੇ ਮੁਸਲਿਮ ਕਿਰਦਾਰ ਖਲਨਾਇਕ ਵਜੋਂ ਪੇਸ਼ ਕਰਨੇ ਸ਼ੁਰੂ ਕਰ ਦਿੱਤੇ ਤੇ ਇਹ ਕਿਰਦਾਰ ਡੈਨੀ, ਕਿਰਨ ਕੁਮਾਰ, ਗੁਲਸ਼ਨ ਗਰੋਵਰ, ਨਸੀਰੂਦੀਨ ਸ਼ਾਹ, ਓਮ ਪੁਰੀ, ਅਮਜਦ ਖ਼ਾਨ, ਗੋਗਾ ਕਪੂਰ, ਗੋਵਿੰਦ ਨਾਮਦੇਓ, ਮਾਣਿਕ ਈਰਾਨੀ, ਦਿਲੀਪ ਤਾਹਿਲ, ਨਾਨਾ ਪਾਟੇਕਰ, ਆਸ਼ੂਤੋਸ਼ ਰਾਣਾ, ਮਨੋਜ ਵਾਜਪੇਈ, ਮੁਕੇਸ਼ ਰਿਸ਼ੀ, ਅਮਰੀਸ਼ ਪੁਰੀ, ਆਸ਼ਿਸ਼ ਵਿਦਿਆਰਥੀ, ਰਾਮੀ ਰੈਡੀ,ਰਜ਼ਾ ਮੁਰਾਦ, ਸ਼ਾਹਬਾਜ਼ ਖ਼ਾਨ, ਸ਼ਰਤ ਸਕਸੈਨਾ, ਮੁਕੇਸ਼ ਤਿਵਾੜੀ, ਪੰਕਜ ਤ੍ਰਿਪਾਠੀ ਅਤੇ ਸ਼ਰਦ ਕਪੂਰ ਜਿਹੇ ਨਾਮਵਰ ਅਦਾਕਾਰਾਂ ਵਲੋਂ ਬਾਖ਼ੂਬੀ ਨਿਭਾਏ ਗਏ ਸਨ। ਸੋ ਮੁੱਕਦੀ ਗੱਲ ਇਹ ਹੈ ਕਿ ਬਾਲੀਵੁੱਡ ਫ਼ਿਲਮਕਾਰਾਂ ਨੇ ਕਦੇ ਵੀ ਕਿਸੇ ਇਕ ਧਰਮ ਜਾਂ ਮਜ਼ਹਬ ਨੂੰ 'ਟਾਰਗੈਟ' ਨਹੀਂ ਕੀਤਾ ਤੇ ਆਪਣੇ ਖਲਨਾਇਕਾਂ ਦੇ ਅੰਦਰ ਦੀ ਬੁਰਾਈ ਨੂੰ ਉਭਾਰਨ ਅਤੇ ਉਸ ਬੁਰਾਈ ਕਾਰਨ ਉਨ੍ਹਾਂ ਦੇ ਭਿਆਨਕ ਅੰਤ ਨੂੰ ਪੇਸ਼ ਕਰਨ 'ਤੇ ਜ਼ੋਰ ਦਿੱਤਾ ਹੈ ਨਾ ਕਿ ਉਨ੍ਹਾਂ ਦੇ ਧਰਮ ਵਿਸ਼ੇਸ਼ ਨੂੰ



ਅਪਮਾਨਿਤ ਕਰਨ ਦੀ ਕੋਸ਼ਿਸ਼ ਕੀਤੀ ਹੈ।

ਇਕ ਵਾਰ ਦੀ ਗੱਲ ਹੈ ਕਿ ਜਦੋਂ ਮਹਿਜ਼ਬੀਂ ਉਰਫ਼ ਮੀਨਾ ਕੁਮਾਰੀ 'ਪਾਕੀਜ਼ਾ' ਜਿਹੀ ਸ਼ਾਹਕਾਰ ਫ਼ਿਲਮ ਬਣਾਉਣ ਵਾਲੇ ਉੱਘੇ ਫ਼ਿਲਮਕਾਰ ਕਮਾਲ ਅਮਰੋਹੀ ਨਾਲ ਨਿਕਾਹ ਕਰਵਾਉਣ ਤੋਂ ਬਾਅਦ ਆਪਣੇ ਸਹੁਰੇ ਪਿੰਡ 'ਅਮਰੋਹਾ' ਪੁੱਜੀ ਤਾਂ ਉਥੇ ਕਮਾਲ ਅਮਰੋਹੀ ਦੀ ਪਹਿਲੀ ਸ਼ਾਦੀ 'ਚੋਂ ਇਕ ਬੇਟਾ ਰਹਿੰਦਾ ਸੀ ਜੋ ਉਮਰ 'ਚ ਅਜੇ ਕਾਫੀ ਛੋਟਾ ਸੀ। ਮੀਨਾ ਕੁਮਾਰੀ ਨੇ ਆਪਣੀ ਸੌਤਨ ਦੇ ਬੱਚੇ ਨੂੰ ਨਫ਼ਰਤ ਦੀ ਥਾਂ ਪਿਆਰ ਦੀ ਨਜ਼ਰ ਨਾਲ ਤੱਕਿਆ ਤੇ ਉਸਨੂੰ ਉਰਦੂ ਅਤੇ ਪਵਿੱਤਰ ਕੁਰਾਨ ਦਾ ਗਿਆਨ ਦਿਵਾਉਣ ਲਈ ਅਮਰੋਹਾ ਦੇ ਸਰਬੋਤਮ ਉਸਤਾਦ ਤੇ ਵਿਦਵਾਨ ਸ਼ਖ਼ਸ ਦੀ ਤਲਾਸ਼ ਕਰਨ ਲਈ ਆਪਣੇ ਨੌਕਰਾਂ ਤੇ ਰਿਸ਼ਤੇਦਾਰਾਂ ਨੂੰ ਲਗਾ ਦਿੱਤਾ। ਬੜੀ ਖੋਜਬੀਨ ਤੋਂ ਪਤਾ ਲ□ਗਾ ਕਿ ਪੂਰੇ ਅਮਰੋਹਾ ਅੰਦਰ ਸ਼ੁ□ਧ ਭਾਸ਼ਾ ਵਿਚ ਕੁਰਾਨ ਅਤੇ ਉਰਦੂ ਦਾ ਗਿਆਨ ਦੇਣ ਵਾਲਾ ਜੋ 'ਸਰਬੋਤਮ' ਸ਼ਖ਼ਸ ਸੀ ਉਸਦਾ ਨਾਂ 'ਪੰਡਿਤ ਹਰੀ ਨਾਰਾਇਣ ਸ਼ਾਸਤਰੀ' ਸੀ। ਮੀਨਾ ਕੁਮਾਰੀ ਨੂੰ ਇਸ ਜਾਣਕਾਰੀ ਤੋਂ ਬੜੀ ਹੀ ਹੈਰਾਨੀ ਹੋਈ ਕਿ ਪਵਿੱਤਰ ਕੁਰਾਨ ਦਾ ਗਿਆਨ ਦੇਣ ਵਾਲਾ ਸ਼ਖ਼ਸ ਇਕ ਹਿੰਦੂ ਬ੍ਰਾਹਮਣ ਸੀ। ਉਸਨੇ ਪੰਡਿਤ ਜੀ ਨੂੰ ਘਰ ਬੁਲਾ ਕੇ ਉਨ੍ਹਾਂ ਦਾ ਆਦਰ ਸਤਿਕਾਰ ਕੀਤਾ ਤੇ ਆਪਣੇ ਬੱਚੇ ਨੂੰ ਉਕਤ ਸਿੱਖਿਆਦਾਨ ਦੇ ਏਵਜ਼ ਵਿਚ ਲਈ ਜਾਣ ਵਾਲੀ 'ਫ਼ੀਸ' ਬਾਰੇ ਪੁੱਛਿਆ। ਪੰਡਿਤ ਜੀ ਨੇ ਜੋ ਜਵਾਬ ਦਿੱਤਾ ਸੀ, ਉਸਨੂੰ ਸੁਣ ਕੇ ਮੀਨਾ ਕੁਮਾਰੀ ਦੀਆਂ ਅੱਖਾਂ ਭਰ ਆਈਆਂ। ਪੰਡਿਤ ਜੀ ਨੇ ਆਖਿਆ ਸੀ-'ਬੀਬਾ ਜੀ, ਕੁਰਾਨ ਦੀ ਪੜ੍ਹਾਈ ਤਾਂ ਪਰਮੇਸ਼ਰ ਦੇ ਨਾਂ ਦਾ ਜਾਪ ਹੈ ਤੇ ਪਰਮੇਸ਼ਰ ਦਾ ਨਾਂ ਲੈਣ ਦੀ ਕਾਹਦੀ ਫ਼ੀਸ?...ਹਾਂ...ਉਰਦੂ ਸਿਖਾਉਣ ਦੇ ਬਦਲੇ ਵਿਚ ਜੋ ਤੁਹਾਡਾ ਮਨ ਕਰੇ ਦੇ ਦੇਣਾ।' ਇਕ ਕੱਟੜ ਹਿੰਦੂ ਹੋਣ ਦੇ ਬਾਵਜੂਦ ਪਵਿੱਤਰ ਕੁਰਾਨ ਪ੍ਰਤੀ ਹਰੀ ਨਰਾਇਣ ਦੀ ਸ਼ਰਧਾ ਵੇਖ ਕੇ ਮੀਨਾ ਕੁਮਾਰੀ ਉਨ੍ਹਾਂ ਨੂੰ ਨਤਮਸਤਕ ਹੋ ਗਈ ਸੀ। ਅਜੋਕੇ ਸਮਿਆਂ ਦੇ ਉਲਟ ਉਨ੍ਹਾਂ ਵੇਲਿਆਂ ਅੰਦਰ ਹਿੰਦੁਸਤਾਨ ਵਿਚ ਅਜਿਹੀ ਧਰਮ-ਨਿਰਪੱਖਤਾ ਵਾਕਿਆ ਹੀ ਕਾਬਿਲੇ-ਤਾਰੀਫ਼ ਸੀ।

ਆਮ ਹਿੰਦੁਸਤਾਨੀ ਪਰਿਵਾਰਾਂ ਵਿਚ ਵਿਆਹ-ਸ਼ਾਦੀ ਲਈ ਰਿਸ਼ਤੇ ਜੋੜਦੇ ਸਮੇਂ ਧਰਮਾਂ ਦੇ ਨਾਲ-ਨਾਲ ਜ਼ਾਤਾਂ ਅਤੇ ਗੋਤਾਂ ਤੱਕ ਦਾ ਵੀ ਖ਼ਿਆਲ ਰੱਖਿਆ ਜਾਂਦਾ ਹੈ ਪਰ ਬਾਲੀਵੁੱਡ ਵਿਚ ਰਿਸ਼ਤਿਆਂ ਦੇ ਮਹਿਲ, ਦਿਲਾਂ ਅਤੇ ਜਜ਼ਬਾਤਾਂ ਦੀਆਂ ਨੀਹਾਂ 'ਤੇ ਉਸਾਰੇ ਜਾਂਦੇ ਹਨ ਤੇ ਇਨ੍ਹਾਂ ਮੁਹੱਬਤੀ ਰਿਸ਼ਤਿਆਂ ਵਿਚ ਧਰਮਾਂ ਤੇ ਮਜ਼ਹਬਾਂ ਦੀਆਂ ਦੀਵਾਰਾਂ ਕਦੇ ਰੁਕਾਵਟ ਨਹੀਂ ਬਣਦੀਆਂ। ਸਭ ਜਾਣਦੇ ਹਨ ਕਿ ਅਦਾਕਾਰ ਸੁਨੀਲ ਦੱਤ ਅਤੇ ਨਰਗਿਸ ਦਾ ਵਿਆਹੁਤਾ ਰਿਸ਼ਤਾ ਨਿਰੋਲ ਮੁਹੱਬਤ 'ਤੇ ਆਧਾਰਿਤ ਸੀ। ਇਸੇ ਤਰ੍ਹਾਂ ਬਾਲੀਵੁੱਡ ਵਿਚ ਹੋਰ ਵੀ ਕਈ ਅਜਿਹੇ ਵਿਆਹੁਤਾ ਜੋੜੇ ਹਨ, ਜਿਨ੍ਹਾਂ ਨੇ ਇਕ ਦੂਜੇ ਦੇ ਧਰਮਾਂ ਤੇ ਮਜ਼ਹੱਬਾਂ ਨੂੰ ਦਰਕਿਨਾਰ ਕਰਕੇ ਰਿਸ਼ਤੇ ਜੋੜੇ ਹਨ ਤੇ ਬੇਹੱਦ ਖ਼ੁਸ਼ਹਾਲ ਤੇ ਅਨੰਦਮਈ ਜੀਵਨ ਬਤੀਤ ਕਰ ਰਹੇ ਹਨ। ਅਜਿਹੇ ਮੁਹੱਬਤੀ ਜੋੜਿਆਂ ਵਿਚ-'ਸ਼ਾਹਰੁਖ਼ ਖ਼ਾਨ ਤੇ ਗੌਰੀ ਛਿੱਬਰ, ਆਮਿਰ ਖ਼ਾਨ ਤੇ ਕਿਰਨ ਰਾਓ, ਸੈਫ਼ ਅਲੀ ਖ਼ਾਨ ਤੇ ਕਰੀਨਾ ਕਪੂਰ, ਸੰਜੇ ਦੱਤ ਤੇ ਦਿਲਨਵਾਜ਼ ਸ਼ੇਖ਼ ਉਰਫ਼ ਮਾਨਿਅਤਾ, ਫ਼ਰਹਾਨ ਅਖ਼ਤਰ ਤੇ ਸ਼ਿਵਾਨੀ ਦਾਂਡੇਕਰ, ਇਮਰਾਨ ਖ਼ਾਨ ਤੇ ਅਵੰਤਿਕਾ ਮਲਿਕ, ਕੁਨਾਲ ਖੇਮੂ ਤੇ ਸੋਹਾ ਅਲੀ ਖ਼ਾਨ, ਸਵਰਾ ਭਾਸਕਰ ਤੇ ਫ਼ਹਾਦ ਅਹਿਮਦ, ਅਰਸ਼ਦ ਵਾਰਸੀ ਤੇ ਮਾਰੀਆ ਗੋਰੈਟੀ, ਨਸੀਰੂਦੀਨ ਸ਼ਾਹ ਤੇ ਰਤਨਾ ਪਾਠਕ, ਸਿਰੀਸ਼ ਕੁੰਦਰਾ ਤੇ ਫ਼ਿਲਮ ਕੋਰੀਓਗ੍ਰਾਫ਼ਰ ਅਤੇ ਨਿਰਦੇਸ਼ਿਕਾ ਫ਼ਰਹਾ ਖ਼ਾਨ, ਬਿੰਦੂ ਸਿੰਘ ਅਤੇ ਫ਼ਰਹਾ ਨਾਜ਼, ਮਨੋਜ ਵਾਜਪੇਈ ਤੇ ਸ਼ਬਾਨਾ ਰਜ਼ਾ, ਸੁਨੀਲ ਸ਼ੈਟੀ ਤੇ ਮੋਨਾ ਕਾਦਰੀ, ਉਰਮਿਲਾ ਮਾਤੋਂਡਕਰ ਤੇ ਮੀਰ ਮੋਹਸਿਨ ਅਖ਼ਤਰ, ਸੋਹੇਲ ਖ਼ਾਨ ਤੇ ਸੀਮਾ ਸਚਦੇਵ, ਅਰਬਾਜ਼ ਖ਼ਾਨ ਤੇ ਮਲਾਇਕਾ ਅਰੋੜਾ, ਸ਼ਕੀਲ ਲਕੜਵਾਲਾ ਤੇ ਅਕ੍ਰਿਤਾ ਅਰੋੜਾ, ਅਤੁਲ ਅਗਨੀਹੋਤਰੀ ਤੇ ਅਲਵੀਰਾ ਖ਼ਾਨ, ਮਯੂਰ ਮਾਧਵਾਨੀ ਅਤੇ ਮੁਮਤਾਜ਼, ਆਦਿਤਯ ਪੰਚੋਲੀ ਤੇ ਜ਼ਰੀਨਾ ਵਹਾਬ, ਰਾਜ ਬੱਬਰ ਤੇ ਨਾਦਿਰਾ ਜ਼ਹੀਰ, ਮੁਹੰਮਦ ਅਜ਼ਹਰੂਦੀਨ ਤੇ ਸੰਗੀਤਾ ਬਿਜਲਾਨੀ, ਫ਼ਾਰੂਖ਼ ਸ਼ੇਖ਼ ਤੇ ਰੂਪਾ ਜੈਨ, ਜ਼ਾਏਦ ਖ਼ਾਨ ਤੇ ਮਲਿਕਾ ਪਾਰੇਖ਼ ਅਤੇ ਰਿਤਿਕ ਰੌਸ਼ਨ ਤੇ ਸੁਜ਼ੈਨ ਖ਼ਾਨ' ਆਦਿ ਦੇ ਨਾਂ ਪ੍ਰਮੁੱਖ ਤੌਰ 'ਤੇ ਸ਼ਾਮਿਲ ਹਨ। ਇਹ ਜੋੜੀਆਂ ਦੱਸਦੀਆਂ ਹਨ ਕਿ ਪ੍ਰੇਮ ਦੀ ਖ਼ੁਸ਼ਬੂ ਨੂੰ ਮਜ਼ਹਬਾਂ ਦੀਆਂ ਵਲਗਣਾਂ ਕਦੇ ਨਹੀਂ ਰੋਕ ਸਕਦੀਆਂ ਹਨ।

ਬਾਲੀਵੁੱਡ ਵਿਚ ਨੌਸ਼ਾਦ ਸਾਹਿਬ ਅਤੇ ਗ਼ੁਲਾਮ ਮੁਹੰਮਦ ਜਿਹੇ ਬੇਹੱਦ ਕਾਬਿਲ ਤੇ ਸੂਝਵਾਨ ਸੰਗੀਤ ਨਿਰਦੇਸ਼ਕ ਹੋਏ ਹਨ ਜੋ ਬੇਸ਼ੱਕ ਮੁਸਲਮਾਨ ਤਬਕੇ ਨਾਲ ਸਬੰਧਿਤ ਸਨ ਪਰ ਉਨ੍ਹਾਂ ਨੇ ਆਪਣੀਆਂ ਫ਼ਿਲਮਾਂ ਵਿਚ ਆਪਣੇ ਮਨਮੋਹਕ ਸੁਰਾਂ ਨਾਲ ਅਜਿਹੇ 'ਭਜਨ' ਸੰਗੀਤਬੱਧ ਕੀਤੇ ਸਨ ਕਿ ਸੁਣਨ ਵਾਲਾ ਭਾਵਨਾ ਵਿਚ ਵਹਿ ਤੁਰਦਾ ਹੈ। ਨੌਸ਼ਾਦ ਦੇ ਸੰਗੀਤਬੱਧ ਕੀਤੇ ਭਜਨਾਂ ਵਿਚ-'ਭਗਤ ਕੇ ਬਸ ਮੇਂ ਹੈਂ ਭਗਵਾਨ', 'ਮੋਹੇ ਪਨਘਟ ਪੇ ਨੰਦ ਲਾਲ ਛੇੜ ਗਇਓ ਰੇ', 'ਓ' ਦੁਨੀਆਂ ਕੇ ਰਖਵਾਲੇ', 'ਇਨਸਾਫ਼ ਕਾ ਮੰਦਿਰ ਹੈ ਯੇ ਭਗਵਾਨ ਕਾ ਘਰ ਹੈ', 'ਰਾਧਾ ਕੇ ਪਿਆਰੇ ਕਿਸ਼ਨ ਕਨ੍ਹਾਈ', 'ਮੋਹਨ ਕੀ ਮੁਰਲੀਆ ਬਾਜੇ' ਆਦਿ ਜਿਹੇ ਮਸ਼ਹੂਰ ਭਜਨ ਸ਼ਾਮਿਲ ਹਨ। ਇਸੇ ਤਰ੍ਹਾਂ ਗੀਤਕਾਰ ਸਾਹਿਰ ਲੁਧਿਆਣਵੀ ਨੇ ਵੀ ਇਕ ਮੁਸਲਮਾਨ ਹੁੰਦਿਆਂ ਹੋਇਆਂ-'ਅੱਲ੍ਹਾ ਤੇਰੋ ਨਾਮ ਈਸ਼ਵਰ ਤੇਰੋ ਨਾਮ', ਮੇਰੇ ਰੋਮ ਰੋਮ ਮੇਂ ਬਸਨੇ ਵਾਲੇ ਰਾਮ', 'ਤੋਰਾ ਮਨ ਦਰਪਣ ਕਹਿਲਾਏ', 'ਤੇਰੀ ਹੈ ਜ਼ਮੀਂ, ਤੇਰਾ ਆਸਮਾਂ', 'ਗੰਗਾ ਤੇਰਾ ਪਾਨੀ ਅਮ੍ਰਿਤ', ਸੁਆਮੀ ਤੇਰੇ ਦਰਸ਼ਨ ਕੋ ਆਈ ਬ੍ਰਿਜ ਬਾਲਾ', 'ਈਸ਼ਵਰ ਅੱਲ੍ਹਾ ਤੇਰੋ ਨਾਮ ਸਭ ਕੋ ਸਨਮਤਿ ਦੇ ਭਗਵਾਨ', 'ਮੇਰੀ ਸੁਨ ਲੇ ਅਰਜ਼ ਬਨਵਾਰੀ', 'ਪ੍ਰਭੂ ਜੀ ਤੇਰੀ ਲੀਲਾ ਅਪਰੰਪਾਰ', 'ਆਨਾ ਹੈ ਤੋ ਆ ਰਾਹ ਮੇਂ ਕੁਛ ਫੇਰ ਨਹੀਂ ਹੈ, ਭਗਵਾਨ ਕੇ ਘਰ ਦੇਰ ਹੈ, ਅੰਧੇਰ ਨਹੀਂ ਹੈ' ਆਦਿ ਜਿਹੇ ਕਈ ਹੋਰ ਮਨਮੋਹਕ 'ਭਜਨ' ਬਾਲੀਵੁੱਡ ਦੀ ਝੋਲੀ ਪਾ ਕੇ ਬਾਲੀਵੁੱਡ ਅੰਦਰ ਧਰਮ-ਨਿਰਪੱਖਤਾ ਦੀ ਮਿਸਾਲ ਕਾਇਮ ਕੀਤੀ ਸੀ। ਉਪਰੋਕਤ ਸਮੂਹ ਫ਼ਨਕਾਰ ਸਚਮੁੱਚ ਹੀ ਬਹੁਤ ਮਹਾਨ ਸਨ ਤੇ ਅਜਿਹੇ ਸਮੂਹ ਧਰਮ ਨਿਰਪੱਖ ਫ਼ਨਕਾਰਾਂ ਦੀ ਨਰੋਈ ਸੋਚ ਅਤੇ ਕਲਾ ਪ੍ਰਤੀ ਸਮਰਪਣ ਨੂੰ ਦਿਲੋਂ ਸਲਾਮ ਹੈ।

---

***(ਪਿਛਲੇ ਸਫੇ ਦਾ ਬਾਕੀ)***

ਪ੍ਰਬੰਧਨ ਵੀ ਉਸੇ ਸੰਸਥਾ ਨੇ ਕਰਨਾ ਹੈ। ਧਰਮ ਦੇ ਮਸਲਿਆਂ 'ਚ ਪ੍ਰਬੰਧਨ ਵੀ ਉਸੇ ਧਾਰਮਿਕ ਸੰਸਥਾ ਨੇ ਕਰਨਾ ਹੈ। ਕਾਨੂੰਨ ਅਨੁਸਾਰ ਹਿੰਦੂ ਧਾਰਮਿਕ ਸੰਸਥਾਵਾਂ ਦਾ ਪ੍ਰਬੰਧ ਹਿੰਦੂਆਂ ਅਤੇ ਕੇਵਲ ਹਿੰਦੂਆਂ ਵਲੋਂ ਸੰਭਾਲਿਆ ਜਾਂਦਾ ਹੈ।

ਕੋਈ ਵੀ ਇਹ ਸੁਝਾਅ ਨਹੀਂ ਦੇ ਸਕਦਾ ਜਾਂ ਪ੍ਰਵਾਨ ਨਹੀਂ ਕਰ ਸਕਦਾ ਕਿ ਹਿੰਦੂ ਮੰਦਰਾਂ ਅਤੇ ਧਾਰਮਿਕ ਸੰਸਥਾਵਾਂ ਦਾ ਪ੍ਰਸ਼ਾਸ਼ਨ ਕੋਈ ਗ਼ੈਰ-ਹਿੰਦੂ ਕਰੇ। ਇਹੀ ਦ੍ਰਿਸ਼ਟੀਕੋਨ ਹੋਰ ਧਰਮ ਨੂੰ ਮੰਨਣ ਵਾਲੇ ਲੱਖਾਂ ਲੋਕਾਂ ਦਾ ਵੀ ਹੋਏਗਾ। ਫਿਲਹਾਲ ਹਿੰਦੂ, ਈਸਾਈ, ਸਿੱਖ ਜਾਂ ਬੋਧੀ ਧਰਮ ਦੇ ਕਿਸੇ ਧਾਰਮਿਕ ਪੂਜਾ ਸਥਾਨ 'ਤੇ ਜਾਂ ਧਾਰਮਿਕ ਸੰਸਥਾ ਦਾ ਕਾਨੂੰਨ ਕਿਸੇ ਹੋਰ ਧਰਮ ਦੇ ਪੈਰੋਕਾਰਾਂ ਨੂੰ ਕੋਈ ਭੂਮਿਕਾ ਨਿਭਾਉਣ ਦੀ ਆਗਿਆ ਨਹੀਂ ਦਿੰਦਾ। ਵਕਫ਼ ਐਕਟ 1995 ਦੇ ਅਧੀਨ ਇਸ ਸਿਧਾਂਤ ਦਾ ਪੂਰੀ ਤਰ੍ਹਾਂ ਪਾਲਣ ਕੀਤਾ ਗਿਆ। ਵਕਫ਼ ਦਾ ਅਰਥ ਹੈ, ਮੁਸਲਿਮ ਕਾਨੂੰਨ ਦੁਆਰਾ ਮਾਨਤਾ ਪ੍ਰਾਪਤ ਕਿਸੇ ਵੀ ਪਵਿੱਤਰ ਧਾਰਮਿਕ ਜਾਂ ਧਾਰਮਿਕ ਮਰਿਆਦਾ ਦੇ ਉਦੇਸ਼ ਲਈ ਕਿਸੇ ਵਿਅਕਤੀ ਦੁਆਰਾ ਜਾਇਦਾਦ ਦਾ ਸਥਾਈ ਦਾਨ। ਅਦਾਲਤਾਂ ਨੇ ਉਸ ਵਕਫ਼ ਨੂੰ ਵੀ ਮਾਨਤਾ ਦਿੱਤੀ ਹੈ ਜੋ ਕਿਸੇ ਗ਼ੈਰ-ਮੁਸਲਿਮ ਵਲੋਂ ਵੀ ਦਿਤਾ ਗਿਆ ਹੋਵੇ। ਕਾਨੂੰਨ ਅਨੁਸਾਰ ਮੌਜੂਦਾ ਵਕਫ਼ ਬੋਰਡਾਂ ਦੇ ਸਾਰੇ ਮੈਂਬਰ ਅਤੇ ਮੁੱਖ ਕਾਰਜਕਾਰੀ ਅਧਿਕਾਰੀਆਂ ਦਾ ਮੁਸਲਿਮ ਹੋਣਾ ਜ਼ਰੂਰੀ ਹੈ।

ਪਰ ਵਕਫ਼ ਸੋਧ ਕਾਨੂੰਨ 2025 ਅਨੁਸਾਰ ਪੁਰਾਣੇ ਸਿਧਾਤਾਂ ਅਤੇ ਪ੍ਰਥਾਵਾਂ ਨੂੰ ਉਲਟ ਦਿਤਾ ਗਿਆ ਹੈ। ਕਾਨੂੰਨ 'ਚ ਇਹ ਧਾਰਾ ਹਟਾ ਦਿੱਤੀ ਗਈ ਹੈ ਕਿ ਸੂਬਾ ਵਕਫ਼ ਬੋਰਡ ਦੇ ਮੈਂਬਰ ਮੁਸਲਮਾਨ ਹੀ ਹੋਣਗੇ। ਵਕਫ਼ ਜਾਇਦਾਦ ਵਿਚ ਹੱਦਬੰਦੀ ਨਿਯਮ ਲਾਗੂ ਨਹੀਂ ਹੁੰਦਾ ਸੀ, ਪਰ ਹੁਣ, ਇਹ ਲਾਗੂ ਹੋਏਗਾ।

ਸਵਾਲ ਇਹ ਹੈ ਕਿ ਜੇਕਰ ਇਸ ਕਾਨੂੰਨ ਤਹਿਤ ਗ਼ੈਰ ਮੁਸਲਮਾਨਾਂ ਨੂੰ ਵਕਫ਼ ਬੋਰਡ 'ਚ ਨਿਯੁੱਕਤ ਕੀਤਾ ਜਾਂਦਾ ਹੈ, ਤਾਂ ਕੀ ਹਿੰਦੂ ਧਾਰਮਿਕ ਜਾਂ ਧਾਰਮਿਕ ਸੰਸਥਾਵਾਂ ਵਿਚ ਵੀ ਗ਼ੈਰ-ਹਿੰਦੂਆਂ ਨੂੰ ਨਿਯੁੱਕਤੀ ਦਿਤੀ ਜਾਏਗੀ? ਸ਼ੰਕਾ ਇਹ ਵੀ ਪ੍ਰਗਟ ਕੀਤੀ ਜਾ ਰਹੀ ਹੈ ਕਿ ਇਸੇ ਮਾਡਲ 'ਤੇ ਹੋਰ ਧਾਰਮਿਕ ਸੰਸਥਾਵਾਂ ਭਾਵ ਈਸਾਈ, ਸਿੱਖ ਆਦਿ 'ਚ ਵੀ ਕਾਨੂੰਨ 'ਚ ਸੋਧ ਹੋਏਗੀ।

ਇਸ ਵਕਫ਼ ਸੋਧ ਐਕਟ ਤਹਿਤ ਅਧਿਕਾਰੀਆਂ ਨੂੰ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਵਕਫ਼ ਦੇ ਕੰਮਕਾਜ 'ਚ ਦਖਲ ਦੇਣ। ਉਂਜ ਜਿਥੇ ਕਿਧਰੇ ਵੀ ਧਾਰਮਿਕ ਸੰਸਥਾਵਾਂ ਦੀ ਵਾਗਡੋਰ, ਸਰਕਾਰੀ ਅਧਿਕਾਰੀਆਂ ਨੂੰ ਸੌਂਪੀ ਗਈ, ਭਾਵੇਂ ਉਹ ਹਿੰਦੂ ਧਾਰਮਿਕ ਅਸਥਾਨ ਹੀ ਕਿਉਂ ਨਾ ਹੋਣ, ਨਤੀਜੇ ਅੱਛੇ ਨਹੀਂ ਰਹੇ। ਵਿਸ਼ਵਨਾਥ ਮੰਦਿਰ 'ਚ ਮਹੰਤ ਨੂੰ ਹਟਾ ਦਿੱਤਾ ਗਿਆ ਹੈ। ਮਹੰਤ ਦੀ ਸ਼ਿਕਾਇਤ ਹੈ ਕਿ ਮੰਦਰ ਦਾ ਪ੍ਰਸ਼ਾਸਨ ਖੋਹ ਕੇ ਸਰਕਾਰ ਨੇ ਚੰਗਾ ਨਹੀਂ ਕੀਤਾ। ਇਸ ਲਈ ਕਿ ਜਿਨ੍ਹਾਂ ਪਰੰਪਰਾਵਾਂ ਨੂੰ ਉਨ੍ਹਾਂ ਨੇ ਪੀੜੀ-ਦਰ-ਪੀੜੀ ਸੁਰੱਖਿਅਤ ਰੱਖਿਆ ਉਸ ਬਾਰੇ ਸਰਕਾਰੀ ਅਫ਼ਸਰ ਕੁੱਝ ਵੀ ਨਹੀਂ ਜਾਣਦੇ।

ਵਕਫ਼ ਸੋਧ ਐਕਟ ਪਾਸ ਕਰਵਾ ਕੇ ਭਾਜਪਾ ਨੇ ਵੱਡੇ ਨਿਸ਼ਾਨੇ ਸਾਧੇ ਹਨ ਅਤੇ ਸਿਆਸੀ ਭੱਲ ਖੱਟਣ ਦਾ ਯਤਨ ਕੀਤਾ ਹੈ। ਇਕ ਤੀਰ ਨਾਲ ਕਈ ਨਿਸ਼ਾਨੇ ਸਾਧੇ ਹਨ। ਮੁਸਲਿਮ ਭਾਈਚਾਰੇ ਦੀਆਂ ਵੋਟਾਂ ਨਾਲ ਜਿੱਤਣ ਵਾਲੇ ਬਿਹਾਰ ਦੇ ਮੁੱਖ ਮੰਤਰੀ ਨਤੀਸ਼ ਕੁਮਾਰ ਅਤੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰ ਬਾਬੂ ਨਾਇਡੋ ਦੀ ਜ਼ਮੀਨ ਖਿਸਕਾਅ ਦਿੱਤੀ ਹੈ। ਮੁਸਲਮਾਨ ਹੁਣ ਇਨ੍ਹਾਂ ਦੋਹਾਂ ਦੇ ਵਿਰੁੱਧ ਹੋਣਗੇ ਅਤੇ ਇਨ੍ਹਾਂ ਦੀ ਤਾਕਤ ਬਿਹਾਰ ਅਤੇ ਆਂਧਰਾ ਪ੍ਰਦੇਸ਼ 'ਚ ਘਟੇਗੀ। ਇਨ੍ਹਾਂ ਪਾਰਟੀਆਂ ਸਦਕਾ ਇਸ ਵੇਲੇ ਕੇਂਦਰ ਸਰਕਾਰ ਸਾਸ਼ਨ ਕਰ ਰਹੀ ਹੈ। ਭਵਿੱਖ 'ਚ ਭਾਜਪਾ ਇਨ੍ਹਾਂ ਪ੍ਰਦੇਸ਼ਿਕ ਪਾਰਟੀਆਂ 'ਤੇ ਨਿਰਭਰਤਾ ਘਟਾਉਣ ਦੀ ਚਾਲ ਚੱਲ ਰਹੀ ਹੈ। ਵੈਸੇ ਵੀ ਸਮੇਂ-ਸਮੇਂ ਭਾਜਪਾ ਪਹਿਲਾਂ ਪ੍ਰਦੇਸ਼ਿਕ ਪਾਰਟੀਆਂ ਨਾਲ ਗੱਠ ਜੋੜ ਕਰਦੀ ਹੈ। ਫਿਰ ਉਨ੍ਹਾਂ ਨੂੰ ਖ਼ਤਮ ਕਰਨ ਦੇ ਰਾਹ ਤੁਰਦੀ ਹੈ। ਪੰਜਾਬ 'ਚ ਸ਼੍ਰੋਮਣੀ ਅਕਾਲੀ ਦਲ, ਅਤੇ ਮਹਾਂਰਾਸ਼ਟਰ 'ਚ ਹਿੰਦੂ ਸ਼ਿਵ ਸੈਨਾ ਵੱਡੀਆਂ ਉਦਾਹਰਨਾਂ ਹਨ।

ਸਭ ਤੋਂ ਵੱਡਾ ਸਵਾਲ ਇਹ ਹੈ ਕਿ ਜਦ ਮੁਸਲਮਾਨਾਂ ਦਾ ਵਿਸ਼ਵਾਸ਼ ਪਹਿਲਾਂ ਹੀ ਮੋਦੀ ਸਰਕਾਰ ਖੋਹ ਬੈਠੀ ਹੈ, ਤਾਂ ਵਕਫ਼ ਦੇ ਕੰਮ ਕਾਰ 'ਚ ਛੇੜਖਾਨੀ ਕਰਕੇ ਉਹ ਕੀ ਖੱਟਣਾ ਚਾਹੁੰਦੀ ਹੈ। ਅਸਲ ਵਿਚ ਦੇਸ਼ ਭਰ 'ਚ ਮੁਸਲਮਾਨਾਂ 'ਚ ਪਹਿਲਾਂ ਹੀ ਅਸ਼ਾਂਤੀ ਹੈ। ਲਵ-ਜਿਹਾਦ, ਜ਼ਮੀਨ-ਜਿਹਾਦ, ਬੁਲਡੋਜ਼ਰ ਨਿਤੀ, ਗਊ-ਰਖਸ਼ਕਾਂ ਦੇ ਮੁਸਲਮਾਨਾਂ 'ਤੇ ਹਮਲਿਆਂ, ਇੱਕ ਮਾਤਰ ਮੁਸਲਿਮ ਬਹੁਲਤਾ ਵਾਲੇ ਰਾਜ ਜੰਮੂ- ਕਸ਼ਮੀਰ ਨੂੰ ਵੰਡ ਕੇ ਕੇਂਦਰ ਸ਼ਾਸ਼ਤ ਪ੍ਰਦੇਸ਼ ਬਨਾਉਣ ਵਾਲੀਆਂ ਕਾਰਵਾਈਆਂ ਨੇ ਮੁਸਲਮਾਨਾਂ 'ਚ ਸਹਿਮ ਅਤੇ ਰੋਸ ਪੈਦਾ ਕੀਤਾ ਹੋਇਆ ਹੈ। ਬਿਲਕੁਲ ਗ਼ਰੀਬ ਮੁਸਲਮਾਨ ਆਪਣੇ-ਆਪ ਨੂੰ ਪਹਿਲਾਂ ਹੀ ਦੋ ਨੰਬਰ ਦੇ ਨਾਗਰਿਕ ਸਮਝ ਰਹੇ ਹਨ। ਲੋਕ ਸਭਾ 'ਚ ਭਾਜਪਾ ਮੰਤਰੀਆਂ ਨੇ ਵਾਰ-ਵਾਰ ਇਹ ਸਾਬਿਤ ਕਰਨ ਦਾ ਯਤਨ ਕੀਤਾ ਕਿ ਮੋਦੀ ਸਿਰਫ਼ ਪਸਮਾਂਦਾ ਅਤੇ ਗ਼ਰੀਬ ਮੁਸਲਿਮ ਕੌਮ ਦੇ ਭਲੇ ਲਈ ਇਹ ਕਾਨੂੰਨ ਬਣਾ ਰਹੇ ਹਨ। ਪਰ ਕੀ ਇਹ ਸਚਮੁੱਚ ਇਵੇਂ ਹੀ ਹੈ? ਕੀ ਇਸ ਪਿੱਛੇ ਵਾਕਿਆ ਹੀ ਹਿੰਦੂ, ਹਿੰਦੀ, ਹਿੰਦੋਸਤਾਨ ਵਾਲੀ ਭਾਵਨਾ ਵਾਲਾ ਅਜੰਡਾ ਕੰਮ ਨਹੀਂ ਕਰ ਰਿਹਾ।

ਦੇਸ਼ ਭਰ 'ਚ ਘੱਟ ਗਿਣਤੀ ਲੋਕਾਂ 'ਚ ਅਵਿਸ਼ਵਾਸ਼ ਵੱਧ ਰਿਹਾ ਹੈ। 2019 -20 ਅਤੇ 2023-24 ਤੱਕ ਪੰਜ ਸਾਲਾਂ ਵਿਚ ਘੱਟ ਗਿਣਤੀਆਂ ਲਈ ਕੁੱਲ 18,274 ਕਰੋੜ ਖ਼ਰਚੇ ਦਾ ਬਜ਼ਟ ਰੱਖਿਆ ਗਿਆ, ਪਰ ਇਸ ਰਕਮ ਵਿਚੋਂ 3574 ਕਰੋੜ ਰੁਪਏ ਖ਼ਰਚ ਹੀ ਨਹੀਂ ਕੀਤੇ ਗਏ। ਮੋਦੀ ਸਰਕਾਰ ਵਲੋਂ ਲਗਾਤਾਰ ਐਨ.ਆਰ.ਸੀ/ਸੀ.ਏ.ਏ. ਜਿਹੇ ਕਾਨੂੰਨ ਲਿਆ ਕੇ ਘੱਟ ਗਿਣਤੀਆਂ 'ਤੇ ਹਮਲਾ ਆਰੰਭਿਆ ਗਿਆ। ਇਹੋ ਜਿਹਾ ਹਮਲਾ ਵਕਫ਼ ਸੋਧ ਐਕਟ ਅਧੀਨ ਵੀ ਵੇਖਿਆ ਜਾ ਰਿਹਾ ਹੈ। ਇਸ ਐਕਟ 'ਚ ਮੰਦੀ ਭਾਵਨਾ ਦੀ ਝਲਕ ਸਪਸ਼ਟ ਦਿਸ ਰਹੀ ਹੈ।

ਇਹੋ ਜਿਹੀ ਮੰਦੀ ਭਾਵਨਾ ਸਮੂਹ ਘੱਟ ਗਿਣਤੀਆਂ ਦੇ ਮਨਾਂ 'ਚ ਅਸ਼ਾਂਤੀ ਦਾ ਕਾਰਨ ਬਣੇਗੀ। ਅਸਲ 'ਚ ਦੇਸ਼ ਆਰਥਿਕ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। ਮੋਦੀ ਸਰਕਾਰ ਲੋਕਾਂ ਦਾ ਧਿਆਨ ਧਰਮ-ਮਜ਼ਹਬ ਦੇ ਚੱਕਰ 'ਚ ਪਾ ਕੇ ਅਸਲ ਮੁੱਦਿਆਂ 'ਤੋਂ ਉਨ੍ਹਾਂ ਨੂੰ ਦੂਰ ਕਰਨਾ ਚਾਹੁੰਦੀ ਹੈ।

# ਮੁਰੱਬੇਬੰਦੀ ਵੇਲੇ ਦਾ ਸਰਪੰਚ

ਮੇਰੇ ਬਾਪੂ ਨੂੰ ਇੱਕ ਵਾਰ ਵੀ ਮਿਲਣ ਵਾਲਾ ਬੰਦਾ ਉਸਦੇ ਦੋ ਗੁਣਾਂ ਦਾ ਹਰ ਹਾਲ ਵਿਚ ਕਾਇਲ ਹੋ ਜਾਂਦਾ ਸੀ- ਉਸਦੀ ਵਿਦਵਤਾ ਤੇ ਸਾਧਾਰਣ ਤੋਂ ਸਾਧਾਰਣ ਸਥਿਤੀ ਵਿਚੋਂ ਵੀ, ਕੁਝ ਨਾ ਕੁਝ ਵਿਅੰਗਮਈ ਸਿਰਜ ਲੈਣ ਦੀ ਯੋਗਤਾ। ਪਰ ਚੋਣ ਕੀਤੀ ਘਟਨਾ ਬਾਰੇ ਸੋਚਦਿਆਂ, ਉਸਦਾ ਇੱਕ ਹੋਰ ਰੂਪ ਮੇਰੇ ਸਾਹਮਣੇ ਫੈਲਿਆ ਪਿਆ ਹੈ।

ਇੱਕ ਦਿਨ ਹਾਜ਼ਰੀ ਵੇਲੇ ਦੀ ਗੱਲ ਹੈ। ਬਾਪੂ ਰੋਟੀ ਖਾ ਕੇ ਹਟਿਆ ਸੀ। ਮੰਜੀ ਉੱਤੇ, ਜਿਸ 'ਤੇ ਉਹ ਬੈਠਾ ਸੀ, ਉਸਦੇ ਸੱਜੇ ਹੱਥ, ਬੂਟੀਦਾਰ ਰੁਮਾਲੇ ਵਿਚ ਲਪੇਟੀ ਗੁਰੂ ਗ੍ਰੰਥ ਸਾਹਿਬ ਦੀ ਤੀਜੀ ਸੈਂਚੀ ਅਤੇ ਉਸ ਉੱਪਰ ਕਾਲੇ ਫਰੇਮ ਵਿਚ ਮੋਟੇ ਸ਼ੀਸ਼ਿਆਂ ਵਾਲੀ ਐਨਕ ਪਈ ਸੀ। ਬਾਪੂ ਨੇ ਪਜਾਮਾ ਨਹੀਂ, ਸਿਰਫ਼ ਕਛਹਿਰਾ ਪਾਇਆ ਸੀ ਅਤੇ ਉਸਦੀਆਂ ਲੱਤਾਂ 'ਤੇ, ਅਲਾਣੀ ਮੰਜੀ ਦੇ ਵਾਣ ਦੇ ਨਿਸ਼ਾਨ ਸਾਫ਼ ਦਿੱਸਦੇ ਸਨ। ਦੋ ਤਿੰਨ ਕੁੱਤਿਆਂ ਨੂੰ ਬੁਰਕੀਆਂ ਕਰ-ਕਰ ਰੋਟੀ ਪਾਉਂਦਾ ਬਾਪੂ, ਪ੍ਰਕਾਸ਼ ਕੀਤੇ ਰੇਸ਼ਮੀ, ਸਫੈਦ ਦਾਹੜੇ ਵਾਲਾ ਦੇਵਦੂਤ ਲਗਦਾ ਸੀ। ਦੇਵਦੂਤ ਵਰਗਾ ਹੀ ਨਿਰਛਲ,

ਬਲਵਿੰਦਰ ਗਰੇਵਾਲ

ਨਿਰਮੈਲ ਹਾਸਾ ਉਸ ਦੇ ਮੂੰਹੋਂ ਝਰਿਆ, ਜਦੋਂ ਕੁੱਤਿਆਂ ਨਾਲ ਉਸ ਨੇ ਕੋਈ ਭੇਤ ਸਾਂਝਾ ਕੀਤਾ।

-ਮਹਾਂ ਸਿਓਂ ਕੀਹਦੇ ਨਾਲ ਗੱਲੀਂ ਲੱਗਿਐਂ ਬਈ- ਮੈਂ ਆਪਣੀ ਰੋਟੀ ਵਾਲੀ ਥਾਲੀ, ਬਾਪੂ ਦੇ ਪੈਂਦ ਧਰਦਿਆਂ ਪੁੱਛਿਆ। ਅਸੀਂ ਉਹਦੇ ਬੜੇ ਵੱਖਰੇ-ਵੱਖਰੇ ਨਾਂ ਰੱਖਦੇ ਹੁੰਦੇ ਸੀ। ਉਨ੍ਹਾਂ ਦਿਨਾਂ ਵਿਚ ਮਹਾਂ ਸਿਓਂ ਚੱਲ ਰਿਹਾ ਸੀ।

-ਕਾਲੇ ਕੁੱਤੇ ਨੂੰ ਸਮਝਾਉਨੈ- ਬਾਪੂ ਨੇ ਤਿੰਨਾਂ ਕੁੱਤਿਆਂ ਵਿਚੋਂ ਵੱਡੇ ਕੁੱਤੇ ਵੱਲ ਇਸ਼ਾਰਾ ਕਰਦਿਆਂ ਕਿਹਾ- ਦੂਜਿਆਂ ਦੀ ਰੋਟੀ ਖਾਣ ਨੂੰ ਫਿਰਦੈ।

-ਫੇਰ- ਮੈਂ ਮੰਜੀ 'ਤੇ ਰੁਖ ਸਿਰ ਹੋ ਕੇ ਬੈਠਦਿਆਂ ਪੁੱਛਿਆ।

-ਮੈਂ ਕਿਹਾ ਮੁਰੱਬੇਬੰਦੀ ਵਿਚ ਸਰਪੰਚੀ ਕੀਤੀ ਐ, ਕਿਸੇ ਇੱਕ ਨੂੰ ਦੂਏ ਦਾ ਭੋਰਾ ਨੀ ਖਾਣ ਦਿੰਦਾ- ਬਾਪੂ ਨੇ ਇੱਕ ਬੁਰਕੀ ਦੂਰ ਸੁੱਟਦਿਆਂ ਕਿਹਾ। ਜਦ ਨੂੰ ਤਕੜਾ ਕੁੱਤਾ ਉਹ ਚੁੱਕਣ ਗਿਆ, ਬਾਪੂ ਨੇ ਦੂਜੇ ਦੋਹਾਂ ਨੂੰ ਨੇੜੇ ਕਰਕੇ ਰੋਟੀ ਪਾ ਦਿੱਤੀ। ਕੁੱਤਿਆਂ ਨੂੰ ਰੋਟੀ ਦੀ ਠੀਕ ਵੰਡ ਤੋਂ ਤੁਰੀ ਗੱਲ, ਬਾਪੂ ਦੇ ਸਰਪੰਚ ਵਜੋਂ ਅਨੁਭਵ ਵੱਲ ਮੁੜ ਗਈ।

ਉਹ ਪਿੰਡ ਦਾ ਪਹਿਲਾ ਸਰਪੰਚ ਸੀ ਅਤੇ ਸਾਰੀ ਪੰਚਾਇਤ ਵੀ ਉਹਦੀ ਮਰਜ਼ੀ ਦੀ, ਸਰਬ-ਸੰਮਤੀ ਨਾਲ ਬਣੀ ਹੋਈ ਸੀ। ਸਰਬ-ਸੰਮਤੀ ਨਾਲ ਬਣਿਆ ਪਹਿਲਾ ਸਰਪੰਚ ਹੋਣ ਦੀ ਗੱਲ ਅਤਿ-ਸਾਧਾਰਨ ਲੱਗ ਸਕਦੀ ਹੈ, ਪਰ ਮੇਰੇ ਬਾਪੂ ਦੇ ਸੰਬੰਧ ਵਿਚ ਇਹ ਗੱਲ ਇੰਨੀ ਸਰਲ ਨਹੀਂ। ਉਹ ਸਾਡੇ ਪਿੰਡ ਨਹੀਂ ਸੀ ਪਲਿਆ ਅਤੇ ਲੰਮਾਂ ਸਮਾਂ ਪਿੰਡ ਦਾ ਬਾਸ਼ਿੰਦਾ ਵੀ ਨਹੀਂ ਰਿਹਾ ਸੀ। 1907 ਵਿਚ ਪਈ ਪਲੇਗ ਵਿਚ, ਇੱਕੋ ਰਾਤ ਵਿਚ ਉਸਦੇ ਮਾਂ-ਬਾਪ ਮਰ ਗਏ ਸਨ। ਹੋਰ ਕੋਈ ਸਕਾ ਹੈ ਨਹੀਂ ਸੀ। ਮਾਂ-ਬਾਪ ਮਰਨ ਤੋਂ ਤੇਰ੍ਹਵੇਂ ਦਿਨ, ਚਾਰ ਸਾਲ ਦੇ ਤੇਜੇ ਨੂੰ, ਉਹਦੇ ਬਾਬੇ ਦੀ ਭੂਆ ਲੈ ਗਈ ਸੀ। ਪੜ੍ਹਣ ਕੇ ਹੋਏ ਮਸਾਂ ਦੇ ਵਿਆਹ ਤੋਂ ਬਾਅਦ, ਜਦੋਂ ਉਹ ਪਿੰਡ ਆ ਕੇ ਵੱਸਣ ਲੱਗਿਆ ਤਾਂ 'ਅਮਲੀਆਂ ਦੇ ਬੁਥਗੜ' ਨੂੰ ਉਸਦਾ ਨਸ਼ਾ ਰਹਿਤ ਅਤੇ ਗਿਆਨੀ ਹੋਣਾ ਮਾਫ਼ਕ ਨਹੀਂ ਸੀ ਆਇਆ। ਮੇਰੀ ਮਾਂ ਦੇ ਹੱਥੂਆਂ ਨੇ, ਮੈਨੂੰ ਬੜੀ ਵਾਰ ਉਨ੍ਹਾਂ ਵਧੀਕੀਆਂ ਦੀ ਦੱਸ ਪਾਈ ਐ, ਜਿਹੜੀਆਂ 'ਹੱਟੀ ਵਾਲੀ ਬੋਬੋ-ਬਾਬੇ' ਨੂੰ ਉਨ੍ਹਾਂ ਦੀ ਔਕਾਤ ਯਾਦ ਕਰਵਾਉਣ ਲਈ ਕੀਤੀਆਂ ਜਾਂਦੀਆਂ ਸਨ ਤੇ ਫੇਰ ਉਹ ਤੇਜਾ ਜੀਹਦੇ ਦਰਾਂ ਅੱਗੇ ਮੰਗਤਾ ਵੀ ਨਹੀਂ ਸੀ ਰੁਕਦਾ, ਸਰਪੰਚ ਬਣ ਗਿਆ ਤੇ ਜੀਹਨੂੰ ਸਰਪੰਚ ਬਣੇ ਨੂੰ ਘਰੋਂ ਬੁਲਾਉਣ ਗਿਆ ਸਿਪਾਹੀ ਬਹੁਤੀ ਵਾਰ ਗੁਆਂਢੀਆਂ ਦੇ ਚੁਬਾਰੇ ਵਾਲੇ ਘਰ ਆਵਾਜ਼ਾਂ ਦੇਈ ਜਾਂਦਾ (ਬਿਨਾਂ ਤਖ਼ਤਿਆਂ ਤੋਂ ਡਿਓਢੀ, ਸਰਪੰਚ ਦਾ ਘਰ ਕਿਵੇਂ ਹੋ ਸਕਦੀ ਸੀ)। ਉਹਦਾ ਸਰਪੰਚ ਬਣਨਾ ਇੰਨਾ ਸਾਧਾਰਨ ਨਹੀਂ ਸੀ ਕਿ ਲੰਬੜਦਾਰਾਂ ਦੇ ਜੈਬ (ਅਜਾਇਬ ਸਿੰਘ) ਨੂੰ ਮਾਫਕ ਆ ਜਾਂਦਾ। ਜੈਬ, ਵੇਲੇ ਦੇ ਉਨ੍ਹਾਂ ਵੈਲੀਆਂ-ਬਦਮਾਸ਼ਾਂ ਵਿਚੋਂ ਸੀ, ਜਿਨ੍ਹਾਂ 'ਤੋਂ ਹਰ ਸ਼ਰੀਫ਼ ਆਦਮੀ ਬਚ ਕੇ ਲੰਘਦਾ ਅਤੇ ਜਿਨ੍ਹਾਂ ਦੇ ਬੁਲਾਏ ਬੱਕਰੇ ਦੀ ਪਛਾਣ ਬਹੁਤੀ ਵਾਰੀ ਲਾਗੇ ਬੰਨ੍ਹੇ-ਚੰਨ੍ਹੇ ਦੇ ਪਿੰਡਾਂ ਨੂੰ ਵੀ ਹੁੰਦੀ ਸੀ।

ਤੇ ਜਿਸ ਦਿਨ ਹੋਰ ਕੋਈ ਨਾ ਮਿਲਦਾ, ਸ਼ਰਾਬ ਅਫ਼ੀਮ ਨਾਲ ਰੱਜਿਆ ਜੈਬ, ਦਰਵਾਜ਼ੇ 'ਚ ਖੜ੍ਹ ਕੇ (ਦਰਵਾਜ਼ਾ ਜੈਬ ਦੇ ਘਰ ਤੋਂ 10 ਕਦਮਾਂ ਅਤੇ ਸਾਡੇ ਘਰੋਂ 20 ਕੁ ਕਦਮਾਂ ਦੀ ਦੂਰੀ 'ਤੇ ਸੀ) 'ਬਾਬੇ ਤੇਜੇ' ਨੂੰ ਗਾਲ੍ਹਾਂ ਕੱਢਦਾ, ਬੱਕਰੇ ਬੁਲਾਉਂਦਾ ਤੇ 'ਸਾਲੇ ਨੰਗ ਸਰਪੰਚ' ਦੇ ਖ਼ਾਨਦਾਨ ਨੂੰ ਪੁਣਦਾ। ਤਿੰਨ ਮਣ ਪੱਕੇ ਦੀ, ਭਲਵਾਨੀ ਦੇਹ ਵਾਲਾ ਸਰਪੰਚ ਪਿੰਡ ਦੇ ਬਾਹਰੋਂ ਈ ਪੁੱਛ ਲੈਂਦਾ- 'ਜੈਬ ਕਿਮੇਂ ਐ ਅੱਜ?'

-ਲੱਗਿਆ ਹੋਇਐ ਤੈਨੂੰ ਦੱਖੂ ਦਾਣਾ ਦੇਣ, ਦਰਵਾਜ਼ੇ 'ਚ- ਤੇ ਬਾਪੂ ਬਲਦਾਂ ਨੂੰ 'ਸਿੰਗ-ਨੈੜ' ਕਰਕੇ ਰਾਹ ਤੋਰ ਦਿੰਦਾ ਤੇ ਆਪ 'ਇਯਾਲੀਆਂ' ਦੇ ਘਰ ਵਿਚੀਂ ਲੰਘ, ਲੰਮੀ ਵੀਹੀ ਰਾਹੀਂ ਘਰ ਆ ਜਾਂਦਾ।

-ਤੂੰ ਛੋਟੇ ਭਾਈ ਚਾਰ ਮਾਰ ਸਾਲੇ ਦੇ ਬੂਦਰੀਆਂ ਤੋਂ ਫੜ੍ਹ ਕੇ, ਤੇਰੇ ਮੂਹਰੇ ਕੀ ਐ ਜੈਬ- ਐਮੇਂ ਗਾਲ੍ਹਾਂ ਖਾਈ ਜਾਨੈਂ- ਕੇਹਰ ਸਿਓਂ ਬਾਪੂ ਨੂੰ ਕਹਿੰਦਾ। ਉਹ ਆਪਣੇ ਵੇਲਿਆਂ ਦਾ ਦਰੜੇ ਵਾਲਾ ਜੱਟ ਸੀ। ਬਾਪੂ ਦਾ ਜੁੱਟ। ਥਾਣਾ ਕਚਹਿਰੀ ਉਹਨੂੰ ਅੱਜ ਕੱਲ੍ਹ ਦੇ ਮੁੰਡਿਆਂ ਦੇ ਗੀਤਾਂ ਵਿਚਲੇ ਨਾਇਕ ਵਾਂਗ, 'ਮੇਲਾ' ਲਗਦੇ ਸਨ।

-ਕੁੱਟ ਤਾਂ ਉਹਨੂੰ ਕੇਹਰ ਸਿਆਂ ਤੂੰ ਵਥੇਰਾ ਲਿਐ- ਫੇਰ ਕਿਹੜਾ ਉਹ ਤੈਨੂੰ ਮੰਦਾ ਬੋਲਣ ਤੋਂ ਹਟ ਗਿਐ। ਉਸਦਾ ਕੋਈ ਇਲਾਜ ਨੀ-

-ਤਾਂ ਹੀ ਤਾਂ ਹੰਕਾਰਿਆ ਹੋਇਐ- ਕੇਹਰ ਸਿਓਂ ਨਫ਼ਰਤ ਨਾਲ ਮੂੰਹ ਵੱਟਦਾ।

-ਨਾਨਕ ਸੇ ਨਰ ਅਸਲ ਖਰ, ਜਿ ਬਿਨ ਗੁਣ ਗਰਬਿ ਕਰੇਨਿ॥

-ਬਾਪੂ ਬਾਬੇ ਨਾਨਕ ਨੂੰ ਆਪਣਾ ਗਵਾਹ ਬਣਾ ਲੈਂਦਾ। ਪਰ ਕੇਹਰ ਸਿਓਂ ਵੀ ਤਾਂ ਆਖ਼ਰ ਉਹਦਾ ਸੰਗੀ ਸੀ, ਮੁਸਕਰੀਏਂ ਹੱਸਦਾ, ਟਕੋਰ ਕਰਦਾ-

-ਨਾਲੇ ਕਹਿਨੈ ਹੁਨੈ ਬਈ, ਜੇ ਜੀਵੈ ਪੱਤ ਲੱਥੀ ਜਾਇ......

ਕੇਹਰ ਸਿਓਂ ਤੋਂ ਅੱਧ-ਪਚੱਧਾ ਮਹਾਂਵਾਕ ਸੁਣ ਕੇ, ਬਾਪੂ ਚੁੱਪ ਕਰ ਜਾਂਦਾ, ਤੇ ਫੇਰ ਹੌਕਾ ਜਿਹਾ ਭਰ ਕੇ, ਅੱਧਾ ਕੁ ਆਪਣੇ-ਆਪ ਨੂੰ ਤੇ ਅੱਧਾ ਕੁ ਕੇਹਰ ਸਿਓਂ ਨੂੰ ਕਹਿੰਦਾ- ਐਹੋ ਜਿਹੈ 'ਤੇ ਹੱਥ ਚੁੱਕਣਾ ਵੀ, ਪੱਤ ਲਹਾਉਣ ਬਰਾਬਰੈ ਐ-

ਪਰ ਬਾਪੂ ਦੇ ਕੇਹਰ ਸਿਓਂ ਤੇ ਜੀਤ ਚਾਚੇ ਵਰਗੇ ਹਮਾਇਤੀ, ਕਦੇ ਕਦੇ ਆਈ ਤੇ ਆਉਂਦੇ, ਗਾਲ੍ਹਾਂ ਕੱਢਦੇ ਜੈਬ ਨੂੰ ਗੋਡਿਆਂ ਹੇਠ ਲੈ ਲੈਂਦੇ- ਹੁਣ ਕੱਢ ਗਾਲ੍ਹਾਂ- ਉਹ ਕੱਢ ਦਿੰਦਾ।

ਸੰਬੰਧਾਂ ਦੇ ਅਜਿਹੇ ਪਿਛੋਕੜ ਵਿਚ ਉਹ ਘਟਨਾ ਵਾਪਰ ਗਈ। ਜ਼ਮੀਨੀ ਬੰਦੋਬਸਤ ਅਧੀਨ, ਮੁਰੱਬੇਬੰਦੀ (ਚੱਕਬੰਦੀ) ਮੁਕੰਮਲ ਹੋਈ ਸੀ। ਚੰਗੀਆਂ ਮਾੜੀਆਂ ਜ਼ਮੀਨਾਂ ਲੈਣ ਲਈ ਹੋਈ ਖਿੱਚੋਤਾਣ ਅਜੇ ਵੀ ਪਿੰਡ ਦੀ ਹਵਾ ਵਿਚੋਂ ਮਹਿਸੂਸ ਕੀਤੀ ਜਾ ਸਕਦੀ ਸੀ। ਕਈ, ਕਈਆਂ ਨੂੰ 'ਦੇਖਣ ਨੂੰ ਫਿਰਦੇ ਸਨ, ਕਈ ਕਈਆਂ ਦੇ ਅੱਖੀਂ ਰੜਕਦੇ ਸਨ, ਜਦੋਂ ਜੈਬ ਦੇ ਵਿਰੁੱਧ ਪੰਚਾਇਤ ਬੁਲਾਈ ਗਈ।

ਜੈਬ ਨੇ, ਆਗਾਂ ਨੂੰ ਗਈ (ਗੰਨੇ ਘੜਨ) ਮਿਸਤਰੀਆਂ ਦੀ ਨੂੰਹ ਰਾਹ ਵਿਚ ਘੇਰ ਲਈ ਸੀ। ਦਿਨ ਭਰ ਗੱਲ ਸੁਲਗਦੀ ਰਹੀ। ਮਿਸਤਰੀਆਂ ਦੀ ਗਰੀਬੀ ਉਨ੍ਹਾਂ ਨੂੰ ਰੋਕਦੀ ਰਹੀ। ਪਰ ਸ਼ਾਮ ਤੱਕ ਕੁਝ ਹਮਦਰਦਾਂ ਅਤੇ ਕੁਝ ਜੈਬ ਦੇ ਵਿਰੋਧੀਆਂ ਨੇ, ਠੰਢੀ ਹੁੰਦੀ ਗੱਲ ਨੂੰ ਹਵਾ ਦੇ ਦਿੱਤੀ। ਦਿਨ ਦੇ ਛਿਪਾਅ ਨਾਲ ਦੋ ਤਿੰਨ ਜਣੇ ਮਿਸਤਰੀ ਨੂੰ ਲੈ ਕੇ ਬਾਪੂ ਕੋਲ ਆ ਗਏ। ਬਾਪੂ ਨੇ ਚੌਕੀਦਾਰ ਭੇਜ ਕੇ ਪੰਚਾਂ ਅਤੇ ਜੈਬ ਨੂੰ, ਦੂਜੇ ਦਿਨ ਦਰਵਾਜ਼ੇ ਆਉਣ ਲਈ ਕਿਹਾ।

-ਮੂੰਹ ਕਾਲਾ ਕਰ ਕੇ ਖੜ੍ਹਾ ਸਾਲੇ ਨੂੰ ਦਿਨ ਭਰ ਦਰਵਾਜ਼ੇ 'ਚ- ਜੁੱਤੀਆਂ ਦਾ ਪਾ ਦੇ ਹਾਰ ਬਣਾ ਕੇ- ਕੇਹਰ ਸਿਓਂ, ਗਈ ਰਾਤ ਬਾਪੂ ਕੋਲ ਬੈਠਾ ਮੱਤਾਂ ਦਿੰਦਾ ਰਿਹਾ- ਦੁਸ਼ਮਣ ਤੇ ਝੋਟਾ ਨੱਥੇ ਈ ਚੰਗੇ ਹੁੰਦੇ ਨੇ।

ਅੜਿੱਕੇ ਆਏ ਦੁਸ਼ਮਣ ਦੀ ਗੱਲ ਬਾਪੂ ਦੇ ਵੀ ਖ਼ਿਆਲ ਆਉਂਦੀ ਰਹੀ- ਗਧੇ 'ਤੇ ਬਿਠਾ ਕੇ ਫੇਰੂੰ ਕੰਜਰ ਨੂੰ ਪਿੰਡ 'ਚ- ਸਰਪੰਚ ਦੇ ਅੰਦਰੋਂ ਤੇਜਾ ਸਿਓਂ ਬੋਲਦੈ। ਐਂ ਤਾਂ ਗਰੀਬਾਂ ਦਾ ਜਿਊਣਾ ਦੁੱਭਰ ਕਰ ਦੇਣਗੇ ਇਹੋ ਜੇ ਮਲੰਗ (ਜੈਬ ਛੜਾ ਸੀ)। ਉਹਦੇ ਅੰਦਰ ਬਦੀ ਜਾਗ ਪਈ ਸੀ। ਜੈਬ ਦੀਆਂ ਗਾਲ੍ਹਾਂ ਰੜਕਣ ਲੱਗ ਪਈਆਂ ਸਨ।

ਦੂਜੇ ਦਿਨ ਦਰਵਾਜ਼ੇ ਕੱਠ ਹੋ ਗਿਆ।

-ਹਾਂ ਬਈ ਜੈਬ ਸਿਆਂ, ਸੱਚ-ਸੱਚ ਦੱਸ ਕੀ ਗੱਲ ਹੋਈ ਸੀ- ਗਰਜਾ ਸਿਓਂ ਬੋਲਿਆ।

- ਮੈਂ ਚਾਚੇ ਨਗਰ ਖੇੜੇ ਖੜਾਂ...

- ਤੂੰ ਤਾਂ ਗੰਦ ਵੀ ਨਗਰ ਖੇੜੇ ਖੜ੍ਹ ਕੇ ਈ ਬਕਦੈਂ- ਕਿਸੇ ਨੇ ਜੈਬ ਦੀ ਗੱਲ ਤੁਰਦੇ ਈ ਕੱਟ ਦਿੱਤੀ ਸੀ।

- ਸੱਚ ਦੱਸਦੈ ਇਹ, ਬੜਾ ਜਧਿਸ਼ਟਰ। ਜਦ ਤਾਂ ਗੋਲੂ ਵਰਗੀ ਤਖਾਣੀ ਮੂਹਰੇ ਖੜ੍ਹ ਗਿਆ ਰੋਣ ਬਣ ਕੇ- ਸਾਲਾ ਨਗਰ ਖੇੜੇ ਦਾ ਹੋਇਐ- ਕੋਈ ਤਮਾਸ਼ਬੀਨ ਬੋਲਿਆ ਸੀ।

- ਗੱਲ ਤੇਜਾ ਸਿਆਂ ਕੀ ਪੁੱਛਣੀ ਐ, ਬਹੂ ਕਿਤੇ ਝੂਠ ਬੋਲਦੀ ਐ- ਫੈਸਲਾ ਦੇ ਕੇ ਪਰੇ ਕਰੋ- ਕੇਹਰ ਸਿਓਂ ਨੱਥੂ ਘੁਮਿਆਰ ਨੂੰ ਸਵਾਰੀ ਤਿਆਰ ਰੱਖਣ ਲਈ ਕਹਿ ਆਇਆ ਸੀ- ਪਿੰਡ ਕਿਤੇ ਭੁੱਲਿਐ ਜੈਬ ਨੂੰ-

- -ਠੀਕ ਐ ਫੇਰ, ਬਹੂ ਪਰ੍ਹੇ 'ਚ ਆ ਕੇ ਦਵੇ ਬਿਆਨ- ਜੈਬ ਦੇ ਕਿਸੇ ਹਮਾਇਤੀ ਨੇ ਘੁੰਡੀ ਅੜਾ ਲਈ ਸੀ।

- -'ਆਹੋ ਫੇਰ', ਸੱਚ ਤਾਂ ਈ ਨਿੱਤਰੂ- ਜੈਬ ਵਾਲਾ ਟੋਲਾ ਬਹੂ ਨੂੰ ਪੰਚਾਇਤ ਵਿਚ ਸੱਦਣ ਤੇ ਉਤਾਰੂ ਹੋ ਗਿਆ ਸੀ। ਪਰ ਮੁਹਤਬਰ ਬੰਦੇ ਬਹੂ ਨੂੰ ਇਸ ਤਰ੍ਹਾਂ ਭਰੀ ਪੰਚਾਇਤ ਵਿਚ ਸੱਦਣ ਨੂੰ ਪਿੰਡ ਦੀ ਨਮੋਸ਼ੀ ਮੰਨਦੇ ਸਨ। ਇੱਕ



ਵਿਚਕਾਰਲਾ ਰਾਹ ਤਲਾਸ਼ਿਆ ਗਿਆ- ਦੋ ਬੰਦੇ ਘਰ ਜਾ ਕੇ ਬਹੂ 'ਤੋਂ ਗੱਲ ਪੁੱਛਣ।

ਬਾਪੂ ਤੇ ਤਾਇਆ ਹਰਦਿਆਲ ਸਿਓਂ, ਮਿਸਤਰੀਆਂ ਦੇ ਘਰ ਗਏ। ਓਟੀਏ ਦੇ ਓਹਲੇ, ਘੁੰਡ ਕੱਢੀ ਬੈਠੀ ਬਹੂ ਨੇ ਵਾਕਾ ਬਿਆਨ ਕੀਤਾ-

ਉਹ ਆਪਣੇ ਨਾਲਦੀਆਂ ਤੋਂ ਥੋੜ੍ਹੀ ਪਛੜ ਗਈ ਸੀ। ਦੋ ਗੰਨੇ ਦੇ ਪਹੇ 'ਚ ਨੀਵੀਂ ਪਾਈ ਜਾਂਦੀ ਨੇ ਪੈੜਚਾਲ ਸੁਣ ਕੇ ਸਾਹਮਣੇ ਵੇਖਿਆ ਤਾਂ ਗੰਨਾ ਚੂਪਦਾ ਜੈਬ ਉਹਦੇ ਵਾਲੇ ਪਾਸੇ ਈ ਆ ਰਿਹਾ ਸੀ। ਉਹ ਇਕਦਮ ਦੂਜੇ ਪਾਸੇ ਹੋਈ ਤਾਂ ਜੈਬ ਵੀ ਉਹਦੇ ਮੂਹਰੇ ਹੋ ਗਿਆ। ਉਹ ਦੂਜੇ ਪਾਸੇ ਗਈ ਤਾਂ ਜੈਬ ਫਿਰ ਉਹਦੇ ਸਾਹਮਣੇ ਆ ਗਿਆ-

-ਫੇਰ ਭਾਈ? ਤਾਏ ਹਰਦਿਆਲ ਸਿਓਂ ਨੇ ਪੁੱਛਿਆ।

- ਫੇਰ ਜੀ ਮੈਂ ਭੱਜ ਕੇ ਇੱਖ ਵਿਚੀਂ ਲੰਘ ਆਈ- ਉਹ ਖੜ੍ਹਾ ਰਿਹਾ।

- ਤੈਨੂੰ ਉਹਨੇ ਕੁਝ ਬੋਲਿਆ-ਬੁਲਾਇਆ ਹੋਊ- ਤਾਏ ਨੇ ਪੁੱਛਿਆ।

- ਨਹੀਂ ਜੀ, ਉਹ ਬੋਲਿਆ ਕੁਛ ਨੀ- ਬਹੂ ਨੇ ਘੁੰਡ ਵਿਚੋਂ ਸਿਰ ਮਾਰਿਆ।

- ਕੋਈ ਹੱਥੋਂ ਪਾਈ ਕਰਨ ਦੀ ਕੋਸ਼ਿਸ਼ ਕੀਤੀ ਹੋਊ- ਬਾਪੂ ਨੇ ਪੁੱਛਿਆ। ਜੋ ਬਹੂ ਦੱਸਦੀ ਸੀ, ਉਹ ਇਹ ਗੱਲ ਤਾਂ ਸੁਣਨ ਹੀ ਨਹੀਂ ਸੀ ਆਏ। ਬਹੂ ਦੇ ਜਵਾਬ, ਸਰਪੰਚ ਦੀਆਂ 'ਕੱਠੀਆਂ ਕੀਤੀਆਂ ਜੁੱਤੀਆਂ ਨੂੰ ਹਾਰ 'ਚ ਨਹੀਂ ਪਰੋ ਰਹੇ ਸਨ।

- ਨਾਂ ਜੀ- ਸਰਪੰਚ ਨੇ ਬਹੂ ਦਾ ਵਿਹੂ ਵਰਗਾ ਸਿਰ ਨਾਂਹ ਵਿਚ ਹਿੱਲਦਾ ਵੇਖਿਆ।

- ਉਹਨੇ ਹੱਥੋਪਾਈ ਵਰਗੀ ਕੋਈ ਗੱਲ ਨਹੀਂ ਕੀਤੀ। ਪਹਿਲਾਂ ਦੋ ਵਾਰੀ ਮੂਹਰੇ ਹੋਇਆ, ਫਿਰ ਖੜ੍ਹਾ ਰਿਹਾ।

ਤਾਇਆ ਹਰਦਿਆਲ ਸਿਓਂ ਤੇ ਬਾਪੂ ਉਠ ਆਏ। ਉਹ ਇਸ ਗੱਲ 'ਤੇ ਸਹਿਮਤ ਹੋ ਗਏ ਸਨ ਕਿ ਜੈਬ ਅਤੇ ਬਹੂ, ਬਚਾਅ ਕਰਦੇ ਈ, ਬੱਸ ਕੁਦਰਤੀ ਇੱਕ ਦੂਜੇ ਦੇ ਸਾਹਮਣੇ ਹੁੰਦੇ ਰਹੇ।

ਪੰਚਾਇਤ ਨੇ ਫੈਸਲਾ ਜੈਬ ਦੇ ਹੱਕ ਵਿਚ ਦੇ ਦਿੱਤਾ।

-ਤੈਂ ਤਾਂ ਜਮ੍ਹਾਂ ਖੇਹ ਕਰਤੀ ਤੇਜਾ ਸਿਆਂ- ਕੇਹਰ ਸਿਓਂ ਪਰਨਾ ਝਾੜਦਾ ਬੋਲਿਆ ਸੀ।

- ਸਮਝ ਲੈ ਬੱਦੂ ਤੋਂ ਬਿੱਲੇ ਦੀ ਪੂੰਛ ਟੁੱਟ'ਗੀ।

- ਸਰਪੰਚ ਜਰਕ ਗਿਆ- ਦੋ ਕੁਪੱਤੇ ਦੋ ਦੋ ਪਰੋਸੇ- ਨੱਥੂ ਘੁਮਿਆਰ ਬੋਲਿਆ ਸੀ। ਕੋਈ ਹੋਰ ਕਹਿ ਰਿਹਾ ਸੀ- ਬਾਬਾ ਜੈਬ ਹੋਰਾਂ ਤੋਂ ਦੱਬ ਕੇ ਬੇਇਨਸਾਫ਼ੀ ਕਰ ਗਿਆ- ਕਾਹਦੀ ਸਰਪੰਚੀ ਐ ਟੱਟੂਆਂ ਦੀ।

ਬਾਪੂ ਦੇ ਘਰਾਂ 'ਚ ਪੰ, ਕਾਕਾ ਬਾਬਾ, ਗੁੱਸੇ 'ਚ ਬੋਲਿਆ ਸੀ- ਤੈਂ ਤਾਂ ਮੁੰਡਿਆ, ਲਾਣੇ ਦੀਓ ਬੇ-ਇੱਜ਼ਤੀ ਕਰਾਤੀ-

ਬੇਇੱਜ਼ਤੀ ਤਾਂ ਚਾਚਾ ਤਾਂ ਹੁੰਦੀ ਜੇ ਮੈਂ ਬੇਇਨਸਾਫ਼ੀ ਕਰਦਾ- ਨਹੀਂ ਮੇਰਾ ਕਿਹੜਾ ਜੈਬ ਨੇੜਿਓਂ ਲਗਦਾ ਤੀ- ਬਾਪੂ ਨੇ ਆਪਣੀ ਦਲੀਲ ਦਿੱਤੀ ਪਰ ਉਠਦੇ, ਪਰਨੇ ਕੱਪੜੇ ਝਾੜਦੇ ਲੋਕਾਂ ਦੀ ਧੂੜ ਬਾਪੂ ਦੇ ਸਿਰੋਂ ਉੱਚੀ ਉਠ ਅਸਮਾਨੇ ਜਾ ਚੜ੍ਹੀ ਸੀ। ਅਸਮਾਨੇ ਜਾ ਚੜ੍ਹੀ ਸੀ ਬਾਪੂ ਦੀ ਬਦਨਾਮੀ ਅਤੇ ਜੈਬ ਦੇ ਵਿਰੋਧੀਆਂ ਦਾ ਗੁੱਸਾ। ਕੇਹਰ ਸਿਓਂ ਤੇ ਦੋ ਹੋਰ ਜਣੇ, ਸਿੱਧੇ ਮਿਸਤਰੀਆਂ ਦੇ ਘਰ ਗਏ ਸਨ।

-ਚੌਧਰੀ, ਦਰਖ਼ਾਸਤ ਦੇਣੀ ਐ ਜੈਬ 'ਤੇ। ਥਾਣੇ ਚੱਲੋ ਸਾਡੇ ਨਾਲ- ਦੂਜੇ ਦਿਨ ਮਿਸਤਰੀ ਸਵੇਰੇ ਈ ਬਾਪੂ ਕੋਲ ਆ ਗਿਆ ਸੀ।

- ਦੇਖ ਕਾਰੀਗਰਾ- ਜੇ ਤਾਂ ਮੰਨਦੈਂ ਤੂੰ ਮੈਨੂੰ ਆਪਣਾ ਸਰਪੰਚ...ਫੇਰ ਜਿਵੇਂ ਮੈਨੂੰ ਠੀਕ ਲੱਗਿਆ ਰੱਬ ਲਗਦੀ ਕਰਤੀ। ਤੂੰ ਪੰਚਾਇਤ ਦੀ ਮੰਨ...ਥਾਣੇ ਜਾਣੈ ਤੇਰੀ ਮਰਜ਼ੀ...ਮੈਂ ਜਾਊ...ਸੱਚੀ ਗੱਲ ਕਹੂੰ, ਉਹ ਜੈਬ ਦੇ ਹੱਕ 'ਚ ਭੁਗਤੂ- (ਬਾਪੂ ਦੀ ਸਰਪੰਚੀ ਦੀਆਂ ਦੋਨੋਂ ਟਰਮਾਂ 'ਚ ਦੋ ਕੇਸ ਥਾਣੇ ਗਏ। ਮਿਸਤਰੀਆਂ ਦੀ ਬਹੂ ਦਾ ਅਤੇ ਪੰਜਾਬੀ ਭਾਸ਼ਾ ਨਾ ਲਿਖਾਉਣ ਬਦਲੇ ਹਰੀਜਨਾਂ ਦੇ ਬਾਈਕਾਟ ਦਾ, ਬਾਪੂ ਥਾਣੇ ਇੱਕ ਵਾਰ ਵੀ ਨੀ ਗਿਆ।) ਥਾਣੇ ਕਚਹਿਰੀ ਦਾ ਕੇਹਰ ਸਿਓਂ ਮਾਹਰ ਸੀ। ਮਿਸਤਰੀਆਂ ਨੇ ਕੇਸ ਕੀਤਾ, ਇੱਕ ਗਵਾਹ ਬਣਾ ਲਿਆ ਤੇ ਕਚਹਿਰੀ ਜਾਂਦੇ ਹੋ ਗਏ। ਜੈਬ ਦੀ ਜ਼ਮਾਨਤ ਨਾ ਹੋਈ ਤੇ ਉਹ ਤਿੰਨ ਮਹੀਨੇ ਹਵਾਲਾਤ 'ਚ ਰਿਹਾ ਅਤੇ ਦੋਸ਼ ਸਾਬਤ ਨਾ ਹੋਣ ਕਾਰਨ ਬਰੀ ਹੋ ਕੇ ਘਰ ਆ ਗਿਆ।

ਕੁਝ ਦਿਨ ਬਾਅਦ...

ਬਾਪੂ ਸਾਡੇ ਗੁਆਂਢੀ ਪਿੰਡ ਇਸਮਾਈਲਪੁਰ ਨੂੰ ਜਾ ਰਿਹਾ ਸੀ, ਪੈਦਲ। ਉਸ ਪਗਡੰਡੀ ਵਰਗੇ ਰਸਤੇ ਵਿਚ ਇੱਕ ਖੂਹੀ ਹੁੰਦੀ ਸੀ, ਉਸਨੂੰ ਅੱਧ ਦੀ ਖੂਹੀ ਕਿਹਾ ਜਾਂਦਾ ਸੀ। ਉਸ ਖੂਹੀ 'ਤੇ ਬਾਪੂ ਨੂੰ ਜੈਬ ਆਉਂਦਾ ਦਿੱਸਿਆ। ਹਵਾਲਾਤੋਂ ਛੁੱਟ ਕੇ ਆਉਣ 'ਤੋਂ ਬਾਅਦ, ਜੈਬ ਪਹਿਲੀ ਵਾਰ ਬਾਪੂ ਨੂੰ ਸਾਹਮਣੇ ਟੱਕਰਿਆ ਸੀ। ਪਹਿਲੀ ਬਥੇਰੀ ਕੁੜੱਤਣ ਵਿਚ, ਹਵਾਲਾਤ ਦੀ ਜ਼ਹਿਰ ਸ਼ਾਮਿਲ ਹੋ ਗਈ ਸੀ। ਬਾਪੂ ਸਮਝ ਗਿਆ, ਜੈਬ ਅੱਜ ਗਲ ਪਵੇਗਾ। ਬਾਪੂ ਨੇ ਟਾਲਾ ਵੱਟਣ ਲਈ ਕੋਈ ਪਾਸਿਓਂ ਲੰਘਦੀ ਵੱਟ-ਡੌਲ ਵੇਖੀ। ਆਲੇ-ਦੁਆਲੇ ਰੱਕੜ-ਜ਼ਮੀਨ, ਕਾਹੀ ਤੇ ਪੁਨਕੰਡਾ ਖੜ੍ਹੇ ਸਨ। ਕੋਈ ਬੰਦਾ ਵੀ ਨਜ਼ਰੀਂ ਨਹੀਂ ਆਇਆ। ਕੋਈ ਇੱਧਰ-ਉੱਧਰ ਨਿਕਲਦੀ ਪਗਡੰਡੀ ਵੀ ਨਹੀਂ ਸੀ। ਸਿਰਫ਼ ਸਾਹਮਣੇ, ਕਰਮ ਕੁ ਚੌੜੀ, ਵਿੰਗ ਵਲੇਵੇਂ ਖਾਂਦੀ, ਸਾਫ਼ ਪਗਡੰਡੀ ਸੀ ਤੇ ਉਹਦੇ 'ਤੇ ਸਾਹਮਣਿਓਂ ਜੈਬ ਤੁਰਿਆ ਆ ਰਿਹਾ ਸੀ।

'ਚਲ ਗਲੂ-ਦੁੱਪੜ ਦੀ ਤਾਂ ਕੋਈ ਨੀਂ, ਪਰ ਜੇ ਹੱਥੋ-ਪਾਈ ਹੋਇਆ ਤਾਂ ਇਹਨੂੰ ਮੈਥੋਂ ਛੁਡਾਊ ਕੌਣ'- ਬਾਪੂ ਨੇ ਮਨੋਂ-ਮਨੀਂ ਫ਼ਿਕਰ ਕੀਤਾ। ਫੇਰ ਸੋਚਿਆ 'ਤੇਜਾ ਸਿਆਂ', ਜੇ ਇਹਨੇ ਐਂ ਗਲ ਪੈਣਾ ਈ ਹੋਇਆ, ਇਹ ਫੇਰ ਖਹਿੜੇ ਖੇਹੂ। ਦੋ ਮਾਰ ਕੇ

## ਪੁਰਾਣਾ ਸ਼ਹਿਦ

*ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀਆਂ ਬਹੁਤ ਹੀ ਦਿਲਚਸਪ ਅਣਲਿਖੀਆਂ ਕਹਾਣੀਆਂ (ਜਿਨ੍ਹਾਂ ਵਿਚ ਸਿੱਖਿਆ ਵੀ ਹੈ, ਇਤਿਹਾਸ ਵੀ ਤੇ ਸਾਹਿਤ ਵੀ) ਨੂੰ ਪਾਠਕਾਂ ਤਕ ਪੁਜਦਾ ਕਰਨ ਲਈ ਅਸੀਂ ਇਹ ਨਵਾਂ ਕਾਲਮ 'ਪੁਰਾਣਾ ਸ਼ਹਿਦ' ਸ਼ੁਰੂ ਕਰਨ ਜਾ ਰਹੇ ਹਾਂ। ਸਾਨੂੰ ਆਸ ਹੈ ਕਿ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। -ਸੰਪਾਦਕ*

ਰੱਖਤੇ, ਆਪਣੇ ਰਾਹ ਜਾਂਦਾ ਬਣ...ਬਹੁਤੀ ਗੱਲ ਹੋਈ, ਇਹਦੇ ਪਰਨੇ ਨਾਲ ਨੈੜ ਕੇ ਸਿੱਟ ਦੂੰ-

ਬਾਪੂ ਦੇ ਅੰਦਰੋਂ ਰੋਸ ਜਾਗਿਆ। ਉਸਦਾ ਸੱਜਾ ਹੱਥ, ਜਿਹੜਾ ਪੰਜ 'ਚ ਆਈਆਂ ਅਗਲੇ ਦੀਆਂ ਉਂਗਲਾਂ ਦਾ ਲਹੂ ਨਿਚੋੜ ਦਿਆ ਕਰਦਾ ਸੀ, ਤਣ ਗਿਆ।

ਉਹੀ ਗੱਲ ਹੋਈ, ਜੈਬ ਪਿੱਪਲ ਹੇਠ ਬਾਪੂ ਦੇ ਸਾਹਮਣੇ, ਰਾਹ 'ਚ ਖੜ੍ਹ ਗਿਆ। ਹਵਾਲਾਤ ਦੀ ਕਰੜਾਈ ਅਤੇ ਘਰ ਆ ਕੇ ਲਗਾਤਾਰ ਪੀਤੇ ਨਸ਼ੇ ਦਾ ਝੰਬਿਆ, ਜੈਬ ਦਾ ਮੂੰਹ ਵੇਖ ਕੇ ਬਾਪੂ ਨੂੰ ਤਰਸ ਆ ਗਿਆ। ਉਹ ਪਾਸਾ ਵੱਟ ਕੇ ਲੰਘਣ ਲੱਗਿਆ ਤਾਂ ਸਾਹਮਣੇ ਹੁੰਦਾ ਜੈਬ ਬੋਲਿਆ- 'ਚਾਚਾ, ਆਹ ਬਰਮੇ ਮੇਰੇ ਹੱਥ 'ਚ, ਜੇ ਝੂਠ ਬੋਲਾਂ। ਜੈਬ ਨੇ ਪਿੱਪਲ ਨਾਲੋਂ ਪੱਤਾ ਤੋੜ ਕੇ, ਢਾਲ ਵਾਂਗ ਆਪਣੇ ਸਾਹਮਣੇ ਕੀਤਾ। ਬਾਪੂ ਰੁਕ ਗਿਆ।

ਮੇਰੀ ਨੀਤ 'ਚ ਕੋਈ ਖੋਟ ਨੀ ਤੀ, ਮੈਂ ਮਿਸਤਰੀਆਂ ਦੀ ਬਹੂ ਨੂੰ ਕੁਛ ਨੀ ਕਿਹਾ। ਉਹ ਤਾਂ ਬੱਸ ਕੁਦਰਤੀ ਆਹਮੋ-ਸਾਹਮਣੇ ਹੋਗੇ-

-ਫੇਰ ਮੈਂ ਤਾਂ ਜੈਬ ਸਿਆਂ, ਤੇਰਾ ਕਸੂਰ ਮੰਨਿਆ ਈ ਨੀ। ਪੰਚਾਇਤ ਨੇ ਤਾਂ ਤੈਨੂੰ ਛੱਡੇ ਦਿੱਤਾ ਸੀ- ਬਾਪੂ ਦੇ ਮਨ ਦਾ ਤਣਾਅ ਅਤੇ ਉਂਗਲਾਂ ਦਾ ਕਸਾਅ ਥੋੜ੍ਹਾ ਢਿੱਲਾ ਹੋਇਆ- ਥਾਣੇ ਤਾਂ ਤੈਨੂੰ ਤੇਰੀਆਂ ਕਰਤੂਤਾਂ ਲੈ ਕੇ ਗਈਆਂ-

- ਉਹ ਤਾਂ ਠੀਕ ਐ- ਪਰ ਮੇਰੇ ਮਨ 'ਚ ਤੀ ਬਈ ਕੇਰਾਂ ਚਾਚੇ ਨੂੰ ਸੱਚ ਦੱਸਦਾਂ-

ਜੈਬ ਤੁਰ ਪਿਆ। ਬਾਪੂ ਥੋੜ੍ਹੀ ਦੇਰ ਖੜ੍ਹਾ ਰਿਹਾ ਸੀ।

...ਆਪਣੀ ਗੱਲ ਮੁਕਾ ਕੇ ਬਾਪੂ, ਕਾਮਿਆਂ ਦੀ ਹਾਜ਼ਰੀ ਲੈ ਕੇ ਖੇਤਾਂ ਨੂੰ ਤੁਰ ਪਿਆ। ਪਰ ਮੈਨੂੰ ਕਿੰਨੀ ਦੇਰ ਪਿੱਪਲ ਦੇ ਪੱਤੇ ਉਹਲੇ ਖੜ੍ਹਾ ਜੈਬ ਦਿੱਸਦਾ ਰਿਹਾ, ਉਹਦੇ ਸਾਹਮਣੇ ਖੜ੍ਹੇ ਬਾਪੂ ਦੇ ਮਨ ਦੇ ਉਤਰਾਅ-ਚੜ੍ਹਾਅ ਮਹਿਸੂਸ ਹੁੰਦੇ ਰਹੇ, ਮੋਟੀਆਂ ਗੱਠਾਂ ਵਾਲੀਆਂ ਸੱਜੇ ਹੱਥ ਦੀਆਂ ਕੰਡੇਰਨੇ ਵਾਂਗ ਤਣੀਆਂ ਉਹਦੀਆਂ ਉਂਗਲਾਂ ਦਿੱਸਦੀਆਂ ਰਹੀਆਂ। ਫਿਰ ਪਤਾ ਨੀ ਕਿਉਂ ਮੇਰੀਆਂ ਅੱਖਾਂ 'ਚ ਪਾਣੀ ਸਿੰਮ ਆਇਆ। ਮੇਰੇ ਰੁੱਧੇ ਗਲੇ 'ਚੋਂ ਕੋਈ ਬੋਲਿਆ-

- ਵਾਹ! ਉਏ ਤੇਜਾ ਸਿਆਂ ਤੇਰੇ- ਫਿਰ ਮੈਂ ਆਪਣੇ ਆਪ ਨੂੰ ਕਿਹਾ 'ਤਾਂ ਇਹ ਸੀ ਮੇਰਾ ਬਾਪ, ਜੀਹਦੇ ਸਾਹਮਣੇ ਆ ਕੇ ਸੱਚ ਕਬੂਲੇ ਬਿਨਾਂ, ਦੁਸ਼ਮਣ ਨੂੰ ਵੀ ਚੈਨ ਨਹੀਂ ਸੀ ਆਉਂਦਾ।'

(ਕੁਝ ਦਿਨਾਂ ਬਾਅਦ ਮੈਂ ਬਾਪੂ ਨੂੰ ਪੁੱਛਿਆ ਸੀ- ਉਂ ਜੈਬ ਗਾਲ੍ਹਾਂ ਫੇਰ ਵੀ ਕੱਢਦਾ ਰਿਹਾ?)

- ਵਾਧੂ, ਬਾਪੂ ਬੋਲਿਆ-ਮਰਨ ਤੱਕ।

---

## ਕਨੇਡਾ ਹੁਣ, ਉਹ ਨਾ ਰਿਹਾ

ਘਰ ਦੀਆਂ ਕਿਸ਼ਤਾਂ ਨੇ ਵੱਟ ਕੱਢ'ਤੇ
Nike ਬ੍ਰੈਂਡ ਹੁਣ ਪਾਣੇ ਛੱਡ'ਤੇ
ਫਿਰਦੇ ਆ ਯਾਰ ਹੁਣ ਹੌਂਡਾ ਭਾਲਦੇ
ਹੁੰਦਾ ਨੀ afford ਹੁਣ, Range ਮਿੱਤਰੋ
ਹੋ ਗਿਆ ਕਨੇਡਾ ਹੁਣ, Change ਮਿੱਤਰੋ।

ਕੰਮ ਕਾਰ ਜਦੋਂ ਦੇ ਸਲੋਅ ਹੋ ਗਏ
ਬੈਂਕਾਂ ਦੇ ਅਕਾਊਂਟ very ਲੋਅ ਹੋ ਗਏ
ਜੇਬਾਂ ਵਿਚ ਕੈਸ਼ ਦਾ, flow ਨਾ ਰਿਹਾ
ਮਿੱਤਰੋ ਕਨੇਡਾ ਹੁਣ, ਉਹ ਨਾ ਰਿਹਾ।

ਵੱਡੇ ਵੱਡੇ ਲਾਟੀਆਂ ਦੀ ਬਸ ਹੋ ਗਈ
ਫਿਬਰੀ ਰਿਐਲਟਰਾਂ ਦੀ ਕੱਸ ਹੋ ਗਈ
ਫੁੱਲਾਂ ਉੱਤੇ ਮਿੱਤਰੋ ਨਾ, ਖੇਲੇ ਤਿੱਤਲੀ
ਉਬਰ ਡਰਾਈਵਰਾਂ ਦੀ ਚੀਕ ਨਿੱਕਲੀ।

ਪਿੱਟਦੇ ਟਰੱਕਾਂ ਵਾਲੇ, ਲੋਡ ਨਾ ਮਿਲੇ
ਪੇਂਟਰਾਂ ਫਰੇਮਰਾਂ ਨੂੰ, ਜੌਬ ਨਾ ਮਿਲੇ
ਲੱਭਦਾ ਨਾ ਲੱਭਿਆਂ, ਖਜ਼ਾਨਾ ਮੰਤਰੀ
ਪਹਿਲਾਂ ਜਿਹਾ ਰਿਹਾ ਨਾ ਕਨੇਡਾ ਕੰਟਰੀ।

ਸੱਦ ਕੇ ਪੜ੍ਹਾਕੂਆਂ ਦੇ ਹੱਕ ਖੋਹ ਲਏ
ਚੰਗੇ ਭਲੇ ਵੱਸਦੇ ਰਿਫਊਜੀ ਹੋ ਗਏ
ਦੂਜੇ ਪਾਸੇ ਦਬਕੇ ਟਰੰਪ ਮਾਰਦਾ
ਬਿਜਲੀ ਦੇ ਵਾਂਗਰਾਂ ਕਰੰਟ ਮਾਰਦਾ।

ਛੱਡ ਕੇ ਟਰੂਡੋ ਸਾਨੂੰ ਭੱਜ ਚੱਲਿਆ
ਕਰਜ਼ੇ ਦੀ ਪੰਡ ਥੱਲੇ ਦੱਬ ਚੱਲਿਆ
'ਸਹੋਤਿਆ' ਓਏ ਵਹੁਟੀ ਨਿੱਤ,
ਸੂਟ ਭਾਲਦੀ
ਉੱਚੀ ਅੱਡੀ ਵਾਲੇ ਨਿੱਤ ਬੂਟ ਭਾਲਦੀ।

ਕਿਥੋਂ ਕੈਸ਼ ਕਰੀਏ, arrange ਮਿੱਤਰੋ
ਹੋ ਗਿਆ ਕਨੇਡਾ ਹੁਣ, change ਮਿੱਤਰੋ।

*-ਕੁਲਵੀਰ ਸਿੰਘ ਡਾਨਸੀਵਾਲ*
*ਫੋਨ: 778-863-2472*

# ਇਨਕਲਾਬ ਤਾਂ ਆਹ ਖੜ੍ਹੈ

ਕਹਾਣੀ

ਸਰਦਾਰਨੀ ਪ੍ਰਕਾਸ਼ ਕੌਰ ਨੇ ਸਾਡੇ ਕੋਲੋਂ ਜ਼ਮੀਨ ਪੱਕੇ ਤੌਰ 'ਤੇ ਛੁਡਾ ਲਈ ਸੀ। ਬਾਬੇ ਦੀ ਮੌਤ ਤੋਂ ਬਾਅਦ ਸ਼ਾਇਦ ਮੁਰੱਬਾਬੰਦੀ ਤੋਂ ਬਾਅਦ ਉਸ ਨੂੰ ਖ਼ਤਰਾ ਜਾਪਣ ਲੱਗ ਪਿਆ ਸੀ ਕਿ ਵਾਹੀਕਾਰ ਉਸਦੀ ਜ਼ਮੀਨ ਨੱਪ ਜਾਣਗੇ। ਉਸਦਾ ਇਕ ਲੜਕਾ ਫੌਜ ਵਿਚ ਸੀ ਜਗਦੇਵ ਸਿੰਘ। ਦੂਜਾ ਥਾਣੇਦਾਰ ਸ਼ਰਾਬ ਬਹੁਤੀ ਪੀਣ ਦੇ ਕਾਰਨ ਮਰ ਚੁੱਕਾ ਸੀ। ਸਾਡੇ ਬਜ਼ੁਰਗਾਂ ਨੇ ਕਬਜ਼ਾ ਕਰਨਾ ਹੁੰਦਾ ਤਾਂ ਸੰਤ ਅਤਰ ਸਿੰਘ ਦੇ ਮਗਰ ਲੱਗਣ ਦੀ ਥਾਂ ਤੇਜਾ ਸਿੰਘ ਸੁਤੰਤਰ ਦੇ ਰਾਹ ਨੂੰ ਆਪਣਾਉਂਦੇ। ਸਰਦਾਰਨੀ ਨੇ ਆਪ ਵਾਹੀ ਕਰਵਾਉਣੀ ਆਰੰਭ ਦਿਤੀ ਸੀ। ਬਾਈ ਨਛੱਤਰ ਅਤੇ ਧੰਨਾ ਸਿੰਘ (ਭਗਵਾਨ ਸਿੰਘ ਸਰਦਾਰ ਦਾ ਮੁਖਤਿਆਰ-ਏ-ਆਮ) ਦਾ ਲੜਕਾ ਹਰਨੇਕ ਉਸਨੇ ਬਤੌਰ ਸੀਰੀ ਰੱਖ ਲਏ ਸਨ। ਮੁਕੱਦਮਿਆਂ ਦੌਰਾਨ ਇਕ ਇਕ ਕਰਕੇ ਸਾਡੇ ਪਸ਼ੂ (ਪਹਿਲਾਂ ਬੋਤਾ, ਫਿਰ ਬੂਰੀ

ਅਤਰਜੀਤ

ਮੱਝ, ਉਸਦੇ ਨਾਲ਼ ਹਥਨੀ ਵਰਗੀ ਬੱਲ਼ੀ ਪੰਜ ਕਲਿਆਣੀ, ਫਿਰ ਬਹੁਤ ਹੀ ਨਰੋਆ ਮੀਣਾ ਬ਼ਲਦ) ਵਿਕ ਗਏ। ਲੀਲੂ ਆੜ੍ਹਤੀਏ ਦਾ ਕੋਈ ਸੋਲਾਂ ਕੁ ਹਜ਼ਾਰ ਕਰਜ਼ਾ ਸਿਰ ਸੀ, ਜੋ ਉਸਦੀ ਬਹੀ ਵਿਚ ਸਰਾ਼ਲ ਦੀ ਤਰ੍ਹਾਂ ਵਧਦਾ ਹੀ ਜਾ ਰਿਹਾ ਸੀ। ਮੇਰਾ ਤਾਇਆ ਵੀ ਕਦੇ ਕਿਸੇ ਨਾ਼ਲ-ਕਦੇ ਕਿਸੇ ਨਾ਼ਲ ਸੀਰ ਕਮਾਉਣ ਲੱਗ ਪਿਆ ਸੀ।

ਇਕ ਰਾਤ ਜਦੋਂ ਪਿੜਾਂ ਵਿਚ ਸਰਦਾਰਨੀ ਦੀ ਸਾਰੀ ਕਣਕ ਗਾਹੀ ਜਾ ਚੁੱਕੀ ਸੀ, ਨਛੱਤਰ ਅਤੇ ਹਰਨੇਕ ਘੁੰਡੀਆਂ ਸਮੇਤ ਪੰਡਾਂ ਬੰਨ੍ਹ-ਬੰਨ੍ਹ ਕਣਕ ਢੋਂਦੇ ਰਹੇ ਸਨ। ਸਰਦਾਰਨੀ ਦੇ ਪੱਲੇ ਉਨ੍ਹਾਂ ਨੇ ਅੱਧ ਵੀ ਨਹੀਂ ਸੀ ਪਾਇਆ। ਅਣਖ ਦੀ ਲੜਾਈ ਲੜਨ ਨਾ਼ਲੋਂ ਉਹ ਕਮੀਨੀਆਂ ਗੱਲਾਂ ਵੱਧ ਕਰਦਾ ਵੇਖਿਆ ਮੈਂ। ਹੁਣ ਉਹ ਅੱਡ ਵੀ ਹੋ ਗਿਆ। ਉਸਦੇ ਅੱਡ ਹੋਣ ਨਾ਼ਲ ਘਰ ਦੀ ਹਾਲਤ ਲੜ-ਖੜਾ ਗਈ ਸੀ। ਮੈਨੂੰ ਤਾਂ ਪੂਰੀ ਡੇਢ ਸੌ ਤਨਖ਼ਾਹ ਵੀ ਨਹੀਂ ਸੀ ਮਿ਼ਲਦੀ। ਕਾਮਰੇਡ ਆਉਂਦੇ-ਜਾਂਦੇ ਰਹਿੰਦੇ ਸਨ। ਮੇਰਾ ਸਟੋਵ ਦਾ ਖ਼ਰਚਾ ਹੀ ਵਧ ਗਿਆ ਸੀ। ਕਾਮਰੇਡ ਲੈਵੀ ਵੀ ਲੈ ਜਾਂਦੇ ਤੇ ਲੀੜਾ ਕੱਪੜਾ ਵੀ। ਘਰ ਦੇਣ ਲਈ ਕੁਝ ਬਚਦਾ ਹੀ ਨਹੀਂ ਸੀ।

'ਤਾਂ ਫਿਰ ਹੁਣ ਤੂੰ ਮੇਰੀ ਢੂਹੀ 'ਤੇ ਫੇਰ ਲੋਗੜ ਬੰਨ੍ਹਾਏਂਗਾ ਭਾਈ।' ਪਿੰਡ ਗਏ ਨੂੰ ਮੇਰੇ ਤਾਏ ਨੇ ਮੈਨੂੰ ਸੁਣਾ ਕੇ ਕਿਹਾ ਸੀ। ਤਿੰਨ-ਚਾਰ ਮਹੀਨਿਆਂ 'ਤੋਂ ਮੈਂ ਡਿਊਟੀ 'ਤੇ ਵੀ ਹਾਜ਼ਰ ਨਹੀਂ ਸੀ ਹੋ ਰਿਹਾ ਤੇ ਇੰਨਾ ਸਮਾਂ ਘਰ ਗੇੜਾ ਵੀ ਨਹੀਂ ਸੀ ਮਾਰਿਆ। ਉਸਨੇ ਕਾਮਰੇਡ ਕਰਤਾਰ ਸਿੰਘ ਨਾ਼ਲ ਸੀਰ ਕਰ ਲਿਆ ਸੀ। ਸੀਰ ਰੈ਼ਲਾ ਸੀ। ਊਂ ਵੀ ਕਰਤਾਰ ਸਿੰਘ ਦਾ ਸਾਡੇ ਪ੍ਰਤੀ ਰਵਈਆ ਸੁਹਿਰਦਤਾ ਪੂਰਨ ਸੀ। 'ਗੁਰੂ ਦੇ ਖ਼ਾਲਸੇ ਵਾ਼ਲਾ ਰੂਪ ਧਾਰ ਤਾਇਆ।' ਇਸ ਦਾ ਬਜ਼ੁਰਗ ਉਪਰ ਉ਼ਲਟਾ ਅਸਰ ਹੋਇਆ ਸੀ- 'ਪਾਰਟੀ ਵਾ਼ਲਿਆਂ ਨੂੰ ਕਹਿ ਕੇ ਮਸੰਦ ਕਹਿ ਕੇ ਤੇਲ ਵਿਚ ਸਾੜ ਦਿਉ।' ਮੈਂ ਕੀ ਜਵਾਬ ਦਿੰਦਾ?

'ਰਮੇ-ਕਪਾਹਾਂ ਦੀ ਰੁੱਤ ਸੀ। ਬੇਬੇ ਸੀਰ ਦਾ ਨਰਮਾ ਚੁਗਾ ਰਹੀ ਸੀ। ਮੈਂ ਉਚੇਚਾ ਉਸੇ ਨੂੰ ਮਿ਼ਲਣ ਆਇਆ ਸਾਂ। ਖੇਤ ਜਾ ਕੇ ਜਦ ਮੈਂ ਉਸਦਾ ਮੁਰਝਾਇਆ ਅਤੇ ਰੋ-ਰੋ ਕੇ ਡੂੰਘੀਆਂ ਹੋ ਗਈਆਂ ਅੱਖਾਂ ਵਾ਼ਲਾ ਚਿਹਰਾ ਵੇਖਿਆ ਤਾਂ ਇਕ ਵਾਰ ਤਾਂ ਮੇਰੇ ਅੰਦਰੋਂ ਵੀ ਡਊਂ ਉਠਿਆ। ਮੈਨੂੰ ਜਾਪਿਆ ਕਿ ਮੈਂ ਖਾ਼ਲ ਦੀ ਵੱਟ ਤੋਂ ਗੇੜਾ ਖਾ ਕੇ ਡਿਗਾਂਗਾ। ਮੈਨੂੰ ਵੇਖਦੇ ਸਾਰ ਉਹ ਨਰਮੇ ਦੀਆਂ ਛਿਟੀਆਂ ਨੂੰ ਇਧਰ-ਉਧਰ ਕਰਦੀ, ਪਿੱਛੇ ਬੰਨ੍ਹੀ ਝੋ਼ਲੀ ਨੂੰ ਸਾਂਭਦੀ ਮੇਰੇ ਵੱਲ ਅਹੁ਼ਲੀ ਤਾਂ ਮੈਥੋਂ ਉਸਦੀਆਂ ਛਲਕਦੀਆਂ ਅੱਖਾਂ ਤੇ ਕੰਬਦੇ ਬੁੱਲ੍ਹ ਵੇਖੇ ਨਾ ਗਏ। ਪਸ਼ੇਮਾਨੀ ਵਿਚ ਮੇਰੀ ਨੀਵੀਂ ਪੈ ਗਈ।

ਮਾਂ ਨੇ ਆਉਂਦੇ ਸਾਰ ਮੇਰਾ ਹੱਥ ਫੜ ਕੇ ਕੁੜਤੀ ਦੇ ਅਗਲੇ ਲੜ ਦੇ ਹੇਠੋਂ ਦੀ ਢਿੱਡ 'ਤੇ ਘੁੱਟ ਲਿਆ - 'ਮੇਰਾ ਢਿੱਡ ਮੱਚ ਗਿਆ ਵੇ ਪੁੱਤਾ...ਵੇ ਮੈਂ ਤੈਨੂੰ ਮਸਾਂ ਐਡਾ ਕੀਤਾ ਸੀ ਪੁੱਤਾ...ਪੁੱਤ ਹੁਣ ਮੇਰੇ ਕੋ਼ਲੋਂ ਇਹ ਦਸੌਂਟਾ ਨੀ ਝੱਲਿਆ ਜਾਣਾ ਡੱਡੇ...ਮਰੀ ਨੂੰ ਨਾ ਮਾਰ ਵੇ ਬਚੜਿਆ...ਦੇਖ ਤੇਰੇ ਤਾਏ 'ਤੋਂ ਵੀ ਇਹ ਭਾਰ ਨੀ ਢੋਇਆ ਜਾਣਾ ਪੁੱਤ।' ਮਾਂ ਕੀਰਨੇ ਪਾਉਂਦੀ ਮੈਨੂੰ ਹੱਥ ਚੱਕਣ ਨਹੀਂ ਸੀ ਦੇ ਰਹੀ। ਇਉਂ ਜਾਪਦਾ ਸੀ ਉਹ ਢਿੱਡ ਪਾੜ ਕੇ ਮੈਨੂੰ ਆਪਣੇ ਢਿੱਡ ਵਿਚ ਲੁਕੋ ਲੈਣਾ ਚਾਹੁੰਦੀ ਹੈ। ਉਸ ਨੂੰ ਧੜਾ-ਧੜ ਮਾਰੇ ਜਾ ਰਹੇ ਮੁੰਡਿਆਂ ਕਰਕੇ ਡਰ ਸੀ ਕਿ ਮੈਂ ਵੀ ਉਸਦੇ ਹੱਥੋਂ ਛੇਤੀ ਹੀ ਖੁੱਸ ਜਾਵਾਂਗਾ।

ਕਾਮਰੇਡ ਕਰਤਾਰ ਸਿੰਘ ਦੀ ਪਤਨੀ ਮਨਜੀਤ ਕੌਰ, ਜੋ ਰੂੰ ਦੇ ਗੋੜ੍ਹੇ ਵਰਗੀ ਬਹੁਤ ਹੀ ਮੋਹਖੋਰੀ ਅਤੇ ਨੇਕ ਰੂਹ ਔਰਤ ਹੈ, ਵੀ ਸਾਡੇ ਕੋ਼ਲ ਆ ਗਈ। ਅੱਜ ਵੀ ਭਰਜਾਈਆਂ ਦੇ ਥਾਂ ਲਗਦੀ ਉਸ ਔਰਤ ਦਾ ਮੈਨੂੰ ਮਾਂਵਾਂ ਵਰਗਾ ਹੇਜ ਆਉਂਦਾ ਹੈ।

'ਵੇਖ ਵੇ ਵੱਡਿਆ ਨਕਸਲੀਆ! ਅੰਮਾ ਜੀ ਦਾ ਕੀ ਹਾਲ ਕਰ 'ਤਾ ਤੂੰ। ਐਂ ਨੀ ਇਨਕਲਾਬ ਲਿਆਂਦਾ ਜਾਣਾ ਵੇ। ਕੋਈ ਹੈਗਾ ਨਾ਼ਲ। ਕੱਲੇ ਢਾਹ ਦਿਉਂਗੇ ਦਿੱਲੀ ਦੇ ਕਿੰਗਰੇ! ਕਰਦੇ ਕੀ ਐ? ਹੁਣ ਆਹ ਪਿਛਲੇ ਪਹਿਰੇ ਇਹ ਐਹੋ ਜੇ ਦਸੌਂਟੇ ਜਰਨ ਨੂੰ ਐ...ਦੇਖਦਾ ਨੀ ਕੀ ਹਾਲ ਹੋਇਐ ਅੰਮਾ ਜੀ ਦਾ?' ਮੈਂ ਡਹਿੰਬਰਿਆ, ਚੁੱਪ-ਚਾਪ ਖੜ੍ਹਾ ਸਾਂ। ਚਾਹੁੰਦਾ ਤਾਂ ਮੈਂ ਵੀ ਨਹੀਂ ਸਾਂ ਕਿ ਬਗ਼ੈਰ ਕਿਸੇ ਤਾਕਤ ਦੇ ਇਕੱਲਾ ਹੀ ਅੰਬਰਾਂ ਵੱਲ ਧਨੁਸ਼-ਬਾਣ ਚਲਾਈ ਜਾਵਾਂ। ਮੁੜਨਾ ਚਾਹੁੰਦਾ ਸਾਂ ਪਰ ਹੁਣ ਤਾਂ ਮੈਂ ਜ਼ਿਲ੍ਹੇ ਦਾ ਆਗੂ ਸਾਂ। ਜ਼ਿਲ੍ਹੇ ਦਾ ਆਗੂ ਜਿਸਨੂੰ ਲੀਡਰਸ਼ਿਪ ਦਾ ਕ, ਖ ਤਾਂ ਕੀ ੲ, ਅ ਵੀ ਨਹੀਂ ਸੀ ਆਉਂਦਾ। ਕੱਚੀ ਪਹਿਲੀ 'ਚੋਂ ਹੀ ਤਰੱਕੀ ਦੇ ਕੇ ਜਿਵੇਂ ਕਾਲਜ ਵਿਚ ਦਾਖ਼ਲ ਕਰ ਲਿਆ ਹੋਵੇ।

'ਆਹ ਵੇਖ ਪੁੱਤ ਕੀ ਬਣੀ ਜਾਂਦੈ ਮੇਰੇ ਢਿੱਡ ਵਿਚ, ਜਿਵੇਂ ਗ਼ਲੋਟਾ ਜਿਆ ਹੁੰਦੈ ਕੋਈ।' ਮਾਂ ਨੇ ਮੇਰਾ ਹੱਥ ਢਿੱਡ ਦੇ ਉਸ ਥਾਂ ਖੁਭੋਇਆ ਜਿਥੇ ਸੱਚ-ਮੁੱਚ ਹੀ ਕੁਝ ਗੋ਼ਲੇ ਵਰਗਾ ਸੀ।

'ਮੈਂ ਜਦੋਂ ਅਗਲੀ ਵਾਰ ਆਇਆ, ਆਪਾਂ ਕਿਸੇ ਡਾਕਟਰ ਨੂੰ ਵਿਖਾਵਾਂਗੇ।' ਖਹਿ ਕੇ ਮੈਂ ਤੁਰਨ ਲੱਗਿਆ ਤਾਂ ਭਰਜਾਈ ਮਨਜੀਤ ਕੌਰ ਬੋਲੀ,

'ਕੁਛ ਨੀ ਹੋਇਆ ਵੇ ਅੰਮਾ ਜੀ ਨੂੰ...ਤੇਰੇ ਗ਼ਮ ਦੀ ਛੱਲੀ ਐ...ਤੇਰੇ ਫ਼ਿਕਰ ਦਾ ਗੋ਼ਲਾ...ਤੂੰ ਘਰੇ ਆ ਜਾ ਸਭ ਕੁਛ ਠੀਕ ਹੋ ਜੂ।' ਤੇ ਮੈਂ ਮਾਂ ਦੀ ਕਿਸੇ ਡਾਕਟਰ ਪਾਸੋਂ ਚੈਕਿੰਗ ਕਰਾਉਣ ਨਾ ਜਾ ਸਕਿਆ।

ਜਦੋਂ ਮੈਂ ਭੀਖੀ ਤੋਂ ਵਾਪਸ ਆ ਕੇ ਮਾਂ ਨੂੰ ਡਿਊਟੀ 'ਤੇ ਹਾਜ਼ਰ ਹੋਣ ਬਾਰੇ ਦੱਸਿਆ ਤਾਂ ਉਸਦਾ ਚਿਹਰਾ ਨਰਮੇ ਦੇ ਖੇਤ ਵਾਂਗ ਖਿੜ ਗਿਆ; ਜਿਥੇ ਮੈਂ ਉਸਨੂੰ ਦੰਦੀਆਂ ਕਢਦੇ ਨਰਮੇ ਦੇ ਹਸੂੰ-ਹਸੂੰ ਕਰਦੇ ਖੇਤ ਵਿਚ ਛੱਡ ਕੇ ਗਿਆ ਸੀ... ਮੁਰਝਾਈ, ਧੁਆਂਖੀ ਅਤੇ ਛਲਕਦੀਆਂ ਬੁਝੀਆਂ ਅੱਖਾਂ ਨਾ਼ਲ ਜਾਂਦੇ ਦੀ ਪਿੱਠ ਨਿਹਾਰਦੀ ਨੂੰ...ਹੁਣ ਇਹ ਸਭ ਕੁੱਝ ਉਸਦੇ ਚਿਹਰੇ ਤੋਂ ਗੈਬ ਸੀ।

ਮੁੱਖ ਅਧਿਆਪਕ ਅਮਰਜੀਤ ਸਿੰਘ ਬਾਵਾ ਜੀ ਨੇ ਤੁਰੰਤ ਹੀ ਪਿਛਲੇ ਸਮੇਂ ਦਾ (ਗੈਰ ਹਾਜ਼ਰੀ ਦਾ ਸਮਾਂ) ਮੈਡੀਕਲ ਬਿੱਲ ਕਲਰਕ ਨੂੰ ਕਹਿ ਕੇ ਬਣਵਾਇਆ ਤੇ ਖਜ਼ਾਨੇ ਭੇਜ ਦਿੱਤਾ। ਕਲਰਕ ਓਮ ਪ੍ਰਕਾਸ਼ ਵੀ ਬੀਬਾ ਬੰਦਾ ਸੀ। ਛੇਤੀ ਹੀ ਬਿੱਲ ਪਾਸ ਹੋ ਗਿਆ ਤੇ ਪੰਜ-ਸਾਢੇ ਪੰਜ ਸੌ ਰੁਪਿਆ ਮੈਂ ਘਰ ਲਿਜਾ ਕੇ ਮਾਂ ਦੇ ਹੱਥਾਂ 'ਤੇ ਲਿਜਾ ਰੱਖਿਆ।

'ਲੈ ਮਾਂ! ਰਾਮਪੁਰੇ ਕਿਸੇ ਡਾਕਟਰ ਨੂੰ ਵਿਖਾ ਕੇ ਦੁਆਈ ਲੈ ਆਈਂ।'

'ਨਹੀਂ ਪੁੱਤ, ਹੁਣ ਮੇਰਾ ਕੁਛ ਨੀ ਦੁਖਦਾ...ਗੋ਼ਲਾ ਤਾਂ ਨਾ਼ਲ ਦੀ ਨਾ਼ਲ ਖੁਰ ਗਿਆ...ਜਦੋਂ ਤੇਰੇ ਬੰਨੀ" ਠੰਢੀ 'ਵਾ ਆ ਗੀ।' ਮਾਂ ਦੇ ਅੰਦਰ ਬਹੁਤ ਵੱਡਾ ਸੰਸਾਰ ਵਸਦਾ ਸੀ ਪਰ ਮੈਂ ਤਾਂ ਕੀ ਉਸ ਨੂੰ ਕੋਈ ਵੀ ਨਾ ਸਮਝ ਸਕਿਆ। ਹਰ ਦੂਜੇ-ਚੌਥੇ ਮੇਰਾ ਤਾਇਆ ਉਸਦੇ ਹੱਡਾਂ ਨੂੰ ਘੋਟਣਿਆਂ ਜਾਂ ਹੱਥ ਆਈ ਕਿਸੇ ਵੀ ਚੀਜ਼ ਨਾ਼ਲ ਸੇਕ ਛੱਡਦਾ, ਤਾਂ ਵੀ ਹਰ ਦੋ ਸਾਲ ਬਾਅਦ ਉਹਦੇ ਲਈ ਬੱਚਿਆਂ ਨੂੰ ਜਨਮ ਦਿੰਦੀ ਰਹੀ। ਮੇਰਾ ਬਾਪ ਵੀ ਬਹੁਤ ਮਾਰਦਾ ਸੀ। ਉਹਨੇ ਤਾਂ ਹਰ ਤਰ੍ਹਾਂ ਨਾਲ ਤੰਦੂਰ ਵਿਚ ਹੀ ਤੁੰਨ੍ਹੀ ਰੱਖਿਆ ਸੀ...ਇਸ ਬਦਨਸੀਬ ਔਰਤ ਨੂੰ...ਜਿਸ ਨੇ ਨਾ ਤਾਂ ਭੁੰਨ ਕੇ ਬੀਜਿਆ ਸੀ ਤੇ ਨਾ ਰੱਬ ਦੀ ਗੋਲਕ ਨੂੰ ਸੰਨ੍ਹ ਲਾਇਆ ਸੀ। ਰੱਬ ਦੀ ਰਜ਼ਾ ਵਿਚ ਰਹਿਣ ਵਾ਼ਲੀ ਉਸ ਦੁਖਿਆਰੀ ਔਰਤ ਦੇ ਜੀਵਨ ਦਾ ਇਕ-ਇਕ ਪੰਨਾ ਉ਼ਲਟ ਕੇ ਅੱਖਾਂ ਅੱਗੇ ਵਿਛ ਗਿਆ ਹੈ।

'ਮੈਂ ਬਾਬੇ ਨਾ਼ਲ ਪਿੰਡ ਆਉਣਾ ਚਾਹੁੰਦਾ ਹਾਂ। ਮੇਰੇ ਬਾਪੂ ਦੀ ਤਰੀਕ 'ਤੇ ਆਇਆ ਬਾਬਾ ਸਾਨੂੰ ਮਿਲਣ ਆਇਆ ਹੈ। ਬੇਵਸੀ ਵਿਚ ਮੇਰੀ ਮਾਂ ਵੀ ਛੋਟੇ ਬਲਵਿੰਦਰ ਨੂੰ ਕੁੱਛੜ ਚੁੱਕ ਕੇ ਨਾਲ ਤੁਰ ਪੈਂਦੀ ਹੈ, ਜਦ ਮੈਂ ਖਹਿੜਾ ਕਰਦਾ ਹਾਂ। ਸਾਲ ਵੀ ਨਹੀਂ ਬੀਤਿਆ ਹੋਣਾ ਕਿ ਇਕ ਦਿਨ ਮੇਰੀ ਮਾਂ ਨੂੰ ਮੇਰਾ ਤਾਇਆ ਛੱਲੀਆਂ ਵਾਂਗ ਕੁੱਟ ਸੁਟਦਾ ਹੈ। ਰਾਤ ਨੂੰ ਮਾਂ ਮੇਰੇ ਨਾ਼ਲ ਆ ਪੈਂਦੀ ਹੈ। ਉਹ ਮੇਰਾ ਹੱਥ ਉਸ ਥਾਂ 'ਤੇ ਲਿਜਾਂਦੀ ਹੈ, ਜਿੱਥੇ ਰਾਤ ਪਤਾ ਨਹੀਂ ਕਿਸ ਗੱਲੋਂ ਮੇਰੇ ਤਾਏ ਨੇ ਘੋਟਣੇ ਮਾਰ ਕੇ ਬਹੁਤ ਵੱਡੀ ਛੱਲੀ ਪਾ ਦਿੱਤੀ ਹੈ। ਉਫੇ ਹੋਏ ਥਾਂ ਉਪਰ ਮਾਂ ਮੇਰਾ ਹੱਥ ਰੱਖਾਈ ਸ਼ਾਇਦ ਕਹਿ ਰਹੀ ਹੈ 'ਹੁਣ ਚੰਗੈਂ ਮੇਰੀ ਆਹ ਹਾਲਤ ਕਰਵਾ ਕੇ ਡੁਬੜਿਆ?' ਅਗਲੇ ਦਿਨ ਮਾਂ ਚੁੰਨੀ ਦੇ ਲੜ ਲੀੜਾ ਕੱਪੜਾ ਸਮੇਟ ਕੇ ਘਰ ਛੱਡ ਕੇ ਤੁਰ ਜਾਂਦੀ ਹੈ, ਮੁੜ ਕੇ ਇਕ ਨਰਕ 'ਚੋਂ ਨਿਕ਼ਲ ਪੇਕਿਆਂ ਦੇ ਨਰਕ ਵਿਚ ਡਿਗਣ ਲਈ। ਮੈਂ ਉਸਨੂੰ ਰਾਮਪੁਰੇ ਦੇ ਰਾਹ 'ਤੇ ਬਾਬੇ ਕਾਕੇ ਕੇ ਘਰ ਕੋਲ ਜਾ ਰ਼ਲਦਾ ਹਾਂ- 'ਮਾਂ ਤੂੰ ਸਾਨੂੰ ਛੱਡ ਕੇ ਨਾ ਜਾਹ...ਹਾੜੇ ਬੇਬੇ ਬਣ ਕੇ ਮੁੜ ਚੱਲ...ਨਾ ਜਾਹ ਬੇਬੇ।' ਮੈਂ ਖ਼ੁਦ ਵੀ ਨਾਨਕਿਆਂ ਦੇ ਨਰਕ ਵਿਚ ਨਹੀਂ ਪੈਣਾ ਚਾਹੁੰਦਾ। ਮੈਂ ਮਾਂ ਦੀ ਬਾਂਹ ਫੜ ਕੇ ਵਾਪਸ ਖਿੱਚਣ ਦਾ ਯਤਨ ਕਰਦਾ ਹਾਂ...ਉਹ ਧਾਹਾਂ ਮਾਰਦੀ ਮੇਰੇ ਕੋ਼ਲੋਂ ਬਾਂਹ ਛੁਡਾ ਕੇ ਭੱਜ ਜਾਣਾ ਲੋਚਦੀ ਹੈ ਪਰ ਮੈਂ ਬੇੜ ਬਣ ਕੇ ਉਸਦੀਆਂ ਲੱਤਾਂ ਨੂੰ ਵਲੇਟਣਾ ਮਾਰਿਆ ਹੋਇਆ ਹੈ। ਧਰਤੀ ਉਤੇ ਹੰਝੂਆਂ ਦਾ ਛਿੜਕਾ ਕਰਦੀ ਉਹ ਮੇਰੇ ਨਾ਼ਲ ਮੁੜ ਆਉਂਦੀ ਹੈ। ਮੈਂ ਫੇਰ ਉਸਨੂੰ ਮੰਡੀ ਕਲਾਂ ਦੇ ਨਿੱਕੇ ਜਿਹੇ ਕੱਚੇ ਖੋ਼ਲੇ ਦੇ ਕੁੰਭੀ ਨਰਕ ਵਿਚ ਧਕੇਲ ਦਿੱਤਾ ਹੈ। ਤੰਗੀਆਂ, ਤੁਰਸੀਆਂ ਅਤੇ ਹਾਲਾਤ ਦਾ ਝੰਬਿਆ ਮੇਰਾ ਤਾਇਆ ਸ਼ਾਇਦ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਦਾ ਬਦਲਾ ਮੇਰੀ ਮਾਂ ਕੋ਼ਲੋਂ ਲੈਂਦਾ ਹੈ। ਪੇਤਲੀ ਨਜ਼ਰੇ ਤਾਂ ਤਾਇਆ ਹੀ ਦੋਸ਼ੀ ਲਗਦਾ ਹੈ, ਜਿਵੇਂ ਉਹ ਸਾਨੂੰ ਪਾਲਣ ਦਾ ਹਰ ਵੇ਼ਲੇ ਸਾਡੀ ਮਾਂ ਪਾਸੋਂ ਸਿਲਾ ਮੰਗਦਾ ਹੋਵੇ।'

ਉਹ ਪੰਜ ਕੁ ਸੌ ਰੁਪਿਆ ਮਾਂ ਨੇ ਆਪਣੇ ਇਲਾਜ 'ਤੇ ਨਹੀਂ ਲਾਇਆ। ਮੇਰੇ ਤਾਏ ਦੀ ਮੁੱਠੀ ਵਿਚ ਧੱਕ ਦਿਤਾ ਜਿਸ ਨਾ਼ਲ ਉਸਨੇ ਸ਼ਾਇਦ ਕੋਈ ਖੁੱਡ ਮੁੰਦਣ ਦਾ ਯਤਨ ਕੀਤਾ ਹੋਏਗਾ। ਮੇਰੀ ਨੌਕਰੀ ਅਤੇ ਘਰ ਦੀ ਗੱਡੀ ਫੇਰ ਰੋੜ੍ਹੇ ਪੈ ਗਈ ਸੀ।

ਅਮਰਜੀਤ ਸਿੰਘ ਬਾਵਾ ਹੁਰਾਂ ਨੇ ਸਕੂਲ ਬਹੁਤ ਹੀ ਸਚਿਆਰੇ ਢੰਗ ਨਾ਼ਲ ਸੈੱਟ ਕੀਤਾ ਹੋਇਆ ਸੀ। ਸਵੇਰ ਵੇ਼ਲੇ ਡਰੰਮ ਅਤੇ ਬੈਂਡ ਨਾ਼ਲ ਪ੍ਰਾਰਥਨਾ ਹੁੰਦੀ ਤੇ ਡਰੰਮ ਦੇ ਡੱਗੇ ਨਾ਼ਲ ਮਾਸ ਡਰਿੱਲ। ਬੜਾ ਹੀ ਰੰਗ ਬਝਦਾ। ਬੱਚਿਆਂ ਵਿਚ ਕੋਈ ਨਾ ਕੋਈ ਗੱਲ ਕਰਨ ਲਈ ਬਾਵਾ ਜੀ ਮੈਨੂੰ ਉਤੇਜਿਤ ਕਰਦੇ। ਸਵੇਰ ਦੀ ਸਭਾ ਵਿਚ ਮੈਂ ਆਪਣੇ ਵਿਚਾਰ ਰਖਦਾ। ਬੜਾ ਹੀ ਸੁਖਦਾਇਕ ਅਤੇ ਅਨੰਦਮਈ ਮਾਹੌਲ ਸੀ ਪਰ ਉਥੋਂ ਦਾ ਪਾਣੀ ਸੰਤਾਪ ਦਿੰਦਾ ਸੀ। ਸਾਬਣ ਕੇਸਾਂ ਵਿਚ ਜੰਮ ਜਾਂਦੀ। ਹੋਰ ਤਾਂ ਹੋਰ ਪਿੰਡੇ ਨੂੰ ਲਾਇਆ ਸਾਬਣ ਵੀ ਪਿੰਡੇ ਦੇ ਵਿਚ ਵੜ ਜਾਂਦਾ ਜਿਵੇਂ ਪਿੰਡਾ ਤੇਲ ਨਾ਼ਲ ਗੱਚ ਕੀਤਾ ਹੋਵੇ। ਤੀਜੇ ਚੌਥੇ ਮਹੀਨੇ ਮੈਂ ਬਦਲੀ ਦੀ ਅਰਜ਼ੀ ਦੇ ਦਿੱਤੀ। ਬਾਵਾ ਜੀ ਨੇ ਬਹੁਤ ਸਮਝਾਇਆ ਪਰ ਮੈਂ ਪਿੰਡ 'ਤੋਂ ਦੂਰੀ ਦਾ ਵਾਸਤਾ ਪਾ ਕੇ ਖਹਿੜਾ ਛੁਡਾ ਲਿਆ। ਇਹ ਵੀ ਸੱਚ ਸੀ ਕਿ ਇੰਨੀ ਲੰਮੀ ਵਾਟ ਸਾਈਕਲ ਚਲਾ ਕੇ ਵਿਦਿਆਰਥੀਆਂ ਨਾ਼ਲ ਸੋਮਵਾਰ ਨੂੰ ਇਨਸਾਫ਼ ਨਹੀਂ ਸੀ ਹੁੰਦਾ ਤੇ ਖ਼ਾਸ ਕਰਕੇ ਰਾਮਪੁਰੇ ਵਾ਼ਲੇ ਮੇਘ ਦਾ ਘਰ ਵਾਜਾਂ ਮਾਰਦਾ ਜਾਪਦਾ ਸੀ, ਜਿਥੇ ਇਲਾਕੇ ਦੇ ਹੀ ਨਹੀਂ ਪੰਜਾਬ ਭਰ ਦੇ ਆਗੂਆਂ ਨੂੰ ਮਿ਼ਲਣ ਦਾ ਮੌਕਾ ਮਿਲਦਾ ਰਹਿੰਦਾ ਸੀ। ਖ਼ਾਸ ਕਰਕੇ ਪਾਰਟੀ ਦੀਆਂ ਹਮਦਰਦ ਕੁੜੀਆਂ। ਇਹ ਗਰੁੱਪ ਔਰਤਾਂ ਅਤੇ ਲੜਕੀਆਂ ਨੂੰ ਵੀ ਜਥੇਬੰਦੀ ਵਿਚ ਬਰਾਬਰ ਭਾਗੀਦਾਰ ਬਣਾ ਰਿਹਾ ਸੀ, ਜਦੋਂ ਕਿ ਐਮ. ਐਲ. ਵਾਲੇ ਕਾਮਰੇਡ ਉਨ੍ਹਾਂ ਨੂੰ ਭੂਤਵਾੜੇ ਵਾਲੇ ਅਯਾਸ਼, ਹੋਟਲਾਂ 'ਚ ਬਹਿ ਬਹਿ ਖੋਆ ਤੇ ਗਾਜਰਪਾਕ ਖਾਣ ਵਾ਼ਲੇ ਆਦਿ ਕਹਿ-ਕਹਿ ਭੰਡਦੇ ਸਨ। ਪੰਜਾਬੀ ਯੂਨੀਵਰਸਿਟੀ ਵਿਚ ਬਹੁਤ ਸਾਰੇ ਮੁੰਡੇ-ਕੁੜੀਆਂ ਨੂੰ ਮਿ਼ਲਣ ਦਾ ਮੌਕਾ ਮਿ਼ਲਿਆ ਸੀ। ਆਰਥਕ ਪੱਖੋਂ ਟੁੱਟਿਆ ਪਰ ਬਹੁਤ ਹੀ ਜ਼ਹੀਨ ਕਿਸਮ ਦੀ ਸ਼ਖ਼ਸੀਅਤ ਸੁਰਜੀਤ ਲੀ ਉਦੋਂ ਉਥੇ ਰਿਸਰਚ ਸਕਾਲਰ ਸੀ। ਮੈਂ ਉਸ ਦੀ ਤੰਗ ਦਸਤੀ ਨੂੰ ਭਾਂਪਦਾ ਸਾਂ। ਹਰਭਜਨ ਦੀ ਭੈਣ ਹਰਿੰਦਰ ਜਿਵੇਂ ਉਹਦੇ ਅੰਦਰ ਲੁਕੀਆਂ ਸ਼ਕਤੀਆਂ ਨੂੰ ਅੰਗ ਬੈਠੀ ਸੀ, ਉਹਦੇ ਬਹੁਤ ਹੀ ਕਰੀਬ ਸੀ। ਮੈਂ ਰੋਜ਼ ਵੇਖਦਾ ਕਿ ਇਹ ਲੋਕ ਤਾਂ ਅਸਲ ਵਿਚ ਸਾਮੰਤੀ ਸੱਭਿਆਚਾਰ ਦੀ ਹਰ ਪਾਸੇ ਹੀ ਐਹੀ-ਤੈਹੀ ਮਾਰ ਰਹੇ ਸਨ। ਉਜਾਗਰ ਦੀ ਭੈਣ ਦਾ ਹਰਭਜਨ ਨਾ਼ਲ ਵਿਆਹ ਹੋ ਗਿਆ ਤੇ ਬਾਅਦ ਵਿਚ ਹਰਭਜਨ ਦੀ ਭੈਣ ਹਰਿੰਦਰ ਦਾ ਲੀ ਨਾ਼ਲ। ਮੇਰੀ ਮਾਨਸਿਕਤਾ ਵਿਚ ਇਹ ਲੋਕ ਇਕ ਮਾਡਲ ਬਣ ਕੇ ਰਚਦੇ ਜਾ ਰਹੇ ਸਨ, ਜਿਵੇਂ ਜ਼ਿੰਦਗੀ ਦੇ ਅਰਥ ਹੁਣ ਸਮਝ ਆਉਣ ਲੱਗੇ ਸਨ। ਅਸਲ ਅਰਥਾਂ ਵਿਚ ਇਹ ਲੋਕ ਔਰਤ ਦੀ ਆਜ਼ਾਦੀ ਦੀ ਵਕਾਲਤ ਕਰ ਰਹੇ ਸਨ। ਜਦੋਂ ਕਿ ਦੂਜੇ ਗਰੁੱਪਾਂ ਵਾ਼ਲੇ ਸਾਥੀ ਅਜੇ ਵੀ ਜਗੀਰੂ ਕਦਰਾਂ ਕੀਮਤਾਂ ਦਾ ਢੰਡੋਰਾ ਪਿੱਟਦੇ ਜਾਪਦੇ ਸਨ।

ਪਿੱਛੇ ਝਾਤੀ ਮਾਰਦਾ ਹਾਂ ਤਾਂ ਪ੍ਰੋ. ਹਰਭਜਨ ਦਾ ਮਨਮੋਹਣਾ ਚਿਹਰਾ ਅੱਖਾਂ ਸਾਮ੍ਹਣੇ ਆ ਬਿਰਾਜਦਾ ਹੈ। ਰਾਜੇਸ਼ ਟਾਕੀ ਵਿਚ ਸ਼ਤਰੰਜ ਫਿਲਮ ਲੱਗੀ ਹੋਈ ਹੈ। ਕਾ. ਵੇਦ ਜੋ ਅਸਲਾ ਆਦਿ ਬਣਾਉਣ ਦੀ ਜਾਚ ਰੱਖਦਾ ਸੀ, ਨੇ ਉਸ ਟਾਕੀ ਉਪਰ ਫੋਕੇ ਬੰਬ ਪਟਾਕਿਆਂ ਨਾ਼ਲ ਹਮਲਾ ਕਰਨ ਦੀ ਵਿਉਂਤ ਬਣਾ ਲਈ ਹੈ। ਐਕਸ਼ਨ ਕਾਮਯਾਬ ਨਹੀਂ ਹੁੰਦਾ। ਸਭ ਨੂੰ ਇਕ ਤਰ੍ਹਾਂ ਭਾਜੜਾਂ ਪੈ ਜਾਂਦੀਆਂ ਹਨ। ਪ੍ਰੋ. ਹਰਭਜਨ ਕਾ. ਵੇਦ ਨੂੰ ਸਾਡੇ ਘਰ ਛੱਡ ਜਾਂਦਾ ਹੈ। ਕਈ ਦਿਨ ਉਹ ਸਾਡੇ ਘਰ ਰਹਿੰਦਾ ਹੈ ਪਰ ਮੇਰੇ ਲਈ ਉਸ ਨੇ ਬਿਪਤਾ ਦੇ ਕੰਡੇ ਬੀਜ ਦਿੱਤੇ ਹਨ। ਸਾਡੇ ਸਿੰਘਾਂ ਦੇ ਘਰ ਉਹ ਟਾਲ੍ਹੀ ਹੇਠ ਬੈਠ ਸਾਰਿਆਂ ਦੇ ਸਾਮ੍ਹਣੇ ਹੀ ਸਿਗਰਟਾਂ ਪੀਂਦਾ ਰਹਿੰਦਾ ਹੈ। ਮੇਰੇ ਨਾ਼ਲ ਘਰਦੇ ਤੜਿੰਗ ਹੁੰਦੇ ਹਨ, ਪਰ ਮੇਰੀ ਕੋਈ ਪੇਸ਼ ਨਹੀਂ ਚਲਦੀ। ਦੂਜੇ ਚੌਥੇ ਦਿਨ ਕਾ. ਹਰਭਜਨ ਆਉਂਦਾ ਹੈ ਤੇ ਉਸ ਨੂੰ ਸਿਗਰਟ ਲਾਏ ਵੇਖ ਕੇ ਤੁਰਤ-ਫੁਰਤ ਹੀ ਸਾਈਕਲ 'ਤੇ ਬਿਠਾ ਕੇ ਕਿਧਰੇ ਹੋਰ ਲੈ ਜਾਂਦਾ ਹੈ। ਸਾਡੇ ਘਰ ਵਿਚ ਉਹ ਪਾਣੀ ਵੀ ਨਹੀਂ ਪੀ ਕੇ ਜਾਂਦਾ। ਸ਼ਾਇਦ ਉਸ ਨੂੰ ਜਾਪਦਾ ਹੈ ਕਿ ਉਹ ਮੇਰੀ ਮਾਂ ਦੇ ਮੂਹਰੇ ਮੂੰਹ ਨਹੀਂ ਵਿਖਾ ਸਕੇਗਾ। ਮੈਂ ਸੋਚਦਾਂ ਕਿ ਇਨ੍ਹਾਂ ਲੋਕਾਂ ਨੂੰ ਕਿਵੇਂ ਇਕ ਇਕ ਗੱਲ ਦਾ ਖ਼ਿਆਲ ਰੱਖਣਾ ਆਉਂਦਾ ਹੈ। ਹੁਣ ਮੈਂ ਇਨ੍ਹਾਂ ਪ੍ਰਤੀ ਹੋਰ ਵੀ ਉਲਾਰ ਹੋ ਜਾਂਦਾ ਹਾਂ। ਇਹੋ ਜਿਹੇ ਹੋਰ ਵੀ ਕਾਰਨ ਸਨ ਜਿਨ੍ਹਾਂ ਕਰਕੇ ਮੈਂ ਰਾਮਪੁਰੇ ਵੱਲ ਖਿੱਚਿਆ ਜਾ ਰਿਹਾ ਸਾਂ।

ਇੱਥੇ ਹੀ ਮੇਘ ਕੋ਼ਲ ਇਕ ਮੋਨਾ ਗੋਰਾ-ਚਿੱਟਾ ਸਾਥੀ ਵੇਖਿਆ ਜਿਸ ਦਾ ਨਾਂ ਮਨੋਹਰ ਦੱਸਿਆ ਗਿਆ। ਲੁਧਿਆਣੇ ਦੇ ਇਕ ਥਾਣੇਦਾਰ ਦੇ ਕਤਲ ਵਿਚ ਉਹ ਭੂੰਮੀਗਤ ਹੋਇਆ ਹੋਇਆ ਸੀ। ਉਸਦੇ ਦੋ ਵਿਰਲੇ ਦੰਦ ਜਦ ਵੀ ਹਸਦਾ ਬਹੁਤ ਸੁਹਣੇ ਲਗਦੇ। ਉਸਦੀ ਬਾਂਹ ਉਤੇ ਖੁਣਿਆ ਅੰਗਰੇਜ਼ੀ ਵਿਚ ਐਚ. ਐਸ. ਵੇਖ ਕੇ ਮੈਂ ਸਮਝ ਗਿਆ ਕਿ ਇਹ ਮਨੋਹਰ ਨਹੀਂ ਕੋਈ ਹੋਰ ਹੈ, ਜਿਸਨੇ ਪੁਲਿਸ ਤੋਂ ਬਚਣ ਲਈ ਮੂੰਹ ਸਿਰ ਮੁਨਵਾਇਆ ਹੈ। ਮੇਰੇ ਦਿਮਾਗ ਵਿਚ ਇਕ ਹੋਰ ਕੜੀ ਜੁੜਦੀ ਹੈ।

ਮੇਰੇ ਹਮਜਮਾਤੀ ਅਜੈਬ ਦੇ ਕਤਲ 'ਤੋਂ ਬਾਅਦ ਉਹਦੇ ਵਾਰਸ ਤੇ ਹਮਦਰਦ ਛੋਟੇ ਬੀਰ ਸਿੰਘ ਨੂੰ ਉਹਦੀ ਕਰਨੀ ਦਾ ਫਲ ਭੁਗਤਾਉਣਾ ਚਾਹੁੰਦੇ ਹਨ। ਇਸੇ ਦੌਰਾਨ ਉਸਦਾ ਲੜਕਾ ਗੋਬਿੰਦਰ ਨਕਸਲਬਾੜੀਏ ਦੇ ਤੌਰ 'ਤੇ ਬੱਸ 'ਚੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਜਿਸਨੂੰ ਕੁੱਝ ਕਾਮਰੇਡਾਂ ਨੇ ਪੁਲਸੀਆਂ ਨੂੰ ਬੱਸ ਵਿਚ ਕਤਲ ਕਰਕੇ ਹੱਥਕੜੀਆਂ ਸਮੇਤ ਛੁਡਾ ਲਿਆ ਹੈ। ਪਾਰਟੀ ਕਾਰਕੁੰਨ ਹੋਣ ਕਰਕੇ ਹੁਣ ਮੇਰੀ ਹਮਦਰਦੀ ਇਸ ਪਰਿਵਾਰ ਨਾ਼ਲ ਜੁੜ ਗਈ ਹੈ। ਮੈਂ ਬੀਰ ਸਿੰਘ ਦਾ ਅੰਗ ਰੱਖਿਅਕ ਬਣ ਜਾਂਦਾ ਹਾਂ। ਬੀਰ ਸਿੰਘ ਦੇ ਘਰ ਦੁਆ਼ਲੇ ਕੀਤੀ ਘੇਰਾ ਬੰਦੀ ਖ਼ਤਮ ਹੋ ਜਾਂਦੀ ਹੈ। ਜਿਨ੍ਹਾਂ ਨਾ਼ਲ ਮੇਰੀ ਗਹਿ-ਗੱਚ ਦੋਸਤੀ ਸੀ, ਦੁਸ਼ਮਣੀ ਵਿਚ ਬਦਲ ਗਈ ਹੈ ਤੇ ਜਿਸ ਬੰਦੇ ਨੂੰ ਮੈਂ ਠੀਕ ਨਹੀਂ ਸੀ ਮੰਨਦਾ, ਉਸਦਾ ਹੁਣ ਮੈਂ ਅੰਗ ਰੱਖਿਅਕ ਹਾਂ। ਇਨ੍ਹਾਂ ਦੇ ਘਰ ਹੀ ਢੇਰੇ ਕੇ ਪਰਿਵਾਰ ਦਾ ਬਲਜੀਤ (ਤੋਤਾ) ਮਿ਼ਲਦਾ ਜੋ ਲੁਧਿਆਣੇ ਇੰਜਨੀਅਰਿੰਗ ਦੀ ਡਿਗਰੀ ਕਰਦਾ ਸੀ। ਗੋਬਿੰਦਰ ਵੀ ਉਹਦੇ ਨਾ਼ਲ ਸੀ। ਬਲਜੀਤ ਨੇ ਇਕ ਸਾਇੰਸ ਅਧਿਆਪਕ ਹਰਭਜਨ ਹਲਵਾਰਵੀ ਬਾਰੇ ਜਾਣਕਾਰੀ ਦਿਤੀ ਸੀ ਕਿ ਉਹ ਉਚ ਕੋਟੀ ਦਾ ਕਵੀ ਵੀ ਹੈ ਤੇ ਵਦਿਆਰਥੀਆਂ ਨੂੰ ਇਨਕਲਾਬੀ ਵਿਚਾਰਧਾਰਾ ਨਾ਼ਲ ਲੈਸ ਵੀ ਕਰਦਾ ਹੈ। ਅੱਜ ਕਲ੍ਹ ਉਹ ਰੂਹ ਪੋਸ਼ ਹੋ ਕੇ ਅੰਡਰ ਗਰਾਊਂਡ ਹੈ। ਬੜੀਆਂ ਸਿਫ਼ਤਾਂ ਕੀਤੀਆਂ ਸਨ ਬਲਜੀਤ ਨੇ ਹਲਵਾਰਵੀ ਦੀਆਂ ਕਿ ਉਸਨੂੰ ਸਿਧਾਂਤ ਦੀ ਬੜੀ ਪਕੜ ਹੈ ਆਦਿ ਤੇ ਮੈਂ ਬਾਂਹ 'ਤੇ ਖੁਣਿਆ ਹੋਇਆ ਐਚ. ਐਸ. ਪੜ੍ਹ ਕੇ ਸਮਝ ਜਾਂਦਾ ਹਾਂ ਕਿ ਇਹ ਸ਼ਖਸ ਮਨੋਹਰ ਨਹੀਂ ਹਰਭਜਨ ਹਲਵਾਰਵੀ ਹੈ। ਮੈਂ ਆਪਣੀ ਭੁੱਲ ਨੂੰ ਸੋਧ ਕੇ ਮਨ ਹੀ ਮਨ ਦੁਹਰਾਇਆ 'ਨਹੀਂ ਨਹੀਂ, ਇਹ ਮਨੋਹਰ ਹੈ। ਕਾਮਰੇਡ ਮਨੋਹਰ। ਕਦੇ ਭੁੱਲ ਕੇ ਵੀ ਇਸਨੂੰ ਹਲਵਾਰਵੀ ਕਹਿ ਕੇ ਨਹੀਂ ਬੁਲਾਉਣਾ।' ਜ਼ਾਬਤਾ ਇਹੋ ਸਿਖਾਉਂਦਾ ਹੈ।

ਮੇਰੀ ਬਦਲੀ ਮੌੜ ਮੰਡੀ ਦੇ ਪੈਰਾਂ ਵਿਚ ਪਿੰਡ ਜੋਧਪੁਰ ਪਾਖਰ ਦੀ ਹੋ ਗਈ। ਖ਼ਾਲਸਾ ਸਕੂਲ ਵਿਚ ਮਾਸਟਰ ਖੇਤਾ ਸਿੰਘ, ਕਰਨੈਲ, ਸੁਖਦੇਵ ਸਿੰਘ ਡਰਾਇੰਗ ਮਾਸਟਰ ਤੇ ਹੋਰ ਕੁਝ ਵਿਅਕਤੀਆਂ ਨਾ਼ਲ ਮੇਲ ਹੋਇਆ। ਖ਼ਾਲਸਾ ਸਕੂਲ ਦੇ ਮੁੱਖ ਅਧਿਆਪਕ ਜਸਵੰਤ ਸਿੰਘ ਜੋ ਖ਼ੁਦ ਇਕ ਕਵੀ ਸਨ, ਨਾ਼ਲ ਵੀ ਚੰਗਾ ਸਹਿਚਾਰ ਬਣ ਗਿਆ। ਜੋਧਪੁਰ ਪਾਖਰ ਭਾਵੇਂ ਮਿਡਲ ਸਕੂਲ ਹੀ ਸੀ ਤੇ ਪੜ੍ਹਾਉਣ ਦਾ ਐਨਾ ਆਨੰਦ ਨਹੀਂ ਸੀ ਆਉਂਦਾ, ਜਿਨਾਂ ਨੌਵੀਂ, ਦਸਵੀਂ ਤੇ ਗਿਆਰਵੀਂ ਨੂੰ ਪੜ੍ਹਾ ਕੇ ਆਉਂਦਾ ਰਿਹਾ ਸੀ। ਹੁਣ ਤਾਂ ਬਲਕਿ ਮੈਂ ਕਾਲਜ ਦੇ ਵਿਦਿਆਰਥੀਆਂ ਨੂੰ ਵੀ ਪੜ੍ਹਾਉਣ ਦੇ ਸਮਰੱਥ ਹੋ ਗਿਆ ਸਾਂ। ਮਿਡਲ ਸਕੂਲ ਵਿਚ ਦਿਨ ਕਟੀ ਜਿਹੀ ਹੋਈ ਜਾਂਦੀ ਸੀ।

ਸ਼ੁਰੂ ਸ਼ੁਰੂ ਵਿਚ ਮੈਂ ਪਿੰਡੋਂ ਸਾਈਕਲ 'ਤੇ ਹੀ ਆਉਂਦਾ। ਫਿਰ ਬੱਸ ਦਾ ਪਾਸ ਬਣਾ ਲਿਆ। ਮਿਡਲ ਸਕੂਲ ਵਿਚ ਜੋ ਵੀ ਸੀਨੀਅਰ ਹੁੰਦਾ ਉਹ ਮੁੱਖ ਅਧਿਆਪਕ ਹੁੰਦਾ। ਤਨਖ਼ਾਹ ਜ਼ਿਲਾ ਸਿੱਖਿਆ ਅਫ਼ਸਰ ਦੇ ਦਫ਼ਤਰੋਂ ਮਿਲਦੀ। ਇਸ ਸਕੂਲ ਵਿਚ ਰੋਟੀ ਸਾਰੇ ਘਰੋਂ ਲਿਆਉਂਦੇ ਤੇ ਕੋਈ ਨਾ ਕੋਈ ਸਬਜ਼ੀ ਸਾਂਝੇ ਖਾਤੇ 'ਚੋਂ ਬਣਾਉਂਦਾ ਸੀ। ਰੋਟੀ ਸਾਰੇ ਇਕੱਠੇ ਹੀ ਖਾਂਦੇ ਸਾਂ। ਕਰਤਾਰ ਕਵੀਸ਼ਰ ਦੀ ਇਥੇ ਭੈਣ ਵਿਆਹੀ ਹੋਈ ਸੀ। ਕਰਤਾਰ ਦਾ ਭਣੋਈਆ ਇਕ ਦਿਨ ਮੈਨੂੰ ਲੈਣ ਆ ਗਿਆ। ਚਾਹ-ਪਾਣੀ ਪੀ ਕੇ ਮੈਂ ਜਾਣਾ ਚਾਹਿਆ ਪਰ ਉਨ੍ਹਾਂ ਰੋਕ ਲਿਆ- 'ਨਾ ਭਾਈ! ਮੈਂ ਨੀ ਜਾਣ ਦਿੰਦੀ ਆਪਣੇ ਭਤੀਜੇ ਨੂੰ। ਅੱਜ ਦੀ ਰਾਤ ਤਾਂ ਮੈਂ ਤੈਨੂੰ ਰੱਖੂੰਗੀ।' ਭੂਆ ਲਗਦੀ ਕਰਤਾਰ ਦੀ ਭੈਣ ਨੇ ਓੜਕ ਕਰਕੇ ਮੈਨੂੰ ਰੱਖ ਲਿਆ।

ਬੜੇ ਸਲੀਕੇ ਨਾ਼ਲ ਭੂਆ ਨੇ ਮੈਨੂੰ ਰੋਟੀ ਖਵਾਈ। ਰਾਤ ਨੂੰ ਬਹੁਤ ਹੀ ਸੁਹਣਾ ਅਣਲੱਗ ਬਿਸਤਰਾ ਤੇ ਉਪਰ ਫੁੱਲਾਂ ਦੀ ਕਢਾਈ ਵਾ਼ਲੀ ਬਹੁਤ ਹੀ ਸੁਹਣੀ ਚਾਦਰ। ਮੈਂ ਤਾਂ ਹੁੱਬ ਹੀ ਗਿਆ। ਪਿੰਡ ਤਾਂ ਇਨ੍ਹਾਂ ਦੇ ਘਰ ਮੇਰਾ ਬਿਸਤਰਾ ਅੱਡ ਹੀ ਮੇਰੇ ਘਰ ਦੇ ਮੰਜੇ 'ਤੇ ਪਿਆ ਹੁੰਦਾ ਸੀ। ਜੇ ਚਾਹ ਪਾਣੀ ਪੀਣਾ ਹੁੰਦਾ ਤਾਂ ਤਾਏ ਵਾ਼ਲੀ ਬਾਟੀ ਕੁਤਰੇ ਵਾ਼ਲੀ ਮਸ਼ੀਨ ਦੇ ਕੋ਼ਲ ਆ਼ਲੇ 'ਚ ਪਈ ਹੁੰਦੀ। ਪਰ ਅੱਜ ਤਾਂ ਜੋਧਪੁਰ ਪਾਖਰ ਵਿਚ ਜਿਵੇਂ ਕੋਈ ਰੱਬ ਉਤਰ ਆਇਆ ਸੀ, ਜਿਸਨੇ ਜਿਵੇਂ ਇਥੇ 'ਮਾਨਸ ਕੀ ਜਾਤ ਏਕੋ' ਦਾ ਬੀਜ ਬੀਜ ਦਿੱਤਾ ਸੀ ਤੇ ਸ਼ਾਇਦ ਇਸਦੀ ਭਰਪੂਰ ਫ਼ਸਲ ਕਰਤਾਰ ਦੀ ਭੈਣ ਦੇ ਵਿਹੜੇ ਵਿਚ ਉਗ ਆਈ ਸੀ। ਖੀਰ=ਕੜਾਹ ਜਿਹੇ ਪਕਵਾਨਾਂ ਨਾ਼ਲ ਮੇਰਾ ਸੁਆਗਤ ਹੋਇਆ।

ਵੀਹ ਕੁ ਦਿਨ ਬਾਅਦ ਮੈਨੂੰ ਫੇਰ ਸੁਨੇਹਾ ਆ ਗਿਆ। ਜੋ ਇਸ ਤੋਂ ਪਹਿਲੋਂ ਪ੍ਰਭਾਵ ਬਣਿਆ ਸੀ ਉਹ ਜਾਤੀ-ਪਾਤੀ ਵਿਵਸਥਾ ਦੇ ਬਠਿੰਡੇ ਵਾ਼ਲੇ ਕਿਲੇ ਦੇ ਦਿਉ ਦੀ ਮਾਰ ਵਿਚ ਆ ਗਿਆ। ਮੂੰਹ ਹਨੇਰੇ, ਜਦੋਂ ਉਨ੍ਹਾਂ ਦਾ ਸੀਰੀ ਖੇਤੋਂ ਘਰ ਆ ਗਿਆ ਤਾਂ ਮੈਂ ਕਰਤਾਰ ਦੀ ਭੈਣ ਦੇ ਇਹ ਬੋਲ ਸੁਣ ਕੇ ਡੂੰਘੀ ਜਿੱਲ੍ਹਣ ਵਿਚ ਧਸ ਗਿਆ-

'ਭਾਈ ਤੂੰ ਪਹਿਲਾਂ ਘਰੇ ਜਾ ਆ। ਨਾ਼ਲੇ ਤਾਂ ਥਾ਼ਲ ਕੌਲੀ ਗਲਾਸ ਲੈ ਆਈ; ਨਾ਼ਲੇ ਓਦਣ ਵਾ਼ਲਾ ਬਿਸਤਰਾ ਚੱਕ ਲਿਆ। ਪੜਦੇ ਨਾ਼ਲ ਲਿਆਈਂ ਮੁੰਡੇ ਨੂੰ ਪਤਾ ਨਾ ਲੱਗ ਜੇ। ਓਦਣ ਮੈਨੂੰ ਭਾਂਡੇ ਅੱਡ ਚੁਲ੍ਹੇ 'ਚ ਸਿੱਟਣੇ ਪਏ ਸੀ।'

ਖੀਰ ਕੜਾਹ ਵੀ ਉਵੇਂ ਬਣਿਆ। ਬੜੇ ਸਲੀਕੇ ਨਾ਼ਲ ਰੋਟੀ ਖਵਾਈ ਗਈ। ਇਹ ਗੱਲ ਵੱਖਰੀ ਸੀ ਕਿ ਇਸ ਵਾਰ ਉਨ੍ਹਾਂ ਦਾ ਸੀਰੀ ਰੋਟੀ ਫੜਾ ਰਿਹਾ ਸੀ। ਉਸ ਦਿਨ ਜੋ ਬੁਰਕੀ ਚਿੱਥਣ ਤੋਂ ਵੀ ਪਹਿਲਾਂ ਅੰਦਰ ਲੰਘ ਜਾਣ ਲਈ ਕਾਹ਼ਲੀ ਹੁੰਦੀ ਸੀ, ਉਸੇ ਖੀਰ ਕੜਾਹ ਦੀ ਬੁਰਕੀ ਅੱਜ ਸੰਘ ਵਿਚ ਫਸ ਜਾਂਦੀ ਸੀ। ਫੁੱਫੜ ਲਗਦੇ ਕਰਤਾਰ ਦੇ ਭਣੋਈਏ ਨਾ਼ਲ ਉਸ ਰਾਤ ਵੱਡੀ ਰਾਤ ਤੀਕ ਗੱਲਾਂ ਕਰਦਿਆਂ ਤੇ ਉਸ ਤੋਂ ਬਾਅਦ ਅੱਜ ਵਾ਼ਲੇ ਹੀ ਬਿਸਤਰੇ 'ਤੇ ਆਨੰਦਮਈ ਨੀਂਦ ਦਾ ਸੁਰਗ ਭੋਗਿਆ ਸੀ, ਅੱਜ ਜਿਵੇਂ ਅਗਿਆਰਾਂ 'ਤੇ ਪਿਆ ਹੋਇਆ ਸਾਂ। ਨੀਂਦ ਨੇੜੇ ਨਹੀਂ ਸੀ ਢੁਕ ਰਹੀ। ਸਵੇਰੇ ਭਰਿਆ-ਪੀਤਾ ਚਾਰ ਬੁਰਕੀਆਂ ਅੰਦਰ ਸੁੱਟ ਕੇ ਸਕੂਲ ਪਹੁੰਚ ਗਿਆ ਸਾਂ...ਸਾਰਾ ਦਿਨ ਸਕੂਲ ਵਿਚ ਜੀਅ ਨਹੀਂ ਸੀ ਲੱਗਿਆ...ਇਕੋ ਪਛਤਾਵਾ ਵਾਰ ਵਾਰ ਡਸ ਰਿਹਾ ਸੀ- 'ਕਿਉਂ ਗਿਆ? ਕਿਉਂ ਗਿਆ ਮੈਂ? ਓਸ ਔਰਤ ਨੇ ਆਪਣੀ ਸ਼ਕਲ ਵੇਖੀ? ਵਗਾਰੀਆਂ ਦੀਆਂ ਤੀਵੀਂਆਂ ਤੋਂ ਵੀ ਭੈੜੀ! ਨਰ੍ਹੜਾ! ਅਖੇ ਅਸੀਂ ਜੱਟ ਹੁੰਨੇ ਆਂ...ਇਹ ਅਛੂਤ ਨ...ਸ਼ੂਦਰ ਨੇ...ਚੂੜ੍ਹੇ-ਚਮਿਆਰ ਨੀਚ ਜਾਤ। ਮੈਂ ਤਾਂ ਜਿਵੇਂ ਕਈ ਦਿਨ ਅੱਕ ਦੇ ਦੁੱਧ ਦੀਆਂ ਹੀ ਕੁਰਲੀਆਂ ਕਰਦਾ ਰਿਹਾ।'

ਉਸ ਤੋਂ ਥੋੜੇ ਦਿਨਾਂ ਬਾਅਦ ਹੀ ਪਿੰਡ 'ਚੋਂ ਦੋ-ਤਿੰਨ ਬੰਦੇ ਸਕੂਲ ਵਿਚ ਆਏ। ਉਨ੍ਹਾਂ ਨੂੰ ਬਹੁਤ ਵੱਡੀ ਸ਼ਿਕਾਇਤ ਸੀ ਕਿ ਮੈਂ ਦੂਜੇ ਮਾਸਟਰਾਂ ਦੇ ਨਾ਼ਲ ਰੋਟੀ ਖਾਂਦਾ ਹਾਂ ਤਾਂ ਜੱਟਾਂ ਦੇ ਘਰੋਂ ਆਏ ਭਾਂਡੇ ਭਿੱਟੇ ਜਾਂਦੇ ਹਨ। ਹੁਣ ਅੱਗੋਂ ਲਈ ਇਹ ਕੰਮ ਬੰਦ ਕੀਤਾ ਜਾਣਾ ਚਾਹੀਦਾ ਸੀ। ਕਿੱਧਰ ਜਾਵਾਂ? ਮੈਂ ਸੋਚੀ ਜਾਵਾਂ।

# ਕੀ ਇਹ ਖਾਲਸਾ ਸਿਰਜਣਾ/ਸਾਜਣਾ ਦਿਵਸ ਹੈ?

# ਕੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਦੀ 'ਸਿਰਜਣਾ' ਕੀਤੀ ਸੀ?

# 1699 ਦੀ ਵਿਸਾਖ ਦੇ ਪਹਿਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਵਿਚ ਕੀ ਕੀਤਾ ਸੀ?

ਇਹ ਗੱਲ ਆਮ ਤੌਰ 'ਤੇ ਬਹੁਤ ਸਾਰੇ ਪ੍ਰਚਾਰਕ ਅਤੇ ਆਮ ਲੇਖਕ (ਖੋਜੀ ਲੇਖਕ ਨਹੀਂ) ਕਹਿ ਦੇਂਦੇ ਹਨ ਕਿ ਵਿਸਾਖੀ 1699 ਦੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸਾ ਦੀ ਸਿਰਜਣਾ' ਕੀਤੀ ਸੀ; ਯਾਨੀ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਚਲੇ ਆ ਰਹੇ ਸਿੱਖ 'ਹੋਰ' ਸਨ ਜਾਂ 'ਸੰਪੂਰਨ' ਨਹੀਂ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ 'ਖਾਲਸਾ' ਸਾਜਿਆ ਸੀ ਤੇ 'ਨਵੇਂ' ਖਾਲਸਾ ਪੰਥ ਦੀ ਸ਼ੁਰੂਆਤ ਕੀਤੀ ਸੀ। ਉਂਞ ਇਹ ਕਹਿਣਾ ਆਪਣੇ ਆਪ ਵਿਚ ਗੁਰੂ ਨਾਨਕ ਸਾਹਿਬ (ਅਤੇ ਬਾਕੀ ਅੱਠ ਗੁਰੂਆਂ) ਦੀ ਇਕ ਤਰ੍ਹਾਂ ਨਾਲ ਤੌਹੀਨ ਵੀ ਹੈ।

ਜੂਨ 1998 ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਮੈਨੂੰ ਸਿੱਖ ਹਿਸਟਰੀ ਰੀਸਰਚ ਬੋਰਡ ਦਾ ਡਾਇਰੈਕਟਰ ਥਾਪ ਦਿੱਤਾ। ਇਸ ਤੋਂ ਪਹਿਲਾਂ1997 ਵਿਚ ਮੇਰੀ ਕਿਤਾਬ 'ਸਿੱਖ ਮਸਲੇ' ਛਪੀ ਹੋਈ ਸੀ। ਉਸ ਵਿਚ ਮੈਂ 'ਅਕਾਲ ਤਖ਼ਤ ਦੇ ਜਥੇਦਾਰ' ਦੇ ਅਹੁਦੇ ਨੂੰ ਰੱਦ ਕੀਤਾ ਹੋਇਆ ਸੀ। ਉਸ ਵਿਚ ਇਕ ਲੇਖ ਇਹ ਵੀ ਸੀ 'ਕੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਦੀ ਸਿਰਜਣਾ ਕੀਤੀ ਸੀ ਜਾਂ ਪਰਗਟ ਕੀਤਾ ਸੀ।'



*ਹਰਜਿੰਦਰ ਸਿੰਘ ਦਿਲਗੀਰ, ਡਾ.*
**ਡਾਇਰੈਕਟਰ*
*ਗੁਰੂ ਨਾਨਕ ਰਿਸਰਚ ਇੰਸਟੀਚਿਊਟ*
*ਬ੍ਰਿਮਿੰਘਮ (ਇੰਗਲੈਂਡ)*

ਕੁਝ ਮਹੀਨੇ ਪਹਿਲਾਂ ਮੈਂ ਕੇਸਗੜ੍ਹ ਦੇ ਇਕ ਗ੍ਰੰਥੀ ਦੀ ਬਹੁਤ ਮੁਜ਼ੰਮਤ (ਆਲੋਚਣਾ) ਕਰ ਚੁਕਾ ਸੀ। ਜਦ ਉਸ ਨੂੰ ਪਤਾ ਲੱਗਾ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਮੈਨੂੰ ਸਿੱਖ ਹਿਸਟਰੀ ਰੀਸਰਚ ਬੋਰਡ ਦਾ ਡਾਇਰੈਕਟਰ ਲਾ ਦਿੱਤਾ ਹੈ ਤਾਂ ਉਸ ਨੇ ਕੋਸ਼ਿਸ਼ ਕੀਤੀ ਕਿ ਮੈਨੂੰ ਇਹ ਅਹੁਦਾ ਨਾ ਲੈਣ ਦਿੱਤਾ ਜਾਵੇ। ਉਸ ਨੇ (ਜਾਂ ਉਨ੍ਹਾਂ ਦੇ ਇਕ ਅੰਮ੍ਰਿਤਸਰ ਵਾਸੀ ਚੇਲੇ ਨੇ) ਮੇਰੀ ਕਿਤਾਬ 'ਸਿੱਖ ਮਸਲੇ' ਜਥੇਦਾਰ ਟੌਹੜਾ ਨੂੰ ਦਿੱਤੀ ਤੇ ਕਿਹਾ ਕਿ ਇਹ ਗੱਲਾਂ ਲਿਖਣ ਵਾਲੇ ਦਿਲਗੀਰ ਨੂੰ ਡਾਇਰੈਕਟਰ ਦਾ ਅਹੁਦਾ ਨਾ ਦਿੱਤਾ ਜਾਏ। ਜਥੇਦਾਰ ਟੌਹੜਾ ਨੇ ਉਹ ਕਿਤਾਬ ਪੜ੍ਹਨ ਮਗਰੋਂ ਉਸ ਦੀ 'ਦਿਲਗੀਰ ਨੂੰ ਡਾਇਰੈਕਟਰ ਨਾ ਲਾਉਣ' ਦੀ ਮੰਗ ਤਾਂ ਰੱਦ ਕਰ ਦਿੱਤੀ; ਪਰ ਨਾਲ ਹੀ ਮੇਰੇ ਲੇਖ ਪੜ੍ਹਨ ਮਗਰੋਂ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਦੀ ਸਿਰਜਣਾ ਨਹੀਂ ਕੀਤੀ ਸੀ ਬਲਕਿ ਇਸ ਨੂੰ ਪਰਗਟ ਕੀਤਾ ਸੀ। ਉਨ੍ਹਾਂ ਨੇ ਵਿਸਾਖੀ ਨੂੰ 'ਖਾਲਸਾ ਪਰਗਟ ਦਿਵਸ' ਕਹਿਣਾ ਤੇ ਲਿਖਣਾ ਸ਼ੁਰੂ ਕਰ ਦਿੱਤਾ ਸੀ। ਇਸ ਮਗਰੋਂ ਹੋਰਾਂ ਨੇ ਵੀ 'ਖਾਲਸਾ ਪਰਗਟ ਦਿਵਸ' ਲਫ਼ਜ਼ਾਂ ਦੀ ਵਰਤੋਂ ਸ਼ੁਰੂ ਕਰ ਦਿੱਤੀ ਸੀ ਜੋ ਅੱਜ ਵੀ ਬਦਸਤੂਰ ਜਾਰੀ ਹੈ।

ਹੁਣ ਸਵਾਲ ਇਹ ਹੈ ਕਿ ਗੁਰੂ ਜੀ ਦੇ ਐਲਾਨ ਨੂੰ 'ਖਾਲਸਾ ਪਰਗਟ ਕੀਤਾ' (ਜਾਂ ਸਿੱਖਾਂ ਨੂੰ ਖ਼ਾਲਸਾ ਐਲਾਨਿਆ) ਕਿਉਂ ਕਿਹਾ ਜਾ ਸਕਦਾ ਹੈ ਅਤੇ 'ਖਾਲਸੇ ਦੀ ਸਿਰਜਣਾ' ਬਿਲਕੁਲ ਹੀ ਗ਼ਲਤ ਲੱਫ਼ਾਜ਼ੀ ਕਿਉਂ ਹੈ। ਇਸ ਵਾਸਤੇ ਸਾਨੂੰ ਸਿੱਖ ਤਵਾਰੀਖ਼ ਦੇ ਵਰਕੇ ਪਲਟਣੇ ਪੈਣਗੇ।

ਸਿੱਖ ਪੰਥ ਦਾ ਜਥੇਬੰਦਕ ਢਾਂਚਾ ਜੋ ਗੁਰੂ ਨਾਨਕ ਸਾਹਿਬ ਵੇਲੇ 'ਧਰਮਸਾਲਾ' ਤੇ 'ਸੰਗਤ' ਵਜੋਂ ਸ਼ੁਰੂ ਹੋਇਆ ਸੀ, ਉਹ ਗੁਰੂ ਰਾਮਦਾਸ ਸਾਹਿਬ ਵੇਲੇ 'ਮਸੰਦ' ਜਮਾਤ ਵਜੋਂ ਕਾਇਮ ਹੋ ਗਿਆ ਸੀ। ਗੁਰੂ ਰਾਮ ਦਾਸ ਸਾਹਿਬ ਵੇਲੇ ਜਦ ਸਿੱਖਾਂ ਦੀ ਗਿਣਤੀ ਬਹੁਤ ਵਧ ਗਈ ਤਾਂ ਉਨ੍ਹਾਂ ਨੇ ਖ਼ਾਸ ਕਰ ਕੇ ਦੂਰ-ਦੁਰਾਡੇ ਇਲਾਕਿਆਂ ਦੇ ਸਿੱਖਾਂ ਨਾਲ ਲਗਾਤਾਰ ਰਾਬਤਾ ਕਾਇਮ ਰੱਖਣ ਵਾਸਤੇ 'ਮਸੰਦ' ਜਮਾਤ ਕਾਇਮ ਕਰ ਦਿੱਤੀ। ਮਸੰਦ ਫ਼ਾਰਸੀ ਦੇ ਲਫ਼ਜ਼ 'ਮਸਨਦ' ਦਾ ਪੰਜਾਬੀ ਰੂਪ ਹੈ ਜਿਸ ਦਾ ਅਰਥ ਹੈ: 'ਤਕੀਆ ਲਾ ਕੇ ਬੈਠਣ ਦੀ ਥਾਂ' ਯਾਨੀ ਇਕ ਤਰ੍ਹਾਂ ਨਾਲ 'ਗੱਦੀਦਾਰ'। ਗੁਰੂ ਜੀ ਵੇਲੇ ਮਸੰਦ ਆਪਣੇ ਇਲਾਕੇ ਦਾ ਇਕ ਕਿਸਮ ਦਾ ਇਲਾਕੇ ਦਾ ਇੰਚਾਰਜ ਹੁੰਦਾ ਸੀ। ਇਨ੍ਹਾਂ ਮਸੰਦਾਂ ਦਾ ਕੰਮ ਗੁਰੂ ਦੇ ਦਰਬਾਰ ਵਿਚ ਸੰਗਤਾਂ ਦੇ ਸੁਨੇਹੇ ਪਹੁੰਚਾਉਣਾ ਅਤੇ ਗੁਰੂ ਜੀ ਦੇ ਪੈਗ਼ਾਮ ਸੰਗਤਾਂ ਵਾਸਤੇ ਲੈ ਜਾਣਾ ਹੁੰਦਾ ਸੀ। ਇਹ ਸੰਗਤ ਦਾ ਦਸਵੰਧ ਵੀ ਗੁਰੂ ਜੀ ਤਕ ਪਹੁੰਚਾਇਆ ਕਰਦੇ ਸੀ ਅਤੇ ਜੇ ਕਿਸੇ ਸਿੱਖ ਨੂੰ ਮਦਦ ਦੀ ਲੋੜ ਹੁੰਦੀ ਤਾਂ ਉਸ ਵਾਸਤੇ ਰਕਮ ਜਾਂ ਤੋਹਫ਼ੇ ਗੁਰੂ ਸਾਹਿਬ ਮਸੰਦਾਂ ਰਾਹੀਂ ਹੀ ਪਹੁੰਚਾਇਆ ਕਰਦੇ ਸਨ।

ਮਸੰਦ ਜਮਾਤ ਦੇ ਕਾਇਮ ਹੋਣ ਨਾਲ ਸਿੱਖ ਪੰਥ ਇਕ ਸ਼ਾਨਦਾਰ ਜਥੇਬੰਦਕ ਢਾਂਚੇ ਵਿਚ ਪਰੋਇਆ ਗਿਆ। ਸਿੱਖੀ ਦਾ ਧਾਰਮਿਕ ਪ੍ਰਚਾਰ ਅਤੇ ਮਾਲੀ ਨਿਜ਼ਾਮ ਇਕ ਸਿਸਟਮ ਵਜੋਂ ਕੰਮ ਕਰਨ ਲੱਗ ਪਿਆ। ਸੰਗਤਾਂ ਦਾ ਦਸਵੰਧ ਸੁਚੱਜੇ ਤਰੀਕੇ ਨਾਲ ਗੁਰੂ ਦਰਬਾਰ ਵਿਚ ਪੁੱਜਣ ਲੱਗ ਪਿਆ ਅਤੇ ਇਸ ਖ਼ਜ਼ਾਨੇ 'ਚੋਂ ਲੋਕ ਭਲਾਈ ਦੇ ਕੰਮ, ਤੇ ਲੋੜਵੰਦਾਂ ਦੀ ਪੂਰੀ ਇਮਦਾਦ ਹੋਣ ਲੱਗ ਪਈ। ਚੌਥੇ ਪਾਤਸ਼ਾਹ ਤੋਂ ਨੌਵੇਂ ਪਾਤਸ਼ਾਹ ਤਕ ਇਸ ਮਸੰਦ ਜਮਾਤ ਨੇ ਮਾਅਰਕੇ ਦਾ ਰੋਲ ਅਦਾ ਕੀਤਾ।

ਚੌਥੇ ਤੋਂ ਨੌਵੇਂ ਗੁਰੂ ਤਕ ਵੀ ਕੁਝ ਇਲਾਕਿਆਂ ਵਿਚ ਕਈ ਮਸੰਦ ਨਹੀਂ ਥਾਪੇ ਗਏ ਸਨ ਜਾਂ ਨਹੀਂ ਥਾਪੇ ਜਾ ਸਕੇ ਸਨ; ਇਸ ਕਰ ਕੇ ਉਥੋਂ ਦੀ ਸੰਗਤ ਗੁਰੂ ਦਾ 'ਖਾਲਸਾ' ਸੀ। ਖ਼ਾਲਸਾ ਅਰਬੀ ਜ਼ਬਾਨ ਦਾ ਲਫ਼ਜ਼ ਹੈ ਜਿਸ ਦਾ ਅਰਥ ਹੈ: ਉਹ ਜ਼ਮੀਨ ਜੋ ਸਿੱਧੀ ਬਾਦਸ਼ਾਹ ਦੀ ਆਪਣੀ ਹੁੰਦੀ ਹੈ (ਨਾ ਕਿ ਕਿਸੇ ਛੋਟੇ ਰਾਜੇ, ਜਾਗੀਰਦਾਰ ਜਾਂ ਜ਼ਿਮੀਂਦਾਰ ਦੀ)। ਗੁਰੂ ਜੀ ਦਾ ਕਿਸੇ ਸਿੱਖ ਨੂੰ 'ਖ਼ਾਲਸਾ' ਕਹਿਣ ਤੋਂ ਭਾਵ ਸੀ ਕਿ ਉਸ ਸਿੱਖ ਦਾ ਸਬੰਧ ਅਤੇ ਰਾਬਤਾ ਗੁਰੂ ਜੀ ਨਾਲ 'ਸਿੱਧਾ' ਹੈ ਅਤੇ ਗੁਰੂ ਅਤੇ ਸਿੱਖ ਦੇ ਵਿਚਕਾਰ ਕੋਈ ਮਸੰਦ (ਵਿਚੋਲਾ) ਨਹੀਂ ਹੈ। ਇਸ ਦੀਆਂ ਕੁਝ ਮਿਸਾਲਾਂ 'ਹੁਕਮਨਾਮਿਆਂ' ਵਿਚੋਂ ਮਿਲ ਜਾਂਦੀਆਂ ਹਨ।



ਗੁਰੂ ਹਰਿਗੋਬਿੰਦ ਸਾਹਿਬ ਦਾ ਇਕ ਹੁਕਮਨਾਮਾ ਅੱਜ ਵੀ ਮੌਜੂਦ ਹੈ ਜਿਸ ਵਿਚ ਵਿਚ ਪੂਰਬ (ਅਸਾਮ, ਬੰਗਾਲ) ਦੀ ਸੰਗਤ ਨੂੰ ਗੁਰੂ ਜੀ ਨੇ 'ਖਾਲਸਾ' ਲਫ਼ਜ਼ ਨਾਲ ਮੁਖ਼ਾਤਿਬ ਕੀਤਾ ਹੈ। ਭਾਈ ਜਪੁ, ਭਾਈ ਗੁਰਦਾਸ, ਭਾਈ ਮੁਰਾਰ, ਭਾਈ ਜੇਤਾ, ਭਾਈ ਦਿਆਲਾ ਦੇ ਨਾਂ ਪੈਗ਼ਾਮ ਵਿਚ ਗੁਰੂ ਜੀ 'ਪੂਰਬ ਦੀ ਸੰਗਤ ਗੁਰੂ ਦਾ ਖਾਲਸਾ ਹੈ' ਲਿਖਦੇ ਹਨ (ਸ਼੍ਰੋਮਣੀ ਕਮੇਟੀ ਵੱਲੋਂ ਛਪੀ, 'ਨੀਸਾਣੁ ਤੇ ਹੁਕਮਨਾਮੇ', ਸੰਪਾਦਕ ਸ਼ਮਸ਼ੇਰ ਸਿੰਘ ਅਸ਼ੋਕ, ਸਫ਼ਾ 15)।

ਇੰਞ ਹੀ ਗੁਰੂ ਤੇਗ ਬਹਾਦਰ ਸਾਹਿਬ ਦੇ ਕੁਝ ਹੁਕਮਨਾਮਿਆਂ ਵਿਚ ਵੀ ਪਟਨਾ ਦੀ ਸੰਗਤ ਨੂੰ 'ਖਾਲਸਾ' ਕਿਹਾ ਗਿਆ ਹੈ: 'ਪਟਨਾ ਦੀ ਸੰਗਤ ਸ੍ਰੀ ਗੁਰੂ ਜੀ ਕਾ ਖਾਲਸਾ ਹੈ'। (ਸ਼੍ਰੋਮਣੀ ਕਮੇਟੀ ਵੱਲੋਂ ਛਪੀ, 'ਨੀਸਾਣੁ ਤੇ ਹੁਕਮਨਾਮੇ', ਸੰਪਾਦਕ ਸ਼ਮਸ਼ੇਰ ਸਿੰਘ ਅਸ਼ੋਕ, ਸਫ਼ਾ 27)।

ਗੁਰੂ ਗੋਬਿੰਦ ਸਿੰਘ ਜੀ ਦੇ ਇਕ ਹੁਕਮਨਾਮੇ, ਜੋ ਸੰਮਤ 1755 (ਯਾਨਿ ਸੰਨ 1698) ਵਿਚ ਮਾਛੀਵਾੜਾ ਦੇ ਭਾਈ ਕਲਿਆਣ ਰਾਏ ਨੂੰ ਲਿਖਿਆ ਗਿਆ ਸੀ, ਉਸ ਵਿਚ ਗੁਰੂ ਜੀ ਮਾਛੀਵਾੜਾ ਦੀ ਸੰਗਤ ਨੂੰ 'ਮੇਰਾ ਖਾਲਸਾ ਹੈ' ਕਹਿ ਕੇ ਮੁਖ਼ਾਤਿਬ ਹੁੰਦੇ ਹਨ ('ਭਾਈ ਕਲਿਆਣ ਰਾਏ ਸਰਬਤ ਸੰਗਤ ਮਾਛੀਵਾੜਾ ਕੀ ਗੁਰੂ ਰਖੇਗਾ। ਸੰਗਤ ਮੇਰਾ ਖਾਲਸਾ ਹੈ')। ਹਾਲਾਂ ਕਿ ਮਾਛੀਵਾੜਾ ਨਗਰ ਵਿਚ ਭਾਈ ਪੰਜਾਬਾ ਨਾਂ ਦਾ ਮਸੰਦ ਮੌਜੂਦ ਸੀ (ਇਸ ਹੁਕਮਨਾਮੇ 'ਤੋਂ 7 ਸਾਲ ਮਗਰੋਂ, 1705 ਦੀ ਦਸੰਬਰ ਵਿਚ, ਗੁਰੂ ਗੋਬਿੰਦ ਸਿੰਘ ਸਾਹਿਬ, ਚਮਕੌਰ ਦੀ ਗੜ੍ਹੀ ਤੋਂ ਨਿਕਲ ਕੇ ਸਭ ਤੋਂ ਪਹਿਲਾਂ ਇਸੇ ਮਸੰਦ ਭਾਈ ਪੰਜਾਬੇ ਕੋਲ ਪਹੁੰਚੇ ਸਨ ਤੇ ਉਸ ਦੇ ਬਾਗ਼ ਵਿਚ ਠਹਿਰੇ ਸਨ; ਉਸ ਥਾਂ 'ਤੇ ਹੁਣ 'ਗੁਰਦੁਆਰਾ ਚਰਨ ਕੰਵਲ' ਬਣਿਆ ਹੋਇਆ ਹੈ)। (ਸ਼੍ਰੋਮਣੀ ਕਮੇਟੀ ਵੱਲੋਂ ਛਪੀ, 'ਨੀਸਾਣੁ ਤੇ ਹੁਕਮਨਾਮੇ', ਸੰਪਾਦਕ ਸ਼ਮਸ਼ੇਰ ਸਿੰਘ ਅਸ਼ੋਕ, ਸਫ਼ਾ 64)।

ਗੁਰੂ ਗੋਬਿੰਦ ਸਿੰਘ ਜੀ ਦੇ ਦੋ ਹੋਰ ਹੁਕਮਨਾਮਿਆਂ ਵਿਚ ਵੀ ਕੁਝ ਸਿੱਖਾਂ ਨੂੰ 'ਤੂ ਮੇਰਾ ਖਾਲਸਾ ਹੈ' ਲਿਖਿਆ ਮਿਲਦਾ ਹੈ (ਸ਼੍ਰੋਮਣੀ ਕਮੇਟੀ ਵੱਲੋਂ ਛਪੀ ਕਿਤਾਬ 'ਨੀਸਾਣੁ ਤੇ ਹੁਕਮਨਾਮੇ', ਸੰਪਾਦਕ ਸ਼ਮਸ਼ੇਰ ਸਿੰਘ ਅਸ਼ੋਕ, ਸਫ਼ੇ 73 ਤੇ 76)। ਇਹ ਦੋਵੇਂ ਹੁਕਮਨਾਮੇ ਸੰਮਤ 1758, ਸੰਨ 1701, ਦੇ ਹਨ; ਯਾਨਿ ਖੰਡੇ ਦੀ ਪਾਹੁਲ ਦੀ ਰਸਮ ਸ਼ੁਰੂ ਕਰਨ ਤੋਂ 2 ਸਾਲ ਮਗਰੋਂ ਦੇ ਹਨ; ਅਤੇ, ਇਨ੍ਹਾਂ ਵਿਚ ਭਾਈ ਮਿਹਰ ਚੰਦ (ਸਫ਼ਾ 73) ਅਤੇ ਮਿਹਰ ਚੰਦ, ਧਰਮ ਚੰਦ ਤੇ ਕਰਮ ਚੰਦ (ਸਫ਼ਾ 76) ਨੂੰ 'ਖਾਲਸਾ' ਲਿਖਿਆ ਹੈ। ਖ਼ਾਲਸਾ ਆਖ ਕੇ ਮੁਖ਼ਾਤਿਬ ਕੀਤੇ ਗਏ ਇਨ੍ਹਾਂ ਸਿੱਖਾਂ ਦੇ ਨਾਂਵਾਂ ਨਾਲ ਪਿਛੇਤਰ 'ਸਿੰਘ' ਨਹੀਂ ਬਲਕਿ 'ਚੰਦ' ਲੱਗਾ ਹੋਇਆ ਹੈ ਜਿਹੜਾ ਸਾਬਿਤ ਕਰਦਾ ਹੈ ਕਿ 'ਖ਼ਾਲਸਾ' ਲਫ਼ਜ਼ ਦਾ ਮਾਅਨਾ ਪਾਹੁਲੀਆ ਨਹੀਂ ਬਲਕਿ ਉਹ ਸਿੱਖ ਹੈ ਜੋ ਸਿੱਧਾ ਗੁਰੂ ਨਾਲ ਸਬੰਧਤ ਹੈ। ਇਸ ਦਾ ਸਾਫ਼ ਮਾਅਨਾ ਇਹ ਵੀ ਹੈ ਕਿ 'ਖਾਲਸਾ' ਅਤੇ ਪਾਹੁਲੀਆ ਦੋਵੇਂ ਵੱਖ-ਵੱਖ ਨੁਕਤੇ ਹਨ।

ਅਨੰਦਪੁਰ ਸਾਹਿਬ ਦੀ ਵਿਸਾਖੀ ਦੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਐਲਾਨ ਕਰ ਦਿੱਤਾ ਸੀ ਕਿ ਸਿੱਖ 'ਮੇਰਾ ਖਾਲਸਾ' ਨਹੀਂ ਬਲਕਿ 'ਅਕਾਲ ਪੁਰਖ ਦਾ ਖਾਲਸਾ' ਹੋਣਗੇ। ਇਸ ਦੀ ਤਾਈਦ ਮਾਤਾ ਸੁੰਦਰ ਕੌਰ ਦੇ ਇਕ ਖ਼ਤ 'ਤੋਂ ਹੁੰਦੀ ਹੈ ਜਿਸ ਵਿਚ ਉਨ੍ਹਾਂ ਨੇ ਸਿੱਖਾਂ ਨੂੰ 'ਅਕਾਲ ਪੁਰਖ ਦਾ ਖਾਲਸਾ' ਲਿਖਿਆ ਹੈ। ਉਂਞ ਜਿਨ੍ਹਾਂ ਨੂੰ ਇਹ ਖ਼ਤ ਲਿਖਿਆ ਗਿਆ ਹੈ ਉਹ (ਠਾਕਰ ਦਾਸ, ਸੋਭਾ ਮੱਲ, ਸੰਭੂ ਨਾਥ, ਸਾਹਿਬ ਰਾਏ) ਵੀ 'ਸਿੰਘ' ਨਾਂ ਵਾਲੇ, ਯਾਨਿ 'ਪਾਹੁਲ ਵਾਲੇ' ਨਹੀਂ ਸਨ। ਇਹ ਖ਼ਤ 1729 ਦਾ ਲਿਖਿਆ ਹੋਇਆ ਹੈ। ਇਸ ਦਾ ਮਤਲਬ ਇਹ ਹੈ ਕਿ ਪਾਹੁਲ ਦੀ ਰਸਮ ਸ਼ੁਰੂ ਹੋਣ ਤੋਂ 30 ਸਾਲ ਮਗਰੋਂ ਵੀ ਉਹ ਸਿੱਖ ਅਜੇ ਪਾਹੁਲੀਏ ਨਹੀਂ ਸਨ, ਪਰ ਉਹ 'ਖਾਲਸਾ' ਜ਼ਰੂਰ ਸਨ। (ਸ਼੍ਰੋਮਣੀ ਕਮੇਟੀ ਵੱਲੋਂ ਛਪੀ, 'ਨੀਸਾਣੁ ਤੇ ਹੁਕਮਨਾਮੇ', ਸੰਪਾਦਕ ਸ਼ਮਸ਼ੇਰ ਸਿੰਘ ਅਸ਼ੋਕ, ਸਫ਼ਾ 106)।

### *ਖ਼ਾਲਸਾ ਪਰਗਟ ਕਰਨ ਦਾ ਐਲਾਨ ਕਿਵੇਂ ਹੋਇਆ?*

1698 ਤੀਕ ਤਕਰੀਬਨ 100 ਸਾਲ ਤੋਂ ਵੀ ਵਧ ਤੀਕ ਮਸੰਦ ਜਮਾਤ ਸਹੀ ਤਰੀਕੇ ਨਾਲ ਚਲਦੀ ਰਹੀ ਸੀ। ਇਸ ਵੇਲੇ ਤਕ ਇਸ ਜਮਾਤ ਦਾ ਰੋਲ ਸਹੀ ਰਿਹਾ ਸੀ, ਪਰ ਜਿਉਂ-ਜਿਉਂ ਅਸਲ ਮਸੰਦਾਂ ਦੀ ਜਗ੍ਹਾ (ਕਿਸੇ ਮਸੰਦ ਦੇ ਮਰਨ ਪਿਛੋਂ) ਉਨ੍ਹਾਂ ਦੀ ਔਲਾਦ ਆਉਂਦੀ ਗਈ, ਯਾਨੀ ਇਹ 'ਜੱਦੀ ਅਹੁਦਾ' ਬਣ ਗਿਆ ਤਾਂ ਇਸ ਜਮਾਤ ਵਿਚ ਖ਼ਰਾਬੀਆਂ ਆਉਣੀਆਂ ਸ਼ੁਰੂ ਹੋ ਗਈਆਂ। ਵਕਤ ਬੀਤਣ ਦੇ ਨਾਲ ਇਨ੍ਹਾਂ ਵਿਚੋਂ ਕੁਝ ਮਸੰਦ ਬੇਈਮਾਨ ਹੋ ਗਏ ਸਨ। ਕਈ ਤਾਂ ਆਪਣੇ ਆਪ ਨੂੰ 'ਗੁਰੂ ਵਰਗਾ' ਹੀ ਸਮਝਣ ਲਗ ਪਏ ਅਤੇ 'ਨਾਇਬ-ਗੁਰੂ' ਵਾਂਗ ਵਿਚਰਨ ਲਗ ਪਏ। ਕਈ ਤਾਂ ਠੱਗ ਅਤੇ ਵਿਭਚਾਰੀ ਵੀ ਬਣ ਗਏ ਅਤੇ ਸੰਗਤ ਦਾ ਦਸਵੰਧ ਹੜੱਪ ਕਰਨ ਲਗ ਪਏ ਸਨ।

8 ਫ਼ਰਵਰੀ ਤੋਂ 14 ਫ਼ਰਵਰੀ 1698 ਤਕ ਹੋਲੀਆਂ ਦੇ ਦਿਨ ਸਨ। ਇਨ੍ਹਾਂ ਦਿਨਾਂ ਵਿਚ ਗੁਰੂ ਜੀ ਹੋਲੀ ਦੀ ਥਾਂ 'ਹੋਲਾ ਮਹੱਲਾ' ਮਨਾਇਆ ਕਰਦੇ ਸਨ। 1698 ਵਿਚ ਵੀ ਹੋਲਾ ਮਹੱਲਾ ਦੇ ਦਿਨਾਂ ਦੌਰਾਨ ਹੋਣ ਵਾਲੇ ਕੁਸ਼ਤੀਆਂ, ਗਤਕਾ, ਘੋੜਸਵਾਰੀ, ਨੇਜ਼ਾ-ਬਾਜ਼ੀ, ਤਲਵਾਰ-ਬਾਜ਼ੀ ਦੇ ਮੁਕਾਬਲਿਆਂ ਵਿਚ ਸ਼ਾਮਿਲ ਹੋਣ ਵਾਸਤੇ ਸਿੱਖਾਂ ਦੇ ਕਈ ਜੱਥੇ ਅਨੰਦਪੁਰ ਆਏ ਹੋਏ ਸਨ। ਇਸ ਮੌਕੇ 'ਤੇ ਕਈ ਤਰ੍ਹਾਂ ਦੀਆਂ ਖੇਡਾਂ ਤੋਂ ਇਲਾਵਾ ਕੁਝ ਮਸਖ਼ਰੇ, ਮਖ਼ੌਲੀਏ ਅਤੇ ਭੰਡ ਵੀ ਆਪਣਾ ਫ਼ਨ ਵਿਖਾਂਦੇ ਹੁੰਦੇ ਸਨ। ਉਸ ਵਾਰੀ ਕੁਝ ਭੰਡਾਂ ਨੇ ਨਿੱਕਾ ਜਿਹਾ ਨਾਟਕ ਖੇਡਿਆ ਜਿਸ ਵਿਚ ਮਸੰਦਾਂ ਦੀਆਂ ਕਰਤੂਤਾਂ ਦੀ ਨਕਲ ਲਾ ਕੇ ਦਿਖਾਈ। ਉਨ੍ਹਾਂ ਨੇ ਮਸੰਦਾਂ ਨੂੰ ਲੁਟੇਰੇ, ਠੱਗ, ਹੈਂਕੜਬਾਜ਼, ਕੁਰਪਟ, ਬਦ-ਇਖ਼ਲਾਕ ਅਤੇ ਅੱਯਾਸ਼ ਜਿਹੇ ਦਿਖਾਇਆ।

ਉਸ ਵੇਲੇ ਗੁਰੂ ਸਾਹਿਬ ਕੋਲ ਭਾਈ ਨਾਨੂ ਰਾਮ ਦਿਲਵਾਲੀ ਬੈਠਾ ਸੀ। ਉਸ ਨੇ ਅਤੇ ਹੋਰ ਮੁਹਤਬਰ ਸਿੱਖਾਂ ਨੇ ਵੀ ਗੁਰੂ ਸਾਹਿਬ ਨੂੰ ਬੇਈਮਾਨ ਤੇ ਬਦਇਖ਼ਲਾਕ ਮਸੰਦਾਂ ਬਾਰੇ ਕੁਝ ਹੋਰ ਵਾਕਫ਼ੀ ਵੀ ਦਿੱਤੀ। ਇਹ ਸਾਰਾ ਕੁਝ ਸੁਣ ਕੇ ਗੁਰੂ ਸਾਹਿਬ ਦੇ ਰੌਂਗਟੇ ਖੜ੍ਹੇ ਹੋ ਗਏ। ਗੁਰੂ ਸਾਹਿਬ ਨੇ ਦੀਵਾਨ ਮਨੀ ਰਾਮ (ਪਾਹੁਲ ਮਗਰੋਂ ਭਾਈ ਮਨੀ ਸਿੰਘ) ਨੂੰ ਹੁਕਮ ਕੀਤਾ ਕਿ ਸਾਰੇ ਮਸੰਦਾਂ ਨੂੰ ਮੁਸ਼ਕਾਂ ਬੰਨ੍ਹ ਕੇ ਅਨੰਦਪੁਰ ਬੁਲਾਇਆ ਜਾਏ। ਭਾਈ ਆਲਮ ਚੰਦ 'ਨੱਚਣਾ' (ਪਾਹੁਲ ਮਗਰੋਂ ਆਲਮ ਸਿੰਘ ਨੱਚਣਾ) ਨਾਲ ਚਾਰ ਹੋਰ ਸਿੱਖ ਭੇਜੇ ਗਏ ਤਾਂ ਜੋ ਉਹ ਮਸੰਦਾਂ ਨੂੰ ਅਨੰਦਪੁਰ ਲਿਆ ਕੇ ਗੁਰੂ ਜੀ ਅੱਗੇ ਪੇਸ਼ ਕਰਨ।

ਕੁਝ ਹੀ ਦਿਨਾਂ ਵਿਚ ਸਾਰੇ ਮਸੰਦ ਅਨੰਦਪੁਰ ਪੁੱਜ ਗਏ। ਗੁਰੂ ਸਾਹਿਬ ਨੇ ਇਕੱਲੇ-ਇਕੱਲੇ ਮਸੰਦ ਦੀ ਪਰਖ ਕੀਤੀ। ਜਿਹੜੇ ਮਸੰਦ ਬੇਈਮਾਨ ਤੇ ਮੁਜਰਿਮ ਸਨ, ਉਨ੍ਹਾਂ ਨੂੰ ਮੌਕੇ 'ਤੇ ਹੀ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। ਕੁਝ ਮਸੰਦ ਇਸ ਇਮਤਿਹਾਨ ਵਿਚੋਂ ਸੁਰਖ਼ਰੂ ਹੋ ਕੇ ਵੀ ਨਿਕਲੇ। ਇਨ੍ਹਾਂ ਨੂੰ ਗੁਰੂ ਸਾਹਿਬ ਵੱਲੋਂ ਸਿਰੋਪਾਓ ਭੇਟ ਕੀਤੇ ਗਏ। ਇਨ੍ਹਾਂ ਵਿਚ ਭਾਈ ਬਖ਼ਤ ਮੱਲ ਸੂਰੀ (ਜਲਾਲਪੁਰ ਜੱਟਾਂ) ਤੇ ਭਾਈ ਸੰਗਤ/ਭਾਈ ਫੇਰੂ (ਮੀਆਂ ਕੀ ਮੌੜ, ਹੁਣ ਜ਼ਿਲ੍ਹਾ ਕਸੂਰ) ਵੀ ਸ਼ਾਮਿਲ ਸਨ।

ਇਸ ਦੇ ਨਾਲ ਹੀ ਗੁਰੂ ਜੀ ਨੇ ਮਸੰਦ ਜਮਾਤ ਨੂੰ ਖ਼ਤਮ ਕਰਨ ਦਾ ਐਲਾਨ ਕੀਤਾ। ਉਨ੍ਹਾਂ ਨੇ ਐਲਾਨ ਕੀਤਾ ਕਿ ਅੱਗੇ ਤੋਂ ਸਾਰੇ ਸਿੱਖ 'ਖਾਲਸਾ' ਹੋਣਗੇ (ਉਹ ਸਿੱਧੇ ਗੁਰੂ ਨਾਲ ਸਬੰਧ ਰੱਖਣਗੇ; ਕਿਸੇ ਮਸੰਦ ਜਾਂ ਕਿਸੇ ਹੋਰ ਵਿਚੋਲੇ ਰਾਹੀਂ ਗੁਰੂ ਦਰਬਾਰ ਨਾਲ ਰਾਬਤਾ ਨਹੀਂ ਰੱਖਣਗੇ)। ਗੁਰੂ ਜੀ ਨੇ ਇਹ ਹੁਕਮਨਾਮਾ ਵੀ ਜਾਰੀ ਕੀਤਾ ਕਿ ਅੱਗੇ ਤੋਂ ਕੋਈ ਵੀ ਸਿੱਖ ਆਪਣਾ ਦਸਵੰਧ ਭੇਟਾ ਮਸੰਦਾਂ ਨੂੰ ਨਾ ਦੇਵੇ ਅਤੇ ਸਿੱਧੀ ਗੁਰੂ ਦਰਬਾਰ ਨੂੰ ਭੇਜੇ। ਉਨ੍ਹਾਂ ਐਲਾਨ ਕੀਤਾ ਕਿ ਮਸੰਦ ਰਾਹੀਂ ਆਈ ਭੇਟਾ ਕਬੂਲ ਨਹੀਂ ਕੀਤੀ ਜਾਵੇਗੀ।

ਇੰਞ ਗੁਰੂ ਸਾਹਿਬ ਨੇ ਗੁਰੂ ਤੇ ਸਿੱਖ ਵਿਚਕਾਰ ਮਸੰਦ ਤੇ ਹੋਰ ਵਿਚੋਲੇ ਖ਼ਤਮ ਕਰ ਦਿੱਤੇ ਤੇ ਸਾਰੇ ਸਿੱਖਾਂ ਨੂੰ ਆਪਣਾ 'ਖ਼ਾਲਸਾ' ਬਣਾਉਣ ਦਾ ਐਲਾਨ ਕਰ ਦਿਤਾ।

### *'ਸੀਸ ਭੇਟ ਕੌਤਕ' ਅਤੇ 'ਖੰਡੇ ਦੀ ਪਾਹੁਲ':*

'ਖੰਡੇ ਦੀ ਪਾਹੁਲ' ਉਹ ਰਸਮ ਹੈ, ਜੋ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਨਵੀਂ ਪਛਾਣ ਦੇਣ ਵਾਸਤੇ ਸ਼ੁਰੂ ਕੀਤੀ ਸੀ। ਉਸ ਸਾਲ ਚੇਤਰ ਦੇ ਸ਼ੁਰੂ ਵਿਚ ਗੁਰੂ ਸਾਹਿਬ ਨੇ ਸਾਰੇ ਸਿੱਖਾਂ ਨੂੰ ਹੁਕਮਨਾਮੇ ਭੇਜ ਕੇ ਬਿਕ੍ਰਮੀ ਸੰਮਤ ਦੇ ਵਿਸਾਖ ਮਹੀਨੇ ਦੀ ਪਹਿਲੀ ਤਾਰੀਖ਼ (29 ਮਾਰਚ 1698) ਦੇ ਦਿਨ ਅਨੰਦਪੁਰ ਸਾਹਿਬ ਪਹੁੰਚਣ ਵਾਸਤੇ ਆਖਿਆ (ਹਾਲਾਂਕਿ ਹਰ ਸਾਲ ਬਹੁਤ ਸਾਰੇ ਸਿੱਖ ਪਹਿਲੀ ਮਾਘ, ਪਹਿਲੀ ਵਿਸਾਖ ਅਤੇ ਕੱਤਕ ਵਦੀ 30 ਦੇ ਦਿਨ ਅਨੰਦਪੁਰ ਆਇਆ ਕਰਦੇ ਸਨ)। ਬਹੁਤ ਸਾਰੇ ਲੇਖਕ ਇਸ ਕੌਤਕ ਨੂੰ 29 ਮਾਰਚ 1699 ਦੇ ਦਿਨ ਹੋਇਆ ਮੰਨਦੇ ਹਨ। ਕੁਝ ਸੰਨ 1695 ਵਿਚ ਹੋਇਆ ਦਸਦੇ ਹਨ, ਪਰ ਮੈਂ ਭੱਟ ਵਹੀਆਂ ਦੀ ਤਾਰੀਖ਼ 29 ਮਾਰਚ 1698 ਨੂੰ ਵਧੇਰੇ ਸਹੀ ਮੰਨਦਾ ਹਾਂ। ਦਰਅਸਲ ਅਗਲੇ ਸਾਲ ਦੀ ਵਿਸਾਖੀ (29 ਮਾਰਚ 1699) ਦੇ ਦਿਨ ਅਨੰਦਪੁਰ ਸਾਹਿਬ ਵਿਚ 1698 ਤੋਂ ਵੀ ਵੱਡਾ ਇਕੱਠ ਹੋਇਆ ਸੀ ਤੇ ਇਸ ਦਿਨ ਵੀ ਹਜ਼ਾਰਾਂ ਸਿੱਖਾਂ ਨੇ ਪਾਹੁਲ ਲਈ ਸੀ। ਇਹ ਭੁਲੇਖਾ ਇਸ ਤੋਂ ਹੀ ਸ਼ੁਰੂ ਹੋਇਆ ਹੋਵੇਗਾ। ਇੰਞ ਹੀ ਸਨ 1695 ਵਿਚ ਕੇਸਧਾਰੀ ਹੋਣ ਤੇ ਕੜਾ ਪਾਉਣ ਦਾ ਹੁਕਮਨਾਮਾ ਜਾਰੀ ਹੋਇਆ ਸੀ। ਕਿਸੇ ਨੇ ਭੁਲੇਖੇ ਨਾਲ ਇਸ ਨੂੰ ਹੀ ਪਾਹੁਲ ਨਾਲ ਜੋੜ ਦਿੱਤਾ ਹੋਵੇਗਾ। ਗੱਪੀ ਕਵੀ ਸੰਤੋਖ ਸਿੰਘ ਨੇ 'ਸੂਰਜ ਪ੍ਰਕਾਸ਼' ਵਿਚ ਇਸ ਦਾ ਕੋਈ ਸਾਲ ਨਹੀਂ ਦਿੱਤਾ। ਸਨ 1699 ਸਾਲ ਲਿਖਣ ਦੀ ਗ਼ਲਤੀ ਸਭ ਤੋਂ ਪਹਿਲਾਂ ਗਪੌੜ ਘੜਨ ਵਾਲੇ ਗਿਆਨੀ ਗਿਆਨ ਸਿੰਘ ਨੇ 1891 ਵਿਚ ਛਪੇ ਪੰਥ ਪ੍ਰਕਾਸ਼ ਵਿਚ ਕੀਤੀ ਸੀ ('ਪੰਥ ਪ੍ਰਕਾਸ਼', ਪੱਥਰ ਛਾਪਾ ਐਡੀਸ਼ਨ 1891, ਸਫ਼ਾ 309)। ਬਾਕੀ ਸਾਰਿਆਂ ਨੇ ਇਸੇ ਗ਼ਲਤੀ ਨੂੰ ਤਵਾਰੀਖ਼ ਬਣਾ ਦਿੱਤਾ। 'ਗੁਰੂ ਕੀਆਂ ਸਾਖੀਆਂ' (ਲਿਖਣ ਸਾਲ 1798) ਵਿਚ ਤਾਰੀਖ਼ 1698 ਦੀ ਦਿਤੀ ਹੋਈ ਹੈ। 'ਭੱਟ ਵਹੀ ਭਾਦਸੋਂ ਪਰਗਨਾ ਥਾਨੇਸਰ' ਵਿਚ ਵੀ 1698 ਦਾ ਸਾਲ ਦਿੱਤਾ ਹੋਇਆ ਹੈ।

ਖ਼ੈਰ, ਉਸ ਪਹਿਲੀ ਵਿਸਾਖ ਦੇ ਦਿਨ ਹਜ਼ਾਰਾਂ ਸਿੱਖ ਅਨੰਦਪੁਰ ਪੁੱਜੇ ਸਨ। ਉਸ ਦਿਨ ਸਵੇਰੇ ਰਬਾਬੀਆਂ ਨੇ ਗੁਰਬਾਣੀ ਦਾ ਕੀਰਤਨ ਕੀਤਾ। ਕੀਰਤਨ ਤੋਂ ਬਾਅਦ ਭਾਈ ਮਨੀ ਰਾਮ ਨੇ ਇਕ ਸ਼ਬਦ ਦੀ ਕਥਾ ਕੀਤੀ। ਇਸ ਦੇ ਨਾਲ ਹੀ ਗੁਰੂ ਸਾਹਿਬ ਖੜ੍ਹੇ ਹੋ ਗਏ, ਆਪਣੀ ਕਿਰਪਾਨ ਮਿਆਨ ਵਿਚੋਂ ਕੱਢੀ ਤੇ ਆਖਿਆ ਕਿ ਮੈਨੂੰ ਇਕ ਸਿਰ ਚਾਹੀਦਾ ਹੈ। ਗੁਰੂ ਸਾਹਿਬ ਦੇ ਬੋਲ ਸੁਣ ਕੇ ਸਾਰੇ ਪਾਸੇ ਚੁੱਪ ਛਾ ਗਈ। ਸਾਖੀਆਂ ਮੁਤਾਬਿਕ ਗੁਰੂ ਸਾਹਿਬ ਨੇ ਤਿੰਨ ਵਾਰੀ ਇਹੀ ਬੋਲ ਆਖੇ। ਉਨ੍ਹਾਂ ਦੇ ਤੀਜੀ ਵਾਰ ਆਖਣ ਤੋਂ ਪਿੱਛੋਂ ਭਾਈ ਦਇਆ ਰਾਮ ਖੜ੍ਹਾ ਹੋਇਆ। ਗੁਰੂ ਸਾਹਿਬ ਉਸ ਨੂੰ ਫੜ ਕੇ ਨੇੜੇ ਵਾਲੀ ਜ਼ਰਾ ਕੂ ਉਚੀ ਇਕ ਹੋਰ ਪਹਾੜੀ 'ਤੇ ਗੱਡੇ ਹੋਏ ਤੰਬੂ ਵਿਚ ਲੈ ਗਏ। (ਹੁਣ ਉਹ 'ਤੰਬੂ ਵਾਲੀ ਪਹਾੜੀ' ਕੱਚੀ ਪਹਾੜੀ ਵਜੂਦ ਵਿਚ ਨਹੀਂ ਹੈ ਕਿਉਂਕਿ ਉਹ ਬਾਰਸ਼ਾਂ ਨਾਲ ਖ਼ੁਰ ਗਈ ਸੀ) ਕੁਝ ਪਲਾਂ ਬਾਅਦ ਗੁਰੂ ਸਾਹਿਬ ਖ਼ੂਨ ਨਾਲ ਲਿਬੜੀ ਕਿਰਪਾਨ ਲੈ ਕੇ ਬਾਹਰ ਆਏ। ਇਸ ਵਾਰ ਗੁਰੂ ਸਾਹਿਬ ਨੇ ਇਕ ਹੋਰ ਸਿਰ ਦੀ ਮੰਗ ਕੀਤੀ। ਇਹ ਕੌਤਕ ਗੁਰੂ ਸਾਹਿਬ ਨੇ ਪੰਜ ਵਾਰ ਦੁਹਰਾਇਆ। ਪੰਜਵੇਂ ਸਿੱਖ ਵੱਲੋਂ 'ਸਿਰ ਭੇਟ ਕਰਨ' ਤੋਂ ਮਗਰੋਂ ਗੁਰੂ ਸਾਹਿਬ ਸੀਸ ਭੇਟ ਕਰਨ ਵਾਲੇ ਪੰਜਾਂ ਸਿੱਖਾਂ ਨੂੰ ਨੀਲੇ ਬਾਣੇ ਵਿਚ ਪੰਡਾਲ ਵਿਚ ਲੈ ਕੇ ਆਏ। ਗੁਰੂ ਸਾਹਿਬ ਨੇ ਆਪ ਵੀ ਨੀਲਾ ਬਾਣਾ ਪਹਿਨਿਆ ਹੋਇਆ ਸੀ। (ਵੇਖੋ: ਗੁਰੂ ਕੀਆਂ ਸਾਖੀਆਂ, ਸਾਖੀ 59, ਮਹਿਮਾ ਪ੍ਰਕਾਸ਼, ਸਫ਼ਾ 825)। ਇਸ ਸਬੰਧੀ 'ਭੱਟ ਵਹੀ ਭਾਦਸੋਂ ਪਰਗਨਾ ਥਾਨੇਸਰ' ਵਿਚ ਇਕ ਇੰਦਰਾਜ ਇੰਞ ਮਿਲਦਾ ਹੈ:

'ਗੁਰੂ ਗੋਬਿੰਦ ਸਿੰਘ ਮਹਲ ਦਸਮਾਂ ਬੇਟਾ ਗੁਰੂ ਤੇਗ ਬਹਾਦਰ ਜੀ ਕਾ ਸਾਲ ਸਤਰਾਂ ਸੈ ਪਚਾਵਨ ਮੰਗਲਵਾਰ ਵੈਸਾਖੀ ਕੇ ਦਿਹੁੰ ਪਾਂਚ ਸਿਖੋਂ ਕੋ ਖਾਂਡੇ ਕੀ ਪਾਹੁਲ ਦੀ ਸਿੰਘ ਨਾਮ ਰਾਖਾ। ਪ੍ਰਿਥਮੈ ਦੈਆ ਰਾਮ ਸੋਪਤੀ ਖਤਰੀ ਬਾਸੀ ਲਾਹੌਰ ਆ ਖਲਾ ਹੂਆ। ਪਾਛੈ ਮੋਹਕਮ ਚੰਦ ਛੀਪਾ ਬਾਸੀ ਦਵਾਰਕਾ, ਸਾਹਿਬ ਚੰਦ ਨਾਈ ਬਾਸੀ ਬਿਦਰ ਜ਼ਫ਼ਰਾਬਾਦ, ਧਰਮ ਚੰਦ ਜਵੰਦਾ ਜਾਟ ਬਾਸੀ ਹਸਤਨਾਪੁਰ, ਹਿੰਮਤ ਚੰਦ ਝੀਵਰ ਬਾਸੀ ਜਗਨਨਾਥ ਬਾਰੋ ਬਾਰੀ ਖਲੇ ਹੁਏ। ਸਬ ਕੋ ਨੀਲ ਅੰਬਰ ਪਹਿਨਾਇਆ। ਵਹੀ ਬੇਸ ਅਪਨਾ ਕੀਆ। ਹੁੱਕਾ, ਹਲਾਲ, ਹਜਾਮਤ ਹਰਾਮ, ਟਿੱਕਾ ਜੰਞੂ ਧੋਤੀ ਕਾ ਤਿਆਗ ਕਰਾਇਆ। ਮੀਣੇ ਧੀਰਮਲੀਏ ਰਾਮ ਰਾਈਏ, ਸਿਰਗੁੰਮ, ਮਸੰਦਾਂ ਕੀ ਵਰਤਨ ਬੰਦ ਕੀ। ਕੰਘਾ, ਕਰਦ, ਕੇਸਗੀ, ਕੜਾ, ਕਛਹਿਰਾ ਸਭ ਕੋ ਦੀਆ। ਸਭ ਕੇਸਧਾਰੀ ਕੀਏ।' (ਇਸ ਇੰਦਰਾਜ ਮੁਤਾਬਿਕ ਪੰਜਵਾਂ ਕਕਾਰ 'ਕੇਸਕੀ' ਹੈ; 'ਕੇਸ' ਤਾਂ ਭਾਵੇਂ ਗੁਰੂ ਨਾਨਕ ਸਾਹਿਬ ਦੇ ਵੇਲਿਆਂ ਤੋਂ ਹੀ ਇਕ ਤਰ੍ਹਾਂ ਨਾਲ ਲਾਜ਼ਮੀ ਸਨ, ਪਰ ਭੱਟ ਵਹੀਆਂ ਦੇ ਇਕ ਇੰਦਰਾਜ ਮੁਤਾਬਿਕ ਗੁਰੂ ਗੋਬਿੰਦ ਸਿੰਘ ਜੀ ਨੇ 1695 ਵਿਚ ਹੀ ਕੇਸ ਲਾਜ਼ਮੀ ਕਰ ਦਿੱਤੇ ਸਨ)।

'ਸੀਸ ਭੇਟ ਕੌਤਕ' ਪਿੱਛੋਂ ਗੁਰੂ ਸਾਹਿਬ ਨੇ ਚਉਪਤਿ ਰਾਇ ਨੂੰ ਆਖਿਆ ਕਿ ਉਹ ਸਤਲੁਜ ਵਿਚੋਂ ਸਾਫ਼ ਪਾਣੀ ਭਰ ਕੇ ਲਿਆਉਣ। ਗੁਰੂ ਜੀ ਨੇ ਦੀਵਾਨ ਧਰਮ ਚੰਦ ਛਿੱਬਰ ਨੂੰ ਪੱਥਰ ਦਾ ਕੂੰਡਾ, ਲੋਹੇ ਦਾ ਬਾਟਾ ਅਤੇ ਖੰਡਾ ਲਿਆਉਣ ਵਾਸਤੇ ਆਖਿਆ। ਗੁਰੂ ਸਾਹਿਬ ਨੇ ਪੱਥਰ ਦੇ ਕੂੰਡੇ 'ਤੇ ਲੋਹੇ ਦਾ ਬਾਟਾ ਰੱਖ ਕੇ, ਉਸ ਵਿਚ ਸਤਲੁਜ ਦਰਿਆ ਤੋਂ ਮੰਗਵਾਇਆ ਪਾਣੀ ਪਾ ਕੇ, 'ਪਾਹੁਲ' ਤਿਆਰ ਕਰਨੀ ਸ਼ੁਰੂ ਕਰ ਦਿੱਤੀ। ਇਸ ਮਗਰੋਂ ਅਰਦਾਸ ਕੀਤੀ ਤੇ 'ਖੰਡੇ ਦੀ ਪਾਹੁਲ' ਦੇਣ ਦੀ ਰਸਮ

*(ਬਾਕੀ ਅਗਲੇ ਸਫੇ 'ਤੇ)*

# ਮਹਾਨ ਕ੍ਰਾਂਤੀਕਾਰੀ ਦੇਸ਼ ਭਗਤ: ਕਾਮਰੇਡ ਤੇਜਾ ਸਿੰਘ ਸੁਤੰਤਰ

***ਮਹਾਨ ਇਨਕਲਾਬੀ ਤੇ ਕਮਿਊਨਿਸਟ ਆਗੂ ਕਾਮਰੇਡ ਤੇਜਾ ਸਿੰਘ ਸੁਤੰਤਰ ਜੀ 12 ਅਪਰੈਲ 1971 ਨੂੰ ਪਾਰਲੀਮੈਂਟ 'ਚ ਬੋਲਦਿਆਂ ਦਿਲ ਦੇ ਦੌਰੇ ਕਾਰਨ ਚਲਾਣਾ ਕਰ ਗਏ ਸਨ। ਉਨ੍ਹਾਂ ਦੀ ਸਾਦਗੀ ਤੇ ਸਖ਼ਤ ਸਰਲ ਜੀਵਨ ਦਾ ਆਲਮ ਇਹ ਸੀ ਕਿ ਜਦੋਂ ਮੌਤ ਮੌਕੇ ਉਨ੍ਹਾਂ ਦਾ ਖੱਦਰ ਦਾ ਝੋਲਾ ਫਰੋਲਿਆ ਗਿਆ, ਤਾਂ ਉਸ ਵਿਚੋਂ ਸਿਰਫ਼ ਦੋ ਮਿੱਸੇ ਪ੍ਰਸ਼ਾਦੇ ਅਤੇ ਅੰਬ ਦੇ ਆਚਾਰ ਦੀ ਫਾੜੀ ਨਿਕਲੀ ਸੀ। ਜਿਥੇ ਬੀਤੇ ਜੀਵਨ ਵਿਚ ਉਹ ਇਕ ਮਿਸਾਲੀ ਇਨਕਲਾਬੀ ਆਗੂ ਸਨ, ਉਥੇ ਉਹ ਇਕ ਮਿਸਾਲੀ ਕਮਿਊਨਿਸਟ ਪਾਰਲੀਮੈਂਟੇਰੀਅਨ ਵੀ ਸਨ।***

**ਬਰਸੀ 'ਤੇ ਵਿਸ਼ੇਸ਼**

ਮਹਾਨ ਕ੍ਰਾਂਤੀਕਾਰੀ ਦੇਸ਼ ਭਗਤ ਕਾਮਰੇਡ ਤੇਜਾ ਸਿੰਘ ਸੁਤੰਤਰ ਜੀ ਦਾ ਜਨਮ ਸ. ਕ੍ਰਿਪਾਲ ਸਿੰਘ ਉਰਫ ਦੇਸਾ ਸਿੰਘ ਦੇ ਗ੍ਰਹਿ ਵਿਖੇ 1901 ਵਿਚ ਪਿੰਡ ਅਲੂਣਾ ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਉਨ੍ਹਾਂ ਦੇ ਵੱਡੇ-ਵਡੇਰੇ ਕਿਸਾਨ ਘਰਾਣੇ ਨਾਲ ਸਬੰਧ ਰੱਖਦੇ ਸਨ। ਉਨ੍ਹਾਂ ਦੇ ਪਿਤਾ ਜੀ ਖੁਦ ਕ੍ਰਾਂਤੀਕਾਰੀ ਵਿਚਾਰਾਂ ਦੇ ਮਾਲਿਕ ਸਨ।

ਉਨ੍ਹਾਂ ਦੀ ਜੀਵਨ-ਸ਼ੈਲੀ ਉਚ-ਕੋਟੀ ਦੀ ਸੀ। ਉਨ੍ਹਾਂ ਆਪਣਾ ਸਵਾਸ-ਸਵਾਸ ਦੇਸ਼ ਸੇਵਾ ਦੇ ਲੇਖੇ ਲਾਇਆ। ਉਹ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਪੜ੍ਹੇ। ਜਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਅੰਗਰੇਜ਼ਾਂ ਵਿਰੁੱਧ ਅਨੇਕਾਂ ਕ੍ਰਾਂਤੀਕਾਰੀ ਮੁਹਿੰਮਾਂ ਚਲਾਈਆਂ ਤੇ ਕਈ ਜਥੇਬੰਦੀਆਂ ਨੂੰ ਹੋਂਦ ਵਿਚ ਲਿਆਂਦਾ। ਭ੍ਰਿਸ਼ਟਾਚਾਰ, ਮਹੰਤਾਂ ਤੇ ਮਸੰਦਾਂ ਦੇ ਵਿਰੁੱਧ ਡੱਟ ਕੇ ਆਵਾਜ਼ ਉਠਾਈ।

ਬਲਵਿੰਦਰ ਸਿੰਘ 'ਬਾਲਮ'

ਅਕਾਲੀ ਜਥੇ ਭਰਤੀ ਕੀਤੇ। ਉਹ ਦੇਸ਼-ਪ੍ਰਦੇਸ਼ ਦੇ ਪਰਪੱਕ ਭਾਸ਼ਾਈ ਗਿਆਤਾ ਪ੍ਰਚਾਰਕ ਸਨ। ਅਨੇਕਾਂ ਹੀ ਭਾਸ਼ਾਵਾਂ ਦੇ ਗਿਆਤਾ ਨੇ ਵਿਦੇਸ਼ੀ ਯੂਨੀਵਰਸਿਟੀਆਂ 'ਤੋਂ ਕਈ ਡਿਗਰੀਆਂ ਹਾਸਿਲ ਕੀਤੀਆਂ। ਉਨ੍ਹਾਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਵਿਦੇਸ਼ਾਂ ਵਿਚ ਰਹਿ ਕੇ ਜਹਾਜ਼ ਖ਼ਰੀਦੇ ਤੇ ਤੁਰਕੀ ਆਦਿ ਦੇਸ਼ਾਂ ਦੀ ਫ਼ੌਜ ਵਿਚ ਅਫ਼ਸਰ ਵੀ ਰਹੇ। ਖ਼ਾਸ ਕਰਕੇ ਈਸਟਰਨ ਯੂਨੀਵਰਸਿਟੀ ਮਾਸਕੋ ਤੋਂ ਫਲਸਫੇ ਤੇ ਤਕਨੀਕੀ ਸਿੱਖਿਆ ਦੇ ਕਈ ਕੋਰਸ ਪਾਸ ਕੀਤੇ। ਉਹ ਇਕ ਵਧੀਆ ਲੇਖਕ, ਆਲੋਚਕ ਤੇ ਸੰਪਾਦਕ ਵੀ ਸਨ। ਉਹ ਪੰਜਾਬ ਐਸੰਬਲੀ ਦੇ ਬਿਨਾ ਮੁਕਾਬਲਾ ਮੈਂਬਰ ਚੁਣੇ ਗਏ। ਇਸ ਤਰ੍ਹਾਂ ਦੀਆਂ ਅਨੇਕਾਂ ਹੀ ਪ੍ਰਾਪਤੀਆਂ ਦੇਸ਼ ਭਗਤੀ ਦਾ ਜਜ਼ਬਾ ਤੇ ਨਿਸ਼ਕਾਮ ਸੇਵਾ ਲਈ ਉਨ੍ਹਾਂ ਦੀਆਂ ਕੁਰਬਾਨੀਆਂ ਹਮੇਸ਼ਾਂ ਲਈ ਯਾਦ ਕੀਤੀਆਂ ਜਾਣਗੀਆਂ।

ਸੁਤੰਤਰ ਜੀ ਦੇ ਸਮੁੱਚੇ ਪਰਿਵਾਰ ਨੇ ਨਾਮਧਾਰੀ ਲਹਿਰ, ਗਦਰ ਲਹਿਰ, ਅਕਾਲੀ ਲਹਿਰ ਤੇ ਆਜ਼ਾਦੀ ਦੀ ਲਹਿਰ ਵਿਚ ਅਹਿਮ ਹਿੱਸਾ ਪਾਇਆ। ਉਨ੍ਹਾਂ ਦੇ ਗੁਪਤਵਾਸ ਸਮੇਂ ਉਨ੍ਹਾਂ ਦੇ ਦੋ ਛੋਟੇ ਭਾਈ, ਇਕ ਥਾਣਿਆਂ ਵਿਚ ਪੁਲਿਸ ਦੇ ਤਸੀਹੇ ਝੱਲ ਰਿਹਾ ਸੀ ਤੇ ਉਸ ਤੋਂ ਛੋਟਾ ਸ. ਮੇਦਨ ਸਿੰਘ ਮੇਦਨ ਬਰੇਲੀ ਸੈਂਟਰਲ ਜੇਲ੍ਹ ਵਿਚ ਉਮਰ ਕੈਦ ਸੀ। ਬਿਰਧ ਮਾਤਾ-ਪਿਤਾ, ਉਨ੍ਹਾਂ ਦੀ ਵਿਧਵਾ, ਛੋਟੀ ਭੈਣ, ਭਾਣਜਾ ਅਤੇ ਉਨ੍ਹਾਂ ਦੀ ਇਕਲੌਤੀ ਪੁੱਤਰੀ ਆਦਿ ਦੀਆਂ ਮੌਤਾ ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਹੀ ਹੋਈਆਂ। ਘਰ ਦੀ ਤਬਾਹੀ ਗਰੀਬੀ, ਤੰਗੀ, ਮਸੀਬਤਾਂ ਦੇ ਅਨੇਕਾਂ ਹੀ ਪਹਾੜ ਟੁੱਟੇ, ਉਮਰ ਕੈਦ ਕੱਟ ਰਹੇ ਮੇਦਨ ਜੀ ਦੀ ਧਰਮ ਪਤਨੀ ਦੀ ਚਿੱਠੀ ਵੀ ਉਨ੍ਹਾਂ ਨੂੰ ਜੇਲ੍ਹ ਵਿਚ ਹੀ ਮਿਲੀ, ਜਿਸ ਵਿਚ ਘਰ ਦੀ ਤਬਾਹੀ ਦਾ ਜ਼ਿਕਰ ਸੀ।

ਸੁਤੰਤਰ ਜੀ ਨੇ ਤੇਜਾ ਵਹੀਲਾ ਗੁਰਦੁਆਰਾ ਜੋ ਕਿਲ੍ਹੇ ਨੁਮਾ ਬਣਿਆ ਹੋਇਆ ਸੀ ਅਤੇ ਉਠੀਆਂ ਦਾ ਗੁਰਦੁਆਰਾ ਫੌਜੀ ਵਿਉਂਤਬੰਦੀ ਨਾਲ ਮਹੰਤਾਂ ਪਾਸੋਂ ਆਜ਼ਾਦ ਕਰਵਾਏ। ਇਸ ਮੁਹਿੰਮ ਵਿਚ ਕਿਸੇ ਨੂੰ ਚੁਪੇੜ ਵੀ ਨਾ ਮਾਰਨੀ ਪਈ। ਜਦਕਿ ਹੋਰਨਾਂ ਗੁਰਦੁਆਰਿਆਂ ਨੂੰ ਆਜ਼ਾਦ ਕਰਵਾਉਣ ਲਈ ਮਹੀਨੇ-ਮਹੀਨੇ ਤੇ ਸਾਲਾਂ ਬੱਧੀ ਲਗਦੇ ਰਹੇ। ਮੋਰਚੇ ਲੰਬੇ ਹੋ ਜਾਂਦੇ ਰਹੇ। ਗੁਰੂ ਕੇ ਬਾਗ਼ ਦਾ ਮੋਰਚਾ ਲੰਬਾ ਸਮਾਂ ਲੈਂਦਾ ਵੇਖ ਕੇ ਸੁਤੰਤਰ ਜੀ ਨੇ ਉਸ ਵੇਲੇ ਦੀ ਲੀਡਰਸ਼ਿਪ ਨੂੰ ਰਾਏ ਦਿੱਤੀ ਕਿ ਸ਼ਾਂਤਮਈ ਵਤੀਰਾ ਛੱਡ ਕੇ ਡੁਰਲੀ ਜਥੇ ਰਾਹੀਂ ਇਹ ਮੋਰਚਾ ਲੜਿਆ ਜਾਵੇ, ਆਖਿਰ ਉਸ ਜਥੇ ਵਿਚ ਆਪਣਾ ਸੁਤੰਤਰ ਸ਼ਹੀਦ ਜਥਾ ਮੋਹਰੇ ਲਿਆਂਦਾ ਤੇ ਗੁਰੂ ਦੇ ਬਾਗ਼ ਦਾ ਮੋਰਚਾ ਸਰ ਕਰ ਲਿਆ।

ਇਨ੍ਹਾਂ ਘਟਨਾਵਾਂ ਨੇ ਸੁਤੰਤਰ ਜੀ ਨੂੰ ਉਸ ਵਕਤ ਲੀਡਰਸ਼ਿਪ ਦੀ ਮੋਹਰਲੀ ਕਤਾਰ ਵਿਚ ਲਿਆ ਖੜ੍ਹੇ ਕੀਤਾ। ਉਹ ਉਸ ਸਮੇਂ ਦੇ ਲੀਡਰਾਂ ਨਾਲੋਂ ਸਭ ਤੋਂ ਛੋਟੇ ਸਨ। ਪਰ ਵਿੱਦਿਆ ਵਿਚ ਸਭ ਤੋਂ ਅੱਗੇ, ਤਾਂ ਹੀ ਸ਼੍ਰੋਮਣੀ ਅਕਾਲੀ ਦਲ ਦੇ ਸਿੱਖ ਧਰਮ ਦੇ ਪ੍ਰਚਾਰ ਲਈ ਉਨ੍ਹਾਂ ਨੂੰ ਅਫਗਾਨਿਸਤਾਨ ਭੇਜਿਆ, ਕਿਉਂਕਿ ਸੁਤੰਤਰ ਜੀ ਦੇ ਪਿਤਾ ਬਾਬਾ ਕ੍ਰਿਪਾਲ ਸਿੰਘ ਜੀ ਦੇ ਗਦਰੀਆਂ ਨਾਲ ਸਬੰਧ ਸਨ। ਇਸ ਲਈ ਕਾਬਲ ਵਿਚ ਉਹ ਗਦਰੀਆਂ ਦੇ ਸੰਪਰਕ ਵਿਚ ਆਏ, ਭਾਈ ਰਤਨ ਸਿੰਘ, ਮਾਸਟਰ ਊਧਮ ਸਿੰਘ, ਬਾਬਾ ਗੁਰਮੁੱਖ ਸਿੰਘ ਆਦਿ ਉਸ ਸਮੇਂ ਦੇ ਭਗੌੜੇ ਗਦਰੀਆਂ ਨਾਲ ਉਨ੍ਹਾਂ ਦਾ ਪੂਰਾ ਤਾਲ-ਮੇਲ ਹੋ ਗਿਆ।

ਤੁਰਕੀ ਤੇ ਅਫਗਾਨਿਸਤਾਨ ਦੀਆਂ ਹਕੂਮਤਾਂ ਅੰਗਰੇਜ਼



ਵਿਰੁੱਧੀ ਸਨ। ਇਨ੍ਹਾਂ ਹਕੂਮਤਾਂ ਦੀ ਪ੍ਰੇਰਣਾ ਲੈ ਸੁਤੰਤਰ ਜੀ ਨੂੰ ਤੁਰਕੀ ਫੌਜੀ ਦੀ ਵਿੱਦਿਆ ਲੈਣ ਲਈ ਤੁਰਕੀ ਭੇਜਿਆ, ਜਿਥੇ ਉਨ੍ਹਾਂ ਕੁਸਤੁਨਤਨੀਆਂ ਫੌਜੀ ਕਾਲਜ 'ਤੋਂ ਉਚ ਵਿਦਿਆ ਪ੍ਰਾਪਤ ਕੀਤੀ। 1929 ਵਿਚ ਅਮਰੀਕਾ ਦੀ ਗਦਰ ਪਾਰਟੀ ਟੁੱਟ-ਭੱਜ ਗਈ, ਅੰਗਰੇਜ਼ਾਂ ਦੀ ਸਾਜਿਸ਼ ਕਾਰਨ, ਉਨ੍ਹਾਂ ਦੇ ਖ਼ਰੀਦੇ ਗਦਾਰਾਂ ਨੇ ਭਾਈ ਸਿੰਘ ਵਰਗੇ ਗਦਰੀ ਮਰਵਾ ਦਿੱਤੇ, ਗਦਰ ਪਾਰਟੀ ਦੇ ਹੁਕਮ ਮੁਤਾਬਿਕ ਉਹ ਨੌਕਰੀ ਛੱਡ ਕੇ ਅਮਰੀਕਾ ਗਏ, ਉਥੇ ਜਾ ਕੇ ਉਨ੍ਹਾਂ ਗਦਰ ਅਖ਼ਬਾਰ ਕੱਢਿਆ ਤੇ ਉਸ ਵਿਚ ਲੰਬੇ-ਲੰਬੇ ਲੇਖ ਲਿਖ ਕੇ ਲੋਕਾਂ ਨੂੰ ਦੇਸ਼ ਦੀ ਆਜ਼ਾਦੀ ਲਈ ਲਾਮਬੰਦ ਕੀਤਾ ਅਤੇ ਇਸ ਦੇ ਨਾਲ ਹੀ ਗੁਰੀਲੇ ਜਥਾਬੰਦ ਕਰਕੇ 30 ਦੇ ਕਰੀਬ ਅੰਗਰੇਜ਼ਾਂ ਦੇ ਖ਼ਰੀਦੇ ਗਦਾਰਾਂ ਨੂੰ ਸੋਧਿਆ। ਅਮਰੀਕਾ ਵਿਚ ਉਸ ਸਮੇਂ ਤਹਿਲਕਾ ਮਚ ਗਿਆ, ਅੰਗਰੇਜ਼ਾਂ ਅਮਰੀਕਾ ਸਰਕਾਰ ਨੂੰ ਮਜਬੂਰ ਕੀਤਾ, ਕਿ ਉਹ ਸੁਤੰਤਰ ਨੂੰ ਅਮਰੀਕਾ 'ਚੋਂ ਕੱਢ ਦੇਵੇ।

ਸੁਤੰਤਰ ਜੀ ਸ਼ਾਂਤ ਵਿਵਸਥਾ ਦੇ ਉਥੋਂ ਤਕ ਹਾਮੀ ਸਨ ਜਿੱਥੋਂ ਤਕ ਲੋਕਾਂ ਨੂੰ ਜਾਗ੍ਰਿਤ ਤੇ ਲਾਮਬੰਦ ਕਰਨਾ ਹੁੰਦਾ ਹੈ ਪਰ ਇਸਦੇ ਨਾਲ-ਨਾਲ ਉਹ ਹਥਿਆਰਬੰਦੀ ਨੂੰ ਬਹੁਤ ਲਾਜ਼ਮੀ ਸਮਝਦੇ ਸਨ। ਉਹ ਕਿਹਾ ਕਰਦੇ ਸਨ, ਕਿ ਕਿਸੇ ਇਨਕਲਾਬੀ ਲਹਿਰ ਲਈ ਤਕਰੀਰ ਤੇ ਸ਼ਮਸ਼ੀਰ ਦੋਵੇਂ ਹੋਣੀਆਂ ਲਾਜ਼ਮੀ ਨੇ ਅਤੇ ਇਨ੍ਹਾਂ ਦੀ ਵਰਤੋ ਲੋਕ ਸਮੇਂ ਕਰਨੀ ਚਾਹੀਦੀ ਹੈ।

ਸੁਤੰਤਰ ਜੀ ਨੇ ਹਿੰਦੁਸਤਾਨ ਦੀ ਅੱਸੀ ਫੀਸਦੀ ਕਿਸਾਨੀ ਨੂੰ ਜਥੇਬੰਦ ਕਰਨ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ ਅਤੇ ਉਹ ਕੁਲ ਹਿੰਦ ਕਿਸਾਨ ਦੇ ਪ੍ਰਧਾਨ ਵੀ ਰਹੇ, ਪੈਪਸੂ ਦੀ ਮੁਜ਼ਾਰਾ ਲਹਿਰ ਨੂੰ ਜਥੇਬੰਦ ਕਰਕੇ ਗੁਰੀਲਾ ਜਥੇ ਬਣਾ ਕੇ 171/2 ਏਕੜ ਜ਼ਮੀਨ ਮੁਜ਼ਾਰਿਆਂ ਵਿਚ ਵੰਡੀ। ਉਹ ਇਸ ਲਹਿਰ ਦੇ ਜਨਮ ਦਾਤਾ ਸਨ, ਉਹ ਭਰਤੀ ਜ਼ੁਬਾਨਾਂ ਤੋਂ ਇਲਾਵਾ 14 ਵਿਦੇਸ਼ੀ ਜ਼ੁਬਾਨਾਂ ਦੇ ਮਾਹਿਰ ਸਨ। ਉਹ ਇਕ ਮਹਾਨ ਜਰਨੈਲ, ਮਹਾਨ ਸਿਆਸਤਦਾਨ, ਲੇਖਕ, ਕੀਲ ਲੈਣ ਵਾਲੇ ਬੁਲਾਰੇ, ਆਗੂ, ਤਿਆਗੀ, ਤਪਸਵੀ ਤੇ ਸੂਰਮੇ ਦੇਸ਼ ਭਗਤ ਸਨ। ਉਨ੍ਹਾਂ ਦੀਆਂ ਅੱਖਾਂ ਵਿਚ ਮਿਕਨਾਤੀਸੀ ਖਿੱਚ ਹੁੰਦੀ ਸੀ। ਉਨ੍ਹਾਂ ਦੀ ਲਗਨ, ਲੋਕ ਸੇਵਾ, ਸਾਦਗੀ, ਨਿਸ਼ਕਾਮਤਾ ਆਪਣੇ ਆਪ ਵਿਚ ਇਕ ਮਿਸ਼ਾਲ ਹੈ। ਸਰਕਾਰ ਨੇ ਇਸ ਪਰਿਵਾਰ ਵੱਲ ਕਦੇ ਧਿਆਨ ਨਹੀਂ ਦਿੱਤਾ ਅਤੇ ਨਾ ਹੀ ਸਰਕਾਰ ਨੇ ਉਨ੍ਹਾਂ ਦੀ ਕੋਈ ਉਚੇਚੇ ਵੱਡੀ ਯਾਦਗਾਰ ਹੀ ਬਣਾਈ ਹੈ ਤੇ ਨਾ ਹੀ ਉਨ੍ਹਾਂ ਦੇ ਪਿੰਡ ਨੂੰ ਇਤਿਹਾਸਕ ਕਰਾਰ ਦਿੱਤਾ ਹੈ। ਉਨ੍ਹਾਂ ਦੇ ਪਿੰਡ ਦੇ ਮਕਾਨ ਦੇ ਨਜ਼ਦੀਕ ਉਨ੍ਹਾਂ ਦੀ ਇਕ ਛੋਟੀ ਜਿਹੀ ਸਮਾਧ ਜ਼ਰੂਰ ਬਣਾਈ ਗਈ ਹੈ। ਜਦਕਿ ਸਰਕਾਰ ਨੂੰ ਉਨ੍ਹਾਂ ਦੇ ਪਿੰਡ ਅਲੂਣਾ (ਹਰਦੋਛੰਨੀ) ਨੂੰ ਜਾਂਦੀ ਸੜਕ ਦਾ ਨਾਂ ਤੇਜਾ ਸਿੰਘ 'ਸੁਤੰਤਰ ਮਾਰਗ' ਰੱਖਣਾ ਚਾਹੀਦਾ ਹੈ। ਹਰ ਸਾਲ ਉਨ੍ਹਾਂ ਦੀ ਬਰਸੀ 12 ਅਪ੍ਰੈਲ ਨੂੰ ਮਨਾਈ ਜਾਂਦੀ ਹੈ।

---

*(ਪਿਛਲੇ ਸਫੇ ਦਾ ਬਾਕੀ)*

ਸ਼ੁਰੂ ਕੀਤੀ। ਗੁਰੂ ਸਾਹਿਬ ਨੇ ਖੰਡੇ ਨਾਲ ਪਹਿਲਾਂ ਆਪਣੇ ਮੂੰਹ ਵਿਚ ਪਾਹੁਲ ਦੀਆਂ ਪੰਜ ਬੂੰਦਾਂ ਪਾਈਆਂ ਤੇ ਫਿਰ ਪੰਜਾਂ ਪਿਆਰਿਆਂ ਨੂੰ ਇਹ ਪਾਹੁਲ ਦਿੱਤੀ। (ਪੰਜਾਂ ਪਿਆਰਿਆਂ ਨੂੰ ਪਾਹੁਲ ਦੇਣ ਪਿੱਛੋਂ ਆਪ ਉਨ੍ਹਾਂ ਕੋਲੋਂ ਪਾਹੁਲ ਲੈਣ ਦੀ ਕਹਾਣੀ ਮਗਰੋਂ ਨਿਰਮਲਿਆਂ ਨੇ ਘੜੀ ਸੀ। ਕੁਝ ਲੋਕ ਨਿਰਮਲੇ ਗੁਰਦਾਸ ਸਿੰਘ ਦੀ ਵਾਰ ਵਿਚ 'ਆਪੇ ਗੁਰ ਚੇਲਾ' ਨੂੰ ਪੰਜਾਂ ਕੋਲੋਂ ਪਾਹੁਲਾ ਲੈਣਾ ਕਹਿ ਦੇਂਦੇ ਹਨ, ਹਾਲਾਂ ਕਿ ਇਸ ਦਾ ਮਤਲਬ ਹਰਗਿਜ਼ ਇਹ ਨਹੀਂ ਨਿਕਲਦਾ। 'ਆਪੇ ਗੁਰ ਚੇਲਾ' ਦੇ ਫ਼ਲਸਫ਼ੇ ਦਾ ਜ਼ਿਕਰ ਤਾਂ 'ਸੱਤੇ ਤੇ ਬਲਵੰਡ ਦੀ ਵਾਰ' ਵਿਚ ਮਿਲਦਾ ਹੈ ਜਿਹੜਾ ਆਪਣੇ ਜਿਉਂਦੇ ਜੀਅ ਗੁਰਗੱਦੀ ਦੀ ਰਸਮ ਕਰਨ ਨਾਲ ਸਬੰਧ ਰਖਦਾ ਹੈ)।

ਪੰਜਾਂ ਪਿਆਰਿਆਂ ਨੂੰ ਪਾਹੁਲ ਦੇ ਕੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਨਵਾਂ ਨਾਂ 'ਸਿੰਘ' ਦਿਤਾ। ਪਹਿਲਾ ਗੁਰੂ ਸਾਹਿਬ ਨੇ ਆਪਣਾ ਨਾਂ 'ਗੋਬਿੰਦ ਸਿੰਘ' ਰੱਖਿਆ ਤੇ ਫੇਰ ਪੰਜ ਪਿਆਰਿਆਂ ਨੂੰ ਦਇਆ ਸਿੰਘ, ਮੋਹਕਮ ਸਿੰਘ, ਸਾਹਿਬ ਸਿੰਘ, ਧਰਮ ਸਿੰਘ, ਹਿੰਮਤ ਸਿੰਘ ਦੇ ਨਾਂ ਦਿੱਤੇ। ਇਸ ਪਿੱਛੋਂ ਆਪ ਨੇ ਉਨ੍ਹਾਂ ਨੂੰ ਰਹਿਤ-ਮਰਿਆਦਾ ਦੱਸੀ ਕਿ ਹੁਣ ਤੁਹਾਡਾ ਪਿਛਲਾ ਜਨਮ, ਧਰਮ, ਕਰਮ, ਭਰਮ ਤੇ ਸ਼ਰਮ ਖ਼ਤਮ ਹੋ ਗਈਆਂ ਹਨ। ਹੁਣ ਤੁਸੀਂ 'ਅਕਾਲ ਪੁਰਖ ਦਾ ਖਾਲਸਾ' ਹੋ। ਤੁਸੀਂ 'ਪੰਜ ਕਕਾਰਾਂ' ਨੂੰ ਹਮੇਸ਼ਾ ਆਪਣੇ ਅੰਗ ਰੱਖਣਾ। ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ ਤੇ ਸਿਰਗੁੰਮ (ਮੋਨੇ); ਇਨ੍ਹਾਂ ਪੰਜਾਂ ਨਾਲ ਮੇਲ ਨਹੀਂ ਰੱਖਣਾ। ਗੋਰ (ਕਬਰ), ਮੜ੍ਹੀ (ਸਮਾਧ), ਮੱਠ (ਜਠੇਰਿਆਂ ਦੀਆਂ ਸਮਾਧਾਂ) ਭੁੱਲ ਕੇ ਨਹੀਂ ਮੰਨਣਾ। ਤੁਹਾਨੂੰ ਸੁਨਹਿਰੇ ਵਿਚ ਰਲਾ ਦਿੱਤਾ ਹੈ। ਆਪਸ 'ਚ ਭਰਮ ਭੇਦ ਨਹੀਂ ਰੱਖਣਾ।

ਇਸ ਕੌਤਕ ਨੂੰ 'ਸੀਸ ਭੇਟ ਕੌਤਕ' ਕਿਹਾ ਜਾਂਦਾ ਹੈ। ਇਸ ਦਾ ਮਕਸਦ ਇਹ ਸੀ ਕਿ (1) ਸਿੱਖ ਦਾ ਸਿਰ ਸਦਾ ਵਾਸਤੇ 'ਧਰਮ' ਦੇ ਲੇਖੇ (ਸੱਚ, ਇਨਸਾਫ਼, ਇਨਸਾਨੀਅਤ ਵਾਸਤੇ) ਹਾਜ਼ਰ ਹੈ; ਅਤੇ ਜਿਹੜਾ 'ਖੰਡੇ ਦੀ ਪਾਹੁਲ' ਲਏਗਾ ਉਸ ਦਾ ਸਿਰ 'ਪੰਜ ਪਿਆਰਿਆਂ' ਵਾਂਙ ਸੱਚ ਵਾਸਤੇ ਕੁਰਬਾਨ ਹੋਣ ਵਾਸਤੇ ਸਦਾ ਹਾਜ਼ਰ ਹੋਵੇਗਾ। (2) ਸਿੱਖ ਦਾ ਰੂਪ (ਕੇਸ ਤੇ ਦਸਤਾਰ ਵਾਲਾ) ਨਿਆਰਾ ਰਹੇਗਾ ਤੇ (3) ਸਿੱਖ ਆਪਣੇ ਫ਼ਸਲਫ਼ੇ ਵਿਚ ਪਰਪੱਕ ਰਹੇਗਾ (ਫ਼ਲਸਫ਼ੇ ਦਾ ਮਾਅਨਾ ਹੈ: ਰਹਿਤਾਂ ਕੁਰਹਿਤਾਂ, ਯਾਨਿ ਸਮਾਜਿਕ ਰਹਿਣੀ ਬਹਿਣੀ, ਅਤੇ ਗੁਰਬਾਣੀ, ਯਾਨਿ ਰੂਹਾਨੀ ਰਹਿਣੀ ਬਹਿਣੀ, ਦੋਵੇਂ ਹਨ)।

ਪੰਜ ਪਿਆਰਿਆਂ ਨੂੰ ਪਾਹੁਲ ਦੇਣ ਦੀ ਰਸਮ ਪੂਰੀ ਹੋਣ ਮਗਰੋਂ ਗੁਰੂ ਸਾਹਿਬ ਨੇ ਦਇਆ ਸਿੰਘ, ਮੋਹਕਮ ਸਿੰਘ, ਸਾਹਿਬ ਸਿੰਘ, ਧਰਮ ਸਿੰਘ, ਹਿੰਮਤ ਸਿੰਘ (ਪੰਜ ਪਿਆਰਿਆਂ) ਨੂੰ ਖੰਡੇ ਦੀ ਪਾਹੁਲ ਤਿਆਰ ਕਰਨ ਅਤੇ ਪੰਜ ਮੁਕਤਿਆਂ: ਦੇਵਾ ਰਾਮ, ਰਾਮ ਚੰਦ, ਟਹਿਲ ਦਾਸ, ਈਸ਼ਰ ਦਾਸ, ਤੇ ਫ਼ਤਹਿ ਚੰਦ ਨੂੰ ਪਾਹੁਲ ਦੇਣ ਵਾਸਤੇ ਕਿਹਾ ਤੇ ਉਨ੍ਹਾਂ ਨੂੰ 'ਸਿੰਘ' ਨਾਂ ਬਖ਼ਸ਼ੇ। ਇਨ੍ਹਾਂ ਦਸਾਂ ਮਗਰੋਂ ਪੰਜ ਪਿਆਰਿਆਂ ਨੇ ਭਾਈ ਮਨੀ ਸਿੰਘ, ਉਨ੍ਹਾਂ ਦੇ ਛੇ ਸਪੁੱਤਰ (ਚਿਤਰ ਸਿੰਘ, ਬਚਿਤਰ ਸਿੰਘ, ਉਦੈ ਸਿੰਘ, ਅਨਿਕ ਸਿੰਘ, ਅਜਬ ਸਿੰਘ ਤੇ ਅਜਾਇਬ ਸਿੰਘ), ਚੌਪਾ ਸਿੰਘ (ਦੀਵਾਨ), ਆਲਮ ਸਿੰਘ 'ਨੱਚਣਾ' ਤੇ ਗੁਰਬਖ਼ਸ਼ ਸਿੰਘ (ਰਾਮ ਕੰਵਰ); ਗਿਆਰਾਂ ਸਿੱਖਾਂ ਨੇ ਖੰਡੇ ਦੀ ਪਾਹੁਲ ਲਈ। ਇਨ੍ਹਾਂ ਇੱਕੀਆਂ ਤੋਂ ਮਗਰੋਂ ਰਾਇ ਸਿੰਘ ਮੁਲਤਾਨੀ, ਗੁਰਬਖ਼ਸ਼ ਸਿੰਘ, ਗੁਰਬਖ਼ਸ਼ੀਸ਼ ਸਿੰਘ, ਕਿਰਪਾ ਸਿੰਘ ਦੱਤ (ਕਿਰਪਾ ਰਾਮ), ਸਨਮੁਖ ਸਿੰਘ ਦੱਤ (ਭਰਾ ਕਿਰਪਾ ਰਾਮ), ਗੁਰਮੁਖ ਸਿੰਘ (ਪਿਤਾ ਭਾਈ ਕਿਰਪਾ ਰਾਮ), ਸੁਬੇਗ ਸਿੰਘ; ਅਮਰੀਕ ਸਿੰਘ, ਦਯਾ ਸਿੰਘ ਪੁਰੋਹਤ, ਬਰਨ ਸਿੰਘ, ਅਣੀ ਸਿੰਘ, ਲਾਲ ਸਿੰਘ ਪਿਸ਼ੌਰੀਆ, ਰੂਪ ਸਿੰਘ, ਸੋਢੀ ਦੀਪ ਸਿੰਘ, ਸੋਢੀ ਨੰਦ ਸਿੰਘ, ਨਾਨੂੰ ਸਿੰਘ ਦਿਲਵਾਲੀ, ਸਰਹੰਦ ਦੇ ਹਜ਼ਾਰੀ ਸਿੰਘ, ਭੰਡਾਰੀ ਸਿੰਘ ਤੇ ਦਰਬਾਰੀ ਸਿੰਘ ਵਗ਼ੈਰਾ ਨੇ ਖੰਡੇ ਦੀ ਪਾਹੁਲ ਲਈ। ਇਨ੍ਹਾਂ ਸਾਰੇ 45 ਸਿੱਖਾਂ ਨੂੰ ਪਾਹੁਲ 'ਪੰਜ ਪਿਆਰਿਆਂ' ਨੇ ਆਪ ਦਿੱਤੀ ਸੀ।

ਇਸ ਮਗਰੋਂ ਅਗਲੇ ਦਿਨ ਇਨ੍ਹਾਂ 50 ਵਿਚੋਂ ਪੰਜ-ਪੰਜ ਸਿੰਘਾਂ ਦੇ ਕਈ ਜਥੇ ਬਣਾ ਦਿੱਤੇ ਗਏ ਜੋ ਹਜ਼ਾਰਾਂ ਸਿੱਖਾਂ ਨੂੰ ਪਾਹੁਲ ਦੇਣ ਲੱਗ ਪਏ। ਇੰਞ ਲਗਾਤਾਰ ਕਈ ਦਿਨ ਖੰਡੇ ਦੀ ਪਾਹੁਲ ਦੇਣ 'ਚ ਬੀਤ ਗਏ ਤੇ ਕਈ ਹਜ਼ਾਰ ਸਿੱਖਾਂ ਨੇ ਖੰਡੇ ਦੀ ਪਾਹੁਲ ਹਾਸਿਲ ਕੀਤੀ। (ਇਸ ਤੋਂ ਸਾਬਿਤ ਹੁੰਦਾ ਹੈ ਕਿ ਇਸ ਮੌਕੇ 'ਤੇ ਅਨੰਦਪੁਰ ਸਾਹਿਬ ਵਿਚ 20 ਹਜ਼ਾਰ ਤੋਂ ਵਧ ਸਿੱਖ, ਬੀਬੀਆਂ ਤੇ ਬੱਚੇ ਪਹੁੰਚੇ ਹੋਏ ਸਨ। ਇਕ ਲੇਖਕ ਨੇ 80 ਹਜ਼ਾਰ ਦੀ ਗਿਣਤੀ ਦਿੱਤੀ ਹੈ ਜੋ ਸਹੀ ਨਹੀਂ ਹੈ)।

### *ਪੰਜ ਪਿਆਰਿਆਂ ਹੱਥੋਂ ਗੁਰੂ ਜੀ ਵੱਲੋਂ ਪਾਹੁਲ ਲੈਣ ਦੀ ਕਹਾਣੀ*

ਨਿਰਮਲੇ ਲੇਖਕ ਭਾਈ ਵੀਰ ਸਿੰਘ ਨੇ ਸਨ 1911 ਵਿਚ ਇਕ ਨਵੀਂ ਗੱਪ ਸਿੱਖ ਤਵਾਰੀਖ਼ ਵਿਚ ਸ਼ਾਮਿਲ ਕਰ ਦਿੱਤੀ ਸੀ ਕਿ 'ਪੰਜ ਪਿਆਰਿਆਂ' ਨੂੰ 'ਖੰਡੇ ਪਾਹੁਲ' ਦੇਣ ਮਗਰੋਂ ਗੁਰੂ ਗੋਬਿੰਦ ਸਿੰਘ ਖ਼ੁਦ ਉਨ੍ਹਾਂ ਅੱਗੇ ਖੜੇ ਹੋ ਗਏ ਅਤੇ ਆਪ 'ਖੰਡੇ ਦੀ ਪਾਹੁਲ' ਦੀ ਮੰਗ ਕੀਤੀ ਸੀ। ਇਹ ਗੱਪ ਸਭ ਤੋਂ ਪਹਿਲਾਂ ਭਾਈ ਵੀਰ ਸਿੰਘ ਨੇ, ਗੁਰਦਾਸ ਸਿੰਘ ਦੇ ਨਾਂ ਹੇਠ ਲਿਖੀ ਇਕ ਨਿਰਮਲੇ ਲੇਖਕ ਦੀ 28 ਪਉੜੀਆਂ ਦੀ ਵਾਰ ਦੀ ਸੰਪਾਦਨਾ ਵਿਚ ਲਿਖੀ ਸੀ। (ਇਹ ਵਾਰ ਇਸ ਦੀ ਅੰਦਰੂਨੀ ਗਵਾਹੀ ਮੁਤਾਬਿਕ ਸਨ 1787 ਤੋਂ ਮਗਰੋਂ ਦੀ ਰਚਨਾ ਹੈ ਜਿਸ ਨੂੰ ਭਾਈ ਵੀਰ ਸਿੰਘ ਨੇ 41ਵੀਂ ਵਾਰ ਦਾ ਨਾਂ ਦਿੱਤਾ ਹੈ। ਇਹ ਉਸੇ ਨਿਰਮਲੇ ਟੋਲੇ ਵਾਲਿਆਂ ਦੇ ਇਕ ਸਾਥੀ ਨੇ ਲਿਖੀ ਸੀ ਜਿਸ ਨੇ ਅਖੌਤੀ 'ਦਸਮਗ੍ਰੰਥ' ਦੀਆਂ ਕਈ ਕਵਿਤਾਵਾਂ ਲਿਖੀਆਂ ਸਨ)

ਇਸ ਵਾਰ ਵਿਚ ਇਕ ਲਾਈਨ ਆਉਂਦੀ ਹੈ 'ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ'; ਹਾਲਾਂ ਕਿ ਇਸ ਲਾਈਨ ਦਾ ਮਤਲਬ ਹਰਗਿਜ਼ ਇਹ ਨਹੀਂ ਨਿਕਲਦਾ ਕਿ ਗੁਰੂ ਜੀ ਨੇ ਆਪਣੇ 'ਚੇਲਿਆਂ', ਯਾਨਿ 'ਪੰਜ ਪਿਆਰਿਆਂ' ਤੋਂ ਖੰਡੇ ਦੀ ਪਾਹੁਲ ਲਈ ਸੀ ਤੇ ਇਸ ਕਰ ਕੇ ਉਹ 'ਗੁਰੂ ਵੀ ਤੇ ਚੇਲਾ ਵੀ' ਬਣੇ ਸਨ; ਅਤੇ ਨਾ ਹੀ ਉਸ 'ਵਾਰ' ਵਿਚ ਕਿਸੇ ਜਗ੍ਹਾ ਗੁਰੂ ਜੀ ਵੱਲੋਂ ਖ਼ੁਦ ਪਾਹੁਲ ਲੈਣ ਦਾ ਜ਼ਿਕਰ ਜਾਂ ਜ਼ਰਾ ਮਾਸਾ ਇਸ਼ਾਰਾ ਵੀ ਆਉਂਦਾ ਹੈ। ਇਹ ਉਹੀ ਵਾਰ/ਕਵਿਤਾ ਹੈ ਜਿਸ ਵਿਚ ਆਉਂਦਾ ਹੈ 'ਗੁਰ ਦਾਸ ਮਨਾਈ ਕਾਲਕਾ ਖੰਡੇ ਕੀ ਵੇਲਾ'। ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ। ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ। ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।'

ਗੁਰ-ਚੇਲਾ ਲਫ਼ਜ਼ ਗੁਰੂ ਗ੍ਰੰਥ ਸਾਹਿਬ ਵਿਚ, ਰਾਗ ਸੂਹੀ ਵਿਚ, ਸਫ਼ਾ 731 'ਤੇ ਆਉਂਦਾ ਹੈ 'ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ, ਹਮ ਵੇਚਿਓ ਸਿਰੁ ਗੁਰ ਕੇ॥ ਜਨ ਨਾਨਕ ਨਾਮੁ ਪਰਿਓ ਗੁਰ ਚੇਲਾ, ਗੁਰ ਰਾਖਹੁ ਲਾਜ ਜਨ ਕੇ॥' (ਜਿਸ ਦਾ ਮਾਅਨਾ ਹੈ: 'ਗੁਰੂ ਹੀ ਮੇਰੀ ਜਾਤਿ ਹੈ, ਗੁਰੂ ਹੀ ਮੇਰੀ ਇੱਜ਼ਤ ਹੈ; ਮੈਂ ਆਪਣਾ ਸਿਰ ਗੁਰੂ ਪਾਸ ਵੇਚ ਦਿੱਤਾ ਹੈ; ਮੇਰਾ ਸਿਰ ਗੁਰੂ ਦੇ ਹਵਾਲੇ ਹੈ; ਹੁਣ ਮੇਰਾ ਨਾਂ 'ਗੁਰੂ ਦਾ ਚੇਲਾ' ਪੈ ਗਿਆ ਹੈ, ਗੁਰੂ ਜੀ ਹੁਣ ਤੁਸੀਂ ਹੀ ਆਪਣੇ ਸੇਵਕ ਦੀ ਇੱਜ਼ਤ ਰਖੋ ਤੇ ਰੱਬ ਦਾ ਨਾਂ ਜਪਾਈ ਰੱਖੋ)।

ਖੰਡੇ ਦੀ ਪਾਹੁਲ ਦੀ ਰਸਮ ਸ਼ੁਰੂ ਕਰਨ ਦਾ ਅਸਲ ਬਿਆਨ 'ਗੁਰੂ ਕੀਆਂ ਸਾਖੀਆਂ' ਦੀ 59ਵੀਂ ਸਾਖੀ ਵਿਚ ਮਿਲਦਾ ਹੈ ਕਿ: 'ਗੁਰੂ ਸਾਹਿਬ ਨੇ ਖੰਡੇ ਦੇ ਪਿਪਲੇ 'ਤੇ ਅੰਮ੍ਰਿਤ ਪਾਇ ਪਾਇ ਪਾਂਚ ਦਫ਼ਾ ਦੇ ਕਰ ਆਪਣੇ ਮੂੰਹ ਮੇਂ ਚੁਆਇ, ਪਾਂਚ ਹੀ ਬਾਰ ਵਾਹ ਗੁਰੂ ਜੀ ਦੀ ਫ਼ਤੇ ਗਜਾਈ'; ਅਤੇ ਫਿਰ ਪੰਜਾਂ ਪਿਆਰਿਆਂ ਨੂੰ ਇਹ ਪਾਹੁਲ ਦਿੱਤੀ। (ਖੰਡੇ ਦੀ ਪਾਹੁਲ ਗੁਰੂ ਸਾਹਿਬ ਨੇ ਇਕੱਲਿਆਂ ਤਿਆਰ ਕੀਤੀ ਸੀ, ਉਨ੍ਹਾਂ ਨਾਲ ਚਾਰ ਹੋਰ ਜਣੇ ਨਹੀਂ ਸਨ)।

ਉਂਞ ਅਸੂਲੀ ਤੌਰ 'ਤੇ ਵੀ ਵੇਖਿਆ ਜਾਵੇ ਤਾਂ ਪੰਜ ਪਿਆਰਿਆਂ ਨੂੰ ਪਾਹੁਲ ਦੇ ਕੇ ਫਿਰ ਉਨ੍ਹਾਂ ਤੋਂ ਪਾਹੁਲ ਲੈਣਾ ਬੇਦਲੀਲੀ ਗੱਲ ਜਾਪਦੀ ਹੈ। ਇਸ ਦਾ ਮਤਲਬ ਇਹ ਨਿਕਲਦਾ ਹੈ ਕਿ ਪਾਹੁਲ ਦੇਣ ਵੇਲੇ ਗੁਰੂ ਸਾਹਿਬ ਆਪ ਤਾਂ ਅਜੇ ਪਾਹੁਲੀਏ ਨਹੀਂ ਸਨ (ਯਾਨਿ, ਇਸ ਕਹਾਣੀ ਮੁਤਾਬਿਕ ਉਹ ਇਕ ਤਰ੍ਹਾਂ ਨਾਲ 'ਬੇਅੰਮ੍ਰਿਤੀਏ' ਹੀ ਸਨ)। ਇਸ ਹਿਸਾਬ ਨਾਲ ਤਾਂ ਪੰਜ ਪਿਆਰਿਆਂ ਨੇ ਇਕ 'ਬੇਅੰਮ੍ਰਿਤੀਏ' ਪਾਸੋਂ ਪਾਹੁਲ ਲਈ ਸੀ। ਪਰ ਇਹ ਸਹੀ ਨਹੀਂ। ਗੁਰੂ ਸਾਹਿਬ ਨੇ ਪਹਿਲਾਂ ਆਪਣੇ ਮੂੰਹ ਵਿਚ ਪਾਹੁਲ ਦੀਆਂ ਪੰਜ ਬੂੰਦਾਂ ਪਾਈਆਂ ਸਨ ਤੇ ਪਹਿਲਾਂ ਆਪ 'ਪਾਹੁਲੀਏ' ਬਣੇ ਸਨ, ਖ਼ੁਦ ਪਾਹੁਲ ਲੈਣ ਮਗਰੋਂ ਉਨ੍ਹਾਂ ਨੇ ਪੰਜ ਸਿੰਘਾਂ ਨੂੰ ਪਾਹੁਲ ਦਿੱਤੀ ਸੀ।

'ਸੀਸ ਭੇਟ ਕੌਤਕ' ਅਤੇ 'ਖੰਡੇ ਦੀ ਪਾਹੁਲ' ਦੇਣ ਦੀਆਂ ਘਟਨਾਵਾਂ (ਜਿਨ੍ਹਾਂ ਵਿਚ 'ਖਾਲਸਾ ਸਾਜਣ' ਦੀ ਕੋਈ ਗੱਲ ਨਹੀਂ ਸੀ) ਦਾ ਜ਼ਿਕਰ ਸਿੱਖ ਤਵਾਰੀਖ਼ ਦੇ ਉਸੇ ਕਾਲ ਵਿਚ (ਸਨ 1711 ਵਿਚ) ਲਿਖੀ ਕਿਤਾਬ 'ਗੁਰ ਸੋਭਾ' (ਲੇਖਕ ਕਵੀ ਸੈਨਾਪਤੀ) ਵਿਚ ਅਤੇ ਭੱਟ ਵਹੀਆਂ ਵਿਚ ਸਾਫ਼ ਲਿਖਿਆ ਮਿਲ ਜਾਂਦਾ ਹੈ:

***ਗੁਰ ਸੋਭਾ ਵਿਚੋਂ:***

ਚੇਤ ਮਾਸ ਬੀਤਿ''ਸਕਲ ਮੇਲ ਭਯੋ ਅਪਾਰ।
ਬੈਸਾਖੀ ਕੈ ਦਰਸ ਪੈ ਸਤਿਗੁਰ ਕ੍ਰਿਯੋ ਬਿਚਾਰ॥ (5:2॥118)।
ਸੰਗਤ ਦਰਸਨ ਕਰਤੁ ਸਬ ਨਗਰ ਬਿਸਥਾਰ।
ਹੁਐ ਦਇਆਲ ਦਰਸਨ ਦੀਯੋ ਕਰਨਹਾਰ ਕਰਤਾਰ॥ (3॥119)
ਗੋਬਿੰਦ ਸਿੰਘ ਕਰੀ ਖੁਸੀ ਸੰਗਤਿ ਕਰੀ ਨਿਹਾਲ।
ਕੀਓ ਪ੍ਰਗਟ ਤਬ ਖਾਲਸਾ ਚੁਕਿ'' ਸਗਲ ਜੰਜਾਲ॥4॥120॥
ਸਬ ਸਮੂਹ ਸੰਗਤਿ ਮਿਲੀ ਸੁਭ ਸਤਿਲੁਦ੍ਰ ਕੇ ਤੀਰ।
ਕੇਤਕ ਸੁਨ ਭਏ ਖਾਲਸਾ ਕੇਤਕ ਭਏ ਅਧੀਰ॥5॥121॥

ਕਵੀ ਸੈਨਾਪਤੀ ਮੁਤਾਬਿਕ ਗੁਰੂ ਜੀ ਨੇ ਸਿੱਖ ਨੂੰ ਖਾਲਸਾ ਬਣਾ ਕੇ ਮਸੰਦਾਂ ਦੀ ਵਿਚੋਲਗਿਰੀ ਖ਼ਤਮ ਕੀਤੀ ਸੀ; ਕੋਈ ਨਵਾਂ ਪੰਥ ਨਹੀਂ ਸਾਜਿਆ:

ਤਜ ਮਸੰਦ ਪ੍ਰਭ ਏਕ ਜਪ ਯਹ ਬਿਬੇਕ ਤਹਾਂ ਕੀਨ।
ਸਤਿਗੁਰ ਸੋ ਸੇਵਕ ਮਿਲੇ ਨੀਰ ਮਹਿ ਜੋ ਮੀਨ॥6॥122॥
ਕਰਨਹਾਰ ਕਰਤਾਰ ਹੁਕਮ ਕਰਤੇ ਕੀਆ।
ਕਰ ਮਸੰਦ ਸਭਿ ਦੂਰ, ਖਾਲਸਾ ਕਰ ਲੀਆ॥32॥148॥
ਸਿਮਰਤ ਨਾਮ ਪੁਨੀਤ ਟੂਟਤ ਫੰਦ ਹੈ।
ਭਏ ਖਾਲਸਾ ਸੋਇ ਛੋਡਿ ਮਸੰਦ ਹੈ॥46॥162॥
ਖੰਡੇ ਕੀ ਪਾਹਿਲ ਦਈ ਕਰਨਹਾਰ ਪ੍ਰਭ ਸੋਈ।
ਕੀਓ ਦਸੋਂ ਦਿਸ ਖਾਲਸਾ ਤਾਂ ਬਿਨ ਅਵਰ ਨਾ ਕੋਈ॥33॥149॥

ਸੋ, ਗੁਰੂ ਜੀ ਨੇ ਕੋਈ 'ਖਾਲਸਾ ਪੰਥ' ਜਾਂ ਨਵਾਂ ਪੰਥ ਨਹੀਂ ਸਾਜਿਆ ਸੀ; ਉਨ੍ਹਾਂ ਨੇ ਤਾਂ ਸਿੱਖਾਂ ਨੂੰ 'ਆਪਣਾ ਖਾਲਸਾ' (ਸਿੱਧਾ ਖ਼ੁਦ ਨਾਲ ਸਬੰਧਤ) ਐਲਾਨਿਆ ਸੀ। ਬਹੁਤੇ ਸਿੱਖ ਲੇਖਕ (ਸਾਰੇ ਨਹੀਂ) ਮੱਖੀ 'ਤੇ ਮੱਖੀ ਮਾਰਨ ਵਾਲੀ ਚਾਲ ਵਿਚ 'ਖਾਲਸਾ ਦੀ ਸਿਰਜਣਾ' ਦਾ ਰੌਲਾ ਪਾਈ ਜਾ ਰਹੇ ਹਨ।

# ਰਾਜਪਾਲਾਂ ਲਈ ਬਿੱਲਾਂ ਬਾਰੇ ਸਮਾਂ-ਸੀਮਾ ਨਿਰਧਾਰਨ ਦਾ ਇਤਿਹਾਸਕ ਫੈਸਲਾ

ਮੰਗਲਵਾਰ ਨੂੰ ਸੁਪਰੀਮ ਕੋਰਟ ਨੇ ਰਾਜਪਾਲਾਂ ਵਲੋਂ ਵਿਧਾਨ ਪ੍ਰੀਸ਼ਦਾਂ ਰਾਹੀਂ ਪਾਸ ਕੀਤੇ ਗਏ ਮਨਜ਼ੂਰੀ ਲਈ ਭੇਜੇ ਬਿੱਲਾਂ ਬਾਰੇ ਸਮਾਂ-ਸੀਮਾ ਨਿਰਧਾਰਨ ਕਰਨ ਦਾ ਇਤਿਹਾਸਕ ਫੈਸਲਾ ਕੀਤਾ ਹੈ।

8 ਅਪ੍ਰੈਲ ਨੂੰ ਜਸਟਿਸ ਜੇ.ਬੀ. ਪਾਰਦੀਵਾਲਾ ਦੀ ਅਗਵਾਈ ਵਾਲੇ ਸੰਵਿਧਾਨਕ ਬੈਂਚ ਨੇ ਇਹ ਫੈਸਲਾ ਤਾਮਿਲਨਾਡੂ ਦੀ ਡੀ.ਐਮ.ਕੇ. ਦੀ ਐਮ.ਕੇ. ਸਟਾਲਿਨ ਦੀ ਅਗਵਾਈ ਵਾਲੀ ਸਰਕਾਰ ਬਨਾਮ ਰਾਜਪਾਲ ਆਰ.ਐਨ. ਰਵੀ ਬਾਰੇ ਕੀਤਾ ਹੈ। ਇਸ ਤਹਿਤ ਰਾਜਪਾਲ ਦੁਆਰਾ ਰਾਸ਼ਟਰਪਤੀ ਦੇ ਵਿਚਾਰ ਹਿਤ ਰੋਕੇ/ਰਾਖਵੇਂ ਰੱਖੇ ਗਏ 10 ਬਿੱਲਾਂ ਨੂੰ ਉਨ੍ਹਾਂ ਦੇ ਪਾਸ ਕੀਤੇ ਜਾਣ ਦੀ ਮਿਤੀ ਤੋਂ ਮਨਜ਼ੂਰ ਸਮਝੇ



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਜਾਣ ਦੀ ਰੂਲਿੰਗ ਦੇ ਕੇ ਸਟਾਲਿਨ ਸਰਕਾਰ ਨੂੰ ਇਕ ਵੱਡੀ ਜਿੱਤ ਪ੍ਰਦਾਨ ਕੀਤੀ ਹੈ।

ਪਰ ਇਸ ਫੈਸਲੇ ਦਾ ਸਭ ਤੋਂ ਮਹੱਤਵਪੂਰਨ, ਇਤਿਹਾਸਕ ਅਤੇ ਨਿਆਂ-ਪ੍ਰਣਾਲੀ 'ਚ ਮੀਲ-ਪੱਥਰ ਸਾਬਤ ਹੋਣ ਵਾਲਾ ਪਹਿਲੂ ਸੰਵਿਧਾਨ ਦੇ ਆਰਟੀਕਲ 200 ਦੇ ਉਸ 'ਗਰੇਅ ਏਰੀਆ' (ਅਸਪੱਸ਼ਟ ਪੱਖ) ਨੂੰ ਪਹਿਲੀ ਵਾਰ ਉਜਾਗਰ ਕਰਨਾ ਹੈ ਜਿਸ ਤਹਿਤ ਰਾਜਪਾਲ, ਖਾਸ ਕਰਕੇ ਵਿਰੋਧੀ ਪਾਰਟੀਆਂ ਦੁਆਰਾ ਸੰਚਾਲਿਤ ਰਾਜ ਸਰਕਾਰਾਂ ਵਾਲੇ ਪ੍ਰਾਂਤਾਂ ਦੇ ਰਾਜਪਾਲ, ਬਿੱਲਾਂ ਨੂੰ ਰੋਕੀ ਰੱਖਣ ਦੀ ਖੇਡ ਖੇਡ ਕੇ ਜਾਂ ਤਾਂ ਆਪਣੇ ਕੇਂਦਰ ਦੇ ਆਕਾਵਾਂ ਨੂੰ ਪ੍ਰਸੰਨ ਕਰਦੇ ਹਨ ਤੇ ਜਾਂ ਆਪਣੇ-ਆਪ ਨੂੰ ਮਹਿਜ਼ ਇਕ 'ਰਬੜ ਦੀ ਮੋਹਰ' ਦੀ ਬਜਾਏ ਸ਼ਕਤੀਸ਼ਾਲੀ ਸੱਤਾਵਾਨ ਪ੍ਰਾਂਤਕ ਮੁਖੀ ਹੋਣ ਦਾ ਅਹਿਸਾਸ ਕਰਵਾਉਣਾ ਚਾਹੁੰਦੇ ਹਨ।

ਆਰਟੀਕਲ 200 ਰਾਜਪਾਲ ਦੁਆਰਾ ਬਿੱਲ ਨੂੰ 'ਜਿੰਨੀ ਜਲਦੀ ਸੰਭਵ ਹੋ ਸਕੇ' ਓਨੀ ਜਲਦੀ ਮਨਜ਼ੂਰੀ ਦੇਣ ਦੀ ਗੱਲ ਕਰਦਾ ਹੈ। ਪਰ ਇਹ ਵਾਕ-ਅੰਸ਼ ਇਕ 'ਗਰੇਅ ਏਰੀਆ' (ਅਸਪੱਸ਼ਟ ਪੱਖ) ਹੈ, ਜਿਸ ਨੂੰ ਸੁਪਰੀਮ ਕੋਰਟ ਨੇ ਪਹਿਲੀ ਵਾਰ ਸਪੱਸ਼ਟ ਕੀਤਾ ਹੈ! ਇਸ ਆਰਟੀਕਲ ਤਹਿਤ ਰਾਜਪਾਲ ਕੋਲ ਇਸ ਬਾਰੇ ਚੋਣ ਕਰਨ ਦੇ 4 ਇਖਤਿਆਰ (ਆਪਸ਼ਨਜ਼) ਹਨ- 1. ਬਿੱਲ ਨੂੰ ਮਨਜ਼ੂਰੀ ਦੇਣਾ; 2. ਮਨਜ਼ੂਰੀ ਰੋਕਣਾ; 3. ਰਾਸ਼ਟਰਪਤੀ ਦੇ ਵਿਚਾਰ 'ਚ ਲਿਆਉਣ ਖਾਤਰ ਇਸ ਨੂੰ ਰੋਕਣਾ/ਰਾਖਵਾਂ ਰੱਖਣਾ ਅਤੇ 4. ਬਿੱਲ ਨੂੰ ਵਿਧਾਨ ਪ੍ਰੀਸ਼ਦ ਵਲੋਂ ਪੁਨਰ-ਵਿਚਾਰ ਹਿਤ ਵਾਪਿਸ ਭੇਜਣਾ।

ਜਸਟਿਸ ਜੇ.ਬੀ. ਪਾਰਦੀਵਾਲਾ ਦੀ ਅਗਵਾਈ ਵਾਲੇ ਬੈਂਚ, ਜਿਸ ਵਿਚ ਜਸਟਿਸ ਆਰ. ਮਹਾਦੇਵਨ ਵੀ ਸ਼ਾਮਿਲ ਸਨ, ਨੇ ਇਸ ਬਾਰੇ ਸਪੱਸ਼ਟ ਕਿਹਾ ਕਿ ਇਸ ਦਾ ਅਰਥ ਇਹ ਨਹੀਂ ਕਿ ਰਾਜਪਾਲ ਕੋਲ ਬਿੱਲ ਦੀ ਮਨਜ਼ੂਰੀ ਵਿਚ 'ਅੜਿੱਕਾ' ਡਾਹੁਣ ਜਾਂ ਉਸ ਦੀ 'ਸੰਘੀ ਘੁੱਟਣ' ਦੀ ਕੋਈ 'ਐਬਸੋਲਿਊਟ (ਨਿਰਪੇਖ) ਵੀਟੋ' ਜਾਂ 'ਪੌਕਟ ਵੀਟੋ' ਹੈ।

(ਇਨ੍ਹਾਂ ਸ਼ਕਤੀਆਂ ਦੀ ਵਰਤੋਂ ਕਰ ਕੇ ਰਾਜਪਾਲ ਵਿਧਾਨ ਪ੍ਰੀਸ਼ਦਾਂ ਦੁਆਰਾ ਪਾਸ ਕੀਤੇ ਗਏ ਬਿੱਲਾਂ ਉਪਰ ਅਨਿਸ਼ਚਿਤ ਸਮੇਂ ਲਈ 'ਬੈਠ' ਸਕਦੈ, ਜਾਣੀ ਭੇਤਭਰੀ ਚੁੱਪ ਧਾਰਨ ਕਰ ਸਕਦੈ, ਤਾਂ ਕਿ ਉਹ ਬਿੱਲ ਸਮਾਂ ਵਿਹਾਜਣ ਕਾਰਨ ਕਾਨੂੰਨ ਨਾ ਬਣ ਸਕਣ)। ਪਰ ਬੈਂਚ ਨੇ ਇਸ ਕਿਸਮ ਦੀਆਂ ਤਾਕਤਾਂ ਵਰਤਣ ਦੀ ਮਨਾਹੀ ਕੀਤੀ ਹੈ।

ਬੈਂਚ ਨੇ ਤਾਂ ਇੱਥੋਂ ਤਕ ਕਿਹੈ ਕਿ ਵਾਕ-ਅੰਸ਼ 'ਆਪਣੀ ਇਖਤਿਆਰੀ ਸ਼ਕਤੀ ਵਰਤਦਿਆਂ' ਵੀ ਮੌਲਿਕ ਰੂਪ 'ਚ 1935 ਦੇ ਭਾਰਤ ਸਰਕਾਰ ਦੇ ਐਕਟ ਦੇ ਸੈਕਸ਼ਨ 75 ਵਿਚ ਮੌਜੂਦ ਸੀ ਪਰ ਇਸ ਨੂੰ ਆਰਟੀਕਲ 200 ਘੜਦਿਆਂ ਬਾਹਰ ਕਰ ਦਿੱਤਾ ਗਿਆ ਸੀ। ਜਿਸ ਦਾ ਮਤਲਬ ਸੀ ਕਿ ਇਹ ਰਾਜਪਾਲ ਦੀਆਂ ਇਨ੍ਹਾਂ ਤਾਕਤਾਂ ਨੂੰ ਹਟਾਉਣ ਦਾ ਇਕ ਸੁਚੇਤ ਨਿਰਣਾ ਸੀ!

ਬੈਂਚ ਨੇ ਕਮਾਲ ਦੀ ਗੱਲ ਕਰਦਿਆਂ ਪਹਿਲੀ ਵਾਰ ਸਭ ਰਾਜਪਾਲਾਂ ਦੁਆਰਾ ਬਿੱਲਾਂ ਸਬੰਧੀ 1-3 ਮਹੀਨੇ ਤਕ ਦੀ ਸਮਾਂ-ਸੀਮਾ ਨਿਰਧਾਰਤ ਕਰਦਿਆਂ ਲੋਕਾਂ ਦੁਆਰਾ ਚੁਣੀ ਗਈ ਪ੍ਰਾਂਤਕ ਸਰਕਾਰ ਦਾ ਮਹੱਤਵ, ਸੰਵਿਧਾਨ ਦੀ ਸਰਬ-ਉੱਚਤਾ, ਸੰਸਦੀ ਲੋਕਤੰਤਰ ਦੀ ਸ੍ਰੇਸ਼ਟਤਾ ਅਤੇ ਸੰਘੀ ਢਾਂਚੇ ਦੀ ਮਹਿਮਾ ਨੂੰ ਪ੍ਰਧਾਨਤਾ ਦਿੱਤੀ!

ਸਮਾਂ-ਸੀਮਾ ਤੈਅ ਕਰਦਿਆਂ ਬੈਂਚ ਨੇ ਆਪਣੀ ਰੂਲਿੰਗ ਵਿਚ 4 ਗੱਲਾਂ ਉਪਰ ਜ਼ੋਰ ਦਿੱਤਾ- 1. ਜੇ ਬਿੱਲ ਮੰਤਰੀ ਮੰਡਲ ਦੀ ਸਲਾਹ ਨਾਲ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਰੋਕਿਆ ਜਾਂ ਰਾਖਵਾਂ ਰੱਖਿਆ ਗਿਐ ਤਾਂ ਇਸ ਸਬੰਧੀ ਇਕ ਮਹੀਨੇ 'ਚ ਫੈਸਲਾ ਕਰਨਾ ਹੋਵੇਗਾ; 2. ਜੇ ਇਹ ਰਾਜ ਸਰਕਾਰ ਦੀ ਸਲਾਹ ਬਿਨਾਂ ਰੋਕਿਆ ਜਾਂ ਰਾਖਵਾਂ ਰੱਖਿਆ ਗਿਐ ਤਾਂ ਤਿੰਨ ਮਹੀਨਿਆਂ 'ਚ ਫੈਸਲਾ ਲੈਣਾ ਹੋਵੇਗਾ; 3. ਜੇ ਵਿਧਾਨ ਪ੍ਰੀਸ਼ਦ ਵਲੋਂ ਪੁਨਰ ਵਿਚਾਰ ਕਰ ਕੇ ਬਿੱਲ ਦੁਬਾਰਾ ਭੇਜਿਆ ਜਾਂਦੈ ਤਾਂ ਫੈਸਲਾ ਇਕ ਮਹੀਨੇ 'ਚ ਕਰਨਾ ਹੋਵੇਗਾ ਅਤੇ 4. ਬਿੱਲ ਨੂੰ ਸਿਰਫ ਪਹਿਲੀ ਸਟੇ ਹੀ ਰਾਸ਼ਟਰਪਤੀ ਦੀ ਸਲਾਹ ਲਈ ਰਾਖਵਾਂ ਰੱਖਿਆ ਜਾ ਸਕਦੈ।

ਬੈਂਚ ਨੇ ਰਾਜਪਾਲ ਦੀ ਬਿੱਲ ਰੋਕਣ/ਰਾਖਵੇਂ ਰੱਖਣ ਦੀ ਕਾਰਵਾਈ ਨੂੰ ਗੈਰ-ਕਾਨੂੰਨੀ, ਗਲਤ, ਮਨਮਾਨੀ ਵਾਲੀ ਅਤੇ ਸੰਵਿਧਾਨਕ ਪ੍ਰਾਵਧਾਨ ਵਿਰੁੱਧ ਜਾਣ ਵਾਲੀ ਗਰਦਾਨਦਿਆਂ ਇਸ ਨੂੰ ਰੱਦ ਕਰ ਦਿੱਤਾ।

ਇਕ ਬੜੀ ਹੀ ਸਖਤ ਟਿੱਪਣੀ ਵਿਚ ਬੈਂਚ ਨੇ ਕਿਹਾ ਕਿ ਅਜਿਹਾ ਕੋਈ ਵੀ ਪ੍ਰਗਟਾਵਾਂ ਕਾਰਜ, ਜੋ ਲੋਕ-ਇੱਛਾ ਦੇ ਉਲਟ ਜਾਂਦਾ ਹੋਵੇ, ਉਹ ਸੰਵਿਧਾਨਕ ਸਹੁੰ ਤੋਂ ਮੂੰਹ ਮੋੜਨ ਤੁਲ ਹੋਵੇਗਾ!

ਬੈਂਚ ਨੇ ਯਾਦ ਕਰਵਾਇਆ ਕਿ 'ਮਹਾਮਹਿਮ' (ਭਾਵ ਤਾਮਿਲਨਾਡੂ ਦਾ ਰਾਜਪਾਲ) ਕੇਂਦਰ ਦਾ ਏਜੰਟ ਨਹੀਂ ਸਗੋਂ ਸੰਵਿਧਾਨਕ ਸਹੁੰ ਤਹਿਤ ਇਕ ਜਨਤਕ ਅਹੁਦੇਦਾਰ ਹੁੰਦੈ। ਉਸ ਨੂੰ ਰਾਜ ਦੇ 'ਦੋਸਤ, ਫਿਲਾਸਫਰ ਅਤੇ ਗਾਈਡ' ਵਜੋਂ ਵਿਚਰਨਾ ਚਾਹੀਦੈ।

ਇਸ ਨਾਮੀ ਫੈਸਲੇ ਨੇ ਆਰਟੀਕਲ 200 ਵਿਚਲੀ ਸੰਵਿਧਾਨਕ ਸੰਦੇਹ-ਅਰਥਤਾ/ਸ਼ੱਕ ਨੂੰ ਦੂਰ ਕਰ ਦਿੱਤੈ।

ਬੈਂਚ ਨੇ ਕਿਹਾ, ''ਭਾਵੇਂ ਇਸ ਅਨੁਛੇਦ ਵਿਚ ਕੋਈ ਤੈਅਸ਼ੁਦਾ ਸਮਾਂ-ਸੀਮਾ ਨਹੀਂ ਹੈ, ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਗਵਰਨਰ ਉਨ੍ਹਾਂ ਬਿੱਲਾਂ, ਜੋ ਉਸ ਦੀ ਮਨਜ਼ੂਰੀ ਲਈ ਭੇਜੇ ਜਾਂਦੇ ਹਨ, ਬਾਰੇ ਕੋਈ ਫੈਸਲਾ ਹੀ ਨਾ ਲਵੇ, ਅਨਿਸ਼ਚਿਤ ਸਮੇਂ ਲਈ ਦੇਰੀ ਕਰੀ ਜਾਵੇ ਅਤੇ ਰਾਜ ਦੀ ਕਾਨੂੰਨ-ਘੜਨ ਵਾਲੀ ਮਸ਼ੀਨਰੀ ਅੱਗੇ ਅੜਿੱਕੇ ਡਾਹੀ ਜਾਵੇ। ਰਾਜਪਾਲਾਂ ਨੂੰ ਇਸ ਗੱਲ ਪ੍ਰਤੀ ਸੁਚੇਤ ਹੋਣਾ ਪਵੇਗਾ ਕਿ ਉਹ ਰਾਜਾਂ ਦੀਆਂ ਵਿਧਾਨ ਪ੍ਰੀਸ਼ਦਾਂ ਦੀ ਸੰਘੀ ਨਾ ਨੱਪਣ ਤੇ ਨਾ ਹੀ ਅੜਿੱਕੇ ਡਾਹੁਣ, ਜੋ ਲੋਕਾਂ ਦੀ ਇੱਛਾ ਅੱਗੇ ਰੋਕਾਂ ਖੜ੍ਹੀਆਂ ਕਰਨ ਜਾਂ ਉਨ੍ਹਾਂ ਅੱਗੇ ਆਢਾ ਲਾਉਣ। ਵਿਧਾਨ ਪ੍ਰੀਸ਼ਦਾਂ ਦੇ ਮੈਂਬਰ, ਜੋ ਕਿ ਇਕ ਲੋਕਤੰਤਰਿਕ ਵਿਧੀ ਰਾਹੀਂ ਚੁਣੇ ਜਾਂਦੇ ਹਨ, ਲੋਕਾਂ ਦੇ ਭਲੇ ਹਿਤ ਕਾਰਜਾਂ ਦੀ ਨਬਜ਼ ਵਧੇਰੇ ਪਹਿਚਾਨਦੇ ਹਨ''। ਬੈਂਚ ਨੇ ਇਹ ਵੀ ਕਿਹਾ ਕਿ ਇਕ ਰਾਜਪਾਲ ਦਾ ਕਾਰਜ 'ਜੁਡੀਸ਼ੀਅਲ ਰੀਵਿਊ' (ਨਿਆਂਇਕ ਸਮੀਖਿਆ) ਤੋਂ ਬਾਹਰ ਨਹੀਂ ਹੈ।

ਬੈਂਚ ਨੇ ਤਾਮਿਲਨਾਡੂ ਦੇ ਰਾਜਪਾਲ ਆਰ.ਐਨ. ਰਵੀ ਦੁਆਰਾ ਰੋਕੇ/ਰਾਖਵੇਂ ਰੱਖੇ ਗਏ ਐਮ.ਕੇ. ਸਟਾਲਿਨ ਸਰਕਾਰ ਵਲੋਂ ਪਾਸ ਕੀਤੇ ਗਏ ਉਨ੍ਹਾਂ 10 ਬਿੱਲਾਂ ਨੂੰ ਮਨਜ਼ੂਰ ਕੀਤੇ ਗਏ ਸਮਝਿਆ ਜਾਣ ਦੀ ਹਦਾਇਤ ਕੀਤੀ ਅਤੇ ਇਸ ਲਈ ਆਰਟੀਕਲ 142 ਤਹਿਤ ਸੰਵਿਧਾਨ ਵਲੋਂ ਸੁਪਰੀਮ ਕੋਰਟ ਨੂੰ ਦਿੱਤੇ 'ਪੂਰਨ ਨਿਆਂ ਕਰਨ' ਦੇ ਵਿਸ਼ੇਸ਼ ਅਧਿਕਾਰ ਦੀ ਵਰਤੋਂ ਕੀਤੀ! ਇਨ੍ਹਾਂ ਬਿੱਲਾਂ 'ਚੋਂ ਇਕ ਤਾਂ ਜਨਵਰੀ 2020 ਤੋਂ ਰੋਕਿਆ ਗਿਆ ਸੀ! ਇਸ ਕਾਰਨ ਰਾਜ ਸਰਕਾਰ ਦੁਆਰਾ ਵਿਸ਼ਵ-ਵਿਦਿਆਲਿਆਂ ਦੇ ਉਪ-ਕੁਲਪਤੀ ਲਗਾਉਣ ਦੀ ਪ੍ਰਕਿਰਿਆ 'ਚ ਰੁਕਾਵਟ ਆਈ ਹੋਈ ਸੀ। ਉਪ-ਕੁਲਪਤੀ ਲਗਾਉਣ ਵੇਲੇ ਰੇੜਕਾ ਅਕਸਰ ਤਾਂ ਪੈਦਾ ਹੁੰਦੈ ਕਿਉਂਕਿ ਆਮ ਤੌਰ 'ਤੇ ਰਾਜਪਾਲ ਪ੍ਰਾਂਤ ਦੀਆਂ ਯੂਨੀਵਰਸਿਟੀਆਂ ਦੇ ਚਾਂਸਲਰ ਹੁੰਦੇ ਹਨ ਅਤੇ ਉਹ ਇਸ ਸਬੰਧੀ ਨਿਯੁਕਤੀ ਵੇਲੇ ਆਪਣੀ ਦਸ-ਪੁੱਛ ਲੋਚਦੇ ਹਨ। ਪਰ ਰਾਜਾਂ ਦੇ ਮੁੱਖ ਮੰਤਰੀ, ਜੋ ਚੁਣੀ ਹੋਈ ਸਰਕਾਰ ਦੇ ਮੁਖੀ ਹੋਣ ਕਾਰਨ, ਆਪਣੀ ਮਰਜ਼ੀ ਮੁਤਾਬਕ ਨਿਯੁਕਤੀਆਂ ਕਰਨੀਆਂ ਚਾਹੁੰਦੇ ਹਨ।

ਦਰਅਸਲ ਅਜਿਹਾ ਕਰ ਕੇ ਕੇਂਦਰ ਦੀ ਭਾਜਪਾ ਸਰਕਾਰ ਰਾਜਪਾਲਾਂ ਰਾਹੀਂ ਉਨ੍ਹਾਂ ਪ੍ਰਾਂਤਾਂ, ਜਿਥੇ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਹਨ, ਅੰਦਰ ਪਿਛਲੇ-ਦਰਵਾਜ਼ੇ ਰਾਹੀਂ ਆਪਣੀ ਨਵੀਂ ਸਿੱਖਿਆ ਨੀਤੀ ਠੋਸਣਾ ਚਾਹੁੰਦੀ ਹੈ। ਇਹ ਗੱਲ ਜੱਗ ਜ਼ਾਹਿਰ ਹੈ ਕਿ ਤਾਮਿਲਨਾਡੂ ਦਾ ਮੁੱਖ ਮੰਤਰੀ ਐਮ.ਕੇ. ਸਟਾਲਿਨ ਇਸ ਨੀਤੀ ਦਾ ਡਟ ਕੇ ਵਿਰੋਧ ਕਰ ਰਿਹਾ ਹੈ। ਉਸ ਨੇ ਤ੍ਰੈ-ਭਾਸ਼ੀ ਫਾਰਮੂਲੇ, ਜਿਸ ਤਹਿਤ ਹਿੰਦੀ ਪ੍ਰਾਂਤਾਂ 'ਚ ਠੋਸੀ ਜਾ ਰਹੀ ਹੈ, ਦਾ ਦ੍ਰਿੜਤਾ ਨਾਲ ਵਿਰੋਧ ਕਰਦਿਆਂ ਆਪਣੇ ਰਾਜ ਵਿਚ ਪ੍ਰਚਲਿਤ ਦੋ-ਭਾਸ਼ੀ ਫਾਰਮੂਲਾ ਹੀ ਅਪਨਾਈ ਰੱਖਿਐ, ਬੇਸ਼ਕ ਉਸ ਨੂੰ ਇਸ ਕਾਰਨ ਕੇਂਦਰ ਦੀ ਸਬੰਧਤ ਗ੍ਰਾਂਟ ਵੀ ਨਹੀਂ ਮਿਲ ਰਹੀ।

ਸਟਾਲਿਨ ਖੇਤਰੀ ਪਹਿਚਾਨ, ਇਲਾਕਾਈ ਅਭਿਲਾਸ਼ਾਵਾਂ, ਦਾਅਵਾਗਿਰੀ ਅਤੇ ਆਨ-ਬਾਨ ਦੇ ਨਾਇਕ ਵਜੋਂ ਉਭਰਿਆ ਹੈ।

ਤਾਮਿਲਨਾਡੂ ਦੇ ਮੁੱਖ ਮੰਤਰੀ ਅਤੇ ਰਾਜਪਾਲ ਦਰਮਿਆਨ ਤਣਾ-ਤਣੀ ਬਣੀ ਹੀ




ਰਹਿੰਦੀ ਹੈ। ਪਿਛਲੇ ਸਾਲ ਮਾਰਚ ਵਿਚ ਹੀ ਸੁਪਰੀਮ ਕੋਰਟ ਨੇ ਰਾਜਪਾਲ ਦੀ ਇਸ ਗੱਲੋਂ ਖਿਚਾਈ ਕੀਤੀ ਸੀ ਕਿ ਉਸ ਨੇ ਮੁੱਖ ਮੰਤਰੀ ਦੀ ਸਿਫਾਰਸ਼ ਦੇ ਬਾਵਜੂਦ ਇਕ ਬਰਖਾਸਤ ਕੀਤੇ ਮੰਤਰੀ ਨੂੰ ਮੁੜ ਅਹੁਦੇ 'ਤੇ ਬਹਾਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਸ ਕਥਿਤ 'ਦਾਗੀ' (ਟੇਂਟਿਡ) ਮੰਤਰੀ ਨੂੰ ਸਭ ਸੰਵਿਧਾਨਕ ਹੱਦ-ਬੰਨੇ ਟੱਪ ਕੇ ਬਰਖ਼ਾਸਤ ਵੀ ਰਾਜਪਾਲ ਨੇ ਹੀ ਕੀਤਾ ਸੀ!

ਜਿਸ ਕਦਰ ਬੈਂਚ ਨੇ ਤਾਮਿਲਨਾਡੂ ਦੇ ਰਾਜਪਾਲ ਦੀ ਖਿਚਾਈ ਕੀਤੀ ਹੈ ਤੇ ਉਸ ਦੁਆਰਾ ਰੋਕੇ ਗਏ 10 ਬਿੱਲਾਂ ਨੂੰ ਉਨ੍ਹਾਂ ਦੀ ਪ੍ਰਕਿਰਿਆ ਦੇ ਸਮੇਂ ਤੋਂ ਪਾਸ ਕੀਤੇ ਗਏ ਸਮਝੇ ਜਾਣ ਦਾ ਫੈਸਲਾ ਸੁਣਾਇਆ ਹੈ, ਉਸ ਉਪਰੰਤ ਤਾਂ ਰਾਜਪਾਲ ਨੂੰ ਨੈਤਿਕ ਅਧਾਰ 'ਤੇ ਹੁਣ ਤੀਕ ਆਪਣਾ ਅਸਤੀਫਾ ਦੇ ਦੇਣਾ ਚਾਹੀਦਾ ਸੀ। ਪਰ ਰਾਜਨੀਤੀ ਅਤੇ ਨੈਤਿਕਤਾ ਅੱਜ-ਕੱਲ੍ਹ ਬਹੁਤਾ ਨਾਲ-ਨਾਲ ਨਹੀਂ ਚਲਦੇ!

ਬੈਂਚ ਦੇ ਇਸ ਫੈਸਲੇ ਨੂੰ ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਕੇਂਦਰ-ਰਾਜ ਸਰਕਾਰਾਂ ਦੇ ਸਬੰਧਾਂ ਵਿਚ ਸੰਤੁਲਨ ਲਈ ਇਕ ਅਹਿਮ ਕਦਮ ਅਤੇ ਸੱਚੇ ਸੰਘੀ (ਫੈਡਰਲ) ਭਾਰਤ ਲਈ ਤਾਮਿਲਨਾਡੂ ਵੱਲੋਂ ਵਿੱਢੇ ਨਿਰੰਤਰ ਸੰਘਰਸ਼ ਦੀ ਮਹਾਨ ਜਿੱਤ ਕਰਾਰ ਦਿੱਤੈ। ਕੇਰਲਾ ਦੇ ਮੁੱਖ ਮੰਤਰੀ ਪਿਨਾਰਾਈ ਵਿਜਿਯਨ ਸਮੇਤ ਹੋਰ ਕਈ ਨੇਤਾਵਾਂ ਵਲੋਂ ਇਸ ਫੈਸਲੇ ਦੀ ਸ਼ਲਾਘਾ ਕੀਤੀ ਗਈ ਹੈ।

ਸੁਪਰੀਮ ਕੋਰਟ ਦੀ ਇਹ 'ਲੈਂਡਮਾਰਕ' ਜੱਜਮੈਂਟ ਕੇਰਲਾ, ਤਿਲੰਗਾਨਾ, ਪੱਛਮੀ ਬੰਗਾਲ, ਪੰਜਾਬ, ਛੱਤੀਸਗੜ੍ਹ ਆਦਿ ਸੂਬਿਆਂ ਸਮੇਤ ਹੋਰਨਾਂ ਰਾਜਾਂ ਲਈ ਵੀ ਫਾਇਦੇਮੰਦ ਸਾਬਤ ਹੋਵੇਗੀ। ਇਨ੍ਹਾਂ ਸੂਬਿਆਂ ਵਿਚ ਵੀ ਰਾਜ ਸਰਕਾਰਾਂ ਅਤੇ ਰਾਜਪਾਲਾਂ ਦਰਮਿਆਨ ਇੱਟ-ਖੜਿੱਕਾ ਚਲਦਾ ਰਹਿੰਦੈ। ਕੌਣ ਨਹੀਂ ਜਾਣਦਾ ਕਿ ਗਵਰਨਰ ਬਨਵਾਰੀ ਲਾਲ ਪਰੋਹਿਤ ਵੇਲੇ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ 4 ਬਿੱਲਾਂ ਨੂੰ ਰਾਜਪਾਲ ਨੇ ਰੋਕੀ ਰੱਖਿਆ ਸੀ ਅਤੇ ਰਾਜ ਸਰਕਾਰ ਨੂੰ ਸੁਪਰੀਮ ਕੋਰਟ ਦੇ ਦਰਵਾਜ਼ੇ 'ਤੇ ਇਹ ਕਹਿ ਕੇ ਦਸਤਕ ਦੇਣੀ ਪਈ ਸੀ ਕਿ ਰਾਜਪਾਲ 'ਪੰਜਾਬ ਦੇ ਲੋਕਾਂ ਦੀ ਲੋਕਤੰਤਰਿਕ-ਇੱਛਾ ਦਾ ਗਲਾ ਘੁੱਟ ਰਿਹੈ''। ਉਸ ਨੇ ਤਾਂ ਇਨ੍ਹਾਂ ਬਿੱਲਾਂ ਨੂੰ ਪਾਸ ਕਰਨ ਵਾਲੇ ਵਿਧਾਨ ਸਭਾ ਦੇ ਇਜਲਾਸ ਨੂੰ ਬੁਲਾਏ ਜਾਣ ਨੂੰ ਹੀ ਅਵੈਧ ਕਰਾਰ ਦੇ ਦਿਤਾ ਸੀ! ਪਟੀਸ਼ਨ ਦੀ ਸੁਣਵਾਈ ਸਿਖਰਲੀ ਅਦਾਲਤ ਦੇ ਤਤਕਾਲੀ ਚੀਫ ਜਸਟਿਸ ਡੀ.ਵਾਈ. ਚੰਦਰਚੂੜ ਦੀ ਅਗਵਾਈ 'ਚ ਹੋਈ ਸੀ ਅਤੇ ਉਸ ਵੇਲੇ ਦੇ ਰਾਜਪਾਲ ਨੂੰ 'ਅਣਮਿੱਥੇ ਸਮੇਂ ਲਈ ਬਿੱਲਾਂ ਉਪਰ ਬੈਠਣ' (ਭਾਵ ਰੋਕਣ) ਲਈ ਇਹ ਕਹਿ ਕੇ ਸਖਤ ਤਾੜਨਾ ਕੀਤੀ ਗਈ ਸੀ ਕਿ- ''ਤੁਸੀਂ ਅੱਗ ਨਾਲ ਖੇਡ ਰਹੇ ਹੋ''!

ਸੰਵਿਧਾਨ ਦੇ ਆਰਟੀਕਲ 168 ਤਹਿਤ ਰਾਜਪਾਲ ਪ੍ਰਾਂਤ ਦੀ ਵਿਧਾਨ ਪ੍ਰੀਸ਼ਦ ਦਾ ਭਾਗ ਹੁੰਦਾ ਹੈ। ਰਾਜ ਦੀ ਅਸੈਂਬਲੀ ਲੋਕ-ਹਿੱਤਾਂ ਲਈ ਕਾਨੂੰਨ ਬਣਾਉਣ ਦਾ ਫਰਜ਼ ਅਦਾ ਕਰਦੀ ਹੈ ਕਿਉਂਕਿ ਉਸ ਨੂੰ ਲੋਕਾਂ ਨੇ ਚੁਣਿਆ ਹੁੰਦੈ। ਇਸ ਲਈ ਰਾਜਪਾਲ ਨੂੰ ਇਹੀ ਸ਼ੋਭਾ ਦਿੰਦੈ ਕਿ ਉਹ ਵਿਧਾਨਕ ਪ੍ਰਕਿਰਿਆ ਪੂਰਨ ਕਰਨ ਅਤੇ ਲੋਕ-ਇੱਛਾ ਅਨੁਸਾਰ ਸੇਵਾ ਨਿਭਾਉਂਦਿਆਂ ਇਸ ਨੂੰ ਸੇਧ ਦੇਵੇ/ਸਹਾਇਤਾ ਕਰੇ।

ਆਖਿਰਕਾਰ ਉਹ ਹੁੰਦਾ ਤਾਂ ਇਕ ਸੰਵਿਧਾਨਕ ਮੁਖੀ ਹੀ ਹੈ ਜੋ ਆਪਣੀਆਂ ਤਾਕਤਾਂ ਨੂੰ ਮੰਤਰੀ ਮੰਡਲ ਦੇ ਫੈਸਲਿਆਂ/ਸਲਾਹ ਰਾਹੀਂ ਹੀ ਵਰਤ ਸਕਦੈ। ਹਾਂ, ਰਾਸ਼ਟਰਪਤੀ ਰਾਜ ਵੇਲੇ ਉਹ ਸਬੰਧਤ ਰਾਜ ਦਾ ਸਰਵੇ-ਸਰਵਾ ਹੁੰਦੈ। ਚੁਣੀ ਹੋਈ ਪ੍ਰਾਂਤਕ ਸਰਕਾਰ ਸਮੇਂ ਬਸ ਇਕ ਰਬੜ ਦੀ ਮੋਹਰ!

ਮੰਗਲਵਾਰ ਦੇ ਇਤਿਹਾਸਕ ਫੈਸਲੇ ਨੇ ਇਸ ਗੱਲ ਨੂੰ ਚਿੱਟੇ ਦਿਨ ਵਾਂਗ ਸਪਸ਼ਟ ਕਰ ਦਿੱਤੈ!

ਪਰ ਕੋਰਟ ਨੇ ਇਹ ਵੀ ਕਿਹਾ ਕਿ ਉਹ ਕਿਸੇ ਤਰ੍ਹਾਂ ਵੀ ਰਾਜਪਾਲ ਦੇ ਅਹੁਦੇ ਦੀ ਮਾਣ-ਘਟਾਈ (ਅੰਡਰਮਾਈਨ) ਨਹੀਂ ਕਰ ਰਹੇ। ''ਅਸੀਂ ਸਿਰਫ ਇਹ ਚਾਹੁੰਦੇ ਹਾਂ ਕਿ ਰਾਜਪਾਲ ਸੰਸਦੀ ਲੋਕਤੰਤਰ ਦੀਆਂ ਸਥਾਪਤ ਰਵਾਇਤਾਂ ਅਨੁਸਾਰ ਕੰਮ ਕਰੇ। ਉਹ ਕੋਈ ਸਿਆਸੀ ਐਕਟਰ ਨਹੀਂ ਸਗੋਂ ਇਕ 'ਦੋਸਤ, ਫਿਲਾਸਫਰ ਅਤੇ ਗਾਈਡ' ਹੈ''।

ਜੱਜਮੈਂਟ ਦੇ ਆਖਰੀ ਭਾਗ ਵਿਚ ਜਸਟਿਸ ਪਾਰਦੀਵਾਲਾ ਨੇ ਸੰਵਿਧਾਨ ਦੇ ਨਿਰਮਾਤਾ ਡਾ.ਬੀ.ਆਰ. ਅੰਬੇਦਕਰ ਦੇ ਅਨਮੋਲ ਬੋਲ ਦੁਹਰਾਏ-

''ਸੰਵਿਧਾਨ ਭਾਵੇਂ ਜਿੰਨਾ ਮਰਜ਼ੀ ਚੰਗਾ ਹੋਵੇ, ਜੇ ਇਸ ਨੂੰ ਲਾਗੂ ਕਰਨ ਵਾਲੇ ਚੰਗੇ ਨਹੀਂ ਤਾਂ ਇਹ ਮਾੜਾ ਹੀ ਸਾਬਤ ਹੋਵੇਗਾ। ਪਰ ਸੰਵਿਧਾਨ ਜਿੰਨਾ ਮਰਜ਼ੀ ਮਾੜਾ ਹੋਵੇ, ਜੇ ਇਸ ਨੂੰ ਲਾਗੂ ਕਰਨ ਵਾਲੇ ਚੰਗੇ ਹਨ ਤਾਂ ਇਹ ਚੰਗਾ ਸਾਬਤ ਹੋਵੇਗਾ''!

# ਆਲ੍ਹਣੇ

ਛੁੱਟੀ ਹੋਣ ਕਾਰਨ, ਘਰ ਦੇ ਪਿਛਲੇ ਵਿਹੜੇ ਵਿਚ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ, ਅਚਾਨਕ ਘਰਵਾਲੀ ਦੀ ਅੰਦਰੋਂ ਆਵਾਜ਼ ਆਈ, ਸੁਣੋ ਜੀ ਏ.ਸੀ. ਵਾਲੇ ਨੂੰ ਫੋਨ ਕਰ ਦਿਓ ਤੇ ਅੱਜ ਸਾਰੇ ਏਸੀਜ਼ ਦੀ ਸਰਵਿਸ ਕਰਵਾ ਲਈਏ, ਗਰਮੀ ਵਧ ਰਹੀ ਹੈ, ਤੇ ਕਦੇ ਵੀ ਏ.ਸੀ. ਚਲਾਉਣ ਦੀ ਲੋੜ ਪੈ ਸਕਦੀ ਹੈ। ਇਹ ਸੁਣਦੇ ਹੀ ਮੈਨੂੰ ਧਿਆਨ ਆਇਆ ਕਿ ਸਾਡੇ ਏ.ਸੀ. ਦੇ ਬਾਹਰ ਵਾਲੇ ਪੱਖੇ ਦੇ ਪਿੱਛੇ ਤਾਂ



**ਡਾ. ਗੁਰਜੀਤ ਸਿੰਘ ਭੱਠਲ**
**ਫੋਨ: 98142-05475**

ਘੁੱਗੀਆਂ ਨੇ ਆਲ੍ਹਣਾ ਬਣਾਇਆ ਹੋਇਆ ਹੈ, ਜੋ ਪਿਛਲੇ ਦੋ-ਢਾਈ ਮਹੀਨਿਆਂ ਤੋਂ ਉੱਥੇ ਹੈ ਅਤੇ ਮੈਂ ਘੁੱਗੀ ਵੀ ਆਲ੍ਹਣੇ ਵਿਚ ਬੈਠੀ ਦੇਖੀ ਸੀ। ਪਿਛਲੇ ਚਾਰ-ਪੰਜ ਸਾਲਾਂ ਤੋਂ ਇਹ ਜੋੜਾ ਹਰ ਸਾਲ ਸਾਡੇ ਘਰੇ ਇਸੇ ਟਿਕਾਣੇ 'ਤੇ ਆ ਕੇ ਆਲ੍ਹਣਾ ਬਣਾਉਂਦਾ ਹੈ, ਤੇ ਅਸੀਂ ਵੀ ਜਦੋਂ ਤਕ ਬੱਚੇ ਉੱਡਣ ਨਹੀਂ ਲੱਗ ਜਾਂਦੇ ਉਨ੍ਹਾਂ ਦਾ ਪੂਰਾ ਖਿਆਲ ਰੱਖਦੇ ਹਾਂ।

ਇਹ ਸੋਚਾਂ ਸੋਚਦੇ ਹੀ, ਮੈਂ ਕੁਝ ਪੁਰਾਣੇ ਖਿਆਲਾਂ ਵਿਚ ਖੋ ਗਿਆ ਅਤੇ ਆਪਣੇ ਪਿੰਡ ਵਿਚ ਗੁਜ਼ਾਰੇ ਬਚਪਨ ਬਾਰੇ ਸੋਚਣ ਲੱਗ ਪਿਆ। ਕਿਵੇਂ ਅਸੀਂ ਸਾਰੇ (ਪੂਰਾ ਕੋੜਮਾ) ਤਾਏ-ਤਾਈਆਂ, ਚਾਚੇ-ਚਾਚੀਆਂ ਅਤੇ ਉਨ੍ਹਾਂ ਦੇ ਬੱਚੇ ਇਕੱਠੇ ਰਹਿੰਦੇ ਸੀ। ਸਾਡੇ ਬਾਬੇ (ਦਾਦਾ ਜੀ) ਦਾ ਪਰਿਵਾਰ 'ਤੇ ਪੂਰਾ ਰੋਅਬ ਹੁੰਦਾ ਸੀ। ਸਾਰੇ ਬੱਚੇ ਬਾਬਾ ਜੀ ਦੇ ਖੂੰਡੇ ਤੋਂ ਡਰਦੇ ਸਨ। ਕੋਈ ਵੀ ਉਨ੍ਹਾਂ ਦੀ ਗੱਲ ਨੂੰ ਨਾਂਹ ਨਹੀਂ ਸੀ ਕਹਿੰਦਾ, ਉਨ੍ਹਾਂ ਨੇ ਪਰਿਵਾਰ ਨੂੰ ਜੋੜ ਕੇ ਵੀ ਰੱਖਿਆ ਹੋਇਆ ਸੀ। ਸਮਾਂ ਬੀਤਣ ਨਾਲ ਬਾਬਾ ਜੀ ਦਾ ਸਰੀਰ ਅਤੇ ਨਿਗ੍ਹਾ ਵੀ ਕਮਜ਼ੋਰ ਹੋ ਗਈ ਸੀ। ਬਾਪੂ ਜੀ (ਪਿਤਾ ਜੀ) ਨੇ ਸਾਡੇ ਤਿੰਨੋਂ ਭੈਣ-ਭਰਾਵਾਂ ਦੀ ਪੜ੍ਹਾਈ ਅਤੇ ਚੰਗੇ ਭਵਿੱਖ ਨੂੰ ਦੇਖਦੇ ਹੋਏ ਸਾਨੂੰ ਪਿੰਡ ਤੋਂ ਪਟਿਆਲੇ ਸ਼ਹਿਰ ਰਹਿਣ ਲਈ ਲਿਆਂਦਾ। ਪਰ ਪਿੰਡ ਨਾਲੋਂ ਮੋਹ ਨਾ ਟੁੱਟਿਆ ਅਤੇ ਪਿੰਡ ਅਕਸਰ ਹਰ ਦੁੱਖ-ਸੁੱਖ ਵਿਚ ਆਉਣਾ-ਜਾਣਾ ਲੱਗਿਆ ਰਹਿੰਦਾ ਸੀ।

ਮੈਨੂੰ ਪੜ੍ਹਾਈ ਕਾਰਨ ਘਰੋਂ ਦੂਰ ਲੌਂਗੋਵਾਲ ਹੋਸਟਲ ਵਿਚ ਜਾਣਾ ਪਿਆ, ਪੜ੍ਹਾਈ ਪੂਰੀ ਕਰਦੇ ਹੀ ਮੇਰੀ ਨੌਕਰੀ ਲੱਗ ਗਈ ਅਤੇ ਫਿਰ ਸਮੇਂ



ਨਾਲ ਵਿਆਹ। ਅਸੀਂ ਦੋਨੋਂ ਮੀਆਂ-ਬੀਵੀ ਨੌਕਰੀ ਵਿਚ ਹੋਣ ਕਾਰਨ ਆਪਣੇ ਸ਼ਹਿਰ ਵਾਲੇ ਘਰ ਤੋਂ ਹੀ ਰੋਜ਼ਾਨਾ ਡਿਊਟੀ 'ਤੇ ਆਉਣਾ-ਜਾਣਾ ਹੁੰਦਾ ਸੀ। ਘਰ ਸ਼ਹਿਰ ਦੇ ਬਿਲਕੁਲ ਵਿਚੋ-ਵਿਚ ਮੇਨ ਬਾਜ਼ਾਰ ਵਿਚ ਸੀ, ਜਿੱਥੋਂ ਰੋਜ਼ਾਨਾ ਆਉਣ-ਜਾਣ ਵਿਚ ਮੁਸ਼ਕਿਲ ਹੁੰਦੀ ਸੀ। ਬਾਪੂ ਜੀ ਅਤੇ ਘਰ ਦੇ ਬਾਕੀ ਮੈਂਬਰਾਂ ਨਾਲ ਸਲਾਹ ਕਰ ਕੇ ਮੁਸ਼ਕਿਲਾਂ ਤੋਂ ਨਿਜਾਤ ਪਾਉਣ ਲਈ ਸ਼ਹਿਰ ਦੀ ਭੀੜ-ਭਾੜ ਤੋਂ ਦੂਰ ਅਰਬਨ ਅਸਟੇਟ ਪਟਿਆਲਾ ਵਿਚ ਆਪਣਾ ਘਰ ਬਣਾ ਲਿਆ। ਪਰ ਮੋਹ ਦੀਆਂ ਤੰਦਾਂ ਹੋਰ ਵਧ ਗਈਆਂ, ਪਿੰਡ ਵੀ ਜਾਣਾ ਅਤੇ ਆਪਣੇ ਪੁਰਾਣੇ ਮੇਨ ਬਾਜ਼ਾਰ ਵਾਲੇ ਘਰੇ ਵੀ ਜਾਣਾ।

ਪਤਾ ਨਹੀਂ ਪੁਰਾਣੇ ਸਮਿਆਂ ਵਿਚ ਕਿਵੇਂ ਕਿੰਨੀਆਂ ਹੀ ਪੀੜ੍ਹੀਆਂ ਇੱਕੋ ਘਰ ਵਿਚ ਆਪਣਾ ਸਮਾਂ ਗੁਜ਼ਾਰ ਦਿੰਦੀਆਂ ਸਨ। ਪਰ ਹੁਣ ਆਵਾਜਾਈ ਅਤੇ ਸੰਚਾਰ ਦੇ ਬਿਹਤਰੀਨ ਸਾਧਨਾਂ ਦੇ ਬਾਵਜੂਦ ਵੀ ਹਰ ਇੱਕ ਨੂੰ ਆਪਣਾ ਨਵਾਂ ਆਸ਼ੀਆਨਾ ਚਾਹੀਦਾ ਹੈ। ਪਿੰਡ ਵਿਚ ਵੀ ਹੁਣ ਹਰ ਘਰ ਵਿਚ ਵੰਡੀਆਂ ਪੈ ਗਈਆਂ ਹਨ। ਅੱਜ ਦੇ ਦੌਰ ਵਿਚ ਹਰ ਇੱਕ ਬੰਦਾ ਆਪਣੀ ਜ਼ਿੰਦਗੀ ਵਿਚ ਤਿੰਨ ਜਾਂ ਚਾਰ ਘਰ ਬਦਲ ਲੈਂਦਾ ਹੈ। ਚਾਹੇ ਉਹ ਖੁਸ਼ੀ ਨਾਲ ਬਦਲੇ, ਮਜਬੂਰੀ ਵੱਸ, ਨੌਕਰੀ ਕਾਰਨ ਜਾਂ ਬੇਹਤਰ ਭਵਿੱਖ ਲਈ।

ਪੰਜਾਬ ਵਿਚੋਂ ਨੌਜਵਾਨੀ ਦਾ ਪ੍ਰਵਾਸ ਵੇਖਦਿਆਂ ਸਾਨੂੰ ਆਪਣੀ ਹਾਲਤ ਵੀ ਉਸ ਘੁੱਗੀ ਵਰਗੀ ਹੋ ਗਈ ਜਾਪਦੀ ਹੈ। ਜਦੋਂ ਹੀ ਬੱਚਿਆਂ ਦੇ ਖੰਭ ਨਿਕਲਦੇ ਹਨ, ਉਹ ਪ੍ਰਦੇਸਾਂ ਦੀ ਉਡਾਰੀ ਮਾਰ ਜਾਂਦੇ ਹਨ, ਤੇ ਮੁੜ ਉਸ ਆਲ੍ਹਣੇ ਵਿਚ ਨਹੀਂ ਪਰਤਦੇ। ਸਾਡੇ ਆਲ੍ਹਣੇ ਵੀ ਹੁਣ ਖਾਲੀ ਹੁੰਦੇ ਜਾ ਰਹੇ ਹਨ। ਅਸੀਂ ਕੂੰਜਾਂ (ਮਾਈਗ੍ਰੇਟਰੀ ਬਰਡਸ) ਨੂੰ ਆਪਣੇ ਦੇਸ਼ ਵਿਚ ਆਉਂਦਿਆਂ ਦੇਖਦੇ ਹਾਂ, ਉਹ ਵੀ ਮੌਸਮ ਬਦਲਦੇ ਹੀ ਸਮਾਂ ਪੂਰਾ ਕਰ ਆਪਣੇ ਦੇਸ਼ ਪਰਤ ਜਾਂਦੀਆਂ ਹਨ, ਪਰ ਸਾਡੇ ਬੱਚੇ ਇਕ ਵਾਰ ਵਿਦੇਸ਼ ਉਡੇ ਫਿਰ ਨਹੀਂ ਪਰਤਦੇ, ਇਸੇ ਲਈ ਬਹੁਤੇ ਘਰ ਵਿਰਾਨੇ ਹੋ ਗਏ ਹਨ। ਸਾਡੀਆਂ ਸਰਕਾਰਾਂ ਨੂੰ ਇਨ੍ਹਾਂ ਖਾਲੀ ਹੋ ਰਹੇ ਆਲ੍ਹਣਿਆਂ ਵੱਲ ਧਿਆਨ ਦੇਣਾ ਚਾਹੀਦਾ ਹੈ। ਚੰਗੇ ਰੁਜ਼ਗਾਰ ਦੇ ਢੁਕਵੇਂ ਪ੍ਰਬੰਧ ਅਤੇ ਚੰਗਾ ਮਾਹੌਲ ਬਣਾ ਕੇ ਪੰਜਾਬ ਵਿਚੋਂ ਹੋ ਰਹੇ ਪ੍ਰਵਾਸ ਨੂੰ ਘਟਾਉਣਾ ਚਾਹੀਦਾ ਹੈ, ਅਤੇ ਇਨ੍ਹਾਂ ਘਰਾਂ ਨੂੰ ਵੀਰਾਨ ਹੋਣ ਤੋਂ ਬਚਾਉਣ ਲਈ ਚੰਗੀਆਂ ਨੀਤਾਂ ਨਾਲ ਉਪਰਾਲੇ ਕਰਨੇ ਚਾਹੀਦੇ ਹਨ।

# ਫ਼ਿਲਮ ਲੋਕ



## ਗਿੱਪੀ ਦੀ ਫ਼ਿਲਮ 'ਅਕਾਲ' ਦੇ ਪ੍ਰੀਮੀਅਰ ਸ਼ੋਅ 'ਤੇ ਲੱਗੀਆਂ ਰੌਣਕਾਂ

**ਚੰਡੀਗੜ੍ਹ:** ਪ੍ਰਸਿੱਧ ਗਾਇਕ, ਅਦਾਕਾਰ, ਨਿਰਮਾਤਾ ਅਤੇ ਨਿਰਦੇਸ਼ਕ ਗਿੱਪੀ ਗਰੇਵਾਲ ਦੀ ਫ਼ਿਲਮ 'ਅਕਾਲ' ਦੇ ਪ੍ਰੀਮੀਅਰ ਸ਼ੋਅ ਮੌਕੇ ਖੂਬ ਰੌਣਕਾਂ ਲੱਗੀਆਂ। ਇਸ ਸ਼ੋਅ ਦੀ ਇਹ ਵਿਸ਼ੇਸ਼ਤਾ ਹੋ ਨਿੱਬੜੀ ਕਿ ਸਾਰੇ ਸ਼ੋਅ ਦੌਰਾਨ ਚੰਗੇ ਦ੍ਰਿਸ਼ਾਂ, ਢੁਕਵੇਂ ਡਾਇਲਾਗ ਤੋਂ ਪ੍ਰਭਾਵਿਤ ਹੋ ਕੇ ਦਰਸ਼ਕ 'ਬੋਲੇ-ਸੋ-ਨਿਹਾਲ' ਦੇ ਜੈਕਾਰੇ ਛੱਡਦੇ ਰਹੇ। ਇਸ ਮੌਕੇ ਫ਼ਿਲਮ ਵਿਚਲੇ ਮੁੱਖ ਅਦਾਕਾਰਾਂ ਵਿਚ ਗਿੱਪੀ ਗਰੇਵਾਲ, ਗੁਰਪ੍ਰੀਤ ਘੁੱਗੀ, ਨਿਮਰਤ ਖਹਿਰਾ ਆਦਿ ਨੇ ਵੀ ਸ਼ਮੂਲੀਅਤ ਕੀਤੀ। ਇਨ੍ਹਾਂ ਤੋਂ ਇਲਾਵਾ ਗਾਇਕ ਅਤੇ ਅਦਾਕਾਰ ਹੈਪੀ ਰਾਇਕੋਟੀ, ਮਲਕੀਤ ਰੌਣੀ, ਕੁਲਵਿੰਦਰ ਬਿੱਲਾ, ਨਵਨੀਤ ਸਿੰਘ (ਮੁੰਬਈ), ਪ੍ਰਿੰਸ ਕਮਲਜੀਤ, ਬੰਟੀ ਬੈਂਸ, ਕਰਨ ਦਲਹੋਤਰਾ, ਅਮਨ ਮਹਿਤਾ, ਭਾਨਾ ਐਲ.ਏ, ਰਾਜ ਜਨੇਜਾ, ਹਰਕੀਰਤ ਪਾਲ ਸਿੰਘ (ਕੈਨੇਡਾ), ਗਗਨ ਕੋਕਰੀ, ਗੱਤਕਾ ਦੇ ਮਾਹਿਰ ਅਤੇ ਆਪਣੀ ਲਾਸਾਨੀ ਪੇਸ਼ਕਾਰੀਆਂ ਦੇਣ ਵਾਲੇ ਗੁਰਪ੍ਰੀਤ ਸਿੰਘ ਖ਼ਾਲਸਾ, ਨਰਿੰਦਰ ਨੀਨਾ, ਸੁਖਬੀਰ ਪਾਲ ਕੌਰ, ਨਿਰਦੇਸ਼ਕ ਸਿਮਰਨ ਹੁੰਦਲ, ਅਦਾਕਾਰ ਲਖਵਿੰਦਰ ਲੱਖਾ, ਅਨੁਰੀਤ ਪਾਲ ਕੌਰ, ਗੁਰਬਾਜ ਸਿੰਘ, ਸਿਮਰਜੀਤ, ਅਭੈ ਅੱਤਰੀ ਦੇ ਨਾਲ ਨਾਲ ਜਗਤਾਰ ਜੱਗਾ, ਜੱਗਾ ਬੈਂਸ, ਕੁਲਵੀਰ ਕਲਸੀ, ਰੰਗਦੇਵ, ਮਨਮੋਹਣ ਸਿੱਧੂ, ਗੁਨਵੀਰ ਸਿੱਧੂ, ਰਘੁਬੀਰ ਬੋਲੀ, ਗੋਪੀ, ਪੀਟਰ ਵਿਰਦੀ, ਹਰਿੰਦਰ ਭੁੱਲਰ, ਗਾਇਕਾ ਕਿਰਨ ਕੌਰ, ਰਾਜਾ ਰਾਜ ਸਿੰਘ, ਸਤਬੀਰ ਕੌਰ ਖ਼ਾਲਸਾ, ਸਿਮਰਨ ਕੌਰ ਖ਼ਾਲਸਾ ਤੋਂ ਇਲਾਵਾ ਕਈ ਨਿਹੰਗ ਜਥੇਬੰਦੀਆਂ ਨੇ ਵੀ ਇਸ ਮੌਕੇ ਸ਼ਿਰਕਤ ਕੀਤੀ ਅਤੇ ਫ਼ਿਲਮ ਦਾ ਆਨੰਦ ਮਾਣਿਆ।

ਫ਼ਿਲਮ 'ਅਕਾਲ' ਨੂੰ ਗਿੱਪੀ ਗਰੇਵਾਲ ਵਲੋਂ ਹੀ ਲਿਖਿਆ ਅਤੇ ਨਿਰਦੇਸ਼ਨ ਦਿੱਤਾ ਗਿਆ ਹੈ। ਪ੍ਰੀਮੀਅਰ ਸ਼ੋਅ ਉਪਰੰਤ ਪੱਤਰਕਾਰਾਂ ਨਾਲ ਗੱਲ ਕਰਦਿਆਂ ਗਿੱਪੀ ਗਰੇਵਾਲ, ਗੁਰਪ੍ਰੀਤ ਘੁੱਗੀ ਅਤੇ ਅਦਾਕਾਰਾ ਨਿਮਰਤ ਖਹਿਰਾ ਬਾਗੋ ਬਾਗ਼ ਹੋਏ ਜਾਪੇ। ਗਿੱਪੀ ਗਰੇਵਾਲ ਦਾ ਕਹਿਣਾ ਸੀ ਕਿ ਫਿਲਮ ਜਗਤ ਦੀ ਇਹ ਧਾਰਨਾ ਕਿ ਪੰਜਾਬੀ ਸਿਨੇਮੇ ਵਿਚ ਕਾਮੇਡੀ ਫ਼ਿਲਮਾਂ ਬਣਾਉਣ ਦਾ ਹੀ ਰੁਝਾਨ ਹੈ, ਜਦਕਿ ਉਸ ਧਾਰਨਾ ਨੂੰ ਤੋੜਦੇ ਹੋਏ ਫ਼ਿਲਮ 'ਅਕਾਲ' ਇਕ ਨਿਵੇਕਲੀ ਦਿਸ਼ਾ ਵਿਚ ਅਤੇ ਸਾਡੀ ਨਵੀਂ ਪੀੜ੍ਹੀ ਨੂੰ ਸਿੱਖ ਕੌਮ ਦੀ ਸੂਰਬੀਰਤਾ ਨੂੰ ਦਰਸਾਉਣ ਵੱਲ ਇਹ ਇਕ ਨਰੋਆ ਕਦਮ ਵੀ ਹੈ। ਗੁਰਪ੍ਰੀਤ ਘੁੱਗੀ ਦਾ ਕਹਿਣਾ ਸੀ ਕਿ ਵੱਖ ਵੱਖ ਸ਼ੈਲੀ ਦੀਆਂ ਫਿਲਮਾਂ ਨੇ ਰੂੜੀਵਾਦੀ ਧਾਰਨਾ ਨੂੰ ਤੋੜਿਆ ਹੈ। ਅਦਾਕਾਰਾ ਨਿਮਰਤ ਖਹਿਰਾ ਨੇ ਕਿਹਾ ਕਿ ਉਹ ਇਸ ਫ਼ਿਲਮ ਵਿਚ ਨਿਵੇਕਲਾ ਕਿਰਦਾਰ ਨਿਭਾ ਕੇ ਬਹੁਤ ਉਤਸ਼ਾਹਿਤ ਹੈ। ਫਿਲਮ ਵਿਚ ਗਿੱਪੀ ਗਰੇਵਾਲ ਦੇ ਬੇਟੇ ਸ਼ਿੰਦਾ ਗਰੇਵਾਲ ਅਤੇ ਏਕਮ ਗਰੇਵਾਲ ਜਦ ਵੀ ਪਰਦੇ 'ਤੇ ਆਏ ਤਾਂ ਦਰਸ਼ਕ ਉਤਸ਼ਾਹ ਨਾਲ ਤਾੜੀਆਂ ਮਾਰ ਕੇ ਉਨ੍ਹਾਂ ਦੀ ਅਦਾਕਾਰੀ ਨੂੰ ਨਿਵਾਜਦੇ ਰਹੇ।

## ਆਵਿਕਾ ਗੌਰ ਹੋਵੇਗੀ 'ਨਾਗਿਨ-7' ਦੀ ਨਾਗਿਨ



30 ਜੂਨ, 1997 ਨੂੰ ਮੁੰਬਈ ਦੇ ਇਕ ਗੁਜਰਾਤੀ ਪਰਿਵਾਰ ਵਿਚ ਜਨਮੀ ਅਦਾਕਾਰਾ ਆਵਿਕਾ ਗੋਰ 2008 ਵਿਚ ਜਦੋਂ ਮੁਲੂੰਡ ਦੇ ਬੇਰੇਨ ਇੰਗਲਿਸ਼ ਹਾਈ ਸਕੂਲ ਦੀ 7ਵੀਂ ਜਮਾਤ ਵਿਚ ਸੀ ਤਾਂ ਉਸ ਨੂੰ ਟੀ.ਵੀ. ਲੜੀਵਾਰ 'ਰਾਜਕੁਮਾਰ ਆਰੀਅਨ' ਵਿਚ ਰਾਜਕੁਮਾਰ ਭੈਰਵੀ ਦੇ ਬਚਪਨ ਦੀ ਭੂਮਿਕਾ ਦੀ ਪੇਸ਼ਕਸ਼ ਮਿਲੀ। ਇਸ ਦੇ ਨਾਲ ਹੀ ਮਹਿਜ਼ 11 ਸਾਲ ਦੀ ਉਮਰ ਵਿਚ ਆਵਿਕਾ ਨੇ ਬਤੌਰ ਬਾਲ ਕਲਾਕਾਰ ਐਕਟਿੰਗ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਉਸ ਦੇ ਇਸ ਕਿਰਦਾਰ ਨੂੰ ਏਨਾ ਜ਼ਿਆਦਾ ਪਸੰਦ ਕੀਤਾ ਗਿਆ ਕਿ ਉਸ ਨੂੰ 'ਸ਼ਸ਼ਸ਼ ਕੋਈ ਹੈ' ਦੀ ਪੇਸ਼ਕਸ਼ ਮਿਲ ਗਈ। ਇਸ ਤੋਂ ਬਾਅਦ ਇਕ ਸਾਲ ਬਾਅਦ ਉਸ ਨੇ ਫ਼ਿਲਮ 'ਮਾਰਨਿੰਗ ਵਾਕ' ਨਾਲ ਬਾਲੀਵੁੱਡ ਵਿਚ ਕਦਮ ਰੱਖਿਆ। ਇਸ ਦੇ ਨਾਲ ਹੀ ਉਸ ਨੂੰ 'ਪਾਠਸ਼ਾਲਾ' ਅਤੇ 'ਤੇਜ' ਵਰਗੀਆਂ ਫ਼ਿਲਮਾਂ ਵਿਚ ਬਾਲ ਭੂਮਿਕਾਵਾਂ ਮਿਲ ਗਈਆਂ। ਤੇਲਗੂ ਫ਼ਿਲਮ 'ਉਯਾਲਾ ਜੰਪਾਲਾ' ਵਿਚ ਆਵਿਕਾ ਪਹਿਲੀ ਵਾਰ ਬਤੌਰ ਮੁੱਖ ਭੂਮਿਕਾ ਵਿਚ ਨਜ਼ਰ ਆਈ। ਇਸ ਫ਼ਿਲਮ ਲਈ ਉਸ ਨੂੰ ਐਸ.ਆਈ.ਆਈ.ਐਮ.ਏ. ਵਿਚ ਬੈਸਟ ਡੈਬਿਊ ਦਾ ਪੁਰਸਕਾਰ ਵੀ ਮਿਲਿਆ। ਉਦੋਂ ਤੋਂ ਲੈ ਕੇ ਹੁਣ ਤੱਕ ਆਵਿਕਾ 10 ਤੋਂ ਜ਼ਿਆਦਾ ਰਿਆਲਿਟੀ ਸ਼ੋਅ ਅਤੇ ਟੀ.ਵੀ. ਸ਼ੋਆਂ ਦੇ ਨਾਲ ਹਿੰਦੀ ਦੀਆਂ ਦਰਜਨਾਂ ਫ਼ਿਲਮਾਂ ਕਰ ਚੁੱਕੀ ਹੈ। ਆਵਿਕਾ ਗੌਰ ਨੂੰ ਸਾਲ 2008 ਵਿਚ ਸ਼ੁਰੂ ਹੋਏ ਲੜੀਵਾਰ 'ਬਾਲਿਕਾ ਵਧੂ' ਵਿਚ ਆਨੰਦੀ ਦੇ ਕਿਰਦਾਰ ਲਈ ਸਭ ਤੋਂ ਜ਼ਿਆਦਾ ਪਸੰਦ ਕੀਤਾ ਗਿਆ ਸੀ। 'ਬਾਲਿਕਾ ਵਧੂ' ਤੋਂ ਬਾਅਦ ਆਵਿਕਾ ਸਾਲ 2011 ਵਿਚ ਟੈਲੀਕਾਸਟ ਹੋਏ ਸ਼ੋਅ 'ਸਸੁਰਾਲ ਸਿਮਰ ਕਾ' ਵਿਚ ਰੋਲੀ ਬਣ ਕੇ ਟੀ.ਵੀ. 'ਤੇ ਆਈ ਅਤੇ ਇਕ ਵਾਰ ਫਿਰ ਲੋਕਾਂ ਦਾ ਦਿਲ ਜਿੱਤ ਲਿਆ। ਇਨ੍ਹੀਂ ਦਿਨੀਂ ਖ਼ਬਰਾਂ ਆ ਰਹੀਆਂ ਹਨ ਕਿ ਉਹ ਏਕਤਾ ਕਪੂਰ ਦੇ ਲੜੀਵਾਰ 'ਨਾਗਿਨ-7' ਵਿਚ ਮੁੱਖ ਭੂਮਿਕਾ ਨਿਭਾ ਸਕਦੀ ਹੈ।

## ਪੰਜਾਬੀ ਫ਼ਿਲਮ ਕਰਨਾ ਚਾਹੁੰਦੀ ਹੈ ਰਾਸ਼ੀ ਖੰਨਾ

ਦੱਖਣ ਭਾਰਤ ਦੇ ਸਿਨੇਮਾ ਦੀ ਮਸ਼ਹੂਰ ਅਭਿਨੇਤਰੀ ਰਾਸ਼ੀ ਖੰਨਾ ਹੁਣ ਹਿੰਦੀ ਫਿਲਮਾਂ ਵਿਚ ਵੀ ਆਪਣੀ ਥਾਂ ਮਜਬੂਤ ਕਰ ਰਹੀ ਹੈ। 'ਦਾ ਸਾਬਰਮਤੀ ਰਿਪੋਰਟ' ਫਿਲਮ ਨੇ ਰਾਸ਼ੀ ਨੂੰ ਸ਼ਾਨਦਾਰ ਅਭਿਨੇਤਰੀ ਦਾ ਦਰਜਾ ਦਿਵਾ ਹੀ ਦਿੱਤਾ ਤੇ ਰਾਸ਼ੀ ਇਸ ਦੇ ਬਾਵਜੂਦ ਆਪਣੇ ਮਾਤਾ ਤੇ ਪਿਤਾ ਨੂੰ ਫਿਲਮੀ ਦੁਨੀਆ ਤੋਂ ਦੂਰ ਹੀ ਰੱਖਦੀ ਹੈ ਤੇ ਆਖਦੀ ਹੈ ਕਿ ਉਹ ਆਰਾਮ ਦੀ ਜ਼ਿੰਦਗੀ ਜਿਊਣ। ਇਸ ਚਮਕ-ਦਮਕ ਦੀ ਦੁਨੀਆ 'ਚ ਜੇਕਰ ਉਨ੍ਹਾਂ ਦਿਲਚਸਪੀ ਲਈ ਤਾਂ ਮਾਨਸਿਕ ਤੌਰ 'ਤੇ ਉਹ ਕਈ ਬਿਮਾਰੀਆਂ ਦੀ ਲਪੇਟ 'ਚ ਆ ਜਾਣਗੇ ਕਿਉਂਕਿ 'ਝੂਠ ਦੀ ਇਹ ਫਿਲਮ ਨਗਰੀ ਅਫ਼ਵਾਹਾਂ ਤੇ ਕਿਸੇ ਨਾਲ ਵੀ ਸੰਬੰਧ ਜੋੜਨ 'ਤੇ ਮਾਪਿਆਂ ਨੂੰ ਪ੍ਰੇਸ਼ਾਨ ਕਰ ਸਕਦੀ ਹੈ। ਰਾਸ਼ੀ ਦੀ ਆਦਤ ਵੀ ਵੱਖਰੀ ਹੀ ਹੈ ਤੇ ਉਹ ਦੋਸਤ ਬਣਾਉਣ 'ਚ ਵਿਸ਼ਵਾਸ ਨਹੀਂ ਰੱਖਦੀ। ਰਾਸ਼ੀ ਨੂੰ ਹੈਦਰਾਬਾਦ ਹੀ ਵਧੀਆ ਲਗਦਾ ਹੈ, ਉਥੇ ਵੱਡੇ ਘਰ ਹਨ, ਸ਼ਾਨਦਾਰ ਵਾਤਾਵਰਨ ਹੈ ਤੇ ਮੁੰਬਈ ਆ ਕੇ ਰਹਿਣਾ ਮੁਸ਼ਕਿਲ ਹੈ ਕਿਉਂਕਿ ਇਥੇ ਘਰ ਨਿੱਕੇ ਹਨ ਪਰ ਹੱਦ ਤੋਂ ਵੱਧ ਮਹਿੰਗੇ ਹਨ। ਖ਼ਰਚਾ ਬਹੁਤ ਵਧ ਜਾਂਦਾ ਹੈ। ਉਹ ਮੁੰਬਈ ਆਉਣ ਲਈ ਦਿਲ ਤੋਂ ਰਾਜ਼ੀ ਨਹੀਂ ਹੈ। ਕੰਮ ਹੋਊ ਤਾਂ ਹੋਟਲ 'ਚ ਰਹਿ ਲਵਾਂਗੀ ਪਰ ਇਮਾਰਤਾਂ ਦੇ ਇਸ ਤੰਗ ਤੇ ਦੂਸ਼ਿਤ ਸ਼ਹਿਰ ਮੁੰਬਈ 'ਚ ਪੱਕੀ ਰਿਹਾਇਸ਼ ਨਾ ਭਈ ਨਾ, ਕੋਰੀ ਨਾਂਹ ਰਾਸ਼ੀ ਕਰਦੀ ਹੈ। ਇਸ ਸਮੇਂ 'ਤਲਾਕ ਮੇਂ ਏਕਾ', 'ਲਾਖੋਂ ਮੇਂ ਏਕ ਤਲਾਕ' ਫਿਲਮ ਜਿਸ ਦਾ ਸ਼ਾਇਦ ਟਾਈਟਲ ਬਦਲ ਦਿੱਤਾ ਜਾਏ, ਉਹ ਕਰ ਰਹੀ ਹੈ। ਰਾਸ਼ੀ ਨਿੱਜੀ ਤੌਰ 'ਤੇ ਵੀ ਮਹਿਸੂਸ ਕਰਦੀ ਹੈ ਕਿ ਆਖਿਰ ਦੋ-ਤਿੰਨ ਸਾਲ ਵਿਆਹ



ਚਲਦੇ ਹਨ ਫਿਰ 'ਤਲਾਕ' ਹੋ ਜਾਂਦਾ ਹੈ। ਇਹ ਸਮੱਸਿਆ ਕਿਉਂ ਪੈਦਾ ਹੋ ਰਹੀ ਹੈ? ਤਿੰਨ ਦੱਖਣ ਭਾਰਤ ਦੀਆਂ ਤੇ ਚਾਰ ਹਿੰਦੀ ਬਾਲੀਵੁੱਡ ਦੀਆਂ ਫਿਲਮਾਂ ਇਸ ਵੇਲੇ ਰਾਸ਼ੀ ਖੰਨਾ ਕੋਲ ਹਨ ਤੇ ਇਸ ਹਿਸਾਬ ਨਾਲ ਰਾਸ਼ੀ ਦੀ 'ਰਾਸ਼ੀ' ਸਹੀ ਚਲਦੀ ਨਜ਼ਰ ਆ ਰਹੀ ਹੈ। ਅੱਜਕਲ੍ਹ ਰਾਸ਼ੀ ਖੰਨਾ ਪੰਜਾਬੀ ਸਿੱਖ ਰਹੀ ਹੈ ਤੇ ਉਸ ਦੇ ਚਹੇਤੇ ਉਸ ਦੀ ਮਜ਼ੇਦਾਰ ਪੰਜਾਬੀ ਦੀ ਕੁਮੈਂਟਰੀ ਦਾ ਅਨੰਦ ਪ੍ਰਾਪਤ ਕਰ ਰਹੇ ਹਨ। ਰਾਸ਼ੀ ਨੇ ਕਿਹਾ ਕਿ 'ਮੇਰੇ ਦਿਵਾਨੇ-ਚਹੇਤੇ ਤੇ ਪ੍ਰਸੰਸਕਾਂ ਨੂੰ ਸਤਿ ਸ੍ਰੀ ਅਕਾਲ! ਅੱਜ ਮੇਰੇ ਦ੍ਰਿਸ਼ ਨੂੰ ਟਾਈਮ ਲੱਗ ਰਿਹਾ ਹੈ, ਤਦ ਤੱਕ ਮੈਂ ਸਵਾਦ ਵਾਲੀ ਦਾਲ ਮਖਣੀ ਖਾਣ ਲੱਗੀ ਹਾਂ, ਤੁਸੀਂ ਵੀ ਕਦੇ-ਕਦੇ ਦਾਲ ਮਖਣੀ ਦਾ ਸਵਾਦ ਲਿਆ ਕਰੋ' ਤੇ ਰਾਸ਼ੀ ਦੀ ਇਹ ਪੰਜਾਬੀ ਸੁਣ ਕੇ ਬਹੁਤ ਸਾਰੇ ਕਿਆਸੇ ਲੱਗ ਰਹੇ ਹਨ ਕਿ ਉਹ ਕੋਈ ਵੱਡੀ ਪੰਜਾਬੀ ਫਿਲਮ ਕਰਨ ਵਾਲੀ ਹੈ। ਪ੍ਰਸ਼ਾਂਤ ਨੀਲ ਦੇ ਪੁੱਤਰ ਅਰੁਸ਼ ਦੀ ਫਿਲਮ 'ਅਰੁਨਮਣੀ-4' ਨੂੰ ਰਾਸ਼ੀ ਆਪਣੀ ਹੁਣ ਤੱਕ ਦੀ ਵਧੀਆ ਫਿਲਮ ਆਖਦੀ ਹੈ, ਪਰ ਨਾਲ ਹੀ ਯੂ-ਟਰਨ ਲੈਂਦੀ ਆਖਦੀ ਹੈ ਕਿ ਆਪਣੀ ਹਰ ਫਿਲਮ ਵਧੀਆ ਹੁੰਦੀ ਹੈ। ਹਾਂ ਇਹ ਹੈ ਕਿ 'ਅਰੁਨਮਣੀ-4' ਨੇ ਉਸ ਨੂੰ ਕੁਝ ਜ਼ਿਆਦਾ ਹੀ ਪ੍ਰਭਾਵਿਤ ਕੀਤਾ ਹੈ।

## ਕਿਸਮਤ ਦੀ ਧਨੀ ਪ੍ਰਣੀਤੀ ਚੋਪੜਾ



22, 1988 ਨੂੰ ਪੈਦਾ ਹੋਈ ਪ੍ਰਣੀਤੀ ਚੋਪੜਾ ਨਾ ਤਾਂ ਪ੍ਰਿਅੰਕਾ ਚੋਪੜਾ ਦੀ ਤਰ੍ਹਾਂ ਖ਼ੂਬਸੂਰਤ ਹੈ ਅਤੇ ਨਾ ਹੀ ਉਸ ਦੀ ਗਿਣਤੀ ਪ੍ਰਿਅੰਕਾ ਦੀ ਤਰ੍ਹਾਂ ਕਾਮਯਾਬ ਅਦਾਕਾਰਾ ਦੇ ਤੌਰ 'ਤੇ ਹੁੰਦੀ ਹੈ। ਪਰ ਮੰਨਣਾ ਹੋਵੇਗਾ ਕਿ ਪ੍ਰਣੀਤੀ, ਜਿਸ ਦਾ ਸ਼ਾਬਦਿਕ ਮਤਲਬ ਹੀ ਕਿਸਮਤ ਦੀ ਧਨੀ ਹੈ, ਆਪਣੀ ਕਿਸਮਤ ਦੇ ਦਮ 'ਤੇ ਉਸ ਨੂੰ ਫ਼ਿਲਮਾਂ ਵਿਚ ਕੰਮ ਮਿਲਦਾ ਰਿਹਾ ਹੈ ਅਤੇ ਕਰੀਅਰ ਵਿਚ ਸਭ ਉਤਰਾਅ-ਚੜ੍ਹਾਅ ਦੇ ਬਾਵਜੂਦ ਕਿਸਮਤ ਨਾਲ ਬਣੀ ਅਦਾਕਾਰਾ ਦੀ ਕਿਸਮਤ ਦੇ ਦਮ 'ਤੇ ਹੀ ਗੁੱਡੀ ਵੀ ਚੜ੍ਹੀ ਹੈ।

ਯਸ਼ਰਾਜ ਫ਼ਿਲਮਜ਼ ਵਿਚ ਪੀ.ਆਰ. ਦੇ ਕੰਮ ਤੋਂ ਕਰੀਅਰ ਦੀ ਸ਼ੁਰੂਆਤ ਕਰਨ ਵਾਲੀ ਪ੍ਰਣੀਤੀ ਚੋਪੜਾ ਨੇ 'ਦਿਲ ਬੋਲੇ ਹੜੱਪਾ', 'ਲਫੰਗੇ ਪਰਿੰਦੇ', 'ਬਦਮਾਸ਼ ਕੰਪਨੀ' ਵਰਗੀਆਂ ਫਿਲਮਾਂ ਦਾ ਪ੍ਰਚਾਰ ਕੀਤਾ। ਪਰ ਇਸ ਦਰਮਿਆਨ ਯਬਰਾਜ ਫ਼ਿਲਮਜ਼ ਨਾਲ ਜੁੜੇ ਕਾਸਟਿੰਗ ਨਿਰਦੇਸ਼ਿਕ ਸਾਨੂੰ ਸ਼ਰਮਾ ਨਾਲ ਪ੍ਰਣੀਤੀ ਦੇ ਦੋਸਤਾਨਾ ਰਿਸ਼ਤੇ ਬਣ ਚੁੱਕੇ ਸਨ। ਉਸ ਵਲੋਂ ਲਏ ਗਏ ਆਡੀਸ਼ਨ ਤੋਂ ਬਾਅਦ ਹੀ ਅਦੱਤਿਆ ਨੇ ਵਾਈ.ਆਰ.ਐਫ. ਦੀਆਂ ਤਿੰਨ ਫਿਲਮਾਂ ਲਈ ਪ੍ਰਣੀਤੀ ਨਾਲ ਇਕਰਾਰ ਕੀਤਾ ਸੀ। ਇਸ ਤਰ੍ਹਾਂ ਇਸ ਬੈਨਰ ਲਈ ਮਨੀਸ਼ ਸ਼ਰਮਾ ਵਲੋਂ ਨਿਰੇਦਸ਼ਿਤ 'ਲੇਡੀਜ਼ ਵਰਸਿਜ਼ ਇੱਕੀ ਬਹਿਲ ਤੋਂ ਉਸ ਦੇ ਐਕਟਿੰਗ ਕਰੀਅਰ ਦੀ ਸ਼ੁਰੂਆਤ ਹੋਈ। ਇਸ ਤੋਂ ਬਾਅਦ ਪ੍ਰਣੀਤੀ ਨੇ ਵਾਈ.ਆਰ.ਐਫ. ਦੇ ਨਾਲ 'ਇਸ਼ਕਜ਼ਾਦੇ', 'ਹੰਸੀ ਤੋਂ ਫਾਂਸੀ' ਅਤੇ 'ਮੇਰੀ ਪਿਆਰੀ ਬਿੰਦੂ' ਵਰਗੀਆਂ ਫ਼ਿਲਮਾਂ ਵਿਚ ਅਭਿਨੈ ਕੀਤਾ ਪਰ ਉਸ ਦਾ ਕਰੀਅਰ ਉਚਾਈਆਂ 'ਤੇ ਨਾ ਆ ਸਕਿਆ। ਰੋਹਿਤ ਧਵਨ ਵਲੋਂ ਨਿਰਦੇਸ਼ਿਤ 'ਡਿਸ਼ਮ' ਵਿਚ ਪ੍ਰਣੀਤੀ ਮਹਿਜ਼ ਇਕ ਆਈਟਮ ਨੰਬਰ ਵਿਚ ਸੀ। ਪਰ ਉਸ ਇਕ ਆਈਟਮ ਨੇ ਉਸ ਦੀ ਕਿਸਮਤ ਪਲਟ ਕੇ ਰੱਖ ਦਿੱਤੀ। ਰੋਹਿਤ ਸ਼ੈਟੀ ਵਲੋਂ ਨਿਰਦੇਸ਼ਿਤ 'ਗੋਲਮਾਲ ਅਗੇਨ' ਵਿਚ ਉਹ ਬਦਲੇ ਹੋਏ ਅੰਦਾਜ਼ ਵਿਚ ਅਜੇ ਦੇਵਗਨ ਦੇ ਉਲਟ ਸੀ ਅਤੇ ਇਹ ਪ੍ਰਣੀਤੀ ਦੇ ਕਰੀਅਰ ਦੀ ਸਭ ਤੋਂ ਵੱਡੀ ਹਿਟ ਫ਼ਿਲਮ ਸਾਬਿਤ ਹੋਈ। ਪ੍ਰਣੀਤੀ ਚੋਪੜਾ ਇਨ੍ਹੀਂ ਦਿਨੀਂ ਇਕ ਓ.ਟੀ.ਟੀ. 'ਤੇ ਆਪਣੀ ਐਕਟਿੰਗ ਦਾ ਜਲਵਾ ਬਿਖੇਰਨ ਦੀਆਂ ਤਿਆਰੀਆਂ ਵਿਚ ਲੱਗੀ ਹੋਈ ਹੈ। ਹਾਲਾਂਕਿ ਹਾਲੇ ਤੱਕ ਸੀਰੀਜ਼ ਦੇ ਨਾਂਅ ਦਾ ਖੁਲਾਸਾ ਨਹੀਂ ਹੋਇਆ ਹੈ। ਇਸ ਸੀਰੀਜ਼ ਵਿਚ ਪ੍ਰਤੀਤੀ ਤੋਂ ਇਲਾਵਾ ਜੈਨੀਫਰ ਵਿੰਗੇਟ ਅਤੇ ਸੁਮਿਤ ਵਿਆਸ ਵੀ ਹਨ। ਇਸ ਤੋਂ ਇਲਾਵਾ ਐਕਟਰ ਅਨੂਪ ਸੋਨੀ ਅਤੇ ਆਲੀਆ ਭੱਟ ਦੀ ਮਾਂ ਅਦਾਕਾਰਾ ਸੋਨੀ ਰਾਜ਼ਦਾਨ ਵੀ ਇਸ ਸੀਰੀਜ ਵਿਚ ਦਿਖਾਈ ਦੇਵੇਗੀ।


CHANN ENTERTAINMENT
PROUDLY PRESENTS
Radio Chann Pardesi
ਰੇਡੀਓ ਚੰਨ ਪ੍ਰਦੇਸੀ
BLUWAY Truck Sales Ltd
HYPE ENTERTAINMENT @ PUNJABI
THE GRAND TAJ
DESI RUM WITH THE TASTE OF INDIA
DEEPAK Dhillon
PREET Thind
DEBI Makhsoospuri
R Nait
AMAR Sehmbi
RAV Inder
FREE ENTRY
PUNJABI Mela 2025
JOT RANJIT KAUR (HOST)
SATURDAY 10th MAY 2025 @12PM TO 10PM
MARION COUNTY FAIRGROUNDS
7300 E TROY AVE, INDIANAPOLIS, IN
FREE JALEBI - FREE WATER - FREE SUGARCANE JUICE
IMPD SECURITY - NO ALCOHOL ALLOWED - FAMILY EVENT - ZERO TOLERANCE POLICY
MORE INFORMATION & SPONSORSHIP
KAMAL BAINS 317-407-8266
GURBAKSH RANDHAWA 317-800-2976
DARSHAN BASRAON 815-557-4991
BALJINDER SINGH (BEN) 317-702-1300
JASPREET SINGH GOLEWALA 317-410-9173
HARMANDEEP SINGH MALHI 832-833-2292
LUCKY SWAITCH 609-676-6961
PRITPAL SINGH MALHI 707-701-1501
KULWINDER SINGH BENIPAL 215-435-4899
RICK SINGH 765-513-5021
KUMAR 260-704-0576
BALRAJ SINGH 916-472-9833